ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 21 | Issue 132| 17 to 23 July , 2024 | Ph.: (510) 240-5949 | Email: asrtimes@gmail.com




**ਬਲਰਾਜ ਪੰਨੂੰ**

ਕਾਂਗਰਸ ਤੋਂ ਬਾਅਦ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੈ, ਜੋ ਕਿ ਲਗਾਤਾਰ ਨਿਘਾਰ ਵੱਲ ਵਧ ਰਹੀ ਹੈ। ਕੋਈ ਸ਼ੱਕ ਨਹੀਂ ਹੈ ਕਿ ਅਕਾਲੀ ਦਲ ਅਸੂਲਾਂ ਦੀ ਪਾਰਟੀ ਸੀ ਪਰ ਅਸੂਲਾਂ 'ਤੇ ਪਹਿਰਾ ਨਹੀਂ ਦਿੱਤਾ ਗਿਆ ਤਾਂ ਹੀ ਇਸ ਸਮੇਂ ਦੁਚਿੱਤੀ ਵਾਲੇ ਮੋੜ 'ਤੇ ਖੜੀ ਹੈ। ਅਕਾਲੀ ਦਲ ਦੋਫਾੜ ਹੋ ਗਿਆ ਹੈ। ਇਤਿਹਾਸਕ ਪਾਰਟੀ ਖਿੱਲਰ ਗਈ ਹੈ। ਧੜੇ ਭਾਂਵੇਂ ਦੋ ਹੋ ਗਏ ਨੇ ਪਰ ਦੁੱਧ ਧੋਤੇ ਦੋਵੇਂ ਹੀ ਨਹੀਂ। ਦੋਵਾਂ ਦੇ ਲੀਡਰ ਮੌਕਾਪ੍ਰਸਤ ਰਹੇ ਨੇ ਤੇ ਸ਼ੱਕ ਹੁਣ ਵੀ ਹੈ ਕਿ ਮਤਲਬਪ੍ਰਸਤੀਆਂ ਤੋਂ ਸੱਖਣੇ ਤਾਂ ਨਹੀਂ ਹੋ ਸਕਦੇ। 'ਮੈਂ ਚੰਗਾ ਤੇ ਉਹ ਮੰਦਾ' ਦੀ ਰੱਟ ਲਾਈ ਹੋਈ ਹੈ। ਲੋਕਾਂ ਦਾ ਰੋਸ ਕੀ ਹੈ ? ਤੇ ਕਿਸ ਲੈਵਲ ਦਾ ਹੈ, ਉਸ ਦਾ ਜ਼ਿਕਰ ਅਜੇ ਵੀ ਅਧੂਰਾ ਹੈ। ਦੋਵਾਂ ਧਿਰਾਂ ਨੇ ਕਲੰਕ ਵਾਲੀ ਖੀਰ ਇੱਕੋ ਥਾਲੀ ਦੇ ਵਿੱਚ ਖਾਧੀ ਹੈ, ਫਿਰ ਦੋ ਧਿਰਾਂ ਵਿੱਚ ਵੰਡੇ ਅਕਾਲੀਆਂ ਨੂੰ ਲੋਕ ਕਿਵੇਂ ਪ੍ਰਵਾਨ ਕਰਨਗੇ ?

ਅਸਲ ਵਿੱਚ ਗਲਤੀ ਤੇ ਗੁਨਾਹ ਦੇ ਵਿੱਚ ਫਰਕ ਹੁੰਦੈ, ਵੰਡਿਆ ਹੋਇਆ ਅਕਾਲੀ ਦਲ ਗਲਤੀਆਂ ਦੀ ਗੱਲ ਕਰ ਰਿਹੈ, ਭੁੱਲ ਬਖਸ਼ਾਉਣ ਦੀ ਗੱਲ ਕਰ ਰਿਹੈ ਪਰ ਜੋ ਬੱਜਰ ਗੁਨਾਹ ਕੀਤਾ ਹੈ, ਉਹ ਮਹਿਸੂਸ ਨਹੀਂ ਕਰ ਰਿਹਾ। ਇਹ ਤਾਂ ਸੱਚ ਹੈ ਕਿ ਗੁਨਾਹ ਦੀ ਕਦੇ ਮੁਆਫ਼ੀ ਨਹੀਂ ਹੁੰਦੀ। ਅਸਲ ਵਿੱਚ ਮੌਕਾਪ੍ਰਸਤ ਸਿਆਸਤ ਨੇ ਅਕਾਲੀਆਂ ਨੂੰ ਹੁਣ ਹਾਰ ਦੀਆਂ ਬਰੂਹਾਂ 'ਤੇ ਲਿਆ ਕੇ ਖੜਾ ਕਰ ਦਿੱਤਾ ਹੈ। ਅੱਜ ਦੇ ਸਮੇਂ ਵਿੱਚ ਅਕਾਲੀਆਂ ਦੇ ਵਿੱਚ ਕੋਈ ਅਜਿਹਾ ਨੇਤਾ ਨਹੀਂ ਹੈ, ਜੋ ਅਕਾਲੀ ਪਾਰਟੀ ਵਿੱਚ ਜਾਨ ਪਾ ਸਕੇ, ਬਾਗ਼ੀਆਂ ਵਿੱਚ ਵੀ ਏਨੀ ਤਾਕਤ ਨਹੀਂ ਕਿ ਅਕਾਲੀ ਦਲ ਨੂੰ ਮੁੜ ਮਜ਼ਬੂਤ ਕਰ ਸਕਣ। ਅਕਾਲੀ ਦਲ ਜਿਸ ਤਰ੍ਹਾਂ ਜਗ੍ਹਾ ਖਾਲੀ ਕਰ ਰਿਹੈ, ਜਿਸ ਤਰ੍ਹਾਂ ਅੰਮ੍ਰਿਤਪਾਲ ਤੇ ਸਰਬਜੀਤ ਦੀ ਆਮਦ ਨੂੰ ਸਿਰ ਮੱਥੇ 'ਤੇ ਲੋਕਾਂ ਨੇ ਰੱਖਿਐ, ਤਾਂ ਅਕਾਲੀਆਂ ਦੇ ਭੁਲੇਖੇ ਦੂਰ ਹੋ ਗਏ ਨੇ ਕਿ ਉਹਨਾਂ ਦੀ ਜ਼ਮੀਨ ਖਿਸਕਣੀ ਲਾਜ਼ਮੀ ਹੈ ਜੇ ਉਹ ਨਾ ਸੰਭਲੇ।

ਲੰਘੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਦੁਆਰਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਤਲਬ ਕਰਨ ਦੇ ਆਦੇਸ਼ ਦਿੱਤੇ ਗਏ ਅਤੇ 15 ਦਿਨਾਂ ਵਿੱਚ ਲਿਖਤੀ ਸ਼ਪਸ਼ਟੀਕਰਨ ਦੀ ਮੰਗ ਕੀਤੀ ਗਈ। ਆਦੇਸ਼ ਤੋਂ ਅਗਲੇ ਦਿਨ ਹੀ ਸੁਖਬੀਰ ਬਾਦਲ ਨੇ ਟਵੀਟ ਦੇ ਰਾਹੀਂ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋਣ ਦੀ ਗੱਲ ਕਹੀ। ਸ਼ਬਦਾਵਲੀ ਬਹੁਤ ਸੋਹਣੀ ਸੀ ਜਿਸ ਵਿਚੋਂ ਭਾਵਨਾ ਨੇਕ ਝਲਕਦੀ ਸੀ ਤੇ ਉਸ ਦੇ ਲਫ਼ਜ਼ਾਂ ਵਿੱਚ ਅਥਾਹ ਸ਼ਰਧਾ ਝਲਕਦੀ ਹੈ। ਵਧੀਆ ਗੱਲ ਹੈ ਇਸ ਤਰ੍ਹਾਂ ਦੀ ਸ਼ਬਦਾਵਲੀ ਦੀ ਵਰਤੋਂ ਕਰਨਾ ਇੱਕ ਸੁਚੱਜੇ ਲੀਡਰ ਦੀ ਨਿਸ਼ਾਨੀ ਹੁੰਦੀ ਹੈ। ਕੀ ਸੁਖਬੀਰ ਬਾਦਲ ਵੀ ਇਹੀ ਚਾਹੁੰਦਾ ਸੀ ਕਿ ਮੈਨੂੰ ਸੱਦਿਆ ਜਾਵੇ, ਸ਼ਪਸ਼ਟੀਕਰਨ ਮੰਗਿਆ ਜਾਵੇ ? ਸਵਾਲ ਤਾਂ ਇਹ ਵੀ ਬਣਦੈ ਕਿ ਸੰਮਨ ਕਰਨ ਲਈ ਇਕੱਲੇ ਸੁਖਬੀਰ ਬਾਦਲ ਨੂੰ ਹੀ ਕਿਉਂ ਕਿਹਾ ਗਿਆ।

ਤੇ ਸਵਾਲ ਇਹ ਵੀ ਹੈ ਕਿ ਕੀ ਸਿੰਘ ਸਾਹਿਬਾਨ ਨੁਕਤਾ ਦਰ ਨੁਕਤਾ ਚੱਲਣਗੇ ? ਕੀ ਬਾਕੀ ਅਕਾਲੀਆਂ ਨੂੰ ਵੀ ਵਾਰੋ ਵਾਰੀ ਬੁਲਾਇਆ ਜਾਵੇਗਾ ? ਤੇ ਸਵਾਲ ਤਾਂ ਇੱਕ ਹੋਰ ਵੀ ਬਣਦਾ ਹੈ ਕਿ ਗਿਆਨੀ ਗੁਰਬਚਨ ਸਿੰਘ ਅਤੇ ਗਿਆਨੀ ਗੁਰਮੁੱਖ ਸਿੰਘ ਨੂੰ ਪੇਸ਼ ਕਰਨ ਤੋਂ ਬਿਨਾ ਇਹ ਮਸਲਾ ਹੱਲ ਹੋ ਜਾਵੇਗਾ ? ਕੀ ਇਹ ਸ਼ਪਸ਼ਟੀਕਰਨ ਸੌਦਾ ਸਾਧ ਦੀ ਮੁਆਫ਼ੀ ਦੁਆਲੇ ਹੀ ਘੁੰਮੇਗਾ ? 2015 ਦੇ ਵਿੱਚ ਬਰਗਾੜੀ ਕਾਂਡ, ਜਿਸ ਨੇ ਅਕਾਲੀ ਪਾਰਟੀ ਦੀ ਗੋਡਨੀ ਲਵਾ ਦਿੱਤੀ ਹੈ, ਉਸ ਦਾ ਕੋਈ ਜਵਾਬ ਨਹੀਂ ਮੰਗਿਆ ਜਾਵੇਗਾ ? ਹੋ ਸਕਦਾ ਹੈ ਕਿ ਉਹ ਮੰਦਭਾਗੀ ਘਟਨਾ ਕਾਨੂੰਨ ਦੀਆਂ ਤੰਦਾਂ ਵਿੱਚ ਜਕੜੀ ਹੋਈ ਹੈ। ਇਸ ਤੋਂ ਇਲਾਵਾ ਹੋਰ ਵੀ ਤਾਂ ਸਿੱਖ ਕੌਮ ਦੇ ਨਾਲ ਕੀਤੇ ਧੱਕੇ ਦਾ ਕਲੰਕ ਅਕਾਲੀਆਂ ਦੇ ਮੱਥੇ 'ਤੇ ਚਮਕਦਾ ਹੈ।

ਸਿੱਖ ਚਿੰਤਕ ਤਾਂ ਇਹ ਵੀ ਸੋਚਦੇ ਨੇ ਕਿ ਜੇ ਸਿੰਘ ਸਾਹਿਬਾਨ ਨੇ ਦੋਸ਼ੀਆਂ ਨੂੰ ਸਜ਼ਾ ਨਾ ਦਿੱਤੀ ਤਾਂ ਲੋਕਾਂ ਦੇ ਕਦਮ ਹੋਰ ਪਿੱਛੇ ਹੋ ਜਾਣਗੇ। ਸਿੰਘ ਸਾਹਿਬਾਨ ਦੇ ਉੱਤੇ ਬੜੀ ਵੱਡੀ ਜ਼ਿੰਮੇਵਾਰੀ ਹੈ, ਏਡੀ ਵੱਡੀ ਸੰਸਥਾ ਦੀ ਸ਼ਾਨ ਨੂੰ , ਜਲੌਅ ਨੂੰ ,ਆਭਾ ਨੂੰ ਕਾਇਮ ਰੱਖਣਾ ਤੇ ਖਾਸ ਕਰਕੇ ਸੰਗਤ ਦੀ ਸ਼ਰਧਾ ਨੂੰ ਬਰਕਰਾਰ ਰੱਖਣਾ, ਉਹਨਾਂ ਲਈ ਵੀ ਪਰਖ਼ ਦੀ ਘੜੀ ਹੈ।

ਲੋਕ ਤਾਂ ਹਾਲੇ ਵੀ ਕਹਿੰਦੇ ਹਨ ਕਿ ਇਹ ਇੱਕ ਨਾਟਕ ਹੋ ਰਿਹਾ ਹੈ ਤੇ ਇਸ ਨਾਟਕ ਦੇ ਵਿੱਚ ਦੋਵੇਂ ਪਾਤਰ ਇੱਕੋ ਸਿੱਕੇ ਦੇ ਦੋ ਪਾਸੇ ਹਨ। ਕਲਾਕਾਰ ਇੱਕ ਹੈ, ਚਾਹੇ ਪਾਤਰ ਦੋ ਦਿਸਦੇ ਹਨ। ਜੇ ਇਸ ਕਹਾਣੀ ਦੇ ਵਿੱਚ ਸੱਚਮੁੱਚ ਹੀ ਇਹੋ ਜਿਹਾ ਘਾਲਾਮਾਲਾ ਹੈ ਤਾਂ ਫੇਰ ਤਾਂ ਉਹ ਗੱਲ ਹੋਈ "ਤੇਰੇ ਸ਼ਹਿਰ ਦੇ ਅੰਦਾਜ਼ ਵੀ ਅਜੀਬ ਨੇ, ਗੂੰਗੇ ਨੂੰ ਕਿਹਾ ਜਾਂਦੈ, ਬੋਲ਼ੇ ਨੂੰ ਆਵਾਜ਼ ਮਾਰ।"

ਅਕਾਲੀ ਦਲ ਦੇ ਪਤਨ ਦੇ ਕੋਈ ਇੱਕ ਨਹੀਂ ਅਨੇਕਾਂ ਕਾਰਨ ਹਨ। ਇੱਕ ਸਮਾਂ ਸੀ ਜਦੋਂ ਪ੍ਰਕਾਸ਼ ਸਿੰਘ ਬਾਦਲ ਸੀ.ਐਮ ਸੀ, ਪੁੱਤਰ ਡਿਪਟੀ ਸੀ.ਐਮ.ਸੀ, ਬਹੂ ਕੇਂਦਰੀ ਮੰਤਰੀ ਸੀ, ਜਵਾਈ ਤੇ ਬੇਟੇ ਦਾ ਸਾਲਾ ਪੰਜਾਬ ਦੇ ਮੰਤਰੀ ਸਨ। ਬਸ ਇਹੋ ਪਰਿਵਾਰ ਦੀ ਪਿਰਤ ਨਿਵਾਣ ਵੱਲ ਲੈ ਕੇ ਗਈ ਹੈ ਅਕਾਲੀ ਦਲ ਨੂੰ। ਸਮੇਂ ਦੀ ਤੋਰ ਤੁਰਦੇ ਹੋਏ ਤੇ ਗਲਤੀਆਂ ਵਾਲੀ ਪੌੜੀ ਚੜ੍ਹਦਿਆਂ ਹੋਇਆਂ ਭਾਵੇਂ ਇਹਨਾਂ ਨੇ ਤੇ ਐਸ.ਜੀ.ਪੀ.ਸੀ. ਨੇ ਅਕਾਲ ਤਖ਼ਤ 'ਤੇ ਕੰਟਰੋਲ ਤਾਂ ਕਰ ਲਿਆ ਪਰ ਲੋਕਾਂ ਦਾ ਪਾਰਟੀ ਤੋਂ ਮੋਹ ਭੰਗ ਹੋ ਗਿਆ। ਭਾਵੇਂ ਅੱਜ ਕੱਲ੍ਹ ਬਿਕਰਮ ਮਜੀਠੀਆ ਸੁਖਬੀਰ ਬਾਦਲ ਤੋਂ ਪਰੇ ਪਰੇ ਰਹਿੰਦੇ ਨੇ ਪਰ ਉਸ ਸਮੇਂ ਮਜੀਠੀਆ 'ਤੇ ਦੋਸ਼ ਸਨ ਕਿ ਚਿੱਟੇ ਦੇ ਵਪਾਰੀ ਨੇ ਨੌਜਵਾਨ ਨਸ਼ਿਆਂ ਵਾਲੇ ਤੰਦੂਰ ਵਿੱਚ ਝੋਕ ਦਿੱਤੇ ਹਨ। ਇਸੇ ਕਰਕੇ ਤਾਂ ਦੁਨੀਆਵੀਂ ਸਜ਼ਾ ਭੁਗਤ ਰਹੇ ਹਨ ਪਰ ਗੁਰਾਂ ਦੇ ਦਰ ਦੀ ਸਜ਼ਾ ਮਿਲਣੀ ਹਾਲੇ ਬਾਕੀ ਹੈ।

ਪੰਜਾਬ ਤੇ ਅਕਾਲੀ ਪਾਰਟੀ ਬਾਰੇ ਸੋਚਣ ਵਾਲੇ ਤਾਂ ਬੜਾ ਕੁਝ ਲਿਖਦੇ ਨੇ, ਮਨੀਪੁਰ ਦੇ ਵਿੱਚ ਰਹਿ ਚੁੱਕੇ ਰਾਜਪਾਲ ਗੁਰਬਚਨ ਜਗਤ ਨੇ ਇੱਕ ਲੇਖ ਵਿੱਚ ਲਿਖਿਆ ਕਿ "ਪੰਜਾਬ ਦੀ ਸਤਹਿ ਦੇ ਥੱਲੇ ਚਿੰਤਾ ਦੀਆਂ ਤਰੰਗਾਂ ਨਜ਼ਰ ਆ ਰਹੀਆਂ ਨੇ। ਕੀ ਅਤੀਤ, ਵਰਤਮਾਨ ਤੇ ਭਵਿੱਖ ਬਣਨ ਜਾ ਰਿਹੈ ? ਇਹ ਅਚਾਨਕ ਦੋ ਬੰਦੇ ਅੰਮ੍ਰਿਤਪਾਲ ਸਿੰਘ ਤੇ ਸਰਬਜੀਤ ਸਿੰਘ ਕਿਥੋਂ ਆ ਗਏ ? ਆਪਣੀ ਮਾਂ ਦੇ ਬਿਆਨ ਦਾ ਖੰਡਨ ਕਰਕੇ ਅੰਮ੍ਰਿਤਪਾਲ ਨੇ ਕਹਿ ਦਿੱਤਾ ਕਿ ਖ਼ਾਲਸਾ ਰਾਜ ਦਾ ਸੁਪਨਾ ਵੇਖਣਾ ਬੁਰੀ ਗੱਲ ਨਹੀਂ।" ਲੇਖਕ ਅਨੁਸਾਰ ਇਹ ਗੰਭੀਰ ਮਾਮਲਾ ਹੈ ਪਰ ਪੰਜਾਬੀ ਹੋਣ ਦੇ ਨਾਤੇ ਇੱਥੇ ਇਹ ਗੱਲ ਜ਼ਰੂਰ ਕਹਾਂਗੇ ਕਿ ਪੰਜਾਬ ਬੁੱਧੀਜੀਵੀਆਂ ਦੀ ਸੋਚ ਤੋਂ ਆਜ਼ਾਦ ਹੋ ਕੇ ਉਡਾਨ ਭਰਦਾ ਹੈ। ਅਸਲ ਦੇ ਵਿੱਚ ਨਾ ਤਾਂ ਪੰਜਾਬ ਨੂੰ ਕੋਈ ਖ਼ਤਰਾ ਹੈ ਤੇ ਨਾ ਹੀ ਸਿੱਖ ਕੌਮ ਨੂੰ ਕੋਈ ਬਾਹਰੀ ਖ਼ਤਰਾ ਹੈ। ਸਿੱਖ ਕੌਮ ਆਪਣੇ ਬਲਬੂਤੇ 'ਤੇ ਅੱਗੇ ਵਧਣ ਵਾਲੀ ਕੌਮ ਹੈ। ਸਿੱਖ ਕੌਮ ਨੂੰ ਖ਼ਤਰਾ ਕੁਝ ਲੋਕਾਂ ਵੱਲੋਂ ਬਣਾਇਆ ਜਾ ਰਿਹਾ ਹੈ। ਲੰਘੇ ਦਿਨੀਂ ਹਰਜਿੰਦਰ ਸਿੰਘ ਧਾਮੀ ਨੇ ਵੀ ਕਿਹਾ ਕਿ ਕੇਂਦਰ ਤੇ ਰਾਜ ਸਰਕਾਰਾਂ ਸਿੱਖਾਂ ਨਾਲ ਧੱਕਾ ਕਰ ਰਹੀਆਂ ਨੇ। ਹਾਂ ! ਧੱਕਾ ਕਈ ਮੌਕਿਆਂ 'ਤੇ ਸਿੱਖਾਂ ਨਾਲ ਹੋਇਆ ਹੈ। ਨਸਲਕੁਸੀ ਵਰਗਾ ਧੱਕਾ ਅਸੀਂ ਕਦੇ ਭੁੱਲ ਨਹੀਂ ਸਕਦੇ ਪਰ ਸਿੱਖ ਕੌਮ ਦੀ ਅਗਵਾਈ ਕਰਦਿਆਂ ਚੰਗੀ ਗੱਲ ਦਾ ਜ਼ਿਕਰ ਕਰਨਾ ਵੀ ਉਹਨਾਂ ਦਾ ਇਖ਼ਲਾਕੀ ਫਰਜ਼ ਹੈ। ਜਿਵੇਂ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਰਹੇ, ਭਾਵੇਂ ਕਿ ਉਹਨਾਂ ਦੇ ਸਮੇਂ ਦਰਬਾਰ ਸਾਹਿਬ 'ਤੇ ਹਮਲਾ ਹੋਇਆ ਸੀ। ਡਾ. ਮਨਮੋਹਨ ਸਿੰਘ ਦਸ ਸਾਲ ਪ੍ਰਧਾਨ ਮੰਤਰੀ ਰਹੇ। ਸੈਨਾ ਦੇ ਉੱਚ ਅਹੁਦਿਆਂ 'ਤੇ ਸਿੱਖ ਹਨ। ਏਅਰ ਮਾਰਸ਼ਲ ਅਰਜਨ ਸਿੰਘ ਦਾ ਨਾਮ ਕੌਣ ਨਹੀਂ ਜਾਣਦਾ ? ਲੈਫ਼ ਜਨਰਲ ਜਗਜੀਤ ਸਿੰਘ ਅਰੋੜਾ ਦਾ ਨਾਮ ਇਤਿਹਾਸ ਵਿੱਚ ਬੋਲਦਾ ਹੈ। ਅਮਰੀਕਾ ਵਿੱਚ ਸਾਡੇ ਰਾਜਦੂਤ ਤਰਨਜੀਤ ਸਿੰਘ ਸੰਧੂ ਰਹੇ ਨੇ। ਅਰਸ਼ਦੀਪ ਸਿੰਘ ਦੀ ਗੇਂਦਬਾਜ਼ੀ ਨੂੰ ਪੂਰਾ ਦੇਸ਼ ਸਲਾਹੁੰਦਾ ਹੈ। ਵਿਸ਼ਵ ਬੈਂਕ ਦਾ ਮੁਖੀ ਅਜੈ ਬਾਂਗਾ ਸਿੱਖ ਹੈ। ਇਸ ਤੋਂ ਇਲਾਵਾ ਹੋਰ ਵੀ ਸਿੱਖ ਸ਼ਖ਼ਸੀਅਤਾਂ ਆਪਣੇ ਕੰਮਾਂ ਕਰਕੇ ਦੁਨੀਆਂ ਭਰ ਦੇ ਵਿੱਚ ਨਾਮਣਾ ਖੱਟ ਰਹੀਆਂ ਨੇ ਤੇ ਸਿੱਖ ਕੌਮ ਦਾ ਨਾਮ ਉੱਚਾ ਕਰ ਰਹੀਆਂ ਨੇ। ਸੋ ਸੱਚ 'ਤੇ ਸਾਨੂੰ ਮਾਣ ਵੀ ਕਰਨਾ ਚਾਹੀਦਾ ਹੈ।

ਉੱਚੇ ਧਾਰਮਿਕ ਅਹੁਦਿਆਂ 'ਤੇ ਬੈਠ ਕੇ ਮਾਣਮੱਤੇ ਇਤਿਹਾਸ ਦੀ ਜਾਣਕਾਰੀ ਨਵੀਂ ਪੀੜੀ ਤੱਕ ਪਹੁੰਚਾਉਣਾ, ਇਹ ਕੰਮ ਪਹਿਲ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ ਨਾ ਕਿ ਸਿੱਖ ਕੌਮ ਨੂੰ ਖ਼ਤਰਾ ਹੈ, ਹਰ ਸਮੇਂ ਇਹੋ ਜਿਹੇ ਬਿਆਨ ਦੇ ਕੇ ਨੌਜਵਾਨ ਪੀੜੀ ਨੂੰ ਭੰਬਲਭੂਸੇ ਵਿੱਚ ਪਾਉਣਾ ਚਾਹੀਦਾ ਹੈ। ਧਾਰਮਿਕ ਅਹੁਦਿਆਂ ਤੋਂ ਯਾਦ ਆਇਐ ਕਿ ਹੁਣ ਜਥੇਦਾਰ ਸਾਹਿਬਾਨਾਂ ਦੀ ਵੀ ਪਾਟੋਧਾੜ ਹੋਈ ਅਕਾਲੀ ਪਾਰਟੀ ਪ੍ਰਤੀ ਪਰਖ ਦੀ ਘੜੀ ਹੋਵੇਗੀ। ਕੌਮ ਆਸ ਲਗਾਵੇਗੀ ਕਿ ਉਹ ਕੋਈ ਸਖ਼ਤ ਫੈਸਲਾ ਲੈਣਗੇ ? ਤੇ ਅਕਾਲੀ ਪਾਰਟੀ ਨੂੰ ਵੀ ਨੀਅਤ ਸਾਫ ਤੇ ਸਿੱਧੀ ਕਰਨੀ ਪਵੇਗੀ,ਤਿਆਗ ਕਰਨਾ ਪਵੇਗਾ, ਮਿਹਨਤ ਕਰਨੀ ਪਵੇਗੀ। ਰੱਬ ਕਰੇ ਕਿਸੇ ਕੋਲ ਸੰਜੀਵਨੀ ਬੂਟੀ ਹੋਵੇ ਜੋ ਅਕਾਲੀਆਂ ਨੂੰ 'ਹੋਂਦ ਦੇ ਸੰਕਟ' ਵਿਚੋਂ ਬਾਹਰ ਕੱਢ ਸਕੇ। ਅਸੀਂ ਅੱਜ ਤੱਕ ਇਹੀ ਸੋਚਿਆ ਹੈ ਕਿ ਅਕਾਲੀ ਲੀਡਰਸ਼ਿਪ ਨੂੰ ਪਾਸੇ ਕਿਵੇਂ ਕੀਤਾ ਜਾਵੇ ? ਪਰ ਕੀ ਸਾਡੇ ਕੋਲ ਇਹ ਉਲੀਕਿਆ ਹੋਇਆ ਹੈ ਕਿ ਅਕਾਲੀ ਲੀਡਰਸ਼ਿਪ ਕਿਵੇਂ ਦੀ ਹੋਵੇ ?, ਕਿਹੜੀ ਹੋਵੇ ? ਕਿਵੇਂ ਪੈਦਾ ਕੀਤੀ ਜਾਵੇ ? ਜਾਂ ਕਿਥੋਂ ਲਿਆਈਏ ? ਅੰਤਾਂ ਦੇ ਸਵਾਲ ਮੂੰਹ ਅੱਡੀ ਖੜੇ ਹਨ।

## ਰਾਜ ਸਿੰਘ ਬਦੇਸ਼ਾ ਬਣੇ ਅਮਰੀਕਾ ਦੀ ਫ਼੍ਰੈਜ਼ਨੋ ਕਾਊਂਟੀ ਦੇ ਪਹਿਲੇ ਦਸਤਾਰਧਾਰੀ ਜੱਜ



ਲਾਸ ਏਂਜਲਸ/ਏ.ਟੀ.ਨਿਊਜ਼ਃ ਰਾਜ ਸਿੰਘ ਬਦੇਸ਼ਾ ਅਮਰੀਕੀ ਸੂਬੇ ਕੈਲੀਫ਼ੋਰਨੀਆ ਦੀ ਫ਼੍ਰੈਜ਼ਨੋ ਕਾਊਂਟੀ ਦੇ ਪਹਿਲੇ ਦਸਤਾਰਧਾਰੀ ਸਿੱਖ ਜੱਜ ਬਣ ਗਏ ਹਨ। ਉਨ੍ਹਾਂ ਤੋਂ ਪਹਿਲਾਂ ਕੋਈ ਵੀ ਦਸਤਾਰਧਾਰੀ ਸਿੱਖ ਇਸ ਕਾਊਂਟੀ ਦਾ ਜੱਜ ਨਿਯੁਕਤ ਨਹੀਂ ਹੋਇਆ। ਉਨ੍ਹਾਂ ਨੂੰ ਪਿਛਲੇ ਦਿਨੀਂ ਫ਼੍ਰੈਜ਼ਨੋ ਦੇ ਸਿਟੀ ਹਾਲ 'ਚ ਸੈਂਕੜੇ ਲੋਕਾਂ ਦੀ ਮੌਜੂਦਗੀ ਵਿੱਚ ਜੱਜ ਵਾਲਾ ਲੰਮਾ ਕਾਲਾ ਕੋਟ ਸੌਂਪਿਆ ਗਿਆ। ਕੈਲੀਫ਼ੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਬੀਤੀ 3 ਮਈ ਨੂੰ ਬਦੇਸ਼ਾ ਹੁਰਾਂ ਦੀ ਨਿਯੁਕਤੀ ਦਾ ਐਲਾਨ ਕੀਤਾ ਸੀ।

### ਭਾਈ ਅੰਮ੍ਰਿਤਪਾਲ ਸਿੰਘ ਨੇ ਜੇਲ੍ਹ 'ਚੋਂ ਲੋਕ ਸਭਾ ਸਪੀਕਰ ਨੂੰ ਲਿਖੀ ਚਿੱਠੀ

## ਸੰਸਦ ਦੇ ਮਾਨਸੂਨ ਸੈਸ਼ਨ 'ਚ ਸ਼ਾਮਲ ਹੋਣ ਦੀ ਪ੍ਰਗਟਾਈ ਇੱਛਾ



ਖਡੂਰ ਸਾਹਿਬ/ਏ.ਟੀ.ਨਿਊਜ਼ਃ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਖਡੂਰ ਸਾਹਿਬ ਤੋਂ ਨਵੇਂ ਚੁਣੇ ਗਏ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਲੋਕ ਸਭਾ ਵਿੱਚ ਖਡੂਰ ਸਾਹਿਬ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਉਠਾਉਣਾ ਚਾਹੁੰਦੇ ਹਨ। ਇਸ ਲਈ ਉਹਨਾਂ ਨੇ ਨੇ ਲੋਕ ਸਭਾ ਸਪੀਕਰ ਨੂੰ ਚਿੱਠੀ ਲਿਖੀ ਹੈ। ਅੰਮ੍ਰਿਤਪਾਲ ਸਿੰਘ ਨੇ ਸੰਸਦ ਦੇ ਮਾਨਸੂਨ ਸੈਸ਼ਨ ਵਿੱਚ ਹਿੱਸਾ ਲੈਣ ਦੀ ਇੱਛਾ ਜ਼ਾਹਿਰ ਕੀਤੀ ਹੈ। ਅੰਮ੍ਰਿਤਪਾਲ ਸਿੰਘ ਨੇ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੂੰ ਚਿੱਠੀ ਲਿਖ ਕੇ 22 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਪਾਰਲੀਮੈਂਟ ਦੇ ਮਾਨਸੂਨ ਸੈਸ਼ਨ ਵਿੱਚ ਸ਼ਾਮਲ ਹੋਣ ਦੀ ਮੰਗ ਕੀਤੀ ਹੈ।

ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਸੰਸਦ ਮੈਂਬਰ ਹੋਣ ਦੇ ਨਾਤੇ ਲੋਕਾਂ ਦੀਆਂ ਸਮੱਸਿਆਵਾਂ 'ਤੇ ਆਵਾਜ਼ ਉਠਾਉਣ ਲਈ ਬਜਟ ਸੈਸ਼ਨ 'ਚ ਹਿੱਸਾ ਲੈਣਾ ਜ਼ਰੂਰੀ ਹੈ।

ਅੰਮ੍ਰਿਤਪਾਲ ਸਿੰਘ ਨੇ ਉਕਤ ਪੱਤਰ ਡਿਬਰੂਗੜ੍ਹ ਜੇਲ੍ਹ ਸੁਪਰਡੈਂਟ ਰਾਹੀਂ ਸਪੀਕਰ ਨੂੰ ਭੇਜ ਦਿੱਤਾ ਹੈ। ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਵਕੀਲ ਦਾ ਕਹਿਣਾ ਹੈ ਕਿ ਸੰਸਦ ਮੈਂਬਰ ਹੋਣ ਦੇ ਨਾਤੇ ਅੰਮ੍ਰਿਤਪਾਲ ਸਿੰਘ ਨੂੰ ਬਜਟ ਸੈਸ਼ਨ ਵਿੱਚ ਹਿੱਸਾ ਲੈਣ ਦਾ ਸੰਵਿਧਾਨਕ ਹੱਕ ਹੈ। ਜੇਕਰ ਲੋਕ ਸਭਾ ਸਪੀਕਰ ਵੱਲੋਂ ਸੈਸ਼ਨ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ ਹੈ ਤਾਂ ਅਦਾਲਤ ਤੱਕ ਵੀ ਪਹੁੰਚ ਕੀਤੀ ਜਾ ਸਕਦੀ ਹੈ।

ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ ਤੋਂ ਵੱਡੀ ਲੀਡ ਲੈ ਕੇ ਸੰਸਦ ਮੈਂਬਰ ਚੁਣੇ ਗਏ ਹਨ। ਅੰਮ੍ਰਿਤਪਾਲ ਸਿੰਘ ਨੂੰ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਲਈ ਸ਼ਰਤਾਂ ਸਮੇਤ 4 ਦਿਨ ਦੀ ਪੈਰੋਲ ਦਿੱਤੀ ਗਈ ਸੀ ਤੇ 5 ਜੁਲਾਈ ਨੂੰ ਉਨ੍ਹਾਂ ਨੂੰ ਸਖ਼ਤ ਸੁਰੱਖਿਆ ਵਿਚਾਲੇ ਦਿੱਲੀ ਸੰਸਦ ਭਵਨ ਵਿੱਚ ਲੋਕ ਸਭਾ ਸਪੀਕਰ ਦੇ ਚੈਂਬਰ ਵਿਚ ਸਹੁੰ ਚੁਕਾਈ ਗਈ ਸੀ। ਸਹੁੰ ਚੁੱਕਣ ਮਗਰੋਂ ਉਨ੍ਹਾਂ ਨੂੰ ਨਾਲ ਹੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ।

# ਟਰੰਪ 'ਤੇ ਹਮਲਾ : ਸਾਜ਼ਿਸ਼ ਜਾਂ ...

## ਘਟਨਾ ਤੋਂ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਮੁਹਿਮ ਵਿੱਚ ਆਈ ਤੇਜ਼ੀ



ਦੁਨੀਆਂ ਦਾ ਥਾਣੇਦਾਰ ਕਹਾਉਣ ਵਾਲੇ ਅਮਰੀਕਾ ਵਿੱਚ ਵਰਤਮਾਨ ਤੇ ਸਾਬਕਾ ਰਾਸ਼ਟਰਪਤੀਆਂ 'ਤੇ ਹਮਲੇ ਹੋਣ ਦਾ ਇਤਿਹਾਸ ਬਹੁਤ ਪੁਰਾਣਾ ਹੈ। ਇੱਕ ਪਾਸੇ ਅਮਰੀਕਾ ਆਪਣੇ ਰਾਸ਼ਟਰਪਤੀ ਦੀ ਅਗਵਾਈ ਵਿੱਚ ਪੂਰੀ ਦੁਨੀਆਂ ਵਿੱਚ ਆਪਣੀ ਚੌਧਰ ਚਮਕਾਉਣ ਦੇ ਯਤਨਾਂ ਵਿੱਚ ਹਰ ਸਮੇਂ ਲੱਗਿਆ ਰਹਿੰਦਾ ਹੈ ਅਤੇ ਆਪਣੇ ਆਪ ਨੂੰ ਮਨੁੱਖੀ ਅਧਿਕਾਰਾਂ ਦਾ ਸਭ ਤੋਂ ਵੱਡਾ ਅਲੰਬਰਦਾਰ ਹੋਣ ਦਾ ਦਾਅਵਾ ਕਰਦਾ ਹੈ, ਦੂਜੇ ਪਾਸੇ ਅਮਰੀਕਾ ਵਿੱਚ ਉਸ ਦੇ ਵਰਤਮਾਨ ਤੇ ਸਾਬਕਾ ਰਾਸ਼ਟਰਪਤੀ ਹੀ ਸੁਰੱਖਿਅਤ ਨਹੀਂ। ਪਿਛਲੇ ਸਮੇਂ ਦੌਰਾਨ ਅਮਰੀਕਾ ਵਿੱਚ ਅਨੇਕਾਂ ਸਾਬਕਾ ਰਾਸ਼ਟਰਪਤੀਆਂ ਦੇ ਕਤਲ ਹੋ ਚੁੱਕੇ ਹਨ। ਸਾਬਕਾ ਰਾਸ਼ਟਰਪਤੀਆਂ 'ਤੇ ਹਮਲਿਆਂ ਦਾ ਤਾਜ਼ਾ ਮਾਮਲਾ ਡੋਨਲਡ ਟਰੰਪ ਦਾ ਹੈ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ (78) 'ਤੇ ਪਿਛਲੇ ਦਿਨੀਂ ਪੈਨਸਿਲਵੇਨੀਆ ਵਿੱਚ ਚੋਣ ਰੈਲੀ ਦੌਰਾਨ ਇਕ ਨੌਜਵਾਨ ਸ਼ੂਟਰ ਵੱਲੋਂ ਕੀਤੇ ਗਏ ਕਾਤਲਾਨਾ ਹਮਲੇ ਨੇ ਕਈ ਸਵਾਲ ਖੜੇ ਕਰ ਦਿੱਤੇ ਹਨ। ਸਾਬਕਾ ਰਾਸ਼ਟਰਪਤੀ ਟਰੰਪ 'ਤੇ ਹਮਲਾ ਕੋਈ ਵੱਡੀ ਸਾਜ਼ਿਸ਼ ਹੈ ? ਜਾਂ ਇਸ ਦੇ ਤਾਰ ਕਿਸੇ ਹੋਰ ਦੇਸ਼ ਜਾਂ ਅਮਰੀਕਾ ਦੇ ਹੀ ਕਿਸੇ ਸਿਆਸੀ ਆਗੂ ਨਾਲ ਜੁੜਦੇ ਹਨ ? ਇਹਨਾਂ ਸਾਰੇ ਸਵਾਲਾਂ ਦਾ ਜਵਾਬ ਅਜੇ ਸਮੇਂ ਦੀ ਬੁੱਕਲ ਵਿੱਚ ਹੈ।

ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਦੁਨੀਆਂ ਦੀ ਵੱਡੀ ਸ਼ਕਤੀ ਸਮਝੇ ਜਾਂਦੇ ਅਮਰੀਕਾ ਵਿੱਚ ਸਾਬਕਾ ਰਾਸ਼ਟਰਪਤੀ ਟਰੰਪ ਗੋਲੀ ਦਾ ਸ਼ਿਕਾਰ ਹੋ ਗਏ। ਇਸ ਘਟਨਾ ਨੇ ਅਮਰੀਕਾ ਦੇ ਸੁਰੱਖਿਆ ਪ੍ਰਬੰਧਾਂ ਦੀ ਪੋਲ ਵੀ ਖੋਲ ਦਿੱਤੀ ਹੈ। ਅਮਰੀਕਾ ਵਿੱਚ ਨਵੰਬਰ ਮਹੀਨੇ ਦੌਰਾਨ ਰਾਸ਼ਟਰਪਤੀ ਦੀ ਚੋਣ ਹੋਣੀ ਹੈ, ਜਿਸ ਵਿੱਚ ਮੁੱਖ ਮੁਕਾਬਲਾ ਮੌਜੂਦਾ ਰਾਸ਼ਟਰਪਤੀ ਬਾਇਡਨ ਅਤੇ ਸਾਬਕਾ ਰਾਸ਼ਟਰਪਤੀ ਟਰੰਪ ਵਿਚਾਲੇ ਹੀ ਹੈ। ਅਮਰੀਕੀ ਰਾਸ਼ਟਰਪਤੀ ਚੋਣ ਹੁਣ ਤੱਕ ਸੁਸਤ ਲੱਗ ਰਹੀ ਸੀ ਪਰ ਟਰੰਪ 'ਤੇ ਹਮਲੇ ਦੀ ਘਟਨਾ ਤੋਂ ਬਾਅਦ ਗਰਮਾ ਗਈ ਹੈ। ਇਸ ਘਟਨਾ ਤੋਂ ਬਾਅਦ ਟਰੰਪ ਦੀ ਪ੍ਰਚਾਰ ਮੁਹਿਮ ਇਕਦਮ ਤੇਜ਼ ਹੋ ਗਈ ਹੈ। ਗੋਲੀਬਾਰੀ ਤੋਂ ਬਾਅਦ ਟਰੰਪ ਵੱਲੋਂ ਮੁੱਠੀ ਬੰਦ ਕਰ ਕੇ ਹਵਾ 'ਚ ਚੁੱਕੀ ਬਾਂਹ ਦੀ ਤਸਵੀਰ ਇਸ ਪ੍ਰਚਾਰ ਮੁਹਿੰਮ ਦਾ ਫ਼ੈਸਲਾਕੁਨ ਮੋੜ ਸਾਬਤ ਹੋ ਸਕਦੀ ਹੈ। ਟਰੰਪ ਲੋਕਾਂ 'ਚ ਜਿਵੇਂ ਦਿਸਣਾ ਚਾਹੁੰਦੇ ਹਨ, ਇਹ ਉਸ ਮੁਤਾਬਿਕ ਬਿਲਕੁਲ ਸਟੀਕ ਹੈ- ਦ੍ਰਿੜ੍ਹਤਾ ਤੇ ਦਲੇਰੀ ਦੀ ਮਿਸਾਲ। ਇਸ ਘਟਨਾ ਤੋਂ ਬਾਅਦ ਹੁਣ ਪ੍ਰਚਾਰ ਵਿਚਲਾ ਸੁਨੇਹਾ ਤੇ ਤਰਜ਼ ਬਦਲਣ ਦੀ ਸੰਭਾਵਨਾ ਹੈ। ਟਰੰਪ ਨੂੰ ਪਹਿਲਾਂ ਹੀ ਬਾਈਡਨ ਦੇ ਮੁਕਾਬਲੇ ਘਾਗ ਆਗੂ ਸਮਝਿਆ ਜਾਂਦਾ ਹੈ ਅਤੇ ਬਾਈਡਨ ਅਤੇ ਟਰੰਪ ਦੀ ਪਿਛਲੇ ਦਿਨੀਂ ਹੋਈ ਬਹਿਸ ਦੌਰਾਨ ਟਰੰਪ ਦਾ ਹੀ ਹੱਥ ਉੱਚਾ ਸਮਝਿਆ ਜਾਂਦਾ ਹੈ। ਹੁਣ ਟਰੰਪ ਸਮਰਥਕ ਇਸ ਘਟਨਾ ਦਾ ਸਿਆਸੀ ਲਾਹਾ ਲੈਣ ਲਈ ਸਰਗਰਮ ਹੋ ਗਏ ਹਨ।




ਇਸ ਹਮਲੇ ਤੋਂ ਬਾਅਦ ਜਿੱਥੇ ਇੱਕ ਪਾਸੇ ਸੀਕ੍ਰੇਟ ਸਰਵਿਸ ਦੀ ਸੁਰੱਖਿਆ 'ਤੇ ਸਵਾਲ ਖੜ੍ਹੇ ਹੋ ਰਹੇ ਹਨ, ਉਥੇ ਹੀ ਦੂਜੇ ਪਾਸੇ ਅਮਰੀਕੀ ਗੰਨ ਕੰਟਰੋਲ ਦੀ ਮੰਗ ਫਿਰ ਤੋਂ ਵਧਦੀ ਜਾ ਰਹੀ ਹੈ। ਅਮਰੀਕਾ ਦਾ ਸਿਆਸੀ ਹਿੰਸਾ ਦਾ ਲੰਮਾ ਇਤਿਹਾਸ ਰਿਹਾ ਹੈ। ਹੁਣ ਤੱਕ ਚਾਰ ਅਮਰੀਕੀ ਰਾਸ਼ਟਰਪਤੀਆਂ ਦੀ ਹੱਤਿਆ ਹੋ ਚੁੱਕੀ ਹੈ ਅਤੇ ਦੋ ਦਰਜਨ ਤੋਂ ਵੱਧ ਪ੍ਰਮੁੱਖ ਨੇਤਾਵਾਂ 'ਤੇ ਹਮਲੇ ਹੋ ਚੁੱਕੇ ਹਨ।

ਹੁਣ ਸਵਾਲ ਇਹ ਉੱਠ ਰਿਹਾ ਹੈ ਕਿ ਕੀ ਇਹ ਹਮਲਾ ਨਵੰਬਰ ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਦਾ ਰੁਖ ਬਦਲ ਦੇਵੇਗਾ ? ਕੀ ਟਰੰਪ ਦਾ ਸਮਰਥਨ ਬਾਈਡਨ ਨਾਲੋਂ ਤੇਜ਼ੀ ਨਾਲ ਵਧੇਗਾ ? ਕੀ ਅਮਰੀਕਾ 'ਚ ਟਰੰਪ ਦੇ ਹੱਕ 'ਚ ਨਵੀਂ ਲਹਿਰ ਸ਼ੁਰੂ ਹੋਵੇਗੀ ? ਉਂਞ ਵੀ ਹੁਣ ਤੱਕ ਦੇ ਚੋਣ ਪ੍ਰਚਾਰ ਵਿੱਚ ਟਰੰਪ ਆਪਣੇ ਵਿਰੋਧੀ ਬਾਈਡਨ ਤੋਂ ਅੱਗੇ ਨਜ਼ਰ ਆ ਰਹੇ ਸਨ। ਆਖ਼ਰਕਾਰ, ਇਸ ਹਮਲੇ ਦੀਆਂ ਤਸਵੀਰਾਂ ਅਮਰੀਕੀ ਜਨਤਾ ਅਤੇ ਵੋਟਰਾਂ ਦੇ ਮਨਾਂ 'ਤੇ ਕੀ ਪ੍ਰਭਾਵ ਪਾ ਸਕਦੀਆਂ ਹਨ ? ਅਮਰੀਕਾ ਵਿੱਚ ਹੋ ਰਹੀ ਰਾਸ਼ਟਰਪਤੀ ਦੀ ਚੋਣ 'ਤੇ ਪੂਰੀ ਦੁਨੀਆਂ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ। . (**ਬਾਕੀ ਸਫ਼ਾ 30 'ਤੇ**)

## ਰਿਪਬਲਿਕਨ ਪਾਰਟੀ ਦਾ ਰਜਿਸਟਰਡ ਵੋਟਰ ਸੀ ਸ਼ੂਟਰ



ਵਾਸ਼ਿੰਗਟਨ/ਏ.ਟੀ.ਨਿਊਜ਼: ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਹੱਤਿਆ ਦੀ ਕੋਸ਼ਿਸ਼ ਕਰਨ ਵਾਲਾ ਸ਼ੂਟਰ ਥੌਮਸ ਮੈਥਿਊ ਕਰੁਕਸ ਰਿਪਬਲਿਕਨ ਪਾਰਟੀ ਦਾ ਰਜਿਸਟਰਡ ਵੋਟਰ ਸੀ, ਜਿਸ ਨੇ ਨਵੰਬਰ ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿੱਚ ਪਹਿਲੀ ਵਾਰ ਵੋਟ ਪਾਉਣੀ ਸੀ। ਉਹ ਪਿਟਸਬਰਗ ਦੇ ਨੀਮ ਸ਼ਹਿਰੀ ਬੈਥਲ ਪਾਰਕ ਵਿੱਚ ਰਹਿੰਦਾ ਸੀ, ਜੋ ਟਰੰਪ ਦੀ ਚੋਣ ਰੈਲੀ ਵਾਲੀ ਥਾਂ ਤੋਂ ਦੱਖਣ ਵੱਲ 56 ਕਿਲੋਮੀਟਰ ਦੀ ਦੂਰੀ 'ਤੇ ਹੈ। ਸੀ.ਐੱਨ.ਐੱਨ. ਨੇ ਆਪਣੀ ਇੱਕ ਰਿਪੋਰਟ ਵਿੱਚ ਕਈ ਕਾਨੂੰਨ ਏਜੰਸੀਆਂ ਵਿਚਲੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਕਿ ਸ਼ੂਟਰ ਦੀ ਕਾਰ ਤੇ ਉਸ ਦੀ ਰਿਹਾਇਸ਼ 'ਚੋਂ ਧਮਾਕਾਖੇਜ਼ ਸਮੱਗਰੀ ਬਰਾਮਦ ਹੋਈ ਹੈ। ਉਸ ਨੇ 2022 ਵਿੱਚ ਬੈਥਲ ਪਾਰਕ ਹਾਈ ਸਕੂਲ ਤੋਂ ਗਰੈਜੂਏਸ਼ਨ ਕੀਤੀ ਸੀ।

## ਟਰੰਪ ਵੱਲੋਂ ਅਮਰੀਕੀਆਂ ਨੂੰ 'ਇਕਜੁੱਟ' ਰਹਿਣ ਦਾ ਸੱਦਾ



ਵਾਸ਼ਿੰਗਟਨ/ਏ.ਟੀ.ਨਿਊਜ਼: ਚੋਣ ਰੈਲੀ ਦੌਰਾਨ ਹੱਤਿਆ ਦੀ ਕੋਸ਼ਿਸ਼ ਵਿੱਚ ਵਾਲ ਵਾਲ ਬਚੇ ਸਾਬਕਾ ਅਮਰੀਕੀ ਸਦਰ ਡੋਨਲਡ ਟਰੰਪ ਨੇ ਦੇਸ਼ਵਾਸੀਆਂ ਨੂੰ 'ਇਕਜੁੱਟ' ਰਹਿਣ ਲਈ ਆਖਦਿਆਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ 'ਅਮਰੀਕੀਆਂ ਵਜੋਂ ਆਪਣਾ ਅਸਲ ਕਿਰਦਾਰ' ਦਿਖਾਉਣ ਅਤੇ 'ਮਜ਼ਬੂਤ ਤੇ ਦ੍ਰਿੜ੍ਹ' ਬਣੇ ਰਹਿਣ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੁੱਥ ਸੋਸ਼ਲ ਪਲੇਟਫਾਰਮ 'ਤੇ ਇਕ ਪੋਸਟ ਵਿੱਚ ਕਿਹਾ, "ਉਹ ਰੱਬ ਹੀ ਸੀ ਜਿਸ ਨੇ ਇਸ ਅਣਹੋਣੀ ਨੂੰ ਟਾਲ ਦਿੱਤਾ। ਇਸ ਵੇਲੇ ਇਹ ਬਹੁਤ ਅਹਿਮ ਹੈ ਕਿ ਅਸੀਂ ਇੱਕ ਦੂਜੇ ਨਾਲ ਮਿਲ ਕੇ ਖੜ੍ਹੀਏ ਤੇ ਅਮਰੀਕੀਆਂ ਵਜੋਂ ਆਪਣੇ ਅਸਲ ਕਿਰਦਾਰ ਨੂੰ ਦਰਸਾਈਏ, ਮਜ਼ਬੂਤ ਤੇ ਦ੍ਰਿੜ੍ਹ ਬਣੇ ਰਹੀਏ ਤੇ ਬਦੀ ਨੂੰ ਜਿੱਤਣ ਦੀ ਖੁੱਲ੍ਹ ਨਾ ਦੇਈਏ। ਅਸੀਂ ਨਹੀਂ ਡਰਾਂਗੇ।"

## ਅਸੀਂ ਅਜਿਹੀਆਂ ਘਟਨਾਵਾਂ ਦੀ ਇਜਾਜ਼ਤ ਨਹੀਂ ਦੇ ਸਕਦੇ : ਬਾਇਡਨ

ਹਮਲੇ ਤੋਂ ਫੌਰੀ ਮਗਰੋਂ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਟਰੰਪ ਨਾਲ ਗੱਲਬਾਤ ਵੀ ਕੀਤੀ। ਹਾਲਾਂ ਕਿ ਵ੍ਹਾਈਟ ਹਾਊਸ ਨੇ ਦੋਵਾਂ ਵਿੱਚ ਹੋਈ ਗੱਲਬਾਤ ਬਾਰੇ ਕੋਈ ਵੇਰਵੇ ਨਸ਼ਰ ਨਹੀਂ ਕੀਤੇ। ਵ੍ਹਾਈਟ ਹਾਊਸ ਨੇ ਇੰਨਾ ਜ਼ਰੂਰ ਕਿਹਾ ਕਿ ਰਾਸ਼ਟਰਪਤੀ ਬਾਇਡਨ ਨੇ ਪੈਨਸਿਲਵੇਨੀਆ ਦੇ ਗਵਰਨਰ ਜੋਸ਼ ਸ਼ੈਪੀਰੋ ਤੇ ਬਟਲਰ ਦੇ ਮੇਅਰ ਬੌਬ ਡੈਨਡੋਏ ਨਾਲ ਵੀ ਗੱਲਬਾਤ ਕੀਤੀ ਤੇ ਹਾਲਾਤ ਦਾ ਜਾਇਜ਼ਾ ਲਿਆ। ਅਮਰੀਕੀ ਸਦਰ ਨੇ ਵੀਕਐਂਡ ਲਈ ਡੈਲਾਵੇਅਰ ਜਾਣਾ ਸੀ, ਪਰ ਉਹ ਆਪਣਾ ਪ੍ਰੋਗਰਾਮ ਰੱਦ ਕਰਕੇ ਵ੍ਹਾਈਟ ਹਾਊਸ ਮੁੜ ਆਏ। ਬਾਇਡਨ ਨੇ ਟਰੰਪ 'ਤੇ ਹੋਈ ਗੋਲੀਬਾਰੀ ਤੋਂ ਦੋ ਘੰਟੇ ਮਗਰੋਂ ਦੇਸ਼ ਨੂੰ ਆਪਣੇ ਸੰਬੋਧਨ ਵਿੱਚ ਕਿਹਾ ਕਿ 'ਅਸੀਂ ਅਜਿਹੀਆਂ ਘਟਨਾਵਾਂ ਦੀ ਇਜਾਜ਼ਤ ਨਹੀਂ ਦੇ ਸਕਦੇ। ਅਮਰੀਕਾ ਵਿੱਚ ਅਜਿਹੀ ਹਿੰਸਾ ਬਾਰੇ ਅਸੀਂ ਕਦੇ ਨਹੀਂ ਸੁਣਿਆ।" ਉਪ ਰਾਸ਼ਟਰਪਤੀ ਕਮਲਾ ਹੈਰਿਸ ਤੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ, ਜੌਰਜ ਡਬਲਿਊ ਬੁਸ਼ ਤੇ ਬਿੱਲ ਕਲਿੰਟਨ ਨੇ ਟਰੰਪ 'ਤੇ ਹਮਲੇ ਦੀ ਨਿਖੇਧੀ ਕੀਤੀ। ਹੈਰਿਸ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ 'ਸਕੂਨ' ਹੈ ਕਿ ਟਰੰਪ ਨੂੰ ਕੋਈ ਗੰਭੀਰ ਸੱਟ ਨਹੀਂ ਲੱਗੀ। ਹੈਰਿਸ ਨੇ ਇੱਕ ਬਿਆਨ ਵਿੱਚ ਕਿਹਾ, "ਅਸੀਂ ਉਨ੍ਹਾਂ, ਉਨ੍ਹਾਂ ਦੇ ਪਰਿਵਾਰ ਤੇ ਇਸ ਅਸੰਵੇਦਨਸ਼ੀਲ ਗੋਲੀਬਾਰੀ ਕਰਕੇ ਜ਼ਖ਼ਮੀ ਹੋਏ ਤੇ ਜਿਨ੍ਹਾਂ ਨੂੰ ਇਸ ਹਮਲੇ ਕਰਕੇ ਸੱਟ ਵੱਜੀ, ਲਈ ਪ੍ਰਾਰਥਨਾ ਕਰਦੇ ਹਾਂ।" ਹੈਰਿਸ ਨੇ ਕਿਹਾ, "ਅਜਿਹੀ ਹਿੰਸਾ ਲਈ ਸਾਡੇ ਦੇਸ਼ ਵਿੱਚ ਕੋਈ ਥਾਂ ਨਹੀਂ ਹੈ। ਸਾਨੂੰ ਸਾਰਿਆਂ ਨੂੰ ਘਿਣਾਉਣੇ ਕਾਰੇ ਦੀ ਨਿਖੇਧੀ ਕਰਨੀ ਚਾਹੀਦੀ ਹੈ ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਘਟਨਾ ਕਰਕੇ ਹੋਰ ਹਿੰਸਾ ਨਾ ਹੋਵੇ।"



## ਕਈ ਅਮਰੀਕੀ ਰਾਸ਼ਟਰਪਤੀਆਂ 'ਤੇ ਹੋ ਚੁੱਕੇ ਹਨ ਹਮਲੇ

ਸਾਬਕਾ ਰਾਸ਼ਟਰਪਤੀ ਟਰੰਪ 'ਤੇ ਹਮਲਾ ਅਮਰੀਕਾ ਵਿੱਚ ਕਿਸੇ ਰਾਸ਼ਟਰਪਤੀ ਜਾਂ ਸਾਬਕਾ ਰਾਸ਼ਟਰਪਤੀ ਦੀ ਹੱਤਿਆ ਜਾਂ ਹੱਤਿਆ ਦੀ ਕੋਸ਼ਿਸ਼ ਦੀ ਪਹਿਲੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਕਈ ਰਾਸ਼ਟਰਪਤੀਆਂ ਅਤੇ ਸਾਬਕਾ ਰਾਸ਼ਟਰਪਤੀਆਂ ਦੀ ਹੱਤਿਆ ਦੀ ਕੋਸ਼ਿਸ਼ ਕੀਤੀ ਜਾ ਚੁੱਕੀ ਹੈ।

**ਰਾਸ਼ਟਰਪਤੀ ਐਂਡਰਿਊ ਜੈਕਸਨ** : ਅਮਰੀਕਾ ਵਿੱਚ, 1835 ਵਿੱਚ, ਰਿਚਰਡ ਲਾਰੈਂਸ ਨੇ ਕੈਪੀਟਲ ਬਿਲਡਿੰਗ ਦੇ ਬਾਹਰ ਰਾਸ਼ਟਰਪਤੀ ਜੈਕਸਨ ਦੀ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ। ਇਹ ਹਮਲਾ ਉਸ ਸਮੇਂ ਹੋਇਆ ਜਦੋਂ ਉਹ ਅੰਤਿਮ ਸਸਕਾਰ 'ਚ ਸ਼ਾਮਲ ਹੋਣ ਜਾ ਰਹੇ ਸਨ। ਰਾਸ਼ਟਰਪਤੀ ਜੈਕਸਨ 'ਤੇ ਦੋ ਗੋਲੀਆਂ ਚਲਾਈਆਂ ਗਈਆਂ। ਹਾਲਾਂ ਕਿ, ਉਹ ਬਚ ਗਏ ਸਨ।

**ਅਬ੍ਰਾਹਮ ਲਿੰਕਨ**: ਅਮਰੀਕਾ ਦੇ ਰਾਸ਼ਟਰਪਤੀ ਅਬ੍ਰਾਹਮ ਲਿੰਕਨ ਨੂੰ 1865 ਵਿੱਚ ਇੱਕ ਥੀਏਟਰ ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਇਸ ਤੋਂ ਪਹਿਲਾਂ ਵੀ ਸੰਨ 1861 ਅਤੇ 1864 ਵਿੱਚ ਦੋ ਵਾਰ ਉਸ ਦਾ ਕਤਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ।

**ਜੇਮਸ ਏ. ਗਾਰਫੀਲਡ**: ਵਾਸ਼ਿੰਗਟਨ, ਡੀ.ਸੀ., 1881 ਵਿੱਚ ਬਾਲਟੀਮੋਰ ਅਤੇ ਪੋਟੋਮੈਕ ਰੇਲਵੇ ਸਟੇਸ਼ਨ 'ਤੇ ਰਾਸ਼ਟਰਪਤੀ ਜੇਮਸ ਏ. ਗਾਰਫੀਲਡ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ ਸਨ। ਉਸ ਨੂੰ ਦੋ ਗੋਲੀਆਂ ਲੱਗੀਆਂ।



19 ਸਤੰਬਰ 1881 ਨੂੰ ਮੌਤ ਹੋ ਗਈ।

**ਵਿਲੀਅਮ ਮੈਕਕਿਨਲੇ**: 6 ਸਤੰਬਰ, 1901 ਨੂੰ, ਅਮਰੀਕੀ ਰਾਸ਼ਟਰਪਤੀ ਵਿਲੀਅਮ ਮੈਕਕਿਨਲੇ ਨੂੰ ਇੱਕ ਜਨਤਕ ਸਮਾਗਮ ਵਿੱਚ ਦੋ ਵਾਰ ਗੋਲੀ ਮਾਰ ਦਿੱਤੀ ਗਈ, ਜਿਸ ਤੋਂ ਬਾਅਦ ਉਸ ਦੀ ਮੌਤ ਹੋ ਗਈ।

**ਫ੍ਰੈਂਕਲਿਨ ਡੀ. ਰੂਜ਼ਵੈਲਟ**: ਟਰੰਪ ਵਾਂਗ, 1912 ਦੀ ਚੋਣ ਮੁਹਿੰਮ ਦੌਰਾਨ ਫ੍ਰੈਂਕਲਿਨ ਡੀ. ਰੂਜ਼ਵੈਲਟ 'ਤੇ ਹਮਲਾ ਹੋਇਆ ਸੀ। ਮਿਲਵਾਕੀ ਵਿੱਚ ਭਾਸ਼ਣ ਦੇਣ ਲਈ ਜਾਂਦੇ ਸਮੇਂ ਉਸ ਨੂੰ ਗੋਲੀ ਮਾਰ ਦਿੱਤੀ ਗਈ ਸੀ। 1933 ਵਿੱਚ ਰਾਸ਼ਟਰਪਤੀ ਦੇ ਅਹੁਦੇ 'ਤੇ ਰਹਿੰਦੇ ਹੋਏ ਵੀ ਉਨ੍ਹਾਂ ਦੀ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ।

**ਹੈਰੀ ਐਸ. ਟਰੂਮੈਨ**: ਰੂਜ਼ਵੈਲਟ ਦੀ ਮੌਤ ਤੋਂ ਬਾਅਦ ਟਰੂਮੈਨ ਨੇ ਅਮਰੀਕੀ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ। 1950 ਵਿੱਚ ਉਸ ਨੂੰ ਪੋਰਟੋ ਰੀਕਨ ਦੇ ਰਾਸ਼ਟਰਵਾਦੀਆਂ ਨੇ ਵ੍ਹਾਈਟ ਹਾਊਸ ਦੇ ਸਾਹਮਣੇ ਗੋਲੀ ਮਾਰ ਦਿੱਤੀ ਸੀ।

**ਜੌਨ ਐੱਫ. ਕੈਨੇਡੀ**: ਅਮਰੀਕੀ ਰਾਸ਼ਟਰਪਤੀ ਕੈਨੇਡੀ ਦੀ ਕਾਰ ਨੂੰ ਉਡਾਉਣ ਦੀ ਯੋਜਨਾ ਬਣਾਈ ਗਈ ਸੀ ਪਰ ਇਹ ਸਾਜ਼ਿਸ਼ ਨਾਕਾਮ ਹੋ ਗਈ। ਇਸ ਤੋਂ ਬਾਅਦ 1963 ਵਿੱਚ ਕੈਨੇਡੀ ਦੀ ਹੱਤਿਆ ਕਰ ਦਿੱਤੀ ਗਈ।

**ਗੈਰਾਲਡ ਫੋਰਡ**: ਕੈਲੀਫੋਰਨੀਆ ਵਿੱਚ ਅਮਰੀਕੀ ਰਾਸ਼ਟਰਪਤੀ ਫੋਰਡ ਦੀ ਹੱਤਿਆ ਦੀਆਂ ਦੋ ਵੱਖ-ਵੱਖ ਕੋਸ਼ਿਸ਼ਾਂ ਹੋਈਆਂ, ਦੋਵਾਂ ਵਾਰਦਾਤਾਂ ਨੂੰ ਔਰਤਾਂ ਵਲੋਂ ਅੰਜਾਮ ਦਿੱਤਾ ਗਿਆ ਸੀ।

**ਰੋਨਾਲਡ ਰੀਗਨ**: ਰੀਗਨ ਨੂੰ 1981 ਵਿੱਚ ਵਾਸ਼ਿੰਗਟਨ ਦੇ ਇੱਕ ਹੋਟਲ ਦੇ ਬਾਹਰ ਗੋਲੀ ਮਾਰ ਦਿੱਤੀ ਗਈ ਸੀ, ਜਿਸ ਨਾਲ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਸੀ।

**ਜਾਰਜ ਡਬਲਯੂ. ਬੁਸ਼**: 2005 ਵਿੱਚ ਜਾਰਜੀਆ ਵਿੱਚ ਇੱਕ ਭਾਸ਼ਣ ਦੌਰਾਨ ਬੁਸ਼ ਉੱਤੇ ਇੱਕ ਗ੍ਰੇਨੇਡ ਸੁੱਟਿਆ ਗਿਆ ਸੀ, ਪਰ ਫਟਿਆ ਨਹੀਂ ਸੀ।

**ਬਰਾਕ ਓਬਾਮਾ**: ਇੱਕ ਵਿਅਕਤੀ 'ਤੇ 2011 ਦੇ ਵ੍ਹਾਈਟ ਹਾਊਸ ਗੋਲੀਬਾਰੀ ਦੌਰਾਨ ਓਬਾਮਾ ਦੀ ਹੱਤਿਆ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਗਿਆ ਸੀ।

# ਰਿਪਬਲੀਕਨ ਪਾਰਟੀ ਵੱਲੋਂ ਰਸਮੀ ਤੌਰ 'ਤੇ ਟਰੰਪ ਰਾਸ਼ਟਰਪਤੀ ਚੋਣ ਲਈ ਉਮੀਦਵਾਰ ਨਾਮਜ਼ਦ

## ਜੇ. ਡੀ. ਵੈਂਸ ਉੱਪ ਰਾਸ਼ਟਰਪਤੀ ਦੇ ਅਹੁਦੇ ਲਈ ਹੋਣਗੇ ਉਮੀਦਵਾਰ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਰਿਪਬਲੀਕਨ ਪਾਰਟੀ ਨੇ ਇਸ ਸਾਲ ਦੇ ਅੰਤ ਵਿੱਚ ਹੋ ਰਹੀਆਂ ਆਮ ਚੋਣਾਂ ਲਈ ਰਸਮੀ ਤੌਰ 'ਤੇ ਆਪਣੇ ਰਾਸ਼ਟਰਪਤੀ ਤੇ ਉੱਪ ਰਾਸ਼ਟਰਪਤੀ ਦੇ ਅਹੁੱਦਿਆਂ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ।



ਪਾਰਟੀ ਦੀ ਮਿਲਵੌਕੀ (ਵਿਸਕਾਨਸਿਨ) ਵਿੱਚ ਹੋਈ ਰਾਸ਼ਟਰੀ ਕਨਵੈਨਸ਼ਨ ਵਿੱਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਰਸਮੀ ਤੌਰ 'ਤੇ ਰਾਸ਼ਟਰਪਤੀ ਚੋਣਾਂ ਵਿੱਚ ਉਮੀਦਵਾਰ ਨਾਮਜ਼ਦ ਕੀਤਾ ਗਿਆ ਹੈ, ਜਦਕਿ ਉਹੀਓ ਰਾਜ ਦੇ ਪ੍ਰਤੀਨਿਧ ਜੇ. ਡੀ. ਵੈਂਸ ਉੱਪ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਹੋਣਗੇ। ਇਸ ਤੋਂ ਪਹਿਲਾਂ ਟਰੰਪ ਨੇ ਐਲਾਨ ਕੀਤਾ ਸੀ ਕਿ ਉਹ ਉੱਪ ਰਾਸ਼ਟਰਪਤੀ ਦੇ ਅਹੁਦੇ ਲਈ ਵੈਂਸ ਦੇ ਹੱਕ ਵਿੱਚ ਹਨ ਜਿਸ ਤੋਂ ਬਾਅਦ ਵੈਂਸ ਨੂੰ ਨਾਮਜ਼ਦ ਕੀਤਾ ਜਾਣਾ ਨਿਸ਼ਚਤ ਸਮਝਿਆ ਜਾ ਰਿਹਾ ਸੀ। 39 ਸਾਲਾ ਵੈਂਸ ਇੱਕ ਨੌਜਵਾਨ ਸੈਨੇਟਰ ਹਨ ਤੇ ਕੰਜ਼ਰਵੇਟਿਵ ਪਾਰਟੀ ਵਿੱਚ ਉਨ੍ਹਾਂ ਦਾ ਪੂਰਾ ਮਾਣ ਸਨਮਾਣ ਹੈ। ਡੋਨਲਡ ਟਰੰਪ ਉੱਪਰ ਪੈਨਸਿਲਵਾਨੀਆ ਰਾਜ ਵਿੱਚ ਬਟਲਰ ਵਿਖੇ ਹੋਈ ਰੈਲੀ ਦੌਰਾਨ ਹੋਏ ਹਮਲੇ ਦੇ ਦੋ ਦਿਨਾਂ ਬਾਅਦ ਪਾਰਟੀ ਵੱਲੋਂ ਉਨਾਂ ਦੀ ਰਸਮੀ ਤੌਰ 'ਤੇ ਉਮੀਦਵਾਰ ਵਜੋਂ ਚੋਣ ਕੀਤੀ ਗਈ ਹੈ। ਇਸ ਹਮਲੇ ਵਿੱਚ ਉਹ ਵਾਲ ਵਾਲ ਬਚ ਗਏ ਸਨ ਤੇ ਇਕ ਗੋਲੀ ਉਨ੍ਹਾਂ ਦੇ ਕੰਨ ਨੂੰ ਛੂਹ ਕੇ ਨਿਕਲ ਗਈ ਸੀ। ਹਮਲੇ ਉਪਰੰਤ ਟਰੰਪ ਨੇ ਅਮਰੀਕੀਆਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਟਰੰਪ ਦੇ ਨਾਂ 'ਤੇ ਪਾਰਟੀ ਉਮੀਦਵਾਰ ਵਜੋਂ ਮੋਹਰ ਲਾਏ ਜਾਣ ਤੋਂ ਪਹਿਲਾਂ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਸੈਨੇਟਰ ਟਿਮ ਸਕਾਟ ਸਾਊਥ ਕੈਰੋਲੀਨਾ ਨੇ ਕਿਹਾ ਕਿ ਜੇਕਰ ਸ਼ਨਿਚਰਵਾਰ ਦੀ ਘਟਨਾ ਤੋਂ ਪਹਿਲਾਂ ਤੁਸੀਂ ਚਮਤਕਾਰ ਵਿੱਚ ਵਿਸ਼ਵਾਸ਼ ਨਹੀਂ ਰਖਦੇ ਸੀ ਤਾਂ ਹੁਣ ਵਿਸ਼ਵਾਸ਼ ਕਰਨ ਲਈ ਉਚਿੱਤ ਸਮਾਂ ਹੈ। ਸਕਾਟ ਨੇ ਸ਼ਨਿਚਰਵਾਰ ਹੋਈ ਰੈਲੀ, ਜਿਸ ਵਿੱਚ ਟਰੰਪ ਉੱਪਰ ਗੋਲੀਆਂ ਚਲਾਈਆਂ ਗਈਆਂ ਸਨ, ਦਾ ਹਵਾਲਾ ਦਿੰਦਿਆਂ ਕਿਹਾ ਕਿ ਸਾਡਾ ਰੱਬ ਅਜੇ ਵੀ ਸਾਨੂੰ ਬਚਾ ਰਿਹਾ ਹੈ, ਉਹ ਸਾਡੇ ਉੱਪਰ ਬਖਸ਼ਿਸ਼ਾਂ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਇੱਕ ਸ਼ੈਤਾਨ ਪੈਨਸਿਲਵਾਨੀਆ ਰਾਈਫਲ ਲੈ ਕੇ ਆਇਆ ਪਰੰਤੂ ਅਮਰੀਕੀ ਸ਼ੇਰ ਮੁੜ ਆਪਣੇ ਪੈਰਾਂ ਉੱਪਰ ਖੜਾ ਹੋ ਗਿਆ ਹੈ ਤੇ ਉਹ ਦਹਾੜ ਰਿਹਾ ਹੈ। ਆਪਣਾ ਨਾਂ ਵਾਪਿਸ ਲੈਣ ਤੋਂ ਪਹਿਲਾਂ ਸਕਾਟ ਨੇ ਵੀ ਰਾਸ਼ਟਰਪਤੀ ਵਜੋਂ ਸੰਭਾਵੀ ਉਮੀਦਵਾਰ ਵਜੋਂ ਆਪਣੀ ਮੁਹਿੰਮ ਚਲਾਈ ਸੀ ਤੇ ਉਸ ਸਮੇ ਸਮਝਿਆ ਜਾਂਦਾ ਸੀ ਕਿ ਟਰੰਪ ਉਨ੍ਹਾਂ ਦਾ ਉੱਪ ਰਾਸ਼ਟਰਪਤੀ ਵਜੋਂ ਸਮਰਥਨ ਕਰ ਸਕਦੇ ਹਨ। ਕਨਵੈਨਸ਼ਨ ਵਿੱਚ ਬੁਲਾਰਿਆਂ ਨੇ ਬਾਈਡੇਨ ਪ੍ਰਸਾਸ਼ਨ ਤਹਿਤ ਅਮਰੀਕੀ ਅਰਥਵਿਵਸਥਾ ਦੇ ਨਿਘਾਰ ਦੀ ਗੱਲ ਜੋਰਦਾਰ ਢੰਗ ਨਾਲ ਕੀਤੀ। ਬੁਲਾਰਿਆਂ ਨੇ ਕਿਹਾ ਕਿ ਅਮਰੀਕੀ ਪਹਿਲਾਂ ਹੀ ਜੀਣ ਲਈ ਜਦੋਜਹਿਦ ਕਰ ਰਹੇ ਸਨ ਪਰੰਤੂ ਜੋ ਬਾਈਡੇਨ ਤੇ ਕਮਲਾ ਹੈਰਿਸ ਨੇ ਉਨ੍ਹਾਂ ਦੀ ਜੀਣਾ ਹੋਰ ਵੀ ਔਖਾ ਕਰ ਦਿੱਤਾ ਹੈ।

## ਅਮਰੀਕਾ 'ਚ ਹਰਮੀਤ ਢਿੱਲੋਂ ਵੱਲੋਂ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ 'ਚ ਅਰਦਾਸ

### ਟਰੰਪ ਦੀ ਹਾਜ਼ਰੀ 'ਚ ਸਿੱਖਾਂ ਦੀ ਧਾਰਮਿਕ ਰਸਮ ਅਦਾ ਕੀਤੀ



ਵਾਸ਼ਿੰਗਟਨ/ਏ.ਟੀ.ਨਿਊਜ਼ : ਭਾਰਤੀ ਅਮਰੀਕੀ ਵਕੀਲ ਅਤੇ ਰਿਪਬਲਿਕਨ ਪਾਰਟੀ ਦੇ ਨੇਤਾ ਹਰਮੀਤ ਢਿੱਲੋਂ ਨੇ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ 'ਚ 'ਅਰਦਾਸ' ਕੀਤੀ, ਜਿੱਥੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵੀ ਮੌਜੂਦ ਸਨ। ਇਹ ਅਰਦਾਸ ਸਿੱਖਾਂ ਦੁਆਰਾ ਕੋਈ ਵੀ ਨਵਾਂ ਕੰਮ ਸ਼ੁਰੂ ਕਰਨ ਤੋਂ ਪਹਿਲਾਂ, ਨਿਮਰਤਾ, ਸੱਚਾਈ, ਹਿੰਮਤ, ਸੇਵਾ ਅਤੇ ਨਿਆਂ ਦੀਆਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਲਈ ਪਰਮਾਤਮਾ ਤੋਂ ਸੁਰੱਖਿਆ ਅਤੇ ਮਾਰਗਦਰਸ਼ਨ ਲਈ ਬੇਨਤੀ ਕੀਤੀ ਜਾਂਦੀ ਹੈ। ਜਿਵੇਂ ਹੀ ਉਸਨੇ ਅਰਦਾਸ ਸ਼ੁਰੂ ਕੀਤੀ, ਕਈ ਰਿਪਬਲਿਕਨ ਡੈਲੀਗੇਟਾਂ ਅਤੇ ਸਮਰਥਕਾਂ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ, ਆਪਣੇ ਹੱਥ ਜੋੜ ਲਏ ਅਤੇ ਅਰਦਾਸ ਵਿੱਚ ਸ਼ਾਮਲ ਹੋ ਗਏ ਇਸ ਦੌਰਾਨ ਡੋਨਾਲਡ ਟਰੰਪ ਉਨ੍ਹਾਂ ਵੱਲ ਦੇਖ ਰਹੇ ਸਨ। ਹਰਮੀਤ ਢਿੱਲੋਂ ਨੇ ਅਰਦਾਸ ਕਰਨ ਤੋਂ ਬਾਅਦ ਕਿਹਾ ਕਿ ਪਿਆਰੇ ਵਾਹਿਗੁਰੂ, ਸਾਡੇ ਸੱਚੇ ਪਰਮਾਤਮਾ, ਅਸੀਂ ਇਸ ਧਰਤੀ ਉੱਤੇ ਅਮਰੀਕਾ ਨੂੰ ਇੱਕ ਵਿਲੱਖਣ ਪਨਾਹਗਾਹ ਬਣਾਉਣ ਲਈ ਤੁਹਾਡਾ ਧੰਨਵਾਦ ਕਰਦੇ ਹਾਂ,

(ਬਾਕੀ ਸਫ਼ਾ 30 'ਤੇ)

# ਦਿਲਜੀਤ ਦੇ ਸ਼ੋਅ ਵਿੱਚ ਟਰੂਡੋ ਦੀ ਮਿਲਨੀ 'ਤੇ ਭਗਵੇਂ ਫ਼ਿਰਕਾਪ੍ਰਸਤ ਫ਼ੈਲਾ ਰਹੇ ਨੇ ਨਫ਼ਰਤੀ ਮੈਸੇਜ਼

## ਭਗਵੇਂ ਫਿਰਕੂ ਪੰਜਾਬ ਸ਼ਬਦ ਤੋਂ ਔਖੇ, ਸਿਰਸਾ ਵੀ ਪੰਜਾਬ ਨਾਲ ਨਫਰਤ ਕਰਨ ਲੱਗਿਆ

ਟੋਰਾਂਟੋ/ਏ.ਟੀ.ਨਿਊਜ਼ : ਕੈਨੇਡਾ ਵਿੱਚ ਪੰਜਾਬੀਆਂ ਨੂੰ ਲੈ ਕੇ ਕੋਈ ਚੰਗੀ ਚੀਜ਼ ਹੋਵੇ ਜਾਂ ਫਿਰ ਕਿਸੇ ਦੂਜੇ ਦੇਸ਼ ਵਿੱਚ ਕੋਈ ਵੀ ਮਾੜੀ ਘਟਨਾ ਹੋਏ, ਉਸ ਨੂੰ ਲੈ ਕੇ ਕੁਝ ਫਿਰਕੂ ਲੋਕ ਆਪਣੀਆਂ ਸਿਆਸੀ ਰੋਟੀਆਂ ਸੇਕਣ ਅਤੇ ਨਫ਼ਰਤੀ ਟਿੱਪਣੀਆਂ ਕਰਨ ਤੋਂ ਬਾਜ਼ ਨਹੀਂ ਆਉਂਦੇ। 24 ਘੰਟੇ ਦੇ ਅੰਦਰ ਕੈਨੇਡਾ ਅਤੇ ਅਮਰੀਕਾ ਤੋਂ 2 ਖ਼ਬਰਾਂ ਆਈਆਂ ਹਨ। ਪਹਿਲੀ ਖ਼ਬਰ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਅਤੇ ਇਸ ਵਾਰ ਵੀ ਰਾਸ਼ਟਰਪਤੀ ਦੇ ਉਮੀਦਵਾਰ ਡੌਨਲਡ ਟਰੰਪ 'ਤੇ ਹੋਏ ਹਮਲੇ ਦੀ ਹੈ ਜਦਕਿ ਦੂਜੀ ਖ਼ਬਰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਦਲਜੀਤ ਦੋਸਾਂਝ ਨੂੰ ਗਲੇ ਲਗਾਉਣ ਦੀ ਹੈ। ਦੋਵਾਂ ਖ਼ਬਰਾਂ ਨੂੰ ਮੁੱਖ ਰੱਖਦੇ ਹੋਏ ਹਿੰਦੂ ਰਾਸ਼ਟਰਵਾਦੀਆਂ ਵੱਲੋਂ ਪੰਜਾਬੀਆਂ ਨੂੰ ਟਾਰਗੇਟ ਕੀਤਾ ਜਾ ਰਿਹਾ ਹੈ।

ਕੈਨੇਡਾ ਵਿੱਚ ਦਿਲਜੀਤ ਦੇ ਹੋਣ ਵਾਲੇ ਸ਼ੋਅ ਤੋਂ ਪਹਿਲਾਂ ਜਸਟਿਨ ਟਰੂਡੋ ਸਟੇਜ 'ਤੇ ਪ੍ਰੈਕਟਿਸ ਦੌਰਾਨ ਉਨ੍ਹਾਂ ਨੂੰ ਮਿਲਣ ਪਹੁੰਚੇ ਅਤੇ ਪੰਜਾਬੀਆਂ ਦੇ ਹੱਕ ਵਿੱਚ ਨਾਅਰਾ ਲਗਾਇਆ ਅਤੇ ਆਪਣੇ ਸੋਸ਼ਲ ਮੀਡੀਆ ਐਕਾਉਂਟ 'ਤੇ ਲਿਖਿਆ ਕਿ ਮੈਂ ਰੋਜਰ ਸੈਂਟਰ 'ਤੇ ਰੁਕਿਆ ਅਤੇ ਦਲਜੀਤ ਦੋਸਾਂਝ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਕੈਨੇਡਾ ਬਹੁਤ ਸ਼ਾਨਦਾਰ ਦੇਸ਼ ਹੈ ਜਿੱਥੇ ਪੰਜਾਬ ਤੋਂ ਆਏ ਮੁੰਡੇ ਨੇ ਸਟੇਡੀਅਮ ਫੁੱਲ ਕਰਕੇ ਇਤਿਹਾਸ ਸਿਰਜਿਆ।



ਜਸਟਿਸ ਟਰੂਡੋ ਦਾ ਇਹ ਬਿਆਨ ਸੋਸ਼ਲ ਮੀਡੀਆ 'ਤੇ ਕੁਝ ਲੋਕਾਂ ਨੂੰ ਹਜ਼ਮ ਨਹੀਂ ਹੋ ਰਿਹਾ। ਉਨ੍ਹਾਂ ਨੂੰ ਇਤਰਾਜ਼ ਹੈ ਕਿ ਦਿਲਜੀਤ ਦੀ ਤਾਰੀਫ਼ ਕਰਦੇ ਸਮੇਂ 'ਪੰਜਾਬ' ਸ਼ਬਦ ਦੀ ਵਰਤੋਂ ਕਿਉਂ ਕੀਤੀ ਗਈ ਹੈ ਉਸ ਨੂੰ ਭਾਰਤੀ ਕਿਉਂ ਨਹੀਂ ਕਿਹਾ ਗਿਆ ਹੈ। ਆਖ਼ਿਰ ਭਾਰਤੀ ਕਹਿਣ 'ਤੇ ਟਰੂਡੋ ਨੂੰ ਕਿਉਂ ਡਰ ਲੱਗਦਾ ਹੈ?

ਜ਼ਾਹਿਰ ਹੈ ਸੋਸ਼ਲ ਮੀਡੀਆ 'ਤੇ ਕੁਮੈਂਟ ਕਰਨ ਵਾਲੇ ਇਹ ਅਜਿਹੇ ਲੋਕ ਹਨ ਜਿਨ੍ਹਾਂ ਨੂੰ ਇਹ ਮਾਣ ਨਹੀਂ ਹੈ ਕਿ ਇਸ ਦੇਸ਼ ਦਾ ਪ੍ਰਧਾਨ ਮੰਤਰੀ ਤੁਹਾਡੇ ਦੇਸ਼ ਦੇ ਨਾਗਰਿਕ ਨੂੰ ਮਿਲਣ ਦੇ ਲਈ ਸਪੈਸ਼ਲ ਸਟੇਜ 'ਤੇ ਆਇਆ ਹੈ ਪਰ ਉਹ ਇਸ ਵਿੱਚ ਨਫ਼ਰਤ ਦਾ ਬੀਜ ਲੱਭ ਰਹੇ ਹਨ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਜਦੋਂ ਪਿਛਲੇ ਸਾਲ ਅਮਰੀਕਾ ਗਏ ਸਨ ਤਾਂ ਉੱਥੇ ਦੇ ਵਿਦੇਸ਼ ਮੰਤਰੀ ਐਨਟੋਨੀ ਜੇ. ਬਲਿਨਕਿਨ ਨੇ ਦਿਲਜੀਤ ਦੇ ਸ਼ੋਅ ਦੀ ਤਾਰੀਫ਼ ਕੀਤੀ ਸੀ। ਉੱਧਰ ਅਮਰੀਕਾ ਵਿੱਚ ਡੌਨਲਡ ਟਰੰਪ 'ਤੇ ਹੋਏ ਹਮਲੇ ਨੂੰ ਲੈ ਕੇ ਕੈਨੇਡਾ ਦੇ ਐੱਮ.ਪੀ. ਚੰਦਰਾ ਆਰੀਆ ਨੇ ਖ਼ਾਲਿਸਤਾਨ ਨਾਲ ਜੋੜ ਦਿੱਤਾ ਹੈ।

ਕੈਨੇਡਾ ਦੇ ਐੱਮ.ਪੀ. ਚੰਦਰਾ ਆਰੀਆ ਨੇ ਕਿਹਾ ਜਿਸ ਤਰ੍ਹਾਂ ਡੌਨਾਲਡ ਟਰੰਪ 'ਤੇ ਹਮਲਾ ਹੋਇਆ ਹੈ ਉਹ ਕੈਨੇਡਾ ਦੇ ਪ੍ਰਧਾਨ ਮੰਤਰੀ ਦੀਆਂ ਅੱਖਾਂ ਖੋਲਣ ਵਾਲਾ ਹੈ, ਕਿਉਂਕਿ ਉਨ੍ਹਾਂ ਦਾ ਰਵੱਈਆ ਕੈਨੇਡਾ ਵਿੱਚ ਖ਼ਾਲਿਸਤਾਨੀ ਹਮਾਇਤੀਆਂ ਵੱਲ ਨਰਮ ਹੈ। ਆਰੀਆ ਨੇ ਕਿਹਾ ਕਿਸ ਤਰ੍ਹਾਂ ਜੂਨ ਮਹੀਨੇ ਵਿੱਚ ਸ਼ਰ੍ਹੇਆਮ ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਨੂੰ ਦਰਸਾਇਆ ਗਿਆ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਮੌਜੂਦਗੀ ਵਿੱਚ ਖ਼ਾਲਿਸਤਾਨੀ ਪੱਖੀ ਨਾਅਰੇ ਲਗਾਏ ਗਏ। ਐੱਮ.ਪੀ. ਚੰਦਰਾ ਆਰੀਆ ਨੇ ਕਿਹਾ ਕਿ ਕੈਨੇਡਾ ਦੇ ਸਿਆਸਤਦਾਨਾਂ ਨੂੰ ਫੌਰਨ ਅਜਿਹੇ ਸਮਾਗਮ ਵਿੱਚ ਸ਼ਾਮਲ ਹੋਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਇਹ ਪਹਿਲਾਂ ਮੌਕਾ ਨਹੀਂ ਹੈ ਕਿ ਆਰੀਆ ਨੇ ਅਜਿਹਾ ਬਿਆਨ ਦਿੱਤਾ ਹੋਵੇ ਉਨ੍ਹਾਂ ਨੇ ਸਿੱਖ ਫਾਰ ਜਸਟਿਸ ਦੇ ਆਗੂ ਗੁਰਪਤਵੰਤ ਸਿੰਘ ਪੰਨੂ ਦੀ ਧਮਕੀ ਤੋਂ ਬਾਅਦ ਹਿੰਦੂਆਂ ਨੂੰ ਸ਼ਾਂਤ ਪਰ ਅਲਰਟ ਰਹਿਣ ਦੀ ਅਪੀਲ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਮੈਨੂੰ ਸਮਝ ਨਹੀਂ ਆਉਂਦਾ ਹੈ ਕਿ ਆਖਿਰ ਕਿਵੇਂ ਧਾਰਮਿਕ ਅਤੇ ਬੋਲਣ ਦੀ ਅਜ਼ਾਦੀ ਦੇ ਨਾਂ 'ਤੇ ਦਹਿਸ਼ਤਗਰਦੀ ਅਤੇ ਨਫ਼ਰਤ ਨੂੰ ਹੁੰਗਾਰਾ ਦਿੱਤਾ ਜਾ ਰਿਹਾ ਹੈ

ਸਪਸ਼ਟ ਹੈ ਕਿ ਐੱਮ.ਪੀ. ਚੰਦਰਾ ਆਰੀਆ ਹਿੰਦੂਤਵ ਨੂੰ ਭੜਕਾਉਣ ਲਈ ਸਰਗਰਮ ਹਨ। ਇਸ ਦੇ ਨਾਲ ਹੀ ਮਨਜਿੰਦਰ ਸਿੰਘ ਸਿਰਸਾ ਨੂੰ ਵੀ ਪੀ.ਐਮ. ਜਸਟਿਨ ਟਰੂਡੋ ਦੀ 'ਪੰਜਾਬ' ਵਾਲੀ ਗੱਲ 'ਤੇ ਇਤਰਾਜ਼ ਹੈ। ਉਨ੍ਹਾਂ ਵੀ ਟਵੀਟ ਕਰਕੇ ਟਰੂਡੋ ਨੂੰ ਜਵਾਬ ਦਿੱਤਾ ਹੈ। ਉਨ੍ਹਾਂ ਲਿਖਿਆ – ਮੈਨੂੰ ਇਸ ਨੂੰ ਸਹੀ ਕਰਨ ਦਿਓ, ਮਿਸਟਰ ਪ੍ਰਾਈਮ ਮਿਨਿਸਟਰ – ਜਿੱਥੇ 'ਭਾਰਤ' ਤੋਂ ਆਇਆ ਇੱਕ ਮੁੰਡਾ ਇਤਿਹਾਸ ਰਚ ਸਕਦਾ ਹੈ ਤੇ ਪੂਰਾ ਸਟੇਡੀਅਮ ਵੇਖ ਸਕਦਾ ਹੈ। ਦਿਲਜੀਤ ਦੁਸਾਂਝ ਵਰਗੇ ਲਾਇਕ ਕਲਾਕਾਰ ਦੀ ਤਾਰੀਫ਼ ਕਰਨ ਦੇ ਤੁਹਾਡੇ ਇਸ਼ਾਰੇ ਨੂੰ ਸ਼ਬਦਾਂ ਦੀ ਖੇਡ ਰਾਹੀਂ ਤੁਹਾਡੀ ਜਾਣਬੁੱਝ ਕੇ ਕੀਤੀ ਸ਼ਰਾਰਤ ਨੇ ਪੂਰੀ ਤਰ੍ਹਾਂ ਕਿਨਾਰੇ ਦਿੱਤਾ ਹੈ ਹੈਰਾਨੀ ਦੀ ਗੱਲ ਇਹ ਹੈ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹਿ ਚੁਕੇ ਸਿਰਸਾ ਦਾ ਕਿਵੇਂ ਭਗਵਾਂਕਰਨ ਹੋ ਚੁੱਕਿਆ ਹੈ। ਉਨ੍ਹਾਂ ਨੂੰ ਪੰਜਾਬ ਸ਼ਬਦ ਵੀ ਹਜ਼ਮ ਨਹੀਂ ਹੁੰਦਾ। ਇੰਝ ਜਾਪਦਾ ਹੈ ਕਿ ਉਹ ਪੰਜਾਬ ਸ਼ਬਦ ਨਾਲ ਨਫਰਤ ਕਰਨ ਲਗ ਪਏ ਹਨ।

# ਯੂਕਰੇਨ ਖਿਲਾਫ਼ ਜੰਗ ਬੰਦ ਕਰਨ ਲਈ ਪੂਤਿਨ ਨੂੰ ਮਨਾਏ ਭਾਰਤ: ਅਮਰੀਕਾ

ਮਿਲਵਾਕੀ/ਏ.ਟੀ.ਨਿਊਜ਼: ਰੂਸ ਨਾਲ ਭਾਰਤ ਦੇ ਪੁਰਾਣੇ ਰਿਸ਼ਤਿਆਂ ਦਾ ਜ਼ਿਕਰ ਕਰਦਿਆਂ ਅਮਰੀਕਾ ਨੇ ਕਿਹਾ ਹੈ ਕਿ ਉਸ ਨੇ ਨਵੀਂ ਦਿੱਲੀ ਨੂੰ ਅਪੀਲ ਕੀਤੀ ਹੈ ਕਿ ਉਹ ਮਾਸਕੋ ਨਾਲ ਆਪਣੇ ਸਬੰਧਾਂ ਦੀ 'ਵਰਤੋਂ ਕਰਦਿਆਂ' ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਯੂਕਰੇਨ ਖ਼ਿਲਾਫ਼ 'ਗੈਰਕਾਨੂੰਨੀ ਜੰਗ' ਖ਼ਤਮ ਕਰਨ ਦੀ ਅਪੀਲ ਕਰੇ। ਅਮਰੀਕੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਮੈਥਿਊ ਮਿੱਲਰ ਨੇ ਪਿਛਲੇ ਦਿਨੀਂ ਆਪਣੀ ਨਿਯਮਤ ਪ੍ਰੈੱਸ ਕਾਨਫਰੰਸ ਵਿਚ ਕਿਹਾ, "ਭਾਰਤ ਦੇ ਰੂਸ ਨਾਲ ਬਹੁਤ ਪੁਰਾਣੇ ਸਬੰਧ ਹਨ। ਮੈਨੂੰ ਲੱਗਦਾ ਹੈ ਕਿ ਇਹ ਗੱਲ ਸਾਰਿਆਂ ਨੂੰ ਪਤਾ ਹੈ। ਅਸੀਂ ਭਾਰਤ ਨੂੰ ਹੱਲਾਸ਼ੇਰੀ ਦਿੱਤੀ ਹੈ ਕਿ ਉਹ ਰੂਸ ਨਾਲ ਇਨ੍ਹਾਂ ਪੁਰਾਣੇ ਸਬੰਧਾਂ ਤੇ ਆਪਣੀ ਨਿਵੇਕਲੀ ਦੋਸਤੀ ਦੀ ਵਰਤੋਂ ਕਰੇ ਅਤੇ ਰਾਸ਼ਟਰਪਤੀ ਪੂਤਿਨ ਨੂੰ



ਆਪਣੀ ਗੈਰਕਾਨੂੰਨੀ ਜੰਗ ਖ਼ਤਮ ਕਰਨ, ਇਸ ਟਕਰਾਅ ਵਿੱਚ ਨਿਆਂਪੂਰਨ ਤੇ ਸਥਾਈ ਅਮਨ ਹਾਸਲ ਕਰਨ ਤੇ ਸੰਯੁਕਤ ਰਾਸ਼ਟਰ ਚਾਰਟਰ, ਯੂਕਰੇਨ ਦੀ ਖੇਤਰੀ ਅਖੰਡਤਾ ਤੇ ਪ੍ਰਭੂਸੱਤਾ ਦਾ ਸਨਮਾਨ ਕਰਨ ਦੀ ਅਪੀਲ ਕਰੇ।"

ਮਿੱਲਰ ਨੇ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ, "ਅਸੀਂ ਭਾਰਤ ਸਰਕਾਰ ਨੂੰ ਇਸ ਗੱਲ ਲਈ ਲਗਾਤਾਰ ਜ਼ੋਰ ਦਿੰਦੇ ਰਹਾਂਗੇ। ਰੂਸ ਨਾਲ ਸਬੰਧਾਂ ਦੇ ਮਾਮਲੇ ਵਿੱਚ ਭਾਰਤ ਸਾਡਾ ਇੱਕ ਅਹਿਮ ਭਾਈਵਾਲ ਹੈ।" ਮਿੱਲਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰੂਸ ਤੋਂ ਰਵਾਨਾ ਹੋਣ ਤੋਂ ਫੌਰੀ ਮਗਰੋਂ 9 ਜੁਲਾਈ ਨੂੰ ਵੀ ਇਸੇ ਤਰ੍ਹਾਂ ਦੀ ਟਿੱਪਣੀ ਕੀਤੀ ਸੀ। ਮੋਦੀ 22ਵੀਂ ਭਾਰਤ-ਰੂਸ ਸਾਲਾਨਾ ਸਿਖਰ ਵਾਰਤਾ ਲਈ 8-9 ਜੁਲਾਈ ਨੂੰ ਦੋ ਦਿਨ ਲਈ ਰੂਸ ਵਿੱਚ ਸਨ। ਯੂਕਰੇਨ ਵਿੱਚ ਜਾਰੀ ਜੰਗ ਦਰਮਿਆਨ ਉਨ੍ਹਾਂ ਦੀ ਇਸ ਫੇਰੀ 'ਤੇ ਪੱਛਮੀ ਮੁਲਕਾਂ ਨੇ ਨੇੜਿਓਂ ਨਜ਼ਰ ਬਣਾਈ ਹੋਈ ਸੀ। ਰੂਸ ਵੱਲੋਂ ਯੂਕਰੇਨ ਖਿਲਾਫ਼ ਜੰਗ ਛੇੜੇ ਨੂੰ ਦੋ ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ ਤੇ ਉਸ ਮਗਰੋਂ ਮੋਦੀ ਦੀ ਇਹ ਪਹਿਲੀ ਰੂਸ ਫੇਰੀ ਸੀ। ਪ੍ਰਧਾਨ ਮੰਤਰੀ ਮੋਦੀ ਨੇ 9 ਜੁਲਾਈ ਨੂੰ ਪੂਤਿਨ ਨੂੰ ਕਿਹਾ ਸੀ ਕਿ ਬੰਬ, ਬੰਦੂਕਾਂ ਤੇ ਗੋਲੀਆਂ ਦਰਮਿਆਨ ਸ਼ਾਂਤੀ ਵਾਰਤਾ ਸਫਲ ਨਹੀਂ ਹੋ ਸਕਦੀ ਤੇ ਜੰਗ ਦੇ ਮੈਦਾਨ ਵਿਚ ਕਿਸੇ ਵੀ ਟਕਰਾਅ ਦਾ ਹੱਲ ਸੰਭਵ ਨਹੀਂ ਹੈ।

# ਪ੍ਰਸਿੱਧ ਰਾਗੀ ਭਾਈ ਅਮਰਦੀਪ ਸਿੰਘ ਦਾ ਅਮਰੀਕਾ 'ਚ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ

ਹੁਸ਼ਿਆਰਪੁਰ/ਏ.ਟੀ.ਨਿਊਜ਼ : ਦਸੂਹਾ ਦੇ ਪਿੰਡ ਬੋਦਲ ਦੇ 45 ਸਾਲਾ ਨੌਜਵਾਨ ਅਤੇ ਭਾਰਤੀ ਕਲਾਸਿਕਲ ਸੰਗੀਤ ਦੇ ਪ੍ਰਸਿੱਧ ਗਾਇਕ ਅਤੇ ਰਾਗੀ ਭਾਈ ਅਮਰਦੀਪ ਸਿੰਘ ਦੀ ਅਮਰੀਕਾ 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ। ਇਸ ਦੁਖਦ ਖਬਰ ਨਾਲ ਪੂਰੇ ਇਲਾਕੇ 'ਚ ਸੋਗ ਦੀ ਲਹਿਰ ਹੈ।



ਦੱਸ ਦੇਈਏ ਕਿ ਭਾਈ ਅਮਰਦੀਪ ਸਿੰਘ ਨੇ ਭਾਰਤੀ ਕਲਾਸਿਕਲ ਸੰਗੀਤ 'ਚ ਪੰਜਾਬ ਅਤੇ ਦੇਸ਼ ਦਾ ਨਾਂ ਪੂਰੀ ਦੁਨੀਆਂ 'ਚ ਚਮਕਾਇਆ ਹੈ। ਵਧੇਰੇ ਜਾਣਕਾਰੀ ਦਿੰਦੇ ਹੋਏ ਅਮਰਦੀਪ ਦੇ ਵੱਡੇ ਭਰਾ ਅਕਾਸ਼ਦੀਪ ਸਿੰਘ ਨੇ ਦੱਸਿਆ ਕਿ ਅਮਰਦੀਪ ਸਿੰਘ 2018 'ਚ ਅਮਰੀਕਾ ਗਿਆ ਸੀ ਅਤੇ ਆਪਣੀ ਪਤਨੀ ਅਤੇ ਇਕ ਪੁੱਤਰ ਨਾਲ ਐਰੀਜ਼ੋਨਾ ਸ਼ਹਿਰ 'ਚ ਰਹਿ ਰਿਹਾ ਸੀ। ਅਮਰਦੀਪ ਨੇ ਭਾਰਤੀ ਕਲਾਸਿਕਲ ਸੰਗੀਤ 'ਚ ਐੱਮ.ਏ. ਕੀਤੀ ਸੀ ਅਤੇ ਭਾਰਤ ਦੇ ਨਾਲ-ਨਾਲ ਦੁਨੀਆ ਦੇ ਕਈ ਵੱਡੇ ਸ਼ਹਿਰਾਂ 'ਚ ਉਹ ਸੰਗੀਤ ਦੇ ਪ੍ਰੋਗਰਾਮ ਕਰ ਚੁੱਕ ਹੈ। ਦੇਸ਼ ਦੀਆਂ ਕਈ ਵੱਡੀਆਂ ਹਸਤੀਆਂ ਨੇ ਅਮਰਦੀਪ ਨੂੰ ਸਨਮਾਨਿਤ ਕੀਤਾ ਹੈ।

# ਗੁ: ਨਾਨਕ ਦਰਬਾਰ ਤੋਂ ਸਜਾਇਆ ਗਿਆ ਨਗਰ ਕੀਰਤਨ

## ਵੱਡੀ ਗਿਣਤੀ 'ਚ ਸੰਗਤਾਂ ਨੇ ਕੀਤੀ ਸ਼ਮੂਲੀਅਤ



ਵੈਨਕੂਵਰ/ਏ.ਟੀ.ਨਿਊਜ਼ : ਸਰੀ ਡੈਲਟਾ ਦੇ ਸਕਾਟ ਰੋਡ 'ਤੇ ਸਥਿਤ ਗੁ: ਗੁਰੂ ਨਾਨਕ ਦਰਬਾਰ ਤੋਂ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਸਮਰਪਿਤ ਇੱਕ ਮਹਾਨ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਛੱਤਰ-ਛਾਇਆ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਸਜਾਏ ਗਏ ਇਸ ਨਗਰ ਕੀਰਤਨ 'ਚ ਵੱਡੀ ਗਿਣਤੀ 'ਚ ਸੰਗਤਾਂ ਵੱਲੋਂ ਸ਼ਮੂਲੀਅਤ ਕੀਤੀ ਗਈ।

ਸਵੇਰੇ ਇਹ ਨਗਰ ਕੀਰਤਨ ਉਕਤ ਗੁਰੂ ਘਰ ਤੋਂ ਆਰੰਭ ਹੋ ਕੇ 70 ਏ ਐਵੀਨਿਊ, 124 ਸਟਰੀਟ, 66 ਐਵੀਨਿਊ, 124-ਏ ਸਟਰੀਟ ਅਤੇ 68 ਐਵੀਨਿਊ ਰਾਹੀਂ ਹੁੰਦਾ ਹੋਇਆ ਸ਼ਾਮੀਂ ਗੁਰੂ ਘਰ ਵਿਖੇ ਸੰਪੰਨ ਹੋਇਆ। ਇਸ ਮੌਕੇ 'ਤੇ ਸਥਾਨਕ ਸੰਗਤਾਂ ਵੱਲੋਂ ਨਗਰ ਕੀਰਤਨ 'ਚ ਸ਼ਾਮਿਲ ਹੋਈਆਂ ਸੰਗਤਾਂ ਲਈ ਥਾਂ-ਥਾਂ 'ਤੇ ਕੀਤੇ ਗਏ ਲੰਗਰਾਂ ਦੇ ਪ੍ਰਬੰਧ ਸ਼ਲਾਘਾਯੋਗ ਸਨ। ਇਸ ਨਗਰ ਕੀਰਤਨ 'ਚ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਨਿਹੰਗ ਸਿੰਘਾਂ ਵੱਲੋਂ ਸ਼ਰਦਾਈਆਂ ਅਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਵੀ ਲਗਾਈਆਂ ਗਈਆਂ ਸਨ।

# ਕਮਲਾ ਹੈਰਿਸ ਰਾਸ਼ਟਰਪਤੀ ਬਣਨ ਦੇ ਯੋਗ: ਬਾਇਡੇਨ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਕਿਹਾ ਕਿ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇਸ਼ ਦੀ ਅਗਵਾਈ ਕਰਨ ਲਈ ਯੋਗ ਹਨ। ਬਾਇਡੇਨ ਨੇ ਇੱਥੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ, ਸ਼ੁਰੂ ਤੋਂ ਹੀ, ਮੈਨੂੰ ਇਸ ਬਾਰੇ ਕੋਈ ਸ਼ੱਕ ਨਹੀਂ ਰਿਹਾ ਹੈ। ਉਹ ਰਾਸ਼ਟਰਪਤੀ ਬਣਨ ਦੇ ਯੋਗ ਹਨ। ਇਸ ਲਈ ਮੈਂ ਉਸਨੂੰ ਚੁਣਿਆ ਹੈ।

ਇਸ ਟਿੱਪਣੀ ਦੇ ਕਾਰਨਾਂ ਬਾਰੇ ਪੁੱਛੇ ਜਾਣ 'ਤੇ, ਉਸਨੇ ਕਿਹਾ, 'ਸਭ ਤੋਂ ਪਹਿਲਾਂ, ਜਿਸ ਤਰ੍ਹਾਂ ਉਸਨੇ ਔਰਤਾਂ ਦੀ ਆਜ਼ਾਦੀ ਦੇ ਮੁੱਦੇ ਨੂੰ ਸੰਭਾਲਿਆ ਅਤੇ ਦੂਜਾ, ਲਗਭਗ ਕਿਸੇ ਵੀ ਮੁੱਦੇ ਨੂੰ ਸੰਭਾਲਣ ਦੀ ਉਸਦੀ ਸ਼ਾਨਦਾਰ ਯੋਗਤਾ ਇਸ ਦਾ ਕਾਰਨ ਹੈ।' ਬਾਇਡੇਨ ਨੇ ਕਿਹਾ ਕਿ ਜਦੋਂ ਤੱਕ ਮੈਨੂੰ ਨਹੀਂ ਲਗਦਾ ਕਿ ਉਹ ਰਾਸ਼ਟਰਪਤੀ ਬਣਨ ਦੇ ਯੋਗ ਹੈ ਮੈਂ ਉਸਨੂੰ ਨਹੀਂ ਚੁਣਦਾ।



ਸਾਲ 2020 ਵਿੱਚ ਅਮਰੀਕਾ ਦੇ ਉਪ ਰਾਸ਼ਟਰਪਤੀ ਵਜੋਂ ਚੁਣੀ ਜਾਣ ਵਾਲੀ 59 ਸਾਲਾ ਹੈਰਿਸ ਪਹਿਲੀ ਔਰਤ, ਪਹਿਲੀ ਕਾਲੀ ਅਮਰੀਕੀ ਅਤੇ ਪਹਿਲੀ ਦੱਖਣੀ ਏਸ਼ੀਆਈ ਅਮਰੀਕੀ ਹੈ। ਪਿਛਲੇ ਮਹੀਨੇ ਰਿਪਬਲਿਕਨ ਵਿਰੋਧੀ ਡੋਨਾਲਡ ਟਰੰਪ ਨਾਲ ਇੱਕ ਟੀ.ਵੀ. ਬਹਿਸ ਵਿੱਚ ਅਸਫਲ ਰਹਿਣ ਤੋਂ ਬਾਅਦ ਨਵੰਬਰ ਵਿੱਚ 81 ਸਾਲਾ ਬਾਈਡੇਨ ਨੂੰ ਰਾਸ਼ਟਰਪਤੀ ਦੀ ਦੌੜ ਤੋਂ ਹਟਣ ਲਈ ਕਿਹਾ ਗਿਆ ਸੀ।

ਪ੍ਰੈਸ ਕਾਨਫਰੰਸ ਦੌਰਾਨ, ਬਾਈਡੇਨ ਦੀ ਜ਼ਬਾਨ ਫਿਸਲ ਗਈ ਅਤੇ ਗਲਤੀ ਨਾਲ ਕਮਲਾ ਹੈਰਿਸ ਨੂੰ ਸਾਬਕਾ ਰਾਸ਼ਟਰਪਤੀ ਟਰੰਪ ਕਹਿ ਦਿੱਤਾ। ਉਸਨੇ ਕਿਹਾ, 'ਮੈਂ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਟਰੰਪ ਨੂੰ ਨਹੀਂ ਚੁਣਦਾ, ਜੇ ਮੈਂ ਸੋਚਦਾ ਸੀ ਕਿ ਉਹ (ਹੈਰਿਸ) ਰਾਸ਼ਟਰਪਤੀ ਬਣਨ ਦੇ ਯੋਗ ਨਹੀਂ ਹਨ...' ਬਾਇਡੇਨ ਅਮਰੀਕਾ ਦੇ ਸਭ ਤੋਂ ਬਜ਼ੁਰਗ ਰਾਸ਼ਟਰਪਤੀ ਹਨ।

ਉਨ੍ਹਾਂ ਕਿਹਾ, 'ਮੈਂ ਚੋਣਾਂ ਲੜਨ ਲਈ ਵਚਨਬੱਧ ਹਾਂ। ਮੈਨੂੰ ਲੱਗਦਾ ਹੈ ਕਿ ਮੈਂ ਰਾਸ਼ਟਰਪਤੀ ਲਈ ਚੋਣ ਲੜਨ ਲਈ ਸਭ ਤੋਂ ਯੋਗ ਵਿਅਕਤੀ ਹਾਂ। ਮੈਂ ਉਨ੍ਹਾਂ (ਟਰੰਪ) ਨੂੰ ਇੱਕ ਵਾਰ ਹਰਾਇਆ ਸੀ ਅਤੇ ਹੁਣ ਮੈਂ ਉਨ੍ਹਾਂ ਨੂੰ ਦੁਬਾਰਾ ਹਰਾਵਾਂਗਾ।' ਅਮਰੀਕੀ ਰਾਸ਼ਟਰਪਤੀ ਨੇ ਕਿਹਾ, 'ਇਸ ਤੋਂ ਇਲਾਵਾ, ਇਹ ਵਿਚਾਰ ਕਿ ਸੈਨੇਟਰ ਅਤੇ ਕਾਂਗਰਸ ਦੇ ਰਾਸ਼ਟਰਪਤੀ ਅਹੁਦੇ ਲਈ ਦੌੜ ਰਹੇ ਮੈਂਬਰ ਟਿਕਟ ਨੂੰ ਲੈ ਕੇ ਚਿੰਤਤ ਹਨ। ਇਹ ਅਸਾਧਾਰਨ ਨਹੀਂ ਹੈ ਅਤੇ ਮੈਂ ਇਹ ਕਹਿਣਾ ਚਾਹਾਂਗਾ ਕਿ ਰਾਸ਼ਟਰਪਤੀ ਚੋਣ ਦੀ ਦੌੜ ਵਿੱਚ ਘੱਟੋ-ਘੱਟ ਪੰਜ ਅਜਿਹੇ ਰਾਸ਼ਟਰਪਤੀ ਸਨ, ਜਿਨ੍ਹਾਂ ਦੀ ਲੋਕਪ੍ਰਿਅਤਾ ਦਾ ਪੱਧਰ ਮੇਰੀ ਮੌਜੂਦਾ ਲੋਕਪ੍ਰਿਅਤਾ ਤੋਂ ਘੱਟ ਸੀ।' ਬਾਇਡੇਨ ਨੇ ਕਿਹਾ, 'ਇਸ ਲਈ ਇਸ ਸਮੇਂ ਇਸ ਮੁਹਿੰਮ ਵਿੱਚ ਲੰਮਾ ਸਫ਼ਰ ਤੈਅ ਕਰਨਾ ਹੈ ਅਤੇ ਇਸ ਲਈ ਮੈਂ ਬੱਸ ਜਾਰੀ ਰੱਖਾਂਗਾ, ਅੱਗੇ ਵਧਦਾ ਰਹਾਂਗਾ।

# ਅਮਨਜੋਤ ਸਿੰਘ ਪੰਨੂ ਯੂਨੀਵਰਸਿਟੀ ਆਫ਼ ਕੈਲਗਰੀ ਦੀ ਸੈਨੇਟ 'ਚ ਸੈਨੇਟਰ ਨਿਯੁਕਤ

ਕੈਲਗਰੀ/ਏ.ਟੀ.ਨਿਊਜ਼ : ਕੈਨੇਡਾ ਦੇ ਸੂਬੇ ਅਲਬਰਟਾ ਦੀ ਸਰਕਾਰ ਵੱਲੋਂ ਦੇਸ਼ ਦੀਆਂ ਸਭ ਤੋਂ ਵੱਡੀਆਂ ਯੂਨੀਵਰਸਿਟੀਆਂ ਵਿੱਚ ਆਉਂਦੀ ਯੂਨੀਵਰਸਿਟੀ ਆਫ਼ ਕੈਲਗਰੀ ਦੀ ਸੈਨੇਟ ਵਿੱਚ ਸਥਾਨਕ ਪੰਜਾਬੀ ਭਾਈਚਾਰੇ ਦੇ ਜਾਣੇ ਪਛਾਣੇ ਅਮਨਜੋਤ ਸਿੰਘ ਪੰਨੂ ਦੀ ਨਾਮਜ਼ਦਗੀ ਬਤੌਰ ਸੈਨੇਟਰ ਵਜੋਂ ਕੀਤੀ ਗਈ ਹੈ। ਅਲਬਰਟਾ ਸੂਬੇ ਦੀ ਤਕਨੀਕੀ ਸਿਖਿਆ ਮੰਤਰੀ ਰਾਜਨ ਸਾਹਨੀ ਵੱਲੋਂ ਪਹਿਲੀ ਜੁਲਾਈ 2024 ਤੋਂ ਕੀਤੀ ਗਈ ਇਹ ਨਾਮਜ਼ਦਗੀ ਅਗਲੇ ਤਿੰਨ ਸਾਲਾਂ ਲਈ ਹੈ।



ਜ਼ਿਕਰਯੋਗ ਹੈ ਕਿ ਕੁਲ 62 ਵੱਖ ਵੱਖ ਮੈਂਬਰਾਂ ਵਿਚੋਂ ਪੰਨੂੰ ਮੌਜੂਦਾ ਸੈਨੇਟ ਦੇ ਦੂਸਰੇ ਦਸਤਾਰ-ਧਾਰੀ ਅਤੇ ਤੀਸਰੇ ਪੰਜਾਬੀ ਮੂਲ ਦੇ ਸੈਨੇਟਰ ਹਨ। ਪੰਨੂ ਨੇ ਅਪਣੀ ਨਾਮਜ਼ਦਗੀ ਪ੍ਰਤੀ ਮਨਿਸਟਰ ਸਾਹਨੀ ਤੇ ਪ੍ਰੀਮੀਅਰ ਡੈਨੀਅਲ ਸਮਿੱਥ ਦਾ ਧਨਵਾਦ ਕਰਦਿਆਂ ਕਿਹਾ ਕਿ ਜਿਥੇ ਉਹ ਯੂਨੀਵਰਸਿਟੀ ਦਾ ਸਥਾਨਕ ਭਾਈਚਾਰੇ ਨਾਲ ਬਿਹਤਰ ਤਾਲਮੇਲ ਸਥਾਪਤ ਕਰਨ 'ਤੇ ਜ਼ੋਰ ਦੇਣਗੇ, ਉਥੇ ਹੀ ਪੰਜਾਬ ਦੀਆਂ ਯੂਨੀਵਰਸਿਟੀਆਂ ਨਾਲ ਤਾਲਮੇਲ ਬਣਾ ਕੇ ਕੈਲਗਰੀ ਦੇ ਲੋਕ ਹਿੱਤਾਂ ਦੀ ਪ੍ਰਤੀਨਿਧਤਾ ਕਰਨ 'ਤੇ ਅਪਣਾ ਧਿਆਨ ਕੇਂਦਰਤ ਕਰਨਗੇ।

ਜ਼ਿਕਰਯੋਗ ਹੈ ਕਿ ਯੂਨੀਵਰਸਿਟੀ ਆਫ਼ ਕੈਲਗਰੀ ਕੈਨੇਡਾ ਦੀ ਅੱਠਵੀਂ ਸੱਭ ਤੋਂ ਵੱਡੀ ਯੂਨੀਵਰਸਿਟੀ ਹੈ ਜਿਸ ਵਿੱਚ ਲਗਭਗ 36000 ਵਿਦਿਆਰਥੀ ਪੜ੍ਹਾਈ ਕਰਦੇ ਹਨ।

# ਹੋਸਟਨ ਦੇ ਡਿਪਟੀ ਦੀ ਇੱਕ ਹਮਲੇ 'ਚ ਮੌਤ, ਸ਼ੱਕੀ ਦੋਸ਼ੀ ਵਿਰੁੱਧ ਕਤਲ ਦਾ ਮਾਮਲਾ ਦਰਜ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਅਮਰੀਕੀ ਰਾਜ ਟੈਕਸਾਸ ਦੇ ਹੋਸਟਨ ਖੇਤਰ ਦੇ ਇੱਕ ਡਿਪਟੀ ਦੀ ਉਸ ਉੱਪਰ ਘਾਤ ਲਾ ਕੇ ਕੀਤੇ ਹਮਲੇ ਵਿੱਚ ਮੌਤ ਹੋਣ ਦੀ ਖ਼ਬਰ ਹੈ। ਲਿਟਲ ਕੇਸਾਰਸ ਪੀਜ਼ਾ ਵਿਖੇ ਇੱਕ ਮੁਲਾਜ਼ਮ ਉੱਪਰ ਹਮਲਾ ਹੋਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫ਼ਸਰ ਬੀਤੀ ਰਾਤ 10 ਵਜੇ ਮੌਕੇ ਉੱਪਰ ਪੁੱਜੇ। ਚੀਫ਼ ਡਿਪਟੀ ਮਾਈਕ ਲੀ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਸ਼ੱਕੀ ਦੋਸ਼ੀ, ਜਿਸ ਦੀ ਬਾਅਦ ਵਿੱਚ ਪਛਾਣ 44 ਸਾਲਾ ਰੋਨਾਲਡ ਪਲਮਰ ਵਜੋਂ ਹੋਈ ਹੈ, ਖਾਣ ਪੀਣ ਲਈ ਮੰਗਵਾਈ ਸਮੱਗਰੀ ਠੀਕ ਨਾ ਹੋਣ ਕਾਰਨ ਭੜਕ ਉੱਠਿਆ ਤੇ ਉਹ ਲਿਟਲ ਕੇਸਾਰਸ ਪੀਜ਼ਾ ਦੇ ਇੱਕ ਮੁਲਾਜ਼ਮ ਨੂੰ ਮੰਦਾ ਚੰਗਾ ਬੋਲ ਕੇ ਤੇ ਉਸ ਦੇ ਪਿਸਤੌਲ ਮਾਰ ਕੇ ਫ਼ਰਾਰ ਹੋ ਗਿਆ। ਮੁਲਾਜ਼ਮ ਵੱਲੋਂ ਸ਼ੱਕੀ ਦੇ ਵਾਹਣ ਬਾਰੇ ਦਿੱਤੀ ਜਾਣਕਾਰੀ ਅਨੁਸਾਰ ਪੁਲਿਸ ਨੇ ਉਸ ਦਾ ਪਿੱਛਾ ਕੀਤਾ ਤੇ ਇਲਾਕੇ ਦੀ ਘੇਰਾਬੰਦੀ ਕੀਤੀ। ਡਿਪਟੀ ਫਰਨਾਂਡੋ ਐਸਕੁਏਡਾ ਨੇ ਸ਼ੱਕੀ ਦੀ ਕਾਰ ਮਿਲਣ 'ਤੇ ਆਪਣੇ ਦੂਸਰੇ ਟੀਮ ਮੈਂਬਰਾਂ ਨੂੰ ਸੂਚਿਤ ਕੀਤਾ। ਲੀ ਅਨੁਸਾਰ ਜਦੋਂ ਡਿਪਟੀ ਫੋਨ ਉਪਰ ਦੂਸਰੇ



(ਬਾਕੀ ਸਫ਼ਾ 30 'ਤੇ)

# ਨੀਦਰਲੈਂਡਸ 'ਚ 1 ਸਾਲ ਦੌਰਾਨ ਪ੍ਰਵਾਸੀ ਭਾਰਤੀਆਂ ਦੀ ਗਿਣਤੀ 70 ਫ਼ੀਸਦੀ ਘਟੀ

## ਸਾਲ 2022 ਵਿੱਚ 14816 ਭਾਰਤੀਆਂ ਅਤੇ 2023 'ਚ 4520 ਭਾਰਤੀਆਂ ਨੂੰ ਮਿਲਿਆ ਸੀ ਵੀਜ਼ਾ

ਐਮਸਟਰਡਮ/ਏ.ਟੀ.ਨਿਊਜ਼ : ਇੱਕ ਪਾਸੇ ਭਾਰਤ ਵਿੱਚ ਵਿਦੇਸ਼ ਜਾਣ ਵਾਲਿਆਂ ਦੇ ਰੁਝਾਨ ਵਿੱਚ ਦਿਨੋਂ ਦਿਨ ਵਾਧਾ ਹੋ ਰਿਹਾ ਹੈ, ਦੂਜੇ ਪਾਸੇ ਅਨੇਕਾਂ ਦੇਸ਼ਾਂ ਵਿੱਚ ਭਾਰਤੀਆਂ ਨੂੰ ਵੀਜ਼ੇ ਦੇਣ ਦੀ ਗਿਣਤੀ ਘਟਾਈ ਜਾ ਰਹੀ ਹੈ। ਤਾਜ਼ਾ ਮਾਮਲਾ ਨੀਦਰਲੈਂਡਸ ਦਾ ਹੈ। ਯੂਰੋਪੀਅਨ ਦੇਸ਼ ਨੀਦਰਲੈਂਡਸ ਵਿੱਚ ਭਾਰਤੀ ਪ੍ਰਵਾਸੀਆਂ ਦੀ ਗਿਣਤੀ ਵਿੱਚ ਇੱਕ ਸਾਲ ਵਿੱਚ 70 ਫੀਸਦੀ ਗਿਰਾਵਟ ਦਰਜ ਕੀਤੀ ਗਈ ਹੈ। ਨੀਦਰਲੈਂਡਸ ਸਰਕਾਰ ਨੇ 2022 ਵਿੱਚ 14816 ਭਾਰਤੀ ਪ੍ਰਵਾਸੀਆਂ ਨੂੰ ਸਿਕਲਡ ਵੀਜ਼ਾ ਜਾਰੀ ਕੀਤਾ ਉਥੇ 2023 ਵਿੱਚ ਸਿਰਫ 4520 ਭਾਰਤੀਆਂ ਨੂੰ ਹੀ ਵੀਜਾ ਦਿੱਤਾ ਗਿਆ। ਨੀਦਰਲੈਂਡਸ ਵਿੱਚ 15 ਸਾਲ ਦੇ ਦੌਰਾਨ ਆਉਣ ਵਾਲੇ ਭਾਰਤੀਆਂ ਦੀ ਗਿਣਤੀ ਲਗਾਤਾਰ ਵਧੀ, ਪਰ ਇੱਕ ਸਾਲ ਦੇ ਦੌਰਾਨ ਇਸ ਵਿੱਚ ਕਾਫੀ ਗਿਰਾਵਟ ਦਰਜ ਕੀਤੀ ਗਈ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਸਾਲ 2024 ਵਿੱਚ ਵੀ ਨੀਦਰਲੈਂਡਸ ਦੀ ਸਰਕਾਰ ਇਸ ਵਿੱਚ ਗਿਰਾਵਟ ਕਰਨ ਜਾ ਰਹੀ ਹੈ। ਜੂਨ ਤੱਕ ਸਿਰਫ਼ 1800 ਭਾਰਤੀ ਪ੍ਰਵਾਸੀਆਂ ਨੂੰ ਹੀ ਸਕਿਲਡ ਵੀਜ਼ਾ ਜਾਰੀ ਕੀਤਾ ਗਿਆ ਹੈ।




ਨੀਦਰਲੈਂਡਸ ਵਿੱਚ ਪਿਛਲੇ ਸਾਲ ਰਾਸ਼ਟਰਵਾਦੀ ਐਸਏਸੀ ਪਾਰਟੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਭਾਰਤੀਆਂ ਦੇ ਵੀਜ਼ਾ ਵਿੱਚ ਕਟੌਤੀ ਕੀਤੀ ਗਈ ਹੈ। ਸੱਤਾਧਾਰੀ ਪਾਰਟੀ ਦਾ ਮੰਨਣਾ ਹੈ ਕਿ ਵਿਦੇਸ਼ਾਂ ਤੋਂ ਆਉਣ ਵਾਲੇ ਲੋਕ ਸਥਾਨਕ ਲੋਕਾਂ ਦੀਆਂ ਨੌਕਰੀਆਂ ਹੜਪ ਰਹੇ ਹਨ, ਇਸ ਨਾਲ ਸਥਾਨਕ ਲੋਕਾਂ ਵਿੱਚ ਰੋਸ ਸੀ। ਇਹਨਾਂ ਰਾਸ਼ਟਰਵਾਦੀ ਪਾਰਟੀਆਂ ਨੇ ਚੋਣਾਂਵੀ ਵਾਅਦੇ ਕੀਤੇ ਸੀ ਕਿ ਅੰਤਰਰਾਸ਼ਟਰੀ ਵੀਜ਼ਿਆਂ 'ਤੇ ਪਾਬੰਦੀਆਂ ਲਗਾਈਆਂ ਜਾਣਗੀਆਂ। ਇਸ ਦੀ ਸ਼ੁਰੂਆਤ ਪਿਛਲੇ ਸਾਲ ਤੋਂ ਕੀਤੀ ਗਈ ਸੀ। ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਵੀ ਘਾਟ ਆਈ ਹੈ। 2022 ਵਿੱਚ ਜਿਥੇ ਸਟੱਡੀ ਵੀਜ਼ੇ ਤੇ 1800 ਵਿਦਿਆਰਥੀ ਗਏ ਸੀ, 2023 ਵਿੱਚ ਇਹ ਗਿਣਤੀ ਘੱਟ ਕੇ 1400 ਹੀ ਰਹਿ ਗਈ।

**ਆਈ.ਟੀ.ਸੈਕਟਰ ਵਿੱਚ 40 ਫੀਸਦੀ ਭਾਰਤੀ**

ਨੀਦਰਲੈਂਡਸ ਦੇ ਆਈ.ਟੀ. ਸੈਕਟਰ ਵਿੱਚ 40 ਫੀਸਦੀ ਤੱਕ ਭਾਰਤੀ ਪ੍ਰੋਫੈਸ਼ਨਲ ਹਨ। ਇਥੋਂ ਦੀ ਸਭ ਤੋਂ ਵੱਡੀ ਸੇਮੀਕੰਡਕਟਰ ਕੰਪਨੀ ਏ.ਐਸ.ਐਲ.ਐਲ. ਵਿੱਚ ਭਾਰਤੀਆਂ ਦੀ ਚੜ੍ਹਤ ਹੈ। ਭਾਰਤੀਆਂ ਨੂੰ ਉੱਚ ਪ੍ਰੋਫੈਸ਼ਨਲ ਡਿਗਰੀ ਦੇ ਕਾਰਨ 'ਨਾਲੇਜ ਇਮੀਗ੍ਰੇਂਟ' ਕਿਹਾ ਜਾਂਦਾ ਹੈ। ਐਮਸਟਡਰਮ, (ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ 'ਚ ਲਗਾਤਾਰ ਬਦਲ ਰਹੇ ਹਨ ਅੰਦਰੂਨੀ ਹਾਲਾਤ

## ਪ੍ਰਵਾਸੀਆਂ ਕਾਰਨ ਬੇਰੁਜ਼ਗਾਰੀ ਦਰ ਵਿੱਚ ਹੋਇਆ ਵਾਧਾ

## ਮੌਜੂਦਾ ਸਥਿਤੀਆਂ ਨੇ ਕੈਨੇਡਾ 'ਚ 'ਰਿਵਰਸ ਮਾਈਗ੍ਰੇਸ਼ਨ' ਨੂੰ ਕੀਤਾ ਉਤਸ਼ਾਹਿਤ



ਸਰੀ/ਏ.ਟੀ.ਨਿਊਜ਼ : ਕੈਨੇਡਾ ਲੰਬੇ ਸਮੇਂ ਤੋਂ ਭਾਰਤੀਆਂ ਲਈ ਸਭ ਤੋਂ ਪਸੰਦੀਦਾ ਸਥਾਨਾਂ ਵਿੱਚੋਂ ਇੱਕ ਰਿਹਾ ਹੈ। ਭਾਰਤੀ ਲੋਕ ਪੜ੍ਹਾਈ ਤੋਂ ਲੈ ਕੇ ਨਾਗਰਿਕਤਾ ਲੈਣ ਤੱਕ ਦੇ ਸੁਪਨੇ ਲੈ ਕੇ ਕੈਨੇਡਾ ਆਉਂਦੇ ਰਹੇ ਹਨ ਪਰ ਹੁਣ ਅਜਿਹਾ ਹੁੰਦਾ ਨਜ਼ਰ ਨਹੀਂ ਆ ਰਿਹਾ। ਪਿਛਲੇ ਕੁਝ ਸਾਲਾਂ ਵਿੱਚ ਲੱਖਾਂ ਭਾਰਤੀ ਵਿਦਿਆਰਥੀਆਂ ਨੇ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਕੈਨੇਡਾ ਨੂੰ ਚੁਣਿਆ, ਪਰ ਹੁਣ ਕੈਨੇਡਾ ਵਿੱਚ ਹਾਲਾਤ ਬਦਲ ਰਹੇ ਹਨ। ਭਾਰਤੀ ਨਾਗਰਿਕਾਂ ਲਈ ਕੈਨੇਡਾ ਹੁਣ ਕਿਸੇ ਡਰਾਉਣੇ ਸੁਪਨੇ ਤੋਂ ਘੱਟ ਨਹੀਂ ਹੈ ਕਿਉਂਕਿ ਦੇਸ਼ ਵਿੱਚ ਜਾਇਦਾਦ ਦੀਆਂ ਵਧਦੀਆਂ ਕੀਮਤਾਂ, ਨੌਕਰੀਆਂ ਦੀ ਕਮੀ ਅਤੇ ਵਧਦੇ ਅਪਰਾਧ ਕਾਰਨ ਇਹ ਸੁਪਨਾ ਹੁਣ ਇੱਕ ਡਰਾਉਣੇ ਸੁਪਨੇ ਵਿੱਚ ਬਦਲ ਰਿਹਾ ਹੈ। ਅਜਿਹੀਆਂ ਸਥਿਤੀਆਂ ਨੇ ਕੈਨੇਡਾ ਵਿੱਚ ਰਿਵਰਸ ਮਾਈਗ੍ਰੇਸ਼ਨ ਨੂੰ ਉਤਸ਼ਾਹਿਤ ਕੀਤਾ ਹੈ।ਰਿਪੋਰਟ ਮੁਤਾਬਕ ਕੈਨੇਡਾ ਵਿੱਚ ਸਭ ਤੋਂ ਵੱਡੀ ਸਮੱਸਿਆ ਨੌਕਰੀਆਂ ਦੀ ਹੈ। ਹਾਲ ਹੀ ਵਿੱਚ ਆਏ ਪ੍ਰਵਾਸੀ ਕੈਨੇਡਾ ਵਿੱਚ ਬੇਰੋਜ਼ਗਾਰੀ ਦਰ ਨੂੰ ਵਧਾ ਰਹੇ ਹਨ। ਇਸ ਕਾਰਨ ਕੈਨੇਡਾ ਵਿੱਚ ਮਕਾਨਾਂ ਦੇ ਕਿਰਾਏ ਵੀ ਅਸਮਾਨ ਛੂਹ ਰਹੇ ਹਨ। ਵੱਡੀ ਗਿਣਤੀ ਵਿੱਚ ਵੱਖ-ਵੱਖ ਦੇਸ਼ਾਂ ਤੋਂ ਆਏ ਲੋਕਾਂ ਨੂੰ ਹੁਣ ਨੌਕਰੀਆਂ ਲਈ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈ ਰਹੀਆਂ ਹਨ। ਸੂਤਰਾਂ ਅਨੁਸਾਰ, ਜੂਨ ਮਹੀਨੇ ਕੈਨੇਡਾ ਵਿੱਚ ਅਸਥਾਈ ਲੋਕਾਂ ਦੀ ਬੇਰੁਜ਼ਗਾਰੀ ਦਰ 11 ਫੀਸਦੀ ਰਹੀ। ਰਿਪੋਰਟ ਮੁਤਾਬਕ ਅਜਿਹਾ ਅਚਾਨਕ ਨਹੀਂ ਹੋਇਆ, ਪਿਛਲੇ ਪੰਜ ਸਾਲਾਂ ਵਿੱਚ ਆਏ ਪ੍ਰਵਾਸੀਆਂ ਨੂੰ ਕੈਨੇਡਾ ਵਿੱਚ ਨੌਕਰੀਆਂ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਜੂਨ 'ਚ ਅਜਿਹੇ ਲੋਕਾਂ ਦੀ ਬੇਰੋਜ਼ਗਾਰੀ ਦਰ ਵੀ 12.6 ਫੀਸਦੀ 'ਤੇ ਪਹੁੰਚ ਗਈ।

ਜਾਣਕਾਰੀ ਅਨੁਸਾਰ ਕੈਨੇਡਾ 'ਚ ਬੇਰੁਜ਼ਗਾਰੀ ਦਰ ਵਧਣ ਦਾ ਸਭ ਤੋਂ ਵੱਡਾ ਕਾਰਨ ਅਸਥਾਈ ਰਿਹਾਇਸ਼ੀ ਸ਼੍ਰੇਣੀ ਦਾ ਹੈ। ਕੈਨੇਡਾ ਵਿੱਚ ਲਗਾਤਾਰ ਵੱਧ ਰਹੀ ਆਬਾਦੀ ਨਾਲ ਜੀਡੀਪੀ ਤਾਂ ਵਧਾ ਰਹੀ ਹੈ, ਪਰ ਇਸ ਨਾਲ ਲੋਕਾਂ ਦਾ ਜੀਵਨ ਮੁਸ਼ਕਿਲ ਵੀ ਹੋ ਰਿਹਾ ਹੈ। ਖਾਸ ਕਰਕੇ ਨੌਜਵਾਨ ਪੀੜ੍ਹੀ ਅਤੇ ਪ੍ਰਵਾਸੀਆਂ ਨੂੰ ਸਭ ਤੋਂ ਵੱਧ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੈਨੇਡਾ ਵਿੱਚ ਮਕਾਨਾਂ ਦੀ ਘਾਟ ਹੈ, ਕਿਉਂਕਿ ਜਿਸ ਰਫ਼ਤਾਰ ਨਾਲ ਪਰਵਾਸੀ ਆ ਰਹੇ ਹਨ, ਉੱਥੇ ਘਰ ਨਹੀਂ ਬਣ ਰਹੇ। ਅਜਿਹੇ 'ਚ ਮਕਾਨਾਂ ਦੇ ਕਿਰਾਏ ਅਸਮਾਨ ਨੂੰ ਛੂਹ ਰਹੇ ਹਨ।

ਕੁਝ ਮਹੀਨੇ ਪਹਿਲਾਂ ਟਰੂਡੋ ਸਰਕਾਰ ਨੇ ਮਕਾਨਾਂ ਦੀ ਘਾਟ ਨੂੰ ਪੂਰਾ ਕਰਨ ਲਈ 6 ਅਰਬ ਕੈਨੇਡੀਅਨ ਡਾਲਰ ਦਾ ਕੈਨੇਡਾ ਹਾਊਸਿੰਗ ਇਨਫਰਾਸਟਰੱਕਚਰ ਫੰਡ ਲਾਂਚ ਕੀਤਾ ਸੀ ਪਰ ਰਿਹਾਇਸ਼ ਦੀ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ। ਪਿਛਲੇ ਸਾਲ ਕੈਨੇਡਾ ਦੇ ਓਨਟਾਰੀਓ ਵਿੱਚ 50 ਤੋਂ 100 ਵਿਦਿਆਰਥੀਆਂ ਨੂੰ ਰਿਹਾਇਸ਼ ਦੀ ਘਾਟ ਕਾਰਨ ਕਾਲਜ ਦੇ ਬਾਹਰ ਸੜਕ ਕਿਨਾਰੇ ਟੈਂਟ ਲਾ ਕੇ ਰਹਿਣਾ ਪਿਆ ਸੀ। ਸੂਤਰਾਂ ਮੁਤਾਬਕ ਇਸ ਸਮੇਂ ਕੈਨੇਡਾ ਵਿੱਚ 3 ਲੱਖ ਭਾਰਤੀ ਵਿਦਿਆਰਥੀ ਹਨ। ਜ਼ਿਆਦਾਤਰ ਵਿਦਿਆਰਥੀ ਕੈਨੇਡਾ 'ਚ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਕੋਰੀਅਰ, ਵੇਟਰ ਅਤੇ ਕਲਰਕ ਵਰਗੀਆਂ ਨੌਕਰੀਆਂ ਕਰਦੇ ਹਨ, ਪਰ ਮੌਜੂਦਾ ਸਮੇਂ ਵਿੱਚ ਇਹ ਨੌਕਰੀਆਂ ਵੀ ਉਪਲਬਧ ਨਹੀਂ ਹਨ।

ਇਨ੍ਹਾਂ ਹਾਲਾਤਾਂ ਵਿਚਕਾਰ ਹੁਣ ਲੋਕਾਂ ਨੇ ਕੈਨੇਡਾ ਤੋਂ ਜਾਣਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਛੇ ਦਹਾਕਿਆਂ ਵਿੱਚ ਇਮੀਗ੍ਰੇਸ਼ਨ ਨੇ ਕੈਨੇਡਾ ਦੀ ਆਬਾਦੀ ਵਿੱਚ ਤੇਜ਼ੀ ਨਾਲ ਵਾਧਾ ਕੀਤਾ ਹੈ, ਪਰ ਹੁਣ ਇਹ ਬਦਲ ਰਿਹਾ ਹੈ। ਰਿਪੋਰਟ ਮੁਤਾਬਕ 2023 ਦੇ ਪਹਿਲੇ ਛੇ ਮਹੀਨਿਆਂ ਵਿੱਚ ਤਕਰੀਬਨ 42 ਹਜ਼ਾਰ ਲੋਕਾਂ ਨੇ ਕੈਨੇਡਾ ਛੱਡਿਆ। ਇਸ ਤੋਂ ਇਲਾਵਾ ਸਾਲ 2022 'ਚ 93 ਹਜ਼ਾਰ ਤੋਂ ਵੱਧ ਲੋਕ ਕੈਨੇਡਾ ਛੱਡ ਗਏ ਸਨ। ਸਾਲ 2021 ਵਿੱਚ 85 ਹਜ਼ਾਰ ਤੋਂ ਵੱਧ ਲੋਕ ਕੈਨੇਡਾ ਛੱਡ ਕੇ ਚਲੇ ਗਏ।

## ਕੈਨੇਡਾ 'ਚ ਸ਼ਰਨਾਰਥੀ ਪੰਜਾਬੀਆਂ ਦੀ ਗਿਣਤੀ 'ਚ ਰਿਕਾਰਡ ਵਾਧਾ



ਟੋਰਾਂਟੋ/ਏ.ਟੀ.ਨਿਊਜ਼ : ਕੈਨੇਡਾ ਅਤੇ ਅਮਰੀਕਾ ਦਹਾਕਿਆਂ ਤੋਂ ਭਾਰਤੀਆਂ ਅਤੇ ਖ਼ਾਸ ਕਰ ਕੇ ਪੰਜਾਬੀਆਂ ਦੇ ਪਸੰਦੀਦਾ ਦੇਸ਼ ਰਹੇ ਹਨ।

ਪੰਜਾਬੀ ਇਨ੍ਹਾਂ ਦੇਸ਼ਾਂ ਵਿੱਚ ਦਾਖਲ ਹੋਣ ਲਈ ਆਪਣੀ ਜਾਨ ਤੱਕ ਜੋਖਮ ਵਿੱਚ ਪਾ ਲੈਂਦੇ ਹਨ। ਤਾਜ਼ਾ ਜਾਣਕਾਰੀ ਮੁਤਾਬਕ ਭਾਰਤ ਤੋਂ ਲੋਕਾਂ ਨੂੰ ਕੈਨੇਡਾ ਭੇਜਣ ਲਈ ਸਥਾਨਕ ਏਜੰਟਾਂ ਨੇ ਹੁਣ ਇੱਕ ਨਵੀਂ ਕਾਢ ਕੱਢੀ ਹੈ ਜਿਸ ਨਾਲ ਬੀਤੇ ਮਹੀਨਿਆਂ ਤੋਂ ਉੱਥੇ ਸ਼ਰਨਾਰਥੀ ਬਣਨ ਵਾਲੇ ਭਾਰਤੀਆਂ ਖ਼ਾਸ ਕਰ ਕੇ ਪੰਜਾਬੀਆਂ ਅਤੇ ਪੰਜਾਬਣਾਂ ਦੀ ਗਿਣਤੀ ਕਾਫੀ ਵਧੀ ਹੈ।

ਏਜੰਟਾਂ ਵੱਲੋਂ ਨਕਲੀ ਸਪਾਂਸਰਸ਼ਿਪ, ਬੈਂਕ ਖਾਤੇ, ਕਾਰੋਬਾਰ, ਉੱਚਾ ਅਹੁਦਾ, ਨੌਕਰੀ, ਕੰਪਿਊਟਰ ਦੇ ਮਾਹਰ, ਐੱਮ.ਏ. ਤੱਕ ਦੀ ਸਿੱਖਿਆ ਦੇ ਮਨਘੜਤ ਡਿਪਲੋਮੇ ਆਦਿ ਦੇ ਦਸਤਾਵੇਜ਼ਾਂ ਨਾਲ ਕੈਨੇਡਾ ਦਾ ਵੀਜ਼ਾ ਲਗਵਾ ਕੇ ਉੱਥੇ ਸੀ.ਐੱਨ. ਟਾਵਰ, ਨਿਆਗਰਾ ਫਾਲਜ਼, ਚਿੜੀਆਘਰ, ਲਾਇਬ੍ਰੇਰੀ, ਪਾਰਕ ਅਤੇ ਸੈਲਾਨੀਆਂ ਲਈ ਖਿੱਚ ਦੀਆਂ ਹੋਰ ਕਈ ਨਾਮਵਰ ਥਾਵਾਂ ਦੇਖਣ ਦੇ ਟੂਰ ਪ੍ਰੋਗਰਾਮ ਬਣਾ ਕੇ ਪੰਜਾਬ, ਹਰਿਆਣਾ, ਗੁਜਰਾਤ, ਉਤਰਾਖੰਡ, ਯੂ.ਪੀ. ਬਿਹਾਰ, ਤਾਮਿਲਨਾਡੂ ਅਤੇ ਉੜੀਸਾ ਤੋਂ ਲੋਕ ਰਵਾਨਾ ਕੀਤੇ ਜਾ ਰਹੇ ਹਨ। ਕੈਨੇਡਾ ਦੇ ਵੀਜ਼ਾ ਦੀ ਅਰਜ਼ੀ ਨੂੰ ਮਜ਼ਬੂਤ ਬਣਾਉਣ ਲਈ ਵਿਅਕਤੀ ਦੇ ਪਾਸਪੋਰਟ 'ਤੇ ਹੋਰ ਕਈ ਦੇਸ਼ਾਂ ਦੇ ਨਕਲੀ ਵੀਜ਼ਾ ਸਟਿੱਕਰ ਅਤੇ ਉਨ੍ਹਾਂ ਦੇਸ਼ਾਂ ਵਿੱਚ ਗਏ ਹੋਣ ਦੀਆਂ ਨਕਲੀ ਮੋਹਰਾਂ ਲਗਾ ਕੇ ਦਰਸਾਇਆ ਜਾਂਦਾ ਹੈ ਬਿਨੈਕਾਰ ਬਹੁਤ ਘੁੰਮਿਆ-ਫਿਰਿਆ ਹੋਇਆ ਸੈਲਾਨੀ ਹੈ। ਜ਼ਮੀਨਾਂ ਤੱਕ ਵੇਚ ਕੇ ਲੱਖਾਂ ਰੁਪਏ ਏਜੰਟਾਂ ਨੂੰ ਦੇ ਕੇ ਕੈਨੇਡਾ ਦੇ ਰਾਹ ਪਏ ਵਿਅਕਤੀਆਂ ਨੂੰ ਭਾਰਤ ਵਾਪਸ ਮੁੜਨਾ ਗਵਾਰਾ ਨਹੀਂ ਹੁੰਦਾ। ਨਕਲੀ ਸੈਲਾਨੀ ਬਣੇ ਵਿਅਕਤੀਆਂ ਵੱਲੋਂ ਆਪਣੇ ਦੇਸ਼ ਵਾਪਸ ਮੁੜਨ ਨਾਲੋਂ ਕੈਨੇਡਾ ਦੀ ਜੇਲ੍ਹ ਵਿੱਚ ਰਹਿਣ ਨੂੰ ਪਹਿਲ ਦਿੱਤੀ ਜਾਂਦੀ ਹੈ।

## ਕੈਲੀਫ਼ੋਰਨੀਆ ਦੇ ਸ਼ਹਿਰ ਬਰਕਲੇ ਵਿਖੇ ਸੁਨਿਆਰੇ ਦੀ ਦੁਕਾਨ ਵਿੱਚ ਦਿਨ ਦਿਹਾੜੇ ਡਾਕਾ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਕੈਲੀਫ਼ੋਰਨੀਆ ਦੇ ਸ਼ਹਿਰ ਬਰਕਲੇ ਵਿਖੇ ਇੱਕ ਸੁਨਿਆਰੇ ਦੀ ਦੁਕਾਨ 'ਤੇ ਦਿਨ ਦਿਹਾੜੇ ਪਏ ਡਾਕੇ ਵਿੱਚ ਲੁਟੇਰੇ 5 ਲੱਖ ਮੁੱਲ ਦੇ ਗਹਿਣੇ ਲੈ ਕੇ ਫਰਾਰ ਹੋ ਗਏ। ਬਰਕਲੇ ਪੁਲਿਸ ਵਿਭਾਗ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਬੰਦੂਕਾਂ ਤੇ ਹਥੌੜਿਆਂ ਨਾਲ ਲੈਸ ਲੁਟੇਰੇ ਬੰਬੇ ਜਿਊਲਰੀ ਕੰਪਨੀ ਦੇ ਸਟੋਰ ਵਿੱਚ ਦੁਪਹਿਰ 2.10 ਵਜੇ ਦੇ ਕਰੀਬ ਦਾਖਲ ਹੋਏ। ਲੁਟੇਰਿਆਂ ਦੀ ਗਿਣਤੀ 7 ਤੋਂ 8 ਸੀ, ਜਿਨ੍ਹਾਂ ਨੇ ਹਥਿਆਰਾਂ ਦੀ ਨੋਕ 'ਤੇ ਸਟਾਫ ਤੇ ਗਾਹਕਾਂ ਨੂੰ ਇੱਕ ਪਾਸੇ ਕਰ ਦਿੱਤਾ। ਹਾਲਾਂਕਿ ਕੰਪਨੀ ਦੇ ਸਟਾਫ ਨੇ ਤੁਰੰਤ ਪੁਲਿਸ ਨੂੰ ਸੂਚਿਤ ਕਰ ਦਿੱਤਾ ਸੀ ਜਿਸ ਉਪਰੰਤ ਪੁਲਿਸ ਅਫਸਰ ਤੁਰੰਤ ਘਟਨਾ ਸਥਾਨ 'ਤੇ ਪੁੱਜੇ। ਪੁਲਿਸ ਅਨੁਸਾਰ ਲੁਟੇਰੇ ਇੱਕ ਮਿੰਟ ਵਿੱਚ ਹੀ ਗਹਿਣੇ ਲੁੱਟ ਕੇ ਫਰਾਰ ਹੋਣ ਵਿੱਚ ਸਫਲ ਹੋ ਗਏ। ਪੁਲਿਸ ਅਨੁਸਾਰ ਘੱਟੋ ਘੱਟ 5 ਲੱਖ ਡਾਲਰ ਦੇ ਗਹਿਣੇ ਲੁੱਟੇ ਗਏ ਹਨ। ਲੁਟੇਰੇ ਦੋ ਗੱਡੀਆਂ ਵਿੱਚ ਸਟੋਰ 'ਤੇ ਆਏ ਸਨ ਜਿਨ੍ਹਾਂ ਵਿੱਚ ਇੱਕ ਕਾਲੇ ਰੰਗ ਦੀ ਹਾਂਡਾ ਸਿਵਿਕ ਤੇ ਦੂਸਰੀ ਸਲੇਟੀ ਰੰਗ ਦੀ ਡੌਜ ਚਾਰਜ਼ਰ ਗੱਡੀ ਸ਼ਾਮਿਲ ਹੈ।

## ਅਮਰਿੰਦਰ ਬਾਜਵਾ ਆਸਟਰੇਲੀਅਨ ਡਿਫ਼ੈਂਸ ਕੋਰਸ ਲਈ ਧਾਰਮਿਕ ਮਾਮਲਿਆਂ ਲਈ ਗਠਿਤ ਕਮੇਟੀ ਦੇ ਸਲਾਹਕਾਰ ਬਣੇ



ਸਿਡਨੀ/ਏ.ਟੀ.ਨਿਊਜ਼: ਭਾਈਚਾਰਕ ਕਾਰਜਾਂ ਵਿੱਚ ਮੋਢੀ ਹੋ ਕੇ ਕੰਮ ਕਰਨ ਵਾਲੇ ਸਿਡਨੀ ਨਿਵਾਸੀ ਅਮਰਿੰਦਰ ਬਾਜਵਾ ਹੁਣ ਆਸਟਰੇਲੀਅਨ ਡਿਫ਼ੈਂਸ ਫ਼ੋਰਸ ਲਈ ਧਾਰਮਕ ਮਾਮਲਿਆਂ ਲਈ ਗਠਿਤ ਕਮੇਟੀ ਵਿੱਚ ਇੱਕ ਸਿੱਖ ਸਲਾਹਕਾਰ ਵਜੋਂ ਸੇਵਾਵਾਂ ਨਿਭਾਉਣਗੇ। ਉਨ੍ਹਾਂ ਦੇ ਇਸ ਸੇਵਾ ਕਾਰਜ ਨਾਲ ਪੰਜਾਬੀ ਖ਼ਾਸ ਕਰ ਕੇ ਸਿੱਖ ਭਾਈਚਾਰੇ ਨੂੰ ਧਾਰਮਿਕ ਅਤੇ ਸੱਭਿਆਚਾਰਕ ਮਸਲਿਆਂ ਨੂੰ ਸੁਲਝਾਉਣ ਤੋਂ ਇਲਾਵਾ ਹੋਰ ਕਿਸ ਤਰ੍ਹਾਂ ਲਾਭ ਮਿਲ ਸਕੇਗਾ ? ਅਮਰਿੰਦਰ ਬਾਜਵਾ ਨੇ ਕਿਹਾ ਕਿ ਵੱਖ-ਵੱਖ ਹਾਲਾਤ ਵਿੱਚ ਫ਼ੌਜੀਆਂ ਨੂੰ ਅਧਿਆਤਮਕ ਅਤੇ ਸਭਿਆਚਾਰਕ ਮਦਦ ਪ੍ਰਦਾਨ ਕਰਨ ਵਿੱਚ 'ਚੈਪਲੇਨਸ' ਇੱਕ ਮਹੱਤਵਪੂਰਣ ਭੂਮਿਕਾ ਅਦਾ ਕਰਦੇ ਹਨ। ਫ਼ੌਜਾਂ ਵਿੱਚ ਸਿੱਖਾਂ ਦੀਆਂ ਸੱਭਿਆਚਾਰਕ ਅਤੇ ਧਾਰਮਿਕ ਸੰਵੇਦਨਸ਼ੀਲਤਾ ਦੀਆਂ ਲੋੜਾਂ ਨੂੰ ਸੰਬੋਧਤ ਕਰਦੇ ਹੋਏ, ਧਾਰਮਿਕ ਮਾਮਲਿਆਂ ਵਿੱਚ ਸਹਾਇਤਾ ਪ੍ਰਦਾਨ ਕਰਨ ਵਾਲਿਆਂ ਦੀ ਬਹੁਤ ਮਹੱਤਤਾ ਹੈ।

## ਬਰਤਾਨੀਆ ਦੇ ਗੁਰਦੁਆਰੇ 'ਚ ਮੌਜੂਦ ਸੰਗਤ 'ਤੇ ਨੌਜਵਾਨ ਨੇ ਕੀਤਾ ਹਮਲਾ, ਦੋ ਜ਼ਖ਼ਮੀ





ਲੰਡਨ/ਏ.ਟੀ.ਨਿਊਜ਼ : ਬਰਤਾਨੀਆ ਦੇ ਕੈਂਟ ਇਲਾਕੇ 'ਚ ਸਥਿਤ ਇੱਕ ਗੁਰਦੁਆਰੇ 'ਚ ਇੱਕ ਨਾਬਾਲਗ ਨੇ ਉੱਥੇ ਮੌਜੂਦ ਸੰਗਤ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ। ਹਮਲੇ 'ਚ ਦੋ ਔਰਤਾਂ ਜ਼ਖ਼ਮੀ ਹੋ ਗਈਆਂ। ਸੂਚਨਾ ਮਿਲਣ 'ਤੇ ਪੁੱਜੀ ਪੁਲਿਸ ਨੇ 17 ਸਾਲਾ ਮੁੰਡੇ ਨੂੰ ਗ੍ਰਿਫ਼ਤਾਰ ਕਰ ਕੇ ਘਟਨਾ ਸਥਾਨ ਤੋਂ ਤੇਜ਼ਧਾਰ ਹਥਿਆਰ ਵੀ ਬਰਾਮਦ ਕਰ ਲਿਆ।

ਕੈਂਟ ਪੁਲਿਸ ਮੁਤਾਬਕ ਸਥਾਨਕ ਸਮੇਂ ਮੁਤਾਬਕ ਵੀਰਵਾਰ ਦੇਰ ਸ਼ਾਮ 8 ਵੱਜ ਕੇ 10 ਮਿੰਟ 'ਤੇ ਉਨ੍ਹਾਂ ਨੂੰ ਗ੍ਰੇਵਸੈਂਡ ਦੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ 'ਚ ਇੱਕ ਨਾਬਾਲਗ ਮੁੰਡੇ ਵੱਲੋਂ ਤੇਜ਼ਧਾਰ ਹਥਿਆਰ ਨਾਲ ਸੰਗਤ 'ਤੇ ਹਮਲਾ ਕਰਨ ਦੀ ਸੂਚਨਾ ਮਿਲੀ। ਇਸ ਹਮਲੇ 'ਚ ਦੋ ਔਰਤਾਂ ਨੂੰ ਸੱਟਾਂ ਵੱਜੀਆਂ ਜਿਨ੍ਹਾਂ ਨੂੰ ਡਾਕਟਰੀ ਸਹਾਇਤਾ ਦਿੱਤੀ ਗਈ। ਪੁਲਿਸ ਮੁਤਾਬਕ, ਉਨ੍ਹਾਂ ਮੌਕੇ 'ਤੇ ਪੁੱਜ ਕੇ 17 ਸਾਲਾ ਮੁੰਡੇ ਨੂੰ ਕਤਲ ਦੀ ਕੋਸ਼ਿਸ਼ ਤੇ ਧਾਰਮਿਕ ਸਥਾਨ ਦੀ ਵਿਵਸਥਾ 'ਚ ਵਿਗਾੜ ਪਾਉਣ ਲਈ ਗ੍ਰਿਫ਼ਤਾਰ ਕਰ ਲਿਆ ਹੈ। ਉਸ ਕੋਲੋਂ ਤੇਜ਼ਧਾਰ ਹਥਿਆਰ ਵੀ ਬਰਾਮਦ ਕਰ ਲਿਆ ਗਿਆ ਹੈ।

ਪੁਲਿਸ ਦੇ ਡਿਟੈਕਟਿਵ ਸੁਪਰਡੈਂਟ ਈਆਨ ਡਾਈਬਾਲ ਦਾ ਕਹਿਣਾ ਹੈ ਕਿ ਅਸੀਂ ਗੁਰਦੁਆਰੇ 'ਚ ਵਾਪਰੀ ਘਟਨਾ ਸਬੰਧੀ ਸਿੱਖ ਭਾਈਚਾਰੇ ਦੀਆਂ ਚਿੰਤਾਵਾਂ ਸਮਝਦੇ ਹਾਂ, ਪਰ ਅਸੀਂ ਇਸ ਨੂੰ ਇਕੱਲੀ ਘਟਨਾ ਮੰਨ ਰਹੇ ਹਾਂ। ਸੁਰੱਖਿਆ ਲਈ ਇਲਾਕੇ 'ਚ ਚੌਕਸੀ ਵਰਤੀ ਜਾ ਰਹੀ ਹੈ।

ਸਥਾਨਕ ਸੰਸਦ ਮੈਂਬਰ ਲਾਰੇਨ ਸੁਲਿਵਨ ਨੇ ਇਸ ਘਟਨਾ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਗ੍ਰੇਵਸੈਂਡ ਦੇ ਗੁਰਦੁਆਰੇ 'ਚ ਜਿਹੜੀ ਘਟਨਾ ਵਾਪਰੀ ਹੈ, ਉਸ ਕਰਕੇ ਉਹ 'ਹੈਰਾਨ ਤੇ ਦੁਖੀ' ਹਨ। ਘਟਨਾ 'ਤੇ ਸੁਰੱਖਿਆ ਮਾਮਲਿਆਂ ਦੇ ਮੰਤਰੀ ਡੈਨ ਜਰਵਿਸ ਨੇ ਐਕਸ 'ਤੇ ਪੋਸਟ ਸਾਂਝੀ ਕਰ ਕੇ ਕਿਹਾ ਕਿ ਸਾਰੇ ਭਾਈਚਾਰਿਆਂ ਨੂੰ ਆਪਣੇ ਧਾਰਮਿਕ ਸਥਾਨਾਂ ਵਿੱਚ ਸੁਰੱਖਿਅਤ ਹੋਣਾ ਚਾਹੀਦਾ ਹੈ। ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇਹ ਘਟਨਾ ਸੁਖਾਸਨ ਤੋਂ ਬਾਅਦ ਵਾਪਰੀ। ਜਦੋਂ ਇਸ ਵਿਅਕਤੀ ਨੂੰ ਗੁਰਦੁਆਰੇ ਦੀ ਸੁਰੱਖਿਆ ਟੀਮ ਨੇ ਦੇਖਿਆ ਤਾਂ ਤੁਰੰਤ ਪੁਲਿਸ ਨੂੰ ਬੁਲਾਇਆ ਗਿਆ। ਹੁਣ ਪੁਲਿਸ ਜਾਂਚ 'ਚ ਵੀ ਪ੍ਰਬੰਧਕ ਕਮੇਟੀ ਸਹਿਯੋਗ ਕਰ ਰਹੀ ਹੈ।

### ਇੰਗਲੈਂਡ ਦੇ ਗੁਰਦੁਆਰੇ 'ਚ ਵਾਪਰੀ ਘਟਨਾ ਮੰਦਭਾਗੀ : ਜਥੇਦਾਰ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇੰਗਲੈਂਡ ਦੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਗ੍ਰੇਵਸੈਂਡ 'ਚ ਵਾਪਰੀ ਘਟਨਾ 'ਤੇ ਚਿੰਤਾ ਪ੍ਰਗਟਾਈ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇੰਗਲੈਂਡ 'ਚ ਹੋਈਆਂ ਪਾਰਲੀਮਾਨੀ ਚੋਣਾਂ 'ਚ 9 ਪੰਜਾਬੀ, ਜਿਨ੍ਹਾਂ 'ਚੋਂ 4 ਦਸਤਾਰਧਾਰੀ ਸਿੱਖ ਹਨ, ਮੈਂਬਰ ਪਾਰਲੀਮੈਂਟ ਬਣੇ ਹਨ। ਇਸ ਦੌਰਾਨ ਉੱਥੇ ਇਕ ਗੁਰਦੁਆਰੇ 'ਚ ਹਮਲਾ ਬੇਹੱਦ ਚਿੰਤਾਜਨਕ ਤੇ ਨਿੰਦਣਯੋਗ ਹੈ। ਜਥੇਦਾਰ ਨੇ ਕਿਹਾ ਹੈ ਕਿ ਇੰਗਲੈਂਡ ਸਰਕਾਰ ਨੂੰ ਅਜਿਹੇ ਹਮਲੇ ਕਰਨ ਵਾਲੇ ਮਨੁੱਖਤਾ ਦੇ ਵੈਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰ ਕੇ ਉੱਥੇ ਵੱਸਦੇ ਸਿੱਖਾਂ ਨੂੰ ਸੁਰੱਖਿਅਤ ਹੋਣ ਦਾ ਅਹਿਸਾਸ ਕਰਵਾਉਣਾ ਚਾਹੀਦਾ ਹੈ।

### ਮਾਮਲਾ ਡੇਰਾ ਸਿਰਸਾ ਮੁਖੀ ਨੂੰ ਦਿੱਤੀ ਗਈ ਮੁਆਫ਼ੀ ਨੂੰ ਸਹੀ ਠਹਿਰਾਉਣ ਦਾ

# ਕੀ ਜਥੇਦਾਰ ਅਕਾਲੀ ਸੰਕਟ ਹੱਲ ਕਰ ਸਕਣਗੇ ?

## 15 ਦਿਨਾਂ ਅੰਦਰ ਸੁਖਬੀਰ ਸਿੰਘ ਬਾਦਲ ਅਕਾਲ ਤਖ਼ਤ ਸਾਹਿਬ ਵਿਖੇ ਹੋਣਗੇ ਤਲਬ, ਸਿੰਘ ਸਾਹਿਬਾਨ ਦਾ ਫ਼ੈਸਲਾ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

## ਕੀ ਹੋ ਸਕਦਾ ਹੈ ਅਕਾਲੀ ਸੰਕਟ ਦਾ ਹੱਲ ?



ਪੰਜ ਸਿੰਘ ਸਾਹਿਬਾਨ ਵੱਲੋਂ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਹੋਈ ਇਕੱਤਰਤਾ ਵਿੱਚ ਅਹਿਮ ਫ਼ੈਸਲਾ ਲੈਂਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਬਾਗ਼ੀ ਧੜੇ ਨਾਲ ਸੰਬੰਧਿਤ ਸੀਨੀਅਰ ਆਗੂਆਂ ਵਲੋਂ ਪਿਛਲੇ ਦਿਨੀਂ ਪੁੱਜੀ ਸ਼ਿਕਾਇਤ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਦੋਸ਼ਾਂ ਦਾ 15 ਦਿਨ ਦੇ ਅੰਦਰ ਅਕਾਲ ਤਖ਼ਤ ਸਾਹਿਬ ਵਿਖੇ ਨਿੱਜੀ ਤੌਰ 'ਤੇ ਪੁੱਜ ਕੇ ਲਿਖਤੀ ਰੂਪ ਵਿਚ ਸਪੱਸ਼ਟੀਕਰਨ ਦੇਣ ਦਾ ਆਦੇਸ਼ ਜਾਰੀ ਕਰਨ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਪਾਸੋਂ ਪਿਛਲੇ ਸਮੇਂ 90 ਲੱਖ ਦੇ ਇਸ਼ਤਿਹਾਰ ਦੇਣ ਦੇ ਲੱਗੇ ਦੋਸ਼ਾਂ ਸੰਬੰਧੀ ਵੀ ਸਪੱਸ਼ਟੀਕਰਨ ਮੰਗਿਆ ਗਿਆ ਹੈ। ਬਾਗੀ ਅਕਾਲੀਆਂ ਵੱਲੋਂ ਲਾਏ ਦੋਸ਼ਾਂ ਅਨੁਸਾਰ ਇਹ ਇਸ਼ਤਿਹਾਰ ਸ਼੍ਰੋਮਣੀ ਕਮੇਟੀ ਵੱਲੋਂ ਡੇਰਾ ਸਿਰਸਾ ਮੁਖੀ ਨੂੰ ਦਿੱਤੀ ਗਈ ਮੁਆਫ਼ੀ ਨੂੰ ਸਹੀ ਠਹਿਰਾਉਣ ਲਈ ਜਾਰੀ ਕੀਤੇ ਗਏ ਸਨ।

ਕੀ ਸੁਖਬੀਰ ਬਾਦਲ ਨਿਮਾਣੇ ਸਿੱਖ ਵਜੋਂ ਅਕਾਲ ਤਖਤ ਸਾਹਿਬ ਅੱਗੇ ਪੇਸ਼ ਹੋ ਸਕਣਗੇ ?

ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਸਿੱਖ ਪੰਥ ਦੀ ਪਹਿਰੇਦਾਰੀ ਕਰੇ। ਸੱਚੇ ਤਖਤ ਤੋਂ ਗੈਰ ਸਿਧਾਂਤਕ ਤੇ ਕੂੜ ਦੇ ਫੈਸਲੇ ਅਕਾਲ ਤਖ਼ਤ ਤੋਂ ਨਹੀਂ ਕੀਤੇ ਜਾ ਸਕਦੇ। ਸੁਖਬੀਰ ਸਿੰਘ ਬਾਦਲ ਦਾ ਇਤਿਹਾਸਕ ਫਰਜ ਹੈ ਕਿ ਉਹ ਅਕਾਲ ਤਖਤ ਸਾਹਿਬ ਅੱਗੇ ਪੇਸ਼ ਹੋਕੇ ਸਮੁੱਚੇ ਪੰਥ ਤੋਂ ਆਪਣੇ ਦੋਸ਼ਾਂ ਨੂੰ ਸਵੀਕਾਰ ਕਰਕੇ ਮਾਫ਼ੀ ਮੰਗੇ ਤੇ ਅਕਾਲ ਤਖਤ ਸਾਹਿਬ ਦੀ ਰਹਿਨੁਮਾਈ ਹੇਠ ਆਪਣੇ ਅਸਤੀਫੇ ਦਾ ਐਲਾਨ ਕਰਕੇ ਪੰਥ ਪ੍ਰਵਾਨਿਤ ਪੰਚ ਪ੍ਰਧਾਨੀ ਕਮੇਟੀ ਬਣਾਵੇ ਜੋ ਅਕਾਲੀ ਦਲ ਦੀ ਅਗਵਾਈ ਕਰੇ ਤੇ ਆਪ ਚੋਣ ਨਾ ਲੜੇ। ਇਸ ਸੰਦਰਭ ਵਿੱਚ ਬਾਦਲ ਦਲ ਨੂੰ ਘੱਟੋ-ਘੱਟ ਪਿਛਲੇ 10 ਸਾਲਾਂ ਵਿੱਚ ਲਏ ਗਏ ਪੰਥ ਵਿਰੋਧੀ ਫ਼ੈਸਲਿਆਂ ਦੀ ਅਕਾਲ ਤਖਤ ਸਾਹਿਬ ਵਿਖੇ ਖੁੱਲ੍ਹ ਕੇ ਸਮੀਖਿਆ ਕਰਨੀ ਚਾਹੀਦੀ ਹੈ ਤਾਂ ਜੋ ਅਗਾਂਹ ਗਲਤੀਆਂ ਨਾ ਹੋਣ। ਪਾਰਟੀ ਦੀ ਸਥਾਪਤ ਲੀਡਰਸ਼ਿਪ ਨੂੰ ਇਸ ਗੱਲ ਦਾ ਜਵਾਬ ਦੇਣਾ ਚਾਹੀਦਾ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਿਤ ਘਟਨਾਕ੍ਰਮ ਨਾਲ ਠੀਕ ਤਰ੍ਹਾਂ ਕਿਉਂ ਨਹੀਂ ਨਿਪਟ ਸਕੀ ? ਜੋ ਬੇਅਦਬੀ ਦੇ ਅਸਲ ਦੋਸ਼ੀ ਹਨ, ਉਸ ਨੂੰ ਸਾਹਮਣੇ ਲਿਆਉਣਾ ਚਾਹੀਦਾ ਹੈ ਤੇ ਇਸ ਕਾਰੇ ਪਿਛੇ ਕੌਣ ਦੋਸ਼ੀ ਸੀ ?

ਸ਼੍ਰੋਮਣੀ ਅਕਾਲੀ ਦਲ ਦੇ ਲੀਡਰ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਸ੍ਰੀ ਅਕਾਲ ਸਾਹਿਬ ਵੱਲੋਂ ਸੁਖਬੀਰ ਬਾਦਲ ਤੋਂ ਜੋ ਵੀ ਜਵਾਬ ਮੰਗਿਆ ਗਿਆ ਹੈ, ਉਹ ਹਰ ਇਲਜ਼ਾਮ ਦਾ ਨਿਮਰਤਾ ਨਾਲ ਸਪੱਸ਼ਟੀਕਰਨ ਦੇਣਗੇ।

ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਅਤੇ ਲੀਗਲ ਸੈਲ ਦੇ ਪ੍ਰਧਾਨ ਅਰਸ਼ਦੀਪ ਸਿੰਘ ਕਲੇਰ ਨੇ ਅਕਾਲ ਤਖਤ ਸਾਹਿਬ ਵੱਲੋਂ ਮੰਗੇ ਸ਼ਪੱਸਟੀਕਰਨ 'ਤੇ ਕਿਹਾ ਹੈ ਕਿ ਅਕਾਲ ਤਖਤ ਸਾਹਿਬ ਦੇ ਹਰ ਹੁਕਮ ਦੀ ਪਾਲਣਾ ਸ਼੍ਰੋਮਣੀ ਅਕਾਲੀ ਦਲ ਅਤੇ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੀ ਜਾਵੇਗੀ।

ਸਿੱਖ ਪੰਥ ਦੇ ਬੌਧਿਕ ਹਲਕਿਆਂ ਦਾ ਮੰਨਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਜਿਹੜਾ ਕਿ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਵਾਰਸ ਹੋਣ ਦਾ ਦਾਅਵਾ ਕਰਦਾ ਹੈ, ਹੁਣ ਉਸ ਨੂੰ ਗੁਰੂ ਗ੍ਰੰਥ, ਗੁਰੂ ਪੰਥ ਤੋਂ ਪਿਠ ਨਹੀਂ ਦਿਖਾਉਣੀ ਚਾਹੀਦੀ। ਸਿੱਖ ਸਿਧਾਂਤਾਂ ਵਿੱਚ ਡੇਰਾਵਾਦ ਲਈ ਕੋਈ ਥਾਂ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਇਨ੍ਹਾਂ ਗੱਲਾਂ ਤੋਂ ਬਚਣਾ ਪਵੇਗਾ। ਨਸ਼ਿਆਂ ਵਿਰੁੱਧ ਤੱਕੜੇ ਹੋ ਕੇ ਲਹਿਰ ਚਲਾਉਣੀ ਪਵੇਗੀ। ਕਿਸਾਨੀ ਨੂੰ ਬਚਾਉਣ ਲਈ ਕੁਦਰਤੀ ਖੇਤੀ, ਭਾਰਤ-ਪਾਕਿ ਦੇ ਗੂੜੇ ਸੰਬੰਧਾਂ ਲਈ ਤੇ ਫੈਡਰਲ ਢਾਂਚੇ ਲਈ ਤੱਕੜੇ ਹੋ ਕੇ ਪਹਿਰਾ ਦੇਣਾ ਪਵੇਗਾ। ਅਕਾਲੀ ਦਲ ਦੀ ਹੋਂਦ ਬਚਾਉਣ ਲਈ ਅਕਾਲੀ ਦਲ ਦੀ ਜਿੰਮੇਵਾਰੀ ਪੰਜ ਪ੍ਰਧਾਨੀ ਨੂੰ ਦੇਵੇ ਜੋ ਸੋਝੀਵਾਨ ਹੋਣ ਤੇ ਸਿੱਖ ਪੰਥ ਪ੍ਰਤੀ ਇਮਾਨਦਾਰ ਹੋਣ। ਅਕਾਲ ਤਖਤ ਸਾਹਿਬ ਦੀ ਮਰਿਆਦਾ ਦੇ ਪਹਿਰੀ ਹੋਣ।

.ਪਰ ਅੱਜ ਤਕ ਕਿਸੇ ਸਿੱਖ ਲੀਡਰ ਨੇ ਪੰਥ ਲਈ ਕੁਰਬਾਨ ਹੋਣਾ ਨਹੀਂ ਮਿਥਿਆ ,ਉਸ ਪਾਵਨ ਮਾਰਗ ਦੀ ਥਾਂ ਸੱਤਾ ਦਾ ਕੂੜ ਰਾਹ ਚੁਣਿਆ ਹੈ। ਪੰਥ ਦੇ ਨਾਮ ਉੱਪਰ ਝੂਠੇ ਵਾਅਦੇ ਕੀਤੇ ਗਏ। ਮਹਾਰਾਜ ਕਬੀਰ ਸਾਹਿਬ ਨੇ ਗਿਲਾ ਕੀਤਾ ਕਿ 'ਲੋਗਨ ਰਾਮ ਖਿਲੌਨਾ ਜਾਨਾ' ਅਰਥਾਤ ਲੋਕਾਂ ਨੇ ਤਾਂ ਰਾਮ ਨੂੰ ਖਿਡੌਣਾ ਬਣਾ ਧਰਿਆ ਹੈ -- ਸੌ ਪਾਪ ਕਰ ਕੇ ਵੀ ਪਛਤਾਵਾ ਨਹੀਂ ਕਰਦੇ ਸਗੋਂ ਰਾਮ ਕਥਾ ਦਾ ਪਾਠ ਪੰਡਤ ਕੋਲੋਂ ਕਰਵਾ ਕੇ ਤੇ ਕੁੱਝ ਦਕਸ਼ਣਾ ਦੇ ਕੇ ਕਹਿੰਦੇ ਹਨ ਕਿ ਰਾਮ ਨੇ ਸਭ ਪਾਪ ਧੋ ਦਿਤੇ ਹਨ।

ਕੀ ਹੁਣ ਵੀ ਅਕਾਲੀ ਆਗੂ ਇਸ ਗੰਭੀਰ ਸੰਕਟ ਦੌਰਾਨ ਅਜਿਹਾ ਕਰਨਗੇ ? ਜੇ ਅਕਾਲੀ ਆਗੂ ਅਕਾਲ ਤਖਤ ਸਾਹਿਬ ਉੱਪਰ ਪੇਸ਼ ਹੋ ਕੇ ਸਮਝਣ ਕਿ ਉਨ੍ਹਾਂ ਦੇ ਗੁਨਾਹ ਬਖਸ਼ੇ ਗਏ। (**ਬਾਕੀ ਸਫ਼ਾ** 30 'ਤੇ)

## ਅਕਾਲ ਤਖ਼ਤ ਸਾਹਿਬ ਤੋਂ ਹੋਰ ਹੋਏ ਫੈਸਲੇ

*ਇੱਕ ਮਾਮਲੇ ਵਿੱਚ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਸਮੇਤ ਦੋ ਵਿਅਕਤੀਆਂ ਨੂੰ ਧਾਰਮਿਕ ਤਨਖ਼ਾਹ ਲਗਾਏ ਜਾਣ ਤੋਂ ਇਲਾਵਾ ਵਾਤਾਵਰਨ ਦੀ ਸ਼ੁੱਧਤਾ ਲਈ ਹਰੇਕ ਸਿੱਖ ਨੂੰ ਜੀਵਨ ਵਿੱਚ ਘੱਟੋ-ਘੱਟ ਇੱਕ ਬੂਟਾ ਲਾਉਣ ਅਤੇ ਪਾਣੀ ਦੀ ਸੰਭਾਲ ਕਰਨ ਆਦਿ ਸੰਬੰਧੀ ਵੀ ਅਹਿਮ ਆਦੇਸ਼ ਜਾਰੀ ਕੀਤੇ ਗਏ।

*ਸਿੰਘ ਸਾਹਿਬਾਨ ਵੱਲੋਂ ਗੁਰਦੁਆਰਾ ਸਾਹਿਬਾਨ ਵਿੱਚ ਦਿਨੋਂ-ਦਿਨ ਵੱਧ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਹਰੇਕ ਗੁਰਦੁਆਰਾ ਸਾਹਿਬ ਵਿੱਚ 24 ਘੰਟੇ ਲਈ ਪੱਕੇ ਤੌਰ 'ਤੇ ਸੇਵਾਦਾਰਾਂ ਦੀ ਡਿਊਟੀ ਯਕੀਨੀ ਬਣਾਉਣ ਦਾ ਆਦੇਸ਼ ਜਾਰੀ ਕਰਦਿਆਂ ਕਿਹਾ ਕਿ ਇਸ ਵਿੱਚ ਕੁਤਾਹੀ ਪਾਏ ਜਾਣ 'ਤੇ ਜਾਂ ਬੇਅਦਬੀ ਹੋਣ ਦੀ ਸੂਰਤ ਵਿੱਚ ਸੰਬੰਧਿਤ ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਿੰਮੇਵਾਰ ਹੋਵੇਗੀ ਅਤੇ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ ।

.* ਬਾਬਾ ਦਯਾ ਸਿੰਘ ਮੁਖੀ ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਜੀ ਸੁਰਸਿੰਘ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ 'ਪੰਥ ਸੇਵਕ' ਦਾ ਵਿਸ਼ੇਸ਼ ਸਨਮਾਨ ਦੇਣ ਦਾ ਵੀ ਐਲਾਨ ਕੀਤਾ ਗਿਆ ।

* ਕਰੀਬ ਦੋ ਸਾਲ ਪਹਿਲਾਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ 'ਤੇ ਪ੍ਰਬੰਧਕੀ ਬੋਰਡ ਦੀ ਚੋਣ ਨੂੰ ਲੈ ਕੇ ਪੈਦਾ ਹੋਏ ਵਿਵਾਦ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦਾ ਪਾਲਣ ਨਾ ਕਰਨ ਦੇ ਦੋਸ਼ 'ਚ ਤਨਖ਼ਾਹੀਆ ਕਰਾਰ ਦਿੱਤੇ ਗਏ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਦੇ ਸਿੰਘ ਸਾਹਿਬਾਨ ਅੱਗੇ ਪੇਸ਼ ਹੋਣ 'ਤੇ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸਿੰਘ ਸਾਹਿਬਾਨ ਵੱਲੋਂ ਧਾਰਮਿਕ ਤਨਖ਼ਾਹ ਲਗਾਉਂਦਿਆਂ ਨਿੱਤਨੇਮ ਤੋਂ ਇਲਾਵਾ 11 ਦਿਨ ਜਪੁਜੀ ਸਾਹਿਬ ਦਾ ਪਾਠ ਕਰਨ, ਇਕ ਘੰਟਾ ਕੀਰਤਨ ਸਰਵਣ ਕਰਨ ਤੇ ਅਕਾਲ ਤਖ਼ਤ ਸਾਹਿਬ ਵਿਖੇ 500 ਰੁਪਏ ਦੀ ਕੜਾਹ ਪ੍ਰਸ਼ਾਦਿ ਦੀ ਦੇਗ ਕਰਾਉਣ ਦੀ ਧਾਰਮਿਕ ਤਨਖ਼ਾਹ ਲਗਾਈ ਗਈ ।

* ਇੱਕ ਹੋਰ ਮਾਮਲੇ 'ਚ ਜਗਜੀਤ ਸਿੰਘ ਸੁੱਘਾ ਇੰਦੌਰ ਨੂੰ ਗੁਰਦੁਆਰਾ ਸਿੰਘ ਸਭਾ ਇੰਦੌਰ ਦੀ ਪ੍ਰਬੰਧਕ ਕਮੇਟੀ ਦੀ ਚੋਣ ਮਾਮਲੇ 'ਚ ਅਦਾਲਤ ਵਿੱਚ ਕੀਤੇ ਕੇਸ ਸੰਬੰਧੀ, ਉਸ ਵੱਲੋਂ ਆਪਣੀ ਗਲਤੀ ਦਾ ਅਹਿਸਾਸ ਕਰਦਿਆਂ ਕੇਸ ਵਾਪਸ ਲੈਣ 'ਤੇ ਉਸ ਨੂੰ ਧਾਰਮਿਕ ਤਨਖ਼ਾਹ ਵਜੋਂ ਨਿਤਨੇਮ ਤੋਂ ਇਲਾਵਾ 11 ਦਿਨ ਜਪੁਜੀ ਸਾਹਿਬ ਦਾ ਵਾਧੂ ਪਾਠ ਕਰਨ, 1 ਘੰਟਾ ਕੀਰਤਨ ਸਰਵਣ ਕਰਨ ਤੇ ਲੰਗਰ ਹਾਲ 'ਚ ਬਰਤਨ ਸਾਫ਼ ਕਰਨ ਤੋਂ ਬਾਅਦ ਤਖ਼ਤ ਸਾਹਿਬ ਵਿਖੇ 1 ਹਜ਼ਾਰ ਰੁਪਏ ਦੀ ਕੜਾਹ ਪ੍ਰਸ਼ਾਦਿ ਦੀ ਦੇਗ ਕਰਾਉਣ ਦੀ ਧਾਰਮਿਕ ਤਨਖ਼ਾਹ ਲਾਈ ਗਈ।

* ਇੱਕ ਹੋਰ ਮਾਮਲੇ ਵਿੱਚ ਇੱਕ ਧਾਰਮਿਕ ਡੇਰੇ ਦੇ ਸੰਚਾਲਕ ਬਾਬਾ ਦਰਸ਼ਨ ਸਿੰਘ ਗੁੰਮਟਾਲਾ ਵੱਲੋਂ ਪਰ ਇਸਤਰੀ ਗਾਮੀ ਹੋਣ ਦਾ ਆਪਣੇ 'ਤੇ ਲੱਗਾ ਦੋਸ਼ ਕਬੂਲ ਕਰਨ ਬਾਅਦ ਸਿੰਘ ਸਾਹਿਬਾਨ ਵੱਲੋਂ ਉਸ ਨੂੰ ਪਹਿਲਾਂ ਪੰਜ ਪਿਆਰੇ ਸਾਹਿਬਾਨ ਅੱਗੇ ਪੇਸ਼ ਹੋ ਕੇ ਦੁਬਾਰਾ ਅੰਮ੍ਰਿਤਪਾਨ ਕਰਨ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਸਨਮੁੱਖ ਪੇਸ਼ ਹੋਣ ਦਾ ਆਦੇਸ਼ ਦਿੱਤਾ ਗਿਆ ।

* ਜੰਮੂ ਕਸ਼ਮੀਰ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੁਰੂ ਨਾਨਕ ਨਗਰ ਨਾਲ ਸੰਬੰਧਿਤ 5 ਪ੍ਰਬੰਧਕਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥ 'ਚੋਂ ਛੇਕੇ ਸਾਬਕਾ ਜਥੇਦਾਰ ਦਰਸ਼ਨ ਸਿੰਘ ਰਾਗੀ ਤੋਂ ਕੀਰਤਨ ਕਰਾਉਣ ਦੇ ਮਾਮਲੇ 'ਚ ਆਪਣਾ ਲਿਖਤੀ ਸਪੱਸ਼ਟੀਕਰਨ ਦੇਣ ਦਾ ਆਦੇਸ਼ ਦਿੱਤਾ ਗਿਆ।

* ਇਸ ਮੌਕੇ ਇੱਕ ਹੋਰ ਆਦੇਸ਼ 'ਚ ਆਲਮੀ ਤਪਸ਼ ਅਤੇ ਜਲਵਾਯੂ ਵਿੱਚ ਵਿਸ਼ਵ ਪੱਧਰ 'ਤੇ ਆ ਰਹੀਆਂ ਖ਼ਤਰਨਾਕ ਤਬਦੀਲੀਆਂ ਦੇ ਮੱਦੇਨਜ਼ਰ ਵਾਤਾਵਰਨ ਅਤੇ ਪਾਣੀ ਦੀ ਸਾਂਭ-ਸੰਭਾਲ, ਪੰਛੀਆਂ ਦੀਆਂ ਖ਼ਤਮ ਹੋ ਰਹੀਆਂ ਨਸਲਾਂ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਗਿਆ ਕਿ ਹਰੇਕ ਸਿੱਖ ਆਪਣੇ ਜੀਵਨ 'ਚ ਘੱਟੋ-ਘੱਟ ਇੱਕ ਬੂਟਾ ਜ਼ਰੂਰ ਲਾਵੇ ਤੇ ਪਾਣੀ ਦੀ ਸੰਭਾਲ ਕੀਤੀ ਜਾਵੇ।

## ਅਕਾਲੀ ਦਲ ਦੇ ਬਾਗ਼ੀ ਧੜੇ ਦੇ ਗੁਰਪ੍ਰਤਾਪ ਸਿੰਘ ਵਡਾਲਾ ਕਨਵੀਨਰ ਬਣੇ

### ਅਕਾਲੀ ਦਲ ਸੁਧਾਰ ਲਹਿਰ ਦੀ ਰੂਪ-ਰੇਖਾ ਦਾ ਕੀਤਾ ਐਲਾਨ



ਚੰਡੀਗੜ੍ਹ/ਏ.ਟੀ.ਨਿਊਜ਼ :ਸ਼੍ਰੋਮਣੀ ਅਕਾਲੀ ਦਲ ਵਿੱਚ ਲੰਘੀਆਂ ਚੋਣਾਂ ਬਾਅਦ ਪਾਰਟੀ ਦੀ ਹਾਰ ਨੂੰ ਲੈ ਕੇ ਚੱਲ ਰਹੀ ਸਮੀਖਿਆ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਖ਼ਲ ਦੀ ਕੀਤੀ ਗਈ ਅਪੀਲ ਦੌਰਾਨ ਬਾਗ਼ੀ ਅਕਾਲੀ ਧੜੇ ਵੱਲੋਂ ਚੰਡੀਗੜ੍ਹ ਦੇ ਸੈਕਟਰ 36 ਦੇ ਕਨਵੈਨਸ਼ਨ ਹਾਲ ਵਿਖੇ ਮੀਟਿੰਗ ਕਰਕੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੀ ਰੂਪ-ਰੇਖਾ ਦਾ ਐਲਾਨ ਕੀਤਾ ਗਿਆ। ਮੀਟਿੰਗ ਦੌਰਾਨ ਟਕਸਾਲੀ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਇਸ ਸੁਧਾਰ ਲਹਿਰ ਦਾ ਕਨਵੀਨਰ ਚੁਣਿਆ ਗਿਆ। ਮੀਟਿੰਗ ਉਪਰੰਤ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਪੰਜਾਬ ਦੇ ਹਿੱਤਾਂ ਦੀ ਰਾਖੀ ਅਤੇ ਪੰਜਾਬ ਨਾਲ ਹੋ ਰਹੀ ਧੱਕੇਸ਼ਾਹੀ ਅਤੇ ਵਿਤਕਰਿਆਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਅਤੇ ਪੰਜਾਬ ਦੇ ਪਾਣੀਆਂ ਅਤੇ ਖੇਤੀਬਾੜੀ ਦੇ ਮਸਲੇ ਅਤੇ ਲੀਡਰਸ਼ਿਪ ਦੇ ਸੰਕਟ ਅਤੇ ਸ਼੍ਰੋਮਣੀ ਕਮੇਟੀ ਵਿੱਚ ਸੁਧਾਰ ਲਿਆਉਣ ਅਤੇ ਚੰਡੀਗੜ੍ਹ ਤੇ ਪੰਜਾਬੀ ਬੋਲੀ ਦੇ ਮਾਮਲਿਆਂ ਅਤੇ ਬੀ. ਬੀ. ਐਮ. ਬੀ. ਵਿੱਚ ਪੰਜਾਬ ਦੀ ਹਿੱਸੇਦਾਰੀ ਤੇ ਨਵੇਂ ਤਾਨਾਸ਼ਾਹੀ ਕਾਨੂੰਨਾਂ ਅਤੇ ਸਿੱਖ ਨੌਜਵਾਨ 'ਤੇ ਐਨ. ਐਸ. ਏ. ਲਗਾਉਣ ਦੇ ਵਿਰੋਧ ਅਤੇ ਨਸ਼ਿਆਂ ਵਰਗੇ ਅਹਿਮ ਮੁੱਦਿਆਂ 'ਤੇ ਸੂਬੇ ਭਰ ਵਿੱਚ ਮੁਹਿੰਮ ਚਲਾਉਣ ਦਾ ਫ਼ੈਸਲਾ ਲਿਆ ਗਿਆ ਹੈ। ਜਿਸ ਅਧੀਨ ਫਿਲਹਾਲ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਫ਼ਤਹਿਗੜ੍ਹ ਸਾਹਿਬ, ਪਟਿਆਲਾ, ਬਠਿੰਡਾ ਅਤੇ ਚੰਡੀਗੜ੍ਹ ਵਿਖੇ ਉਕਤ ਮੁੱਦਿਆਂ 'ਤੇ ਸੈਮੀਨਾਰ ਵੀ ਕਰਵਾਏ ਜਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ 30 ਜੁਲਾਈ ਨੂੰ ਜਥੇਦਾਰ ਮੋਹਨ ਸਿੰਘ ਤੁੜ ਦੀ ਬਰਸੀ, 20 ਅਗਸਤ ਨੂੰ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ, 24 ਸਤੰਬਰ ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ 100ਵਾਂ ਜਨਮ ਦਿਨ ਮਨਾਉਣ ਦਾ ਫ਼ੈਸਲਾ ਕੀਤਾ ਗਿਆ ।

**ਬਾਗ਼ੀ ਖੇਮੇ ਨੇ ਪਾਰਟੀ ਵਿੱਚੋਂ ਕੱਢੇ ਆਗੂਆਂ ਨੂੰ ਵਾਪਸੀ ਦਾ ਸੱਦਾ ਦਿੱਤਾ**

ਉਨ੍ਹਾਂ ਸਮੁੱਚੇ ਸਿੱਖ ਭਾਈਚਾਰੇ ਨੂੰ ਸ਼੍ਰੋਮਣੀ ਕਮੇਟੀ ਦੀਆਂ ਬਣ ਰਹੀਆਂ ਵੋਟਾਂ ਲਈ ਆਪਣੀਆਂ ਵੋਟਾਂ ਬਣਾਉਣ ਅਤੇ ਇਸ ਮੰਤਵ ਲਈ ਸਿੱਖਾਂ ਨੂੰ ਜਾਗਰੂਕ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਜੋ ਪਾਰਟੀ ਆਗੂ ਅਤੇ ਕਾਰਕੁੰਨ ਸੁਖਬੀਰ ਸਿੰਘ ਬਾਦਲ ਦੀ ਕਾਰਜਸ਼ੈਲੀ ਕਰਕੇ ਪਾਰਟੀ ਛੱਡ ਗਏ ਸਨ ਜਾਂ ਉਨ੍ਹਾਂ ਨੂੰ ਬਿਨਾਂ ਕਿਸੇ ਕਾਰਨ ਪਾਰਟੀ 'ਚੋਂ ਕੱਢ ਦਿੱਤਾ ਗਿਆ ਸੀ, ਉਨ੍ਹਾਂ ਸਾਰਿਆਂ ਨੂੰ ਵਾਪਸ ਪਾਰਟੀ ਵਿੱਚ ਆ ਕੇ ਪਾਰਟੀ ਨੂੰ ਮਜ਼ਬੂਤ ਕਰਨ ਦੀ ਅਪੀਲ ਵੀ ਕੀਤੀ ।ਵਡਾਲਾ ਨੇ ਸਮੁੱਚੇ ਸਿੱਖ ਪੰਥ ਨੂੰ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦਾ ਹਿੱਸਾ ਬਣਨ ਲਈ ਵੀ ਕਿਹਾ। ਮੀਟਿੰਗ ਉਪਰੰਤ ਅਕਾਲੀ ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਵੱਲੋਂ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੁਖਦੇਵ ਸਿੰਘ ਢੀਂਡਸਾ, ਬੀਬੀ ਜਗੀਰ ਕੌਰ, ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ, ਪਰਮਿੰਦਰ ਸਿੰਘ ਢੀਂਡਸਾ, ਚਰਨਜੀਤ ਸਿੰਘ ਬਰਾੜ, ਸੁਰਿੰਦਰ ਸਿੰਘ ਭੁਲੇਵਾਲ ਰਾਠਾਂ, ਬਲਦੇਵ ਸਿੰਘ ਮਾਨ, ਗਗਨਜੀਤ ਸਿੰਘ ਬਰਨਾਲਾ, ਜਥੇ. ਸੰਤਾ ਸਿੰਘ ਉਮੈਦਪੁਰੀ, ਭਾਈ ਮਨਜੀਤ ਸਿੰਘ, ਸੁੱਚਾ ਸਿੰਘ ਛੋਟੇਪੁਰ, ਕਰਨੈਲ ਸਿੰਘ ਪੰਜੋਲੀ, ਜਸਟਿਸ ਨਿਰਮਲ ਸਿੰਘ, ਸਰਵਨ ਸਿੰਘ ਫਿਲੌਰ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਸਤਵਿੰਦਰ ਕੌਰ ਧਾਲੀਵਾਲ, ਹਰਿੰਦਰਪਾਲ ਸਿੰਘ ਟੌਹੜਾ, ਬੀਬੀ ਕਿਰਨਜੀਤ ਕੌਰ, ਬੀਬੀ ਹਰਜੀਤ ਕੌਰ ਤਲਵੰਡੀ, ਬੀਬੀ ਪਰਮਜੀਤ ਕੌਰ ਲਾਂਡਰਾਂ, ਬਾਬੂ ਪ੍ਰਕਾਸ਼ ਚੰਦ ਗਰਗ, ਬੀਬੀ ਪਰਮਜੀਤ ਕੌਰ ਗੁਲਸ਼ਨ ਆਦਿ ਵੀ ਹਾਜ਼ਰ ਸਨ ।

# ਕੀ ਚੀਨ ਦੀ ਆਰਥਿਕਤਾ ਕਦੇ ਵੀ ਅਮਰੀਕਾ ਨੂੰ ਪਛਾੜ ਦੇਵੇਗੀ ?

## ਚੀਨ ਦੀ ਆਰਥਿਕਤਾ ਡੱਕਣ ਲਈ ਅਮਰੀਕਾ ਸਰਗਰਮ

## ਤਾਇਵਾਨ ਨਾਲ ਤਕਰਾਰ ਕਾਰਨ ਪਛੜ ਸਕਦੈ ਚੀਨ

ਕਈ ਦਹਾਕਿਆਂ ਤੋਂ ਨੀਤੀ ਨਿਰਮਾਤਾ ਅਤੇ ਅਰਥ ਸ਼ਾਸਤਰੀ ਵਾਂਗ ਵੇਨ ਭਵਿੱਖਬਾਣੀ ਕਰ ਰਿਹਾ ਹੈ ਕਿ ਚੀਨ ਅਮਰੀਕਾ ਨੂੰ ਪਛਾੜ ਕੇ ਦੁਨੀਆਂ ਦੀ ਸਭ ਤੋਂ ਵੱਡੀ ਅਰਥ-ਵਿਵਸਥਾ ਬਣ ਸਕਦਾ ਹੈ। ਦਰਅਸਲ, ਚੀਨ ਵਿੱਚ 75 ਕਰੋੜ ਤੋਂ ਵੱਧ ਕਰਮਚਾਰੀ ਹਨ।



2008-09 ਦੇ ਵਿੱਤੀ ਸੰਕਟ ਤੋਂ ਬਾਅਦ, ਅਮਰੀਕਾ ਅਤੇ ਯੂਰਪ ਵਿੱਚ ਵਿਕਾਸ ਦਰ ਕਈ ਸਾਲਾਂ ਤੱਕ ਘੱਟ ਰਹੀ। ਇਸ ਸੰਕਟ ਤੋਂ ਬਾਅਦ ਇਹ ਭਵਿੱਖਬਾਣੀ ਕੀਤੀ ਜਾ ਰਹੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਚੀਨ ਅਮਰੀਕਾ ਨੂੰ ਪਛਾੜ ਕੇ ਦੁਨੀਆ ਦੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ। ਮਹਾਂ ਉਦਾਸੀ ਵਜੋਂ ਜਾਣੇ ਜਾਂਦੇ ਸੰਕਟ ਕਰੋਨਾ ਤੋਂ ਪਹਿਲਾਂ, ਚੀਨ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਵਿੱਚ ਘੱਟੋ-ਘੱਟ ਪੰਜ ਸਾਲਾਂ ਲਈ ਦੋ ਅੰਕਾਂ ਦਾ ਵਾਧਾ ਦੇਖਿਆ ਗਿਆ ਸੀ। ਇਸ ਸੰਕਟ ਤੋਂ ਬਾਅਦ ਵੀ ਚੀਨ ਦੀ ਅਰਥਵਿਵਸਥਾ 6 ਤੋਂ 9 ਫੀਸਦੀ ਸਾਲਾਨਾ ਦੀ ਦਰ ਨਾਲ ਵਧਦੀ ਰਹੀ ਸੀ। ਹਾਲਾਂਕਿ, ਇਹ ਕੋਰੋਨਾ ਮਹਾਂਮਾਰੀ ਦੇ ਆਉਣ ਨਾਲ ਇਹ ਵਾਧਾ ਰੁਕ ਗਿਆ ਸੀ।

ਕਰੋਨਾ ਮਹਾਂਮਾਰੀ ਦੇ ਕਾਰਨ, ਇੱਕ ਸਖ਼ਤ ਤਾਲਾਬੰਦੀ ਲਾਗੂ ਕੀਤੀ ਗਈ ਸੀ ਅਤੇ ਆਰਥਿਕਤਾ ਢਹਿ ਗਈ ਸੀ। ਚੀਨ ਲਈ ਸੰਕਟ ਦਾ ਦੌਰ ਇੱਥੇ ਹੀ ਖਤਮ ਨਹੀਂ ਹੋਇਆ ਸੀ। ਇਸ ਦਾ ਰੀਅਲ ਅਸਟੇਟ ਸੈਕਟਰ ਵੀ ਵੱਡੀ ਮੁਸੀਬਤ ਵਿੱਚ ਫਸ ਗਿਆ ਸੀ। ਇਸ ਸੈਕਟਰ ਨੇ ਚੀਨ ਦੀ ਅਰਥਵਿਵਸਥਾ ਨੂੰ ਹੁਲਾਰਾ ਦੇਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਰੀਅਲ ਅਸਟੇਟ ਦਾ ਚੀਨ ਦੀ ਆਰਥਿਕਤਾ ਵਿੱਚ ਇੱਕ ਤਿਹਾਈ ਯੋਗਦਾਨ ਸੀ। 2020 ਵਿੱਚ, ਚੀਨ ਨੇ ਇੱਕ ਸੀਮਾ ਤੈਅ ਕਰ ਦਿਤੀ ਸੀ ਕਿ ਪ੍ਰਾਪਰਟੀ ਡਿਵੈਲਪਰ ਕਿੰਨਾ ਲੋਨ ਲੈ ਸਕਦੇ ਹਨ। ਇਸ ਕਾਰਨ ਕਈ ਕੰਪਨੀਆਂ ਦੀਵਾਲੀਆ ਹੋ ਗਈਆਂ ਸਨ। ਇੱਕ ਅੰਦਾਜ਼ੇ ਮੁਤਾਬਕ 2 ਕਰੋੜ ਤੋਂ ਵੱਧ ਅਧੂਰੇ ਜਾਂ ਦੇਰੀ ਨਾਲ ਪਏ ਮਕਾਨ ਨਹੀਂ ਵੇਚੇ ਜਾ ਸਕੇ। ਨਤੀਜਾ ਇਹ ਹੋਇਆ ਕਿ ਅੱਜ ਚੀਨ ਵਿੱਚ ਕਈ ਥਾਵਾਂ ’ਤੇ ਘਰ ਦੂਰ-ਦੂਰ ਤੋਂ ਦਿਸਦੇ ਹਨ ਪਰ ਉਨ੍ਹਾਂ ਵਿਚ ਕੋਈ ਨਹੀਂ ਰਹਿੰਦਾ। ਇਹ ਭੂਤੀਆ ਖੇਤਰ ਚੀਨ ਦੇ ਰੀਅਲ ਅਸਟੇਟ ਸੈਕਟਰ ਦੀ ਦੁਰਦਸ਼ਾ ਨੂੰ ਦਰਸਾਉਂਦੇ ਹਨ।

ਲਗਭਗ ਉਸੇ ਸਮੇਂ, ਪੱਛਮ ਨਾਲ ਵਪਾਰਕ ਸਬੰਧਾਂ ਵਿੱਚ ਗਿਰਾਵਟ ਨੇ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਆਰਥਿਕਤਾ ਵਿੱਚ ਵਿਕਾਸ ਨੂੰ ਹੌਲੀ ਕਰ ਦਿੱਤਾ। ਦਹਾਕਿਆਂ ਤੱਕ ਚੀਨ ਦੀ ਸਰਦਾਰੀ ਨੂੰ ਅੱਗੇ ਵਧਾਉਣ ਦੇ ਬਾਅਦ, 2010 ਦੇ ਅਖੀਰ ਤੱਕ, ਅਮਰੀਕਾ ਨੇ ਚੀਨ ਦੀਆਂ ਆਰਥਿਕ ਅਤੇ ਫੌਜੀ ਇੱਛਾਵਾਂ ਨੂੰ ਕਾਬੂ ਕਰਨ ਲਈ ਆਪਣੀ ਨੀਤੀ ਬਦਲ ਦਿੱਤੀ ਹੈ।

ਚੀਨ ਦੀ ਆਰਥਿਕਤਾ ਇੰਨੀ ਤੇਜ਼ੀ ਨਾਲ ਬਦਲ ਗਈ ਕਿ ਲਗਭਗ ਇੱਕ ਸਾਲ ਪਹਿਲਾਂ ਇੱਕ ਨਵਾਂ ਸ਼ਬਦ ਉਭਰਿਆ: ‘ਪੀਕ ਚਾਈਨਾ’। ਇਸ ਥਿਊਰੀ ਮੁਤਾਬਕ ਚੀਨ ਦੀ ਅਰਥਵਿਵਸਥਾ ਹੁਣ ਕਈ ਢਾਂਚਾਗਤ ਸਮੱਸਿਆਵਾਂ ਨਾਲ ਜੂਝ ਰਹੀ ਹੈ। ਜਿਵੇਂ ਕਿ, ਭਾਰੀ ਕਰਜ਼ਾ, ਘਟਦੀ ਉਤਪਾਦਕਤਾ, ਘੱਟ ਖਪਤ ਅਤੇ ਵਧਦੀ ਬਜ਼ੁਰਗ ਆਬਾਦੀ। ਇਹ ਕਮਜ਼ੋਰੀਆਂ, ਤਾਈਵਾਨ ਬਾਰੇ ਭੂ-ਰਾਜਨੀਤਿਕ ਤਣਾਅ ਅਤੇ ਪੱਛਮ ਨਾਲ ਇਸ ਦੇ ਵਪਾਰ ਦੇ ਅਲੱਗ ਹੋਣ ਦੇ ਨਾਲ, ਇਹ ਸੰਭਾਵਨਾਵਾਂ ਨੂੰ ਜਨਮ ਦਿੰਦੀਆਂ ਹਨ ਕਿ ਦੁਨੀਆਂ ਦੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਦੀਆਂ ਚੀਨ ਦੀਆਂ ਇੱਛਾਵਾਂ ਵਿੱਚ ਦੇਰੀ ਹੋ ਸਕਦੀ ਹੈ ਜਾਂ ਸ਼ਾਇਦ ਇਹ ਕਦੇ ਵੀ ਪੂਰੀ ਨਾ ਹੋਵੇ।

ਹਾਲਾਂਕਿ ਇਸ ਪੂਰੇ ਮੁੱਦੇ ’ਤੇ ਚੀਨ ਦੀ ਰੇਨਮਿਨ ਯੂਨੀਵਰਸਿਟੀ ਦੇ ਚੋਂਗਯਾਂਗ ਇੰਸਟੀਚਿਊਟ ਫਾਰ ਫਾਈਨੈਂਸ਼ੀਅਲ ਸਟੱਡੀਜ਼ ਦੇ ਵਾਂਗ ਵੇਨ ਨੇ ਦੱਸਿਆ ਕਿ ਪੀਕ ਚਾਈਨਾ ਇੱਕ ‘ਮਿੱਥ’ ਹੈ। ਚੀਨ ਦਾ ਕੁੱਲ ਆਰਥਿਕ ਉਤਪਾਦਨ 2021 ਵਿੱਚ ਅਮਰੀਕਾ ਦੇ ਉਤਪਾਦਨ ਦੇ ਲਗਭਗ 80 ਪ੍ਰਤੀਸ਼ਤ ਤੱਕ ਪਹੁੰਚ ਗਿਆ ਸੀ।

ਚੀਨੀ ਅਰਥਵਿਵਸਥਾ ਦੀ ਮਾਹਿਰ ਬ੍ਰੈਂਡਟ ਕਹਿੰਦੀ ਹੈ ਕਿ ਵਿੱਤੀ ਸੰਕਟ ਤੋਂ ਬਾਅਦ ਉਤਪਾਦਨ ਸਮਰੱਥਾ ਵਿੱਚ ਗਿਰਾਵਟ ਆਈ ਹੈ। ਹੁਣ ਇਹ 2008 ਤੋਂ ਪਹਿਲਾਂ ਦੇ ਮੁਕਾਬਲੇ ਇੱਕ ਚੌਥਾਈ ਰਹਿ ਗਈ ਹੈ।

ਬਰਾਂਟ ਨੇ ਦਸਿਆ ਕਿ ਇਹ ਇੱਕ ਅਰਥਵਿਵਸਥਾ ਹੈ ਜਿਸ ਨੇ ਖੋਜ ਅਤੇ ਵਿਕਾਸ ਦੇ ਨਾਲ-ਨਾਲ ਲੋਕਾਂ ਅਤੇ ਉੱਚ-ਪੱਧਰ ਦੇ ਬੁਨਿਆਦੀ ਢਾਂਚੇ ਵਿੱਚ ਬਹੁਤ ਜ਼ਿਆਦਾ ਨਿਵੇਸ਼ ਕੀਤਾ ਹੈ। ਹਾਲਾਂਕਿ, ਇਸਦਾ ਲਾਭ ਇਸ ਤਰੀਕੇ ਨਾਲ ਨਹੀਂ ਲਿਆ ਜਾ ਰਿਹਾ ਹੈ ਜੋ ਆਰਥਿਕਤਾ ਵਿੱਚ ਵਿਕਾਸ ਨੂੰ ਕਾਇਮ ਰੱਖਣ ਵਿੱਚ ਮਦਦ ਕਰ ਸਕਦਾ ਹੈ। ਸ਼ੀ ਜਿਨਪਿੰਗ ਦੇ ਸੱਤਾ ਵਿੱਚ ਬਣੇ ਰਹਿਣ ਕਾਰਨ ਉਮੀਦ ਨਾਲੋਂ ਉਲਟ ਨਤੀਜੇ ਸਾਹਮਣੇ ਆਏ ਹਨ।ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਅਧੀਨ, ਚੀਨ ਉਦਯੋਗਾਂ ਦੀ ਸਰਕਾਰੀ ਮਾਲਕੀ ਦੇ ਰਾਹੀਂ ਅਰਥ ਵਿਵਸਥਾ ਦੇ ਵਧੇਰੇ ਕੇਂਦਰੀਕਰਨ ਵੱਲ ਵਧਿਆ ਹੈ। ਚੀਨ ਦੇ ਨੇਤਾਵਾਂ ਨੇ ਫੈਸਲਾ ਕੀਤਾ ਕਿ ਵਿਕਾਸ ਦੀ ਅਗਲੀ ਲਹਿਰ ਘਰੇਲੂ ਖਪਤ ’ਤੇ ਅਧਾਰਿਤ ਹੋਵੇਗੀ, ਜਿਸ ਨਾਲ ਦੇਸ਼ ਨੂੰ ਵਿਦੇਸ਼ੀ ਨਿਰਯਾਤ ’ਤੇ ਘੱਟ ਨਿਰਭਰ ਰਹਿਣਾ ਪਵੇਗਾ। 2000 ਦੇ ਦਹਾਕੇ ਦੇ ਅਖੀਰ ਵਿੱਚ, ਚੀਨੀ ਅਰਥਚਾਰੇ ਦਾ ਲਗਭਗ ਦੋ ਤਿਹਾਈ ਹਿੱਸਾ ਨਿੱਜੀ ਖੇਤਰ ਦਾ ਸੀ, ਪਰ ਪਿਛਲੇ ਸਾਲ ਦੇ ਪਹਿਲੇ ਅੱਧ ਤੱਕ ਇਹ ਹਿੱਸਾ ਘਟ ਕੇ 40 ਪ੍ਰਤੀਸ਼ਤ ਰਹਿ ਗਿਆ ਸੀ। ਸਰਕਾਰ ਦੁਆਰਾ ਚਲਾਏ ਜਾਣ ਵਾਲੇ ਅਤੇ ਮਿਸ਼ਰਤ-ਮਾਲਕੀਅਤ ਦੇ ਖੇਤਰ ਦਾ ਦਾਇਰਾ ਕਾਫ਼ੀ ਵਧਿਆ ਹੈ। ਫਾਰਚੂਨ ਮੈਗਜ਼ੀਨ ਦੀ ਪ੍ਰਮੁੱਖ ਗਲੋਬਲ ਕੰਪਨੀਆਂ ਦੀ ਰੈਂਕਿੰਗ ਦੀ ਸੂਚੀ ਵਿੱਚ ਜ਼ਿਆਦਾਤਰ ਚੀਨੀ ਕੰਪਨੀਆਂ ਸ਼ਾਮਲ ਹਨ, ਪਰ ਇਹ ਕੰਪਨੀਆਂ ਅਮਰੀਕੀ ਕੰਪਨੀਆਂ ਦੇ ਮੁਕਾਬਲੇ ਬਹੁਤ ਘੱਟ ਮੁਨਾਫਾ ਹਾਸਲ ਕਰਨ ਦੇ ਯੋਗ ਹਨ। ਉਨ੍ਹਾਂ ਦਾ ਔਸਤ ਮੁਨਾਫ਼ਾ 4.4 ਫ਼ੀਸਦੀ ਹੈ। ਜਦੋਂ ਕਿ ਅਮਰੀਕੀ ਬਹੁਕੌਮੀ ਕੰਪਨੀਆਂ ਦਾ ਔਸਤ ਮੁਨਾਫਾ 11.3 ਫੀਸਦੀ ਹੈ।

ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਇਨ੍ਹਾਂ ਸਾਰੇ ਕਾਰਨਾਂ ਨਾਲ ਚੀਨ ਦੀ ਅਰਥਵਿਵਸਥਾ ਜਾਪਾਨ ਦੇ ਰਾਹ ’ਤੇ ਜਾ ਸਕਦੀ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ, ਜਾਪਾਨ ਦੀ ਆਰਥਿਕਤਾ ਤੇਜ਼ੀ ਨਾਲ ਵਧੀ। ਇਹ ਵਾਧਾ ਦਹਾਕਿਆਂ ਤੱਕ ਜਾਰੀ ਰਿਹਾ। ਸ਼ੇਅਰ ਬਾਜ਼ਾਰ ਅਤੇ ਰੀਅਲ ਅਸਟੇਟ ’ਚ ਜ਼ਬਰਦਸਤ ਉਛਾਲ ਦੇਖਣ ਨੂੰ ਮਿਲਿਆ। ਉਸ ਦੌਰਾਨ ਕੁਝ ਅਰਥ ਸ਼ਾਸਤਰੀਆਂ ਨੇ ਭਵਿੱਖਬਾਣੀ ਕੀਤੀ ਸੀ ਕਿ ਜਾਪਾਨ ਅਮਰੀਕਾ ਨੂੰ ਪਛਾੜ ਕੇ ਦੁਨੀਆਂ ਦੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ। ਹਾਲਾਂਕਿ, ਇਹ ਬੁਲਬੁਲਾ 1992 ਵਿੱਚ ਫਟ ਗਿਆ ਅਤੇ ਜਾਪਾਨ ਦੀ ਆਰਥਿਕਤਾ ਪੂਰੀ ਤਰ੍ਹਾਂ ਨਾਲ ਢਹਿ ਗਈ। ਉਦੋਂ ਤੋਂ, ਜਾਪਾਨ ਆਪਣੀ ਆਰਥਿਕਤਾ ਨੂੰ ਆਪਣੇ ਪੁਰਾਣੇ ਯੁੱਗ ਵਿੱਚ ਵਾਪਸ ਲਿਆਉਣ ਵਿੱਚ ਸਫਲ ਨਹੀਂ ਹੋਇਆ ।ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਚੀਨ ਦੇ ਤਾਇਵਾਨ ਨਾਲ ਟਕਰਾਅ ਕਾਰਨ ਚੀਨੀ ਅਰਥ ਵਿਵਸਥਾ ਨੂੰ ਵੱਡੀ ਢਾਹ ਲਗ ਸਕਦੀ ਹੈ।ਅਮਰੀਕਾ ਤਾਇਵਾਨ ਦੀ ਮਦਦ ਕਰ ਰਿਹਾ ਹੈ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ

ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com


CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੇਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com


# ਸ਼੍ਰੋਮਣੀ ਕਮੇਟੀ ਨੇ ਕਰਵਾਇਆ ਭਾਈ ਗਜਿੰਦਰ ਸਿੰਘ ਨਮਿਤ ਸ਼ਰਧਾਂਜਲੀ ਸਮਾਗਮ

## ਜਲਾਵਤਨੀ ਸਿੱਖ ਯੋਧੇ ਦਾ ਖ਼ਿਤਾਬ ਭਾਈ ਗਜਿੰਦਰ ਸਿੰਘ ਦੇ ਪਰਿਵਾਰ ਨੂੰ ਅਕਾਲ ਤਖ਼ਤ ਸਾਹਿਬ ਤੋਂ ਦਿੱਤਾ ਜਾਵੇਗਾ : ਜਥੇਦਾਰ

## ਜਥੇਦਾਰ ਵੱਲੋਂ ਗਜਿੰਦਰ ਸਿੰਘ ਸਮੇਤ ਤਿੰਨ ਖਾੜਕੂਆਂ ਦੀਆਂ ਤਸਵੀਰਾਂ ਅਜਾਇਬ ਘਰ 'ਚ ਲਗਾਉਣ ਦਾ ਆਦੇਸ਼

ਅੰਮ੍ਰਿਤਸਰ/ਏ.ਟੀ.ਨਿਊਜ਼: ਦਲ ਖ਼ਾਲਸਾ ਦੇ ਮੋਢੀ ਆਗੂ ਭਾਈ ਗਜਿੰਦਰ ਸਿੰਘ, ਜੋ ਬੀਤੇ ਦਿਨੀਂ ਪਾਕਿਸਤਾਨ ਅੰਦਰ ਅਕਾਲ ਚਲਾਣਾ ਕਰ ਗਏ ਸਨ, ਨਮਿਤ ਬੀਤੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਲ ਖ਼ਾਲਸਾ ਅਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਪੰਥਕ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।





ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਭਾਈ ਗਜਿੰਦਰ ਸਿੰਘ ਪੰਥਕ ਸੰਘਰਸ਼ ਦੇ ਉਹ ਯੋਧੇ ਸਨ, ਜਿਨ੍ਹਾਂ ਨੇ ਆਪਣੇ ਜੀਵਨ ਦਾ ਵੱਡਾ ਹਿੱਸਾ ਕੌਮ ਦੇ ਲੇਖੇ ਲਾਇਆ। ਉਨ੍ਹਾਂ ਕਿਹਾ ਕਿ ਭਾਈ ਗਜਿੰਦਰ ਸਿੰਘ ਨੇ ਜਲਾਵਤਨੀ ਭਰੀ ਜ਼ਿੰਦਗੀ ਵਿੱਚ ਰਹਿੰਦਿਆਂ ਵੀ ਕੌਮੀ ਅਜ਼ਾਦੀ ਦੇ ਸੰਘਰਸ਼ ਪ੍ਰਤੀ ਆਪਣੀ ਦ੍ਰਿੜ੍ਹਤਾ ਤੇ ਸਮਰਪਣ ਭਾਵਨਾ ਨਾਲ ਸਮਝੌਤਾ ਨਹੀਂ ਕੀਤਾ ਅਤੇ ਉਹ ਪੰਥਕ ਸਿਧਾਂਤਾਂ 'ਤੇ ਪਹਿਰਾ ਦਿੰਦੇ ਰਹੇ। ਉਨ੍ਹਾਂ ਕਿਹਾ ਕਿ ਕੌਮ ਨੂੰ ਇਸ ਗੱਲ ਦਾ ਦੁੱਖ ਹੈ ਕਿ ਜਿਸ ਦੇਸ਼ ਵਿੱਚ ਅਸੀਂ ਰਹਿ ਰਹੇ ਹਾਂ, ਉਥੋਂ ਦੀਆਂ ਸਰਕਾਰਾਂ ਨੇ ਕਦੇ ਵੀ ਸਾਡੇ ਹੱਕਾਂ ਦਾ ਖ਼ਿਆਲ ਨਹੀਂ ਕੀਤਾ। 1947 ਦੀ ਦੇਸ਼ ਵੰਡ ਤੋਂ ਬਾਅਦ ਸਾਨੂੰ ਜਰਾਇਮ ਪੇਸ਼ਾ ਕਿਹਾ ਗਿਆ ਅਤੇ ਅਜ਼ਾਦ ਖਿੱਤੇ ਦਾ ਕੀਤਾ ਵਾਅਦਾ ਵੀ ਪੂਰਾ ਨਹੀਂ ਕੀਤਾ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਅੱਜ ਵੀ ਸਾਡੇ ਕਈ ਸੰਘਰਸ਼ੀ ਯੋਧੇ ਆਪਣੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਜੇਲ੍ਹਾਂ ਵਿੱਚ ਬੰਦ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀ ਬੇਇਨਸਾਫ਼ੀ ਅੱਜ ਵੀ ਜਾਰੀ ਹੈ ਅਤੇ ਨਵੇਂ ਬਣਾਏ ਕਾਨੂੰਨਾਂ ਤਹਿਤ ਦੇਸ਼ ਧ੍ਰੋਹ ਦਾ ਪਹਿਲਾ ਪਰਚਾ ਵੀ ਸਿੱਖ 'ਤੇ ਹੀ ਦਰਜ ਕੀਤਾ ਗਿਆ ਹੈ। ਅਜਿਹੇ ਵਰਤਾਰੇ ਕਾਰਨ ਸਿੱਖਾਂ ਅੰਦਰ ਰੋਸ ਪੈਦਾ ਹੋਣਾ ਕੁਦਰਤੀ ਹੈ।

ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਭਾਈ ਗਜਿੰਦਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਲਾਵਤਨੀ ਸਿੱਖ ਯੋਧੇ ਦਾ ਖਿਤਾਬ ਦਿੱਤਾ ਗਿਆ ਹੈ, ਜਿਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥਕ ਪ੍ਰੰਪਰਾਵਾਂ ਅਨੁਸਾਰ ਸਮਾਗਮ ਕਰਕੇ ਇਹ ਸਨਮਾਨ ਉਨ੍ਹਾਂ ਦੇ ਪਰਿਵਾਰ ਨੂੰ ਸੌਂਪਿਆ ਜਾਵੇਗਾ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਵੀ ਅਪੀਲ ਕੀਤੀ ਕਿ ਭਾਈ ਗਜਿੰਦਰ ਸਿੰਘ, ਭਾਈ ਹਰਦੀਪ ਸਿੰਘ ਨਿੱਝਰ ਤੇ ਭਾਈ ਪਰਮਜੀਤ ਸਿੰਘ ਪੰਜਵੜ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਉਣ ਲਈ ਕਾਰਵਾਈ ਕਰੇ।

ਇਸ ਮੌਕੇ ਦਲ ਖ਼ਾਲਸਾ ਦੇ ਆਗੂ ਭਾਈ ਕੰਵਰਪਾਲ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਾਈ ਗਜਿੰਦਰ ਸਿੰਘ ਕਿਸੇ ਇੱਕ ਜਥੇਬੰਦੀ ਦੇ ਨਹੀਂ, ਸਗੋਂ ਸਮੁੱਚੇ ਖ਼ਾਲਸਾ ਪੰਥ ਦੇ ਸਨ ਅਤੇ ਪੰਥ ਵੱਲੋਂ ਉਨ੍ਹਾਂ ਨੂੰ ਬਹੁਤ ਸਤਿਕਾਰ ਮਿਲਿਆ। ਭਾਈ ਗਜਿੰਦਰ ਸਿੰਘ ਨੇ 53 ਸਾਲ ਸੰਘਰਸ਼ ਦੇ ਲੇਖੇ ਲਾਏ ਅਤੇ ਅਨੇਕਾਂ ਤਸ਼ੱਦਦ ਝੱਲੇ। ਉਨ੍ਹਾਂ ਭਾਈ ਗਜਿੰਦਰ ਸਿੰਘ ਦੇ ਜੀਵਨ ਬਾਰੇ ਗੱਲ ਕਰਦਿਆਂ ਉਨ੍ਹਾਂ ਨੂੰ ਸਿੱਖ ਰਹਿਤ ਮਰਯਾਦਾ ਦਾ ਪਹਿਰੇਦਾਰ ਦੱਸਿਆ। ਉਨ੍ਹਾਂ ਸਮਾਗਮ ਵਿੱਚ ਪਹੁੰਚੀਆਂ ਸਮੁੱਚੀਆਂ ਜਥੇਬੰਦੀਆਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਭਾਈ ਗਜਿੰਦਰ ਸਿੰਘ ਦੇ ਭਰਾ ਭਾਈ ਦਰਸ਼ਨ ਸਿੰਘ ਅਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨ ਦਿੱਤਾ।

ਸਮਾਗਮ 'ਚ ਸ਼ਾਮਲ ਹੋਣ ਪੁੱਜੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਈ ਗਜਿੰਦਰ ਸਿੰਘ ਨੂੰ ਸ਼ਰਧਾਜਲੀ ਭੇਟ ਕੀਤੀ ਅਤੇ ਉਨ੍ਹਾਂ ਦੇ ਸਿੱਖ ਕੌਮ ਨੂੰ ਸਮਰਪਿਤ ਜੀਵਨ ਦੀ ਸ਼ਲਾਘਾ ਕੀਤੀ। ਐਡਵੋਕੇਟ ਧਾਮੀ ਨੇ ਭਾਈ ਗਜਿੰਦਰ ਸਿੰਘ ਨੂੰ ਦ੍ਰਿੜ੍ਹ ਸ਼ਖ਼ਸੀਅਤ ਕਰਾਰ ਦਿੰਦਿਆਂ ਆਖਿਆ ਕਿ ਕਈ ਮੁਸੀਬਤਾਂ ਦੇ ਬਾਵਜੂਦ ਵੀ ਅਟੱਲ ਰਹੇ।

ਸਮਾਗਮ 'ਚ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਭਾਈ ਮਨਜੀਤ ਸਿੰਘ, ਭਾਈ ਅਜਾਇਬ ਸਿੰਘ ਅਭਿਆਸੀ, ਬੀਬੀ ਕਿਰਨਜੋਤ ਕੌਰ, ਸ. ਕਰਨੈਲ ਸਿੰਘ ਪੰਜੋਲੀ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸਪੁੱਤਰ ਭਾਈ ਈਸ਼ਰ ਸਿੰਘ, ਜਥੇਦਾਰ ਭਾਈ ਜਸਬੀਰ ਸਿੰਘ ਰੋਡੇ, ਸ. ਸਿਮਰਨਜੀਤ ਸਿੰਘ ਮਾਨ, ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ, ਭਾਈ ਕੰਵਰਪਾਲ ਸਿੰਘ ਦਲ ਖ਼ਾਲਸਾ, ਸ. ਪਰਮਜੀਤ ਸਿੰਘ ਮੰਡ, ਪ੍ਰੋ. ਬਲਜਿੰਦਰ ਸਿੰਘ, ਸ. ਨਰੈਣ ਸਿੰਘ ਚੌੜਾ ਆਦਿ ਮੌਜੂਦ ਸਨ।

## ਮਾਮਲਾ ਭਾਈ ਟਿੰਮਾ ਵਿਰੁੱਧ ਦੇਸ਼ ਧ੍ਰੋਹ ਦੇ ਪਰਚੇ ਦਾ

# ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਸ੍ਰੀ ਗੰਗਾਨਗਰ ਦੇ ਪੁਲਿਸ ਮੁਖੀ ਨੂੰ ਦਿੱਤਾ ਪੱਤਰ, ਪਰਚਾ ਰੱਦ ਕਰਨ ਦੀ ਮੰਗ

## ਟਿੰਮਾ ਅਨੁਸਾਰ ਐੱਫ.ਆਈ.ਆਰ. ਅਕਾਲ ਤਖ਼ਤ ਸਾਹਿਬ ਵੱਲੋਂ ਛੇਕੇ ਲਖਵਿੰਦਰ ਦੀ ਸ਼ਿਕਾਇਤ 'ਤੇ ਹੋਈ

ਅੰਮ੍ਰਿਤਸਰ/ਏ.ਟੀ.ਨਿਊਜ਼ : ਬੀਤੇ ਦਿਨੀਂ ਰਾਜਸਥਾਨ ਦੇ ਸਿੱਖ ਆਗੂ ਤੇਜਿੰਦਰਪਾਲ ਸਿੰਘ ਟਿੰਮਾ ਦੇ ਵਿਰੁੱਧ ਦੇਸ਼ ਧ੍ਰੋਹ ਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਨ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਇੱਕ ਵਫ਼ਦ ਨੇ ਸ੍ਰੀ ਗੰਗਾਨਗਰ ਜ਼ਿਲ੍ਹਾ ਦੇ ਪੁਲਿਸ ਮੁਖੀ ਸ੍ਰੀ ਗੌਰਵ ਯਾਦਵ ਨਾਲ ਮੁਲਾਕਾਤ ਕਰਕੇ ਇਹ ਪਰਚਾ ਰੱਦ ਕਰਨ ਦੀ ਮੰਗ ਕੀਤੀ। ਸ਼੍ਰੋਮਣੀ ਕਮੇਟੀ ਵਫ਼ਦ ਵਿੱਚ ਮੈਂਬਰ ਸੁਰਜੀਤ ਸਿੰਘ ਭਿੱਟੇਵੱਡ,



ਭਾਈ ਅਮਰਜੀਤ ਸਿੰਘ ਚਾਵਲਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਜਗਸੀਰ ਸਿੰਘ ਮਾਂਗੇਆਣਾ ਸ਼ਾਮਲ ਸਨ। ਸ਼੍ਰੋਮਣੀ ਕਮੇਟੀ ਵਫ਼ਦ ਨੇ ਪੁਲਿਸ ਮੁਖੀ ਨੂੰ ਲਿਖਤੀ ਮੰਗ ਪੱਤਰ ਸੌਂਪਦਿਆਂ ਕਿਹਾ ਕਿ ਭਾਈ ਤੇਜਿੰਦਰਪਾਲ ਸਿੰਘ ਟਿੰਮਾ ਖ਼ਿਲਾਫ਼ ਲਗਾਏ ਦੋਸ਼ ਬਿਲਕੁਲ ਬੇਬੁਨਿਆਦ ਹਨ ਅਤੇ ਇਹ ਸਿੱਖਾਂ ਨਾਲ ਅਨਿਆਂ ਵੀ ਹੈ। ਇਸ ਨਾਲ ਸਿੱਖ ਕੌਮ ਅੰਦਰ ਭਾਰੀ ਰੋਸ ਦੀ ਭਾਵਨਾ ਪੈਦਾ ਹੋਈ ਹੈ, ਜਿਸ ਦੇ ਮੱਦੇਨਜ਼ਰ ਇਹ ਪਰਚਾ ਤੁਰੰਤ ਰੱਦ ਕੀਤਾ ਜਾਵੇ।

ਸ਼੍ਰੋਮਣੀ ਕਮੇਟੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤਰਫ਼ੋਂ ਸਿੱਖ ਸੰਸਥਾ ਦੇ ਵਫ਼ਦ ਮੈਂਬਰਾਂ ਨੇ ਕਿਹਾ ਕਿ ਤੇਜਿੰਦਰਪਾਲ ਸਿੰਘ ਟਿੰਮਾ ਇੱਕ ਸਿੱਖ ਆਗੂ ਵਜੋਂ ਧਰਮ ਪ੍ਰਚਾਰ ਖੇਤਰ ਅਤੇ ਸਮਾਜ ਭਲਾਈ ਦੇ ਕਾਰਜਾਂ ਵਿੱਚ ਰਾਜਸਥਾਨ ਸੂਬੇ ਅੰਦਰ ਜ਼ਿਕਰਯੋਗ ਕਾਰਜ ਕਰ ਰਹੇ ਹਨ। ਅਜਿਹੀ ਸ਼ਖ਼ਸੀਅਤ ਨੂੰ ਕੁਝ ਲੋਕਾਂ ਵੱਲੋਂ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਭਾਈਚਾਰਕ ਸਾਂਝਾਂ ਵਿੱਚ ਵਿਗਾੜ ਪੈਦਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਯਾਦ ਰਹੇ ਕਿ ਭਾਈ ਟਿੰਮਾ ਨੂੰ 1984 ਵਿੱਚ ਆਪ੍ਰੇਸ਼ਨ ਬਲੂ ਸਟਾਰ ਦੌਰਾਨ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਕੌਮੀ ਸੁਰੱਖਿਆ ਕਾਨੂੰਨ (ਐੱਨ.ਐਸ.ਏ.) ਤਹਿਤ ਜੋਧਪੁਰ ਜੇਲ੍ਹ ਵਿੱਚ ਰੱਖਿਆ ਗਿਆ ਸੀ। ਉਨ੍ਹਾਂ ਨੇ ਪੰਜਾਬ ਵਿੱਚ (ਬਾਕੀ ਸਫ਼ਾ 30 'ਤੇ)

# ਰਾਜਪਾਲ ਹੀ ਰਹੇਗਾ ਪੰਜਾਬ ਦੀਆਂ ਯੂਨੀਵਰਸਿਟੀਆਂ ਦਾ ਚਾਂਸਲਰ

## ਰਾਸ਼ਟਰਪਤੀ ਵੱਲੋਂ ਸੋਧ ਬਿੱਲ ਨੂੰ ਮਨਜ਼ੂਰੀ ਤੋਂ ਇਨਕਾਰ





ਚੰਡੀਗੜ੍ਹ/ਏ.ਟੀ. ਨਿਊਜ਼ : ਪੰਜਾਬ ਦੇ ਰਾਜਪਾਲ ਵੱਲੋਂ ਭੇਜੇ ਗਏ 'ਪੰਜਾਬ ਯੂਨੀਵਰਸਿਟੀ ਲਾਅਜ਼ (ਸੋਧ) ਬਿੱਲ 2023' ਨੂੰ ਰਾਸ਼ਟਰਪਤੀ ਨੇ ਬਿਨਾਂ ਮਨਜ਼ੂਰੀ ਦੇ ਪੰਜਾਬ ਸਰਕਾਰ ਕੋਲ ਬੇਰੰਗ ਮੋੜ ਦਿੱਤਾ ਹੈ। ਪੰਜਾਬ ਵਿਧਾਨ ਸਭਾ ਨੇ ਪਿਛਲੇ ਸਾਲ 21 ਜੂਨ ਨੂੰ ਇਹ ਬਿੱਲ ਸਰਬਸੰਮਤੀ ਨਾਲ ਪਾਸ ਕੀਤਾ ਸੀ। ਬਿੱਲ ਤਹਿਤ ਸੂਬੇ ਦੀਆਂ 12 ਸਟੇਟ ਯੂਨੀਵਰਸਿਟੀਆਂ ਦੇ ਕੁਲਪਤੀ ਦੀ ਸ਼ਕਤੀ ਰਾਜਪਾਲ ਤੋਂ ਮੁੱਖ ਮੰਤਰੀ ਕੋਲ ਤਬਦੀਲ ਹੋਣੀ ਸੀ। ਰਾਸ਼ਟਰਪਤੀ ਨੇ ਪਿਛਲੇ ਹਫ਼ਤੇ ਇਹ ਬਿੱਲ ਪੰਜਾਬ ਰਾਜ ਭਵਨ ਨੂੰ ਵਾਪਸ ਕਰ ਦਿੱਤਾ ਸੀ। ਰਾਜ ਭਵਨ ਦੇ ਸੂਤਰਾਂ ਅਨੁਸਾਰ ਰਾਸ਼ਟਰਪਤੀ ਨੂੰ ਮਨਜ਼ੂਰੀ ਵਾਸਤੇ ਭੇਜੇ ਤਿੰਨ ਬਿੱਲਾਂ 'ਚੋਂ ਇਹ ਉਪਰੋਕਤ ਬਿੱਲ ਵਾਪਸ ਭੇਜ ਦਿੱਤਾ ਗਿਆ ਹੈ। ਪੰਜਾਬ ਦੇ ਰਾਜਪਾਲ ਨੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਤਿੰਨ ਬਿੱਲ ਭਾਰਤੀ ਸੰਵਿਧਾਨ ਦੀ ਧਾਰਾ 200 ਅਧੀਨ ਭਾਰਤ ਦੇ ਰਾਸ਼ਟਰਪਤੀ ਲਈ ਆਪਣੇ ਕੋਲ ਰਾਖਵੇਂ ਰੱਖ ਲਏ ਸਨ। ਰਾਜਪਾਲ ਨੇ ਮਗਰੋਂ ਇਹ ਤਿੰਨੋਂ ਬਿੱਲ 'ਪੰਜਾਬ ਯੂਨੀਵਰਸਿਟੀ ਲਾਅਜ਼ (ਸੋਧ) ਬਿੱਲ 2023', 'ਪੰਜਾਬ ਪੁਲੀਸ (ਸੋਧ) ਬਿੱਲ' ਅਤੇ 'ਸਿੱਖ ਗੁਰਦੁਆਰਾ (ਸੋਧ) ਬਿੱਲ' ਰਾਸ਼ਟਰਪਤੀ ਕੋਲ ਭੇਜ ਦਿੱਤੇ ਸਨ। (ਬਾਕੀ ਸਫ਼ਾ 30 'ਤੇ)

# ਪਾਣੀ ਦੀਆਂ ਸਰਕਾਰੀ ਤੋਪਾਂ ਮੋੜਨ ਵਾਲਾ ਨਵਦੀਪ ਸਿੰਘ ਜਲਬੇੜਾ ਰਿਹਾਅ

ਜਲੰਧਰ/ਏ.ਟੀ.ਨਿਊਜ਼ : ਅੰਬਾਲਾ ਵਿੱਚ ਕਿਸਾਨਾਂ ਦੇ ਪ੍ਰਦਰਸ਼ਨ ਤੋਂ ਇੱਕ ਰਾਤ ਪਹਿਲਾਂ ਪਾਣੀ ਦੀਆਂ ਸਰਕਾਰੀ ਤੋਪਾਂ ਮੋੜਨ ਵਾਲਾ ਤੇ ਕਿਸਾਨ ਮੋਰਚੇ ਦੇ ਮਾਰਚ ਨੂੰ ਸਫਲ ਕਰਨ ਵਾਲਾ ਜੁਝਾਰੂ ਨਾਇਕ ਨਵਦੀਪ ਸਿੰਘ ਜਲਬੇੜਾ ਨੂੰ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਗਿਆ ਹੈ। ਹਾਈਕੋਰਟ ਨੇ ਨਵਦੀਪ ਨੂੰ ਜ਼ਮਾਨਤ ਦਿੱਤੀ ਸੀ। ਰਿਹਾਈ ਮਗਰੋਂ ਨਵਦੀਪ ਨੇ ਰਿਹਾਈ ਲਈ ਯੋਗਦਾਨ ਦੇਣ ਵਾਲੇ ਹਰ ਕਿਸੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੰਬਾਲਾ ਵਿੱਚ ਹੀ ਅਨਾਜ ਮੰਡੀ ਵਿੱਚ ਕਿਸਾਨਾਂ ਦਾ ਇਕੱਠ ਹੋਵੇਗਾ ਜਿਸ ਵਿੱਚ ਅਗਲੀ ਰਣਨੀਤੀ ਤਿਆਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਦੋਂ ਤੱਕ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ ਕਿਉਂਕਿ ਇਹ ਨਸਲਾਂ ਦੀ ਲੜਾਈ ਬਣ ਚੁੱਕੀ ਹੈ। ਨਵਦੀਪ ਦੀ ਰਿਹਾਈ ਤੋਂ ਬਾਅਦ ਕਿਸਾਨ ਆਗੂਆਂ ਨੇ ਐਸ.ਪੀ. ਦਫ਼ਤਰ ਦਾ ਘਿਰਾਓ ਕਰਨ ਦੇ ਫੈਸਲੇ ਨੂੰ ਮੁਲਤਵੀ ਕਰ ਦਿੱਤਾ ਹੈ। ਯਾਦ ਰਹੇ ਕਿ ਨਵਦੀਪ ਨੂੰ ਮਾਰਚ ਵਿੱਚ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੌਰਾਨ ਗ੍ਰਿਫਤਾਰ ਕੀਤਾ ਗਿਆ ਸੀ। ਉਸ 'ਤੇ ਦੰਗੇ ਅਤੇ ਕਤਲ ਦੀ ਕੋਸ਼ਿਸ਼ ਦਾ ਦੋਸ਼ ਲਗਾਇਆ ਗਿਆ ਸੀ।



# ਸ਼ਿਵ ਸੈਨਾ ਟਕਸਾਲੀ ਦੇ ਆਗੂ ਸੁਧੀਰ ਸੂਰੀ ਦੇ ਦੋਵੇਂ ਪੁੱਤਰ ਫਿਰੌਤੀ ਵਸੂਲਣ ਦੇ ਮਾਮਲੇ 'ਚ ਗ੍ਰਿਫ਼ਤਾਰ

ਅੰਮ੍ਰਿਤਸਰ/ਏ.ਟੀ.ਨਿਊਜ਼ : ਇੱਕ ਦੁਕਾਨਦਾਰ ਤੋਂ 6 ਲੱਖ ਦੀ ਫ਼ਿਰੌਤੀ ਵਸੂਲਣ ਦੇ ਮਾਮਲੇ 'ਚ ਪੁਲਿਸ ਨੇ ਸ਼ਿਵ ਸੈਨਾ ਦੇ 2 ਨੌਜਵਾਨ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜੋ ਕਿ ਸ਼ਿਵ ਸੈਨਾ ਟਕਸਾਲੀ ਦੇ ਆਗੂ ਸੁਧੀਰ ਸੂਰੀ ਦੇ ਪੁੱਤਰ ਹਨ ਤੇ ਪੁਲਿਸ ਨੇ ਦੋਵਾਂ ਨੂੰ ਸੁਰੱਖਿਆ ਛੱਤਰੀ ਦਿੱਤੀ ਹੋਈ ਸੀ ਤੇ ਇਹ ਦੋਵੇਂ ਹੀ ਪੁਲਿਸ ਦੇ ਗੰਨਮੈਨ ਲੈ ਕੇ ਘੁੰਮਦੇ ਸਨ। ਪੁਲਿਸ ਕਮਿਸ਼ਨਰ ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਆਗੂਆਂ ਦੀ ਸ਼ਨਾਖਤ ਪਾਰਸ ਸੂਰੀ ਤੇ ਮਾਣਕ ਸੂਰੀ ਪੁੱਤਰ ਸੁਧੀਰ ਸੂਰੀ ਵਜੋਂ ਹੋਈ ਹੈ। ਇਹ ਮਾਮਲਾ ਬੀਤੇ 26 ਜੂਨ ਦਾ ਹੈ ਜਦੋਂ ਕਸ਼ਮੀਰ ਐਵੀਨਿਊ ਦੇ ਰਹਿਣ ਵਾਲੇ ਸ੍ਰੀ ਕਮਲ ਕਾਂਤ ਨਾਮ ਦੇ ਦੁਕਾਨਦਾਰ, ਜਿਸਦੀ ਦੀਪ ਇਨਕਲੇਵ 'ਚ ਮੋਬਾਈਲ ਫੋਨ ਤੇ ਲੈਪਟਾਪ ਦੀ ਦੁਕਾਨ ਹੈ, ਨੇ ਪੁਲਿਸ ਨੂੰ ਦੱਸਿਆ ਕਿ ਇਹ ਦੋਵੇਂ ਆਗੂ ਉਸਦੀ ਦੁਕਾਨ 'ਤੇ ਆਏ ਤੇ ਕਿਹਾ ਕਿ ਉਹ ਮੋਬਾਈਲ ਫੋਨ 'ਚ ਜਾਅਲੀ ਚਿੱਪਾਂ ਲਗਾ ਕੇ ਵੇਚਦਾ ਹੈ ਤੇ ਉਹ ਇਸ ਲਈ ਉਸਦੀ ਦੁਕਾਨ ਤੋਂ (ਬਾਕੀ ਸਫ਼ਾ 30 'ਤੇ)



## ਦਰਪਣ ਝੂਠ ਨਹੀਂ ਬੋਲਦਾ

# ਕੀ ਅਕਾਲੀ ਦਲ ਦਾ ਸੰਕਟ ਅਕਾਲ ਤਖ਼ਤ ਦੇ ਜਥੇਦਾਰ ਲਈ ਵੀ ਤਿਲਕਣ ਵਾਲਾ ਮੈਦਾਨ ਹੈ ?

## ਨਵੀਂ, ਸਿਧਾਂਤਕ, ਸੋਝੀਵਾਨ ਲੀਡਰਸ਼ਿਪ ਦੀ ਲੋੜ, ਜੋ ਪੰਥਕ ਸੰਕਟਾਂ ਨਾਲ ਜੂਝ ਸਕੇ

### ਅਕਾਲੀ ਲੀਡਰਸ਼ਿਪ ਦੀ ਕਿਉਂ ਵਧੀ ਸਿੱਖ ਚਿੰਤਕਾਂ ਤੋਂ ਦੂਰੀ ?

ਟਾਈਮਜ ਆਫ ਇੰਡੀਆ ਦੇ ਸੀਨੀਅਰ ਪੱਤਰਕਾਰ ਆਈ. ਪੀ. ਸਿੰਘ. ਨੇ ਬੀਤੇ ਦਿਨੀਂ ਇਸ ਅਖਬਾਰ ਵਿੱਚ ਮੌਜੂਦਾ ਅਕਾਲੀ ਸੰਕਟ ਤੇ ਅਕਾਲ ਤਖਤ ਸਾਹਿਬ ਉੱਪਰ ਹੋਣ ਵਾਲੇ ਫੈਸਲਿਆਂ ਬਾਰੇ ਟਿਪਣੀ ਕੀਤੀ ਹੈ। ਆਈਪੀ ਸਿੰਘ ਦਾ ਮੰਨਣਾ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਅਸੰਤੁਸ਼ਟ ਅਕਾਲੀ ਦਲ ਦੇ ਆਗੂਆਂ ਵੱਲੋਂ ਕੀਤੀਆਂ ਭੁੱਲਾਂ ਦੀ ਮੁਆਫ਼ੀ ਮੰਗਣ ਲਈ ਦਿੱਤੇ ਗਏ ਪੱਤਰ ’ਤੇ ਵਿਚਾਰ ਕਰਨ ਲਈ ਪੰਜ ਸਿੰਘ ਸਾਹਿਬਾਨ 15 ਦਿਨਾਂ ਅੰਦਰ ਫੈਸਲਾ ਕਰਨਗੇ। ਅਕਾਲ ਤਖਤ ਸਾਹਿਬ ਵਿਖੇ ਬੀਤੇ ਦਿਨੀਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ ਸੀ ਜਿਸ ਵਿੱਚ ਪਿਛਲੇ ਦਿਨੀਂ ਬਾਗੀ ਅਕਾਲੀ ਧੜੇ ਵੱਲੋਂ ਲਾਏ ਗਏ ਦੋਸ਼ਾਂ ਸਬੰਧੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ 15 ਦਿਨਾਂ ਅੰਦਰ ਨਿੱਜੀ ਤੌਰ ’ਤੇ ਪੇਸ਼ ਹੋ ਕੇ ਸਪਸ਼ਟੀਕਰਨ ਦੇਣ ਦਾ ਹੁਕਮ ਦਿੱਤਾ ਗਿਆ।

ਇਸ ਬਹੁ-ਪੱਧਰੀ ਮੁੱਦੇ ’ਤੇ ਕੰਮ ਕਰਦੇ ਹੋਏ ਅਕਾਲ ਤਖਤ ਦੇ ਜਥੇਦਾਰ ਲਈ ਇਹ ਤਿਲਕਣ ਵਾਲੀ ਜ਼ਮੀਨ ਹੈ ਆਈ.ਪੀ. ਸਿੰਘ ਨੇ ਮੰਨਿਆ ਹੈ ਕਿ ਅਕਾਲੀ ਲੀਡਰਸ਼ਿਪ, ਜਿਸ ਵਿੱਚ ਸੁਖਬੀਰ ਦਾ ਧੜਾ ਅਤੇ ਅਸੰਤੁਸ਼ਟ ਅਰਥਾਤ ਬਾਗੀ ਧੜਾ ਸ਼ਾਮਲ ਹਨ, ਦੋਵੇਂ ਸਿੱਖ ਕੌਮ ਵਿੱਚ ਭਰੋਸੇਯੋਗਤਾ ਦੇ ਸੰਕਟ ਦਾ ਸਾਹਮਣਾ ਕਰ ਰਹੇ ਹਨ। ਸਿੰਘ ਸਾਹਿਬਾਨ ਨੂੰ ਵੀ ਭਰੋਸੇਯੋਗਤਾ ਦੇ ਮੁੱਦਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਖਾਸ ਤੌਰ ’ਤੇ ਉਸ ਸਮੇਂ ਅਕਾਲ ਤਖਤ ਸਾਹਿਬ ਤੋਂ ਹੋਏ ਦੇ ਕੁਝ ਫੈਸਲਿਆਂ ਅਤੇ ਬੀਤੇ ਸਾਲਾਂ ਦੌਰਾਨ ਲਏ ਗਏ ਫੈਸਲਿਆਂ ਕਾਰਨ, ਉਨ੍ਹਾਂ ਦੇ ਅਧਿਕਾਰ, ਕਾਰਜ ਖੇਤਰ, ਜ਼ਿੰਮੇਵਾਰੀ ਬਨਾਮ ਪਹਿਰੇਦਾਰੀ ਵਿੱਚ ਗਿਰਾਵਟ ਆਈ ਹੈ।

ਪੱਤਰਕਾਰ ਆਈ.ਪੀ. ਸਿੰਘ ਆਖਦੇ ਹਨ ਕਿ ਭਾਵੇਂ ਅਕਾਲ ਤਖ਼ਤ ਨੂੰ ਸਿੱਖਾਂ ਦਾ ਸਰਵਉੱਚ ਧਾਰਮਿਕ ਅਸਥਾਨ ਮੰਨਿਆ ਜਾਂਦਾ ਹੈ, ਪਰ ਇਹ ਸਪੱਸ਼ਟ ਹੋ ਗਿਆ ਹੈ ਕਿ ਸਿੱਖ ਸੰਗਤ ਜਥੇਦਾਰਾਂ ਤੋਂ ਇਹ ਉਮੀਦ ਕਰਦੀ ਹੈ ਕਿ ਉਹ ਸਿਧਾਂਤ ਤੇ ਸੱਚ ਨੂੰ ਪ੍ਰਮੁੱਖ ਰਖਕੇ ਫੈਸਲੇ ਕਰਨ। ਜਥੇਦਾਰਾਂ ਵੱਲੋਂ ਜਾਰੀ ਗੈਰਸਿਧਾਂਤਕ ਹਦਾਇਤਾਂ ਜਾਂ ਫ਼ੈਸਲਿਆਂ ਨੂੰ ਸਿੱਖ ਪੰਥ ਅੰਤਿਮ ਹੁਕਮ ਵਜੋਂ ਪ੍ਰਵਾਨ ਕਰਨ ਨੂੰ ਤਿਆਰ ਨਹੀਂ।

ਆਈ.ਪੀ. ਸਿੰਘ ਦਾ ਮੰਨਣਾ ਹੈ ਕਿ ਜਦੋਂ ਤੱਕ ਜਥੇਦਾਰ ਨਿਰਪੱਖਤਾ, ਸੱਚ ਅਤੇ ਉਚਿਤ ਮਿਹਨਤ ਨਾਲ ਸਿਧਾਂਤਬਧ ਫੈਸਲਾ ਨਹੀਂ ਕਰਦੇ ਸਿੱਖ ਪੰਥ ਉਨ੍ਹਾਂ ਚਿਰ



ਇਹਨਾਂ ਫੈਸਲਿਆਂ ਨੂੰ ਨਹੀਂ ਸਵੀਕਾਰ ਕਰੇਗਾ।

ਆਈ. ਪੀ. ਸਿੰਘ ਇਸ ਸੰਕਟ ਦੇ ਇਤਿਹਾਸਕ ਪਿਛੋਕੜ ਦਾ ਜ਼ਿਕਰ ਕਰਦੇ ਆਖਦੇ ਹਨ ਕਿ ਦੋ ਸਤੰਬਰ 2015 ਵਿੱਚ ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰ ਗੁਰਬਚਨ ਸਿੰਘ ਅਤੇ ਹੋਰ ਸਿੰਘ ਸਾਹਿਬਾਨ ਨੇ ਡੇਰਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਇੱਕਤਰਫਾ ਤੌਰ ’ਤੇ ‘ਮਾਫ਼’ ਕਰ ਦਿੱਤਾ ਸੀ, ਤਾਂ ਇਸ ਫੈਸਲੇ ਦੀ ਵਿਆਪਕ ਆਲੋਚਨਾ ਹੋਈ ਸੀ ਅਤੇ ਸਿੱਖਾਂ ਨੇ ਵਿਰੋਧ ਪ੍ਰਦਰਸ਼ਨ ਕੀਤਾ ਸੀ। ਇਸ ਕਦਮ ਨੇ ਅਕਾਲ ਤਖ਼ਤ ਦੇ ਜਥੇਦਾਰ ਦੀ ਭਰੋਸੇਯੋਗਤਾ ਅਤੇ ਅਧਿਕਾਰ ਨੂੰ ਹੇਠਲੇ ਪੱਧਰ ’ਤੇ ਪਹੁੰਚਾ ਦਿੱਤਾ ਸੀ।

ਕੁਝ ਹਫ਼ਤਿਆਂ ਬਾਅਦ ਜਥੇਦਾਰ ਨੂੰ ਇਹ ਵਿਵਾਦਤ ਫ਼ੈਸਲਾ ਵਾਪਸ ਲੈਣਾ ਪਿਆ। ਹੁਣ ਕਰੀਬ ਨੌਂ ਸਾਲਾਂ ਬਾਅਦ ਸਾਬਕਾ ਜਥੇਦਾਰ ਨੂੰ ਆਪਣੇ ਸਮੇਂ ਦੇ ਕੁਝ ਹੋਰ ਗੈਰ ਲੋਕਪ੍ਰਿਅ ਫੈਸਲਿਆਂ ਦੇ ਨਾਲ-ਨਾਲ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੁਝ ਮੌਕਿਆਂ ’ਤੇ, 2015 ਦੇ ਵਿਵਾਦ ਤੋਂ ਪਹਿਲਾਂ ਅਤੇ ਬਾਅਦ ਵਿੱਚ, ਜਥੇਦਾਰਾਂ ਵੱਲੋਂ ਲਏ ਗਏ ਫੈਸਲਿਆਂ ਦੀ ਸਿੱਖ ਪੰਥ ਵੱਲੋਂ ਆਲੋਚਨਾ ਹੋਈ ਸੀ। ਇਸ ਸੰਕਟ ਦਾ ਜਥੇਦਾਰ ਅਕਾਲ ਤਖਤ ਨੂੰ ਸਾਹਮਣਾ ਕਰਨਾ ਪਿਆ ਸੀ।

ਅਕਾਲ ਤਖ਼ਤ ਦੇ ਜਥੇਦਾਰ ਦੇ ਅਧਿਕਾਰ ਖੇਤਰ ਵਿੱਚ ਗਿਰਾਵਟ ਉਦੋਂ ਸ਼ੁਰੂ ਹੋਈ ਜਦੋਂ 1999 ਵਿੱਚ 10ਵੀਂ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਵੱਲੋਂ ਤਤਕਾਲੀ ਜਥੇਦਾਰ ਭਾਈ ਰਣਜੀਤ ਸਿੰਘ ਨੂੰ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਅੰਮ੍ਰਿਤਸਰ ਦੇ ਸਰਕਟ ਹਾਊਸ ਤੋਂ ਨਵੇਂ ਕਾਰਜਕਾਰੀ ਜਥੇਦਾਰ ਦੀ ਨਿਯੁਕਤੀ ਦਾ ਐਲਾਨ ਕੀਤਾ ਸੀ।

ਇਹ ਉਲੇਖਯੋਗ ਹੈ ਕਿ ਸ਼੍ਰੋਮਣੀ ਕਮੇਟੀ ਤੇ ਜਥੇਦਾਰ ਤਤਕਾਲੀ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੀ ਇੱਛਾ ਅਨੁਸਾਰ ਕੰਮ ਕਰ ਰਹੇ ਸਨ। ਉਦੋਂ ਤੋਂ ਹੀ ਸਿੱਖ ਪੰਥ ਵਿੱਚ ਇਹ ਧਾਰਨਾ ਬਣੀ ਹੋਈ ਸੀ ਕਿ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਅਕਾਲੀ ਦਲ ਦੇ ਪ੍ਰਮੁੱਖ ਆਗੂਆਂ ਖਾਸ ਕਰਕੇ ਬਾਦਲਾਂ ਦੀ ਮਰਜ਼ੀ ਅਨੁਸਾਰ ਕੰਮ ਕਰਦੇ ਸਨ।

ਆਈ.ਪੀ. ਸਿੰਘ ਦਾ ਵਿਚਾਰ ਹੈ ਕਿ ਮੌਜੂਦਾ ਜਥੇਦਾਰ ਲਈ ਜਿਹੜੀ ਗੱਲ ਪੇਚੀਦਾ ਹੈ, ਉਹ ਇਹ ਹੈ ਕਿ ਅਸੰਤੁਸ਼ਟ ਅਕਾਲੀ ਆਗੂਆਂ ਨੇ ਜਿਨ੍ਹਾਂ ‘ਗਲਤੀਆਂ’ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਉਨ੍ਹਾਂ ਵਿੱਚ ਸਾਬਕਾ ਜਥੇਦਾਰ ਗੁਰਬਚਨ ਸਿੰਘ ਅਤੇ ਹੋਰ ਉੱਚ ਜਥੇਦਾਰ ਸ਼ਾਮਲ ਹਨ। ਇਸ ਤੋਂ ਇਲਾਵਾ, ਸਿੱਖ ਪੰਥ ਨੂੰ ਦਰਪੇਸ਼ ਧਾਰਮਿਕ ਅਤੇ ਰਾਜਨੀਤਿਕ ਚੁਣੌਤੀਆਂ ਵਧ ਗਈਆਂ ਹਨ। ਇਹ ਚੁਣੌਤੀ ਜਥੇਦਾਰ ਨੂੰ ਨਾ ਸਿਰਫ ਨਿਰਪੱਖ ਦਿਖਾਈ ਦੇਣ ਦੀ ਹੈ ਬਲਕਿ ਇਸ ਬੇਮਿਸਾਲ ਸੰਕਟ ਦਾ ਕਲਪਨਾਤਮਕ ਹੱਲ ਲੱਭਣ ਦੀ ਚੁਣੌਤੀ ਦਾ ਚੈਲਿੰਜ ਵੀ ਹੈ। ਅਕਾਲੀ ਦਲ ਦੀ ਹਾਰ ਦਾ ਕਾਰਨ ਇਹੀ ਹੈ ਕਿ ਅਕਾਲੀ ਮਹਾਂਰਥੀਆਂ ਨੇ ਤਕਰੀਬਨ ਇੱਕ ਸਦੀ ਤੱਕ ਆਪਣੀ ਸਿਆਸਤ ਅਜਿਹੀ ਕੀਤੀ ਹੈ ਜਿਸ ਦਾ ਵਿਰੋਧ ਸਿੱਖ ਪੰਥ ਵੱਲੋਂ ਹੋ ਰਿਹਾ ਹੈ। ਪਿਛਲੇ ਸਮੇਂ ਵਿੱਚ ਅਕਾਲ ਤਖ਼ਤ ਦੇ ਜਥੇਦਾਰ, ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਸਿੱਖ ਬੁੱਧੀਜੀਵੀਆਂ ਨਾਲ ਸਰਗਰਮੀ ਨਾਲ ਸਾਂਝ ਪਾਉਂਦੇ ਸਨ, ਪਰ ਸਾਲਾਂ ਦੌਰਾਨ ਇਨ੍ਹਾਂ ਸੰਸਥਾਵਾਂ ਅਤੇ ਕੌਮ ਦੇ ਬੁੱਧੀਜੀਵੀਆਂ ਵਿਚਕਾਰ ਦੂਰੀ ਵਧਦੀ ਗਈ ਹੈ।

ਆਈ. ਪੀ. ਸਿੰਘ ਦਾ ਇਹ ਵਿਚਾਰ ਸਿੱਖ ਪੰਥ ਲਈ ਪੜ੍ਹਨਯੋਗ ਹੈ ਤੇ ਜਥੇਦਾਰਾਂ ਲਈ ਵੀ ਤੇ ਅਕਾਲੀ ਦਲ ਦੇ ਮਹਾਂਰਥੀਆਂ ਲਈ ਵੀ। ਸਿੱਖ ਬੋਧਿਕ ਹਲਕਿਆਂ ਦਾ ਮੰਨਣਾ ਹੈ ਕਿ ਅਗੋਂ ਅਕਾਲੀ ਆਗੂਆਂ ਤੇ ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਦੇ ਜਥੇਦਾਰ ਲਈ ਗੰਭੀਰ ਸੰਕਟ ਪੈਦਾ ਹੋਣਗੇ ਜਿਨ੍ਹਾਂ ਨਾਲ ਨਿਬੜਨਾ ਬਾਦਲਕਿਆਂ ਲਈ ਅਸੰਭਵ ਹੋਵੇਗਾ। ਇਥੇ ਬਹੁਤ ਸੋਝੀਵਾਨ ਲੀਡਰਸ਼ਿਪ ਤੇ ਸਿੱਖ ਚਿੰਤਕਾਂ ਲਈ ਵੱਡੀ ਬੋਧਿਕ ਕਸਰਤ ਦੀ ਲੋੜ ਹੈ। ਪੰਥਕ ਮੁਹਾਵਰਾ ਇੰਨਾ ਕੁ ਹੈ ਕਿ ਲੋੜ ਬਾਦਲ ਅਕਾਲੀ ਦਲ ਨੂੰ ਬਚਾਉਣ ਦੀ ਨਹੀਂ ਸ਼੍ਰੋਮਣੀ ਅਕਾਲੀ ਦਲ ਨੂੰ ਨਿਭਾਉਣ ਦੀ ਲੋੜ ਹੈ ਜੋ ਸਿੱਖ ਪੰਥ ਨੂੰ ਇਸ ਚਕਰਵਿਊ ,ਪੰਥਕ ਸੰਕਟਾਂ ਵਿਚੋਂ ਕਢ ਸਕੇ ਤੇ ਸਿਧਾਂਤਕ ਪੱਧਰ ਦੀ ਲੀਡਰਸ਼ਿਪ ਪੈਦਾ ਕਰ ਸਕੇ। ਅਕਾਲ ਤਖਤ ਤੋਂ ਬੋਧਿਕ ਸਿੱਖ ਹਲਕਿਆਂ ਨੂੰ ਕੋਈ ਆਸ ਨਹੀਂ ਜਾਪਦੀ। ਇਥੇ ਸਿੱਖ ਸੰਗਤ ਦਾ ਰੋਲ ਬਹੁਤ ਲਾਜਮੀ ਹੈ। ਜੋ ਪੰਥਕ ਧੜੇ ਜਥੇਦਾਰ ਨੂੰ ਇਸ ਵਿਵਾਦ ਵਿੱਚ ਪੈਣ ਤੋਂ ਰੋਕ ਰਹੇ ਹਨ,ਉਹ ਬਾਦਲ ਦਲ ਦੀ ਲੀਡਰਸ਼ਿਪ ਨੂੰ ਵੀ ਬਚਾ ਰਹੇ ਹਨ ਤੇ ਸਿੱਖ ਪੰਥ ਲਈ ਨਵਾਂ ਸੰਕਟ ਪੈਦਾ ਕਰ ਰਹੇ ਹਨ। ਨਵੇਂ ਚਿਹਰੇ, ਗੁਣਵਾਨ ਤੇ ਸੋਝੀਵਾਨ ਕਲੈਕਟਿਵ ਲੀਡਰਸ਼ਿਪ ਦੀ ਲੋੜ ਹੈ ਜੋ ਅਜਿਹੇ ਸੰਕਟਾਂ ਨਾਲ ਨਿਬੜ ਸਕੇ।

# ਹਾਥਰਸ ਕਾਂਡ ਬਨਾਮ ਪਖੰਡੀ ਬਾਬਿਆਂ ਦਾ ਬਜ਼ਾਰ

## ਹਰੀ ਚਟਨੀ ਨਾਲ ਸਮੋਸੇ ਖਾਓ , ਕ੍ਰਿਪਾ ਬਰਸੇਗੀ...

ਇੱਕ ਸ਼ਹਿਰ ਵਿੱਚ ਦਰਬਾਰ ਲਗਾ ਸੀ। ਇਹ ਦਰਬਾਰ ਕਿਸੇ ਰਾਜੇ ਜਾਂ ਬਾਦਸ਼ਾਹ ਦਾ ਨਹੀਂ, ਸਗੋਂ ਆਪਣੇ ਆਪ ਨੂੰ ਰੱਬ ਦਾ ਅਵਤਾਰ ਅਖਵਾਉਣ ਵਾਲੇ ਬਾਬੇ ਦਾ ਸੀ। ਭੀੜ-ਭੜੱਕੇ ਵਾਲੇ ਕਚਹਿਰੀ ਵਿੱਚ ਇੱਕ ਵਿਅਕਤੀ ਖੜ੍ਹਾ ਹੋ ਕੇ ਕਹਿੰਦਾ ਹੈ, ਬਾਬਾ ਜੀ ਮੈਨੂੰ ਨੌਕਰੀ ਨਹੀਂ ਮਿਲੀ। ਇਸ ’ਤੇ ਬਾਬਾ ਕਹਿੰਦਾ ਤੁਸੀਂ ਆਖਰੀ ਵਾਰ ਸਮੋਸਾ ਕਦੋਂ ਖਾਧਾ ਸੀ ? ਵਿਅਕਤੀ ਦਾ ਕਹਿਣਾ ਹੈ ਕਿ ਮੈਂ ਪਿਛਲੇ ਐਤਵਾਰ ਨੂੰ ਸਮੋਸਾ ਖਾਧਾ ਸੀ।

ਫਿਰ ਬਾਬਾ ਪੁੱਛਦਾ ਹੈ ਕਿ ਇਹ ਸਮੋਸਾ ਲਾਲ ਚਟਨੀ ਨਾਲ ਖਾਧਾ ਜਾਂ ਹਰੀ ਚਟਨੀ ਨਾਲ ? ਫਿਰ ਆਦਮੀ ਲਾਲ ਚਟਨੀ ਨਾਲ ਕਹਿੰਦਾ ਹੈ। ਇਸ ’ਤੇ ਬਾਬਾ ਝੱਟ ਕਹਿ ਦਿੰਦਾ ਹੈ ਕਿ ਸਿਰਫ਼ ਇਸੇ ਕਰਕੇ ਕਿਰਪਾ ਰੁਕੀ ਹੋਈ ਹੈ। ਇਸ ਵਾਰ ਜਦੋਂ ਵੀ ਸਮੋਸਾ ਖਾਓ ਤਾਂ ਹਰੀ ਚਟਨੀ ਦੇ ਨਾਲ ਖਾਓ। ਕਿਰਪਾ ਦੌੜ ਕੇ ਆਵੇਗੀ। ਇਹ ਇੱਕ ਬਾਬੇ ਦੀ ਕਹਾਣੀ ਹੈ। ਹੁਣ ਇੱਕ ਹੋਰ ਬਾਬੇ ਦੀ ਕਹਾਣੀ ਜਾਣੋ।

ਇਸ ਸਾਲ ਫਰਵਰੀ ਵਿੱਚ ਛੱਤੀਸਗੜ੍ਹ ਦੇ ਬਿਲਾਸਪੁਰ ਵਿੱਚ ਦੋ ਨਾਬਾਲਗ ਲੜਕੀਆਂ ਨਾਲ ਬਲਾਤਕਾਰ ਕਰਨ ਵਾਲੇ ਪਖੰਡੀ ਬਾਬੇ ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ। ਦੋਸ਼ ਹੈ ਕਿ ਬਾਬਾ ਲੋਕਾਂ ਨੂੰ ਮੂਰਖ ਬਣਾਉਂਦਾ ਸੀ ਕਿ ਉਹ ਦੈਵੀ ਸ਼ਕਤੀਆਂ ਰਾਹੀਂ ਧਨ ਦੀ ਬਰਸਾਤ ਕਰੇਗਾ। ਉਹ ਕਹਿੰਦਾ ਸੀ ਕਿ ਜੇ ਤੂੰ ਆਪਣੀਆਂ ਧੀਆਂ ਨੂੰ ਪੂਜਾ ’ਤੇ ਭੇਜ ਦੇਵੇਂ ਤਾਂ ਮਾਇਆ ਬਰਸੇਗੀ । ਦਰਅਸਲ ਪੀੜਤ ਪਰਿਵਾਰ ਨੂੰ ਸੂਚਨਾ ਮਿਲੀ ਸੀ ਕਿ ਬਾਬਾ ਦੇ ਨਾਂ ਨਾਲ ਜਾਣਿਆ ਜਾਂਦਾ ਕੁਲੇਸ਼ਵਰ ਕੁਆਰੀਆਂ ਕੁੜੀਆਂ ਦੀ ਪੂਜਾ ਕਰਵਾਉਂਦਾ ਸੀ, ਜਿਸ ਤੋਂ ਬਾਅਦ ਕਾਫੀ ਪੈਸਾ ਬਰਸਦਾ ਸੀ। ਇਸ ਜਾਲ ਵਿੱਚ ਫਸ ਕੇ ਪਰਿਵਾਰਕ ਮੈਂਬਰਾਂ ਨੇ ਘਰ ਦੀਆਂ ਦੋਵੇਂ ਨਾਬਾਲਗ ਧੀਆਂ ਨੂੰ ਪਖੰਡੀ ਬਾਬੇ ਕੋਲ ਰਤਨਪੁਰ ਭੇਜ ਦਿੱਤਾ।ਜੋ ਉਨ੍ਹਾਂ ਧੀਆਂ ਦਾ ਸ਼ੋਸ਼ਣ ਹੋਇਆ, ਉਹ ਲਿਖਣ ਦੀ ਲੋੜ ਨਹੀਂ। ਭਾਰਤ ਵਿੱਚ ਕੁਝ ਕੁ ਸੱਚੇ ਸਾਧਾਂ-ਸੰਤਾਂ ਦੇ ਨਾਲ-ਨਾਲ ਅਜਿਹੇ ਨਕਲੀ ਅਤੇ ਪਾਖੰਡੀ ਬਾਬਿਆਂ ਦੀ ਬਹੁਤ ਭਰਮਾਰ ਹੈ, ਜਿਨ੍ਹਾਂ ਕੋਲ ਹਰ ਸਮੱਸਿਆ ਦਾ ਹੱਲ ਹਮਰਾਜ ਚੂਰਨ ਵਾਂਗ ਹੈ।ਲੋਕ ਅੰਧਵਿਸ਼ਵਾਸੀ ਹਨ, ਇਸੇ ਕਰਕੇ ਵਿਹਲੜ ਬਾਬੇ ਐਸ਼ ਕਰਦੇ ਹਨ।ਸਿੱਖ ਪੰਥ ਵਿੱਚ ਵੀ ਅਜਿਹੇ ਬਰਾਂਡ ਦੇ ਬਾਬੇ ਮੌਜੂਦ ਹਨ।ਚੁਪਹਿਰੇ -ਦੁਪਹਿਰੇ ਵਾਲੇ ਬਾਬੇ, ਮੁੰਡੇ ਦੇਣ ਵਾਲੇ ਬਾਬੇ, ਨਾਮ ਦੇਣ ਵਾਲੇ ਬਾਬੇ।





ਬੀਤੇ ਦਿਨੀਂ ਉੱਤਰ ਪ੍ਰਦੇਸ਼ ਦੇ ਇਲਾਕੇ ਹਾਥਰਸ ’ਚ ਵੀ ਭੋਲੇ ਬਾਬੇ ਦੇ ਸਤਿਸੰਗ ਦੌਰਾਨ ਮਚੀ ਭਗਦੜ ’ਚ 100 ਤੋਂ ਵੱਧ ਲੋਕਾਂ ਦੀ ਜਾਨ ਚਲੀ ਗਈ ਸੀ।ਮਰਨ ਵਾਲਿਆਂ ਵਿੱਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਹਨ। ਦੱਸਿਆ ਜਾ ਰਿਹਾ ਹੈ ਕਿ ਭੋਲੇ ਬਾਬਾ ਮੂਲ ਰੂਪ ਤੋਂ ਕਾਂਸ਼ੀਰਾਮ ਨਗਰ (ਕਾਸਗੰਜ) ਦੇ ਪਿੰਡ ਪਟਿਆਲੀ ਦਾ ਰਹਿਣ ਵਾਲਾ ਹੈ।ਪਰ ਬਾਬਾ ਗ੍ਰਿਫ਼ਤਾਰ ਕਰਨ ਦੀ ਥਾਂ ਉਸਦੇ ਚੇਲੇ ਪ੍ਰਬੰਧਕ ਗ੍ਰਿਫ਼ਤਾਰ ਕੀਤੇ ਗਏ।ਵੱਡੀ ਭੀੜ ਜਟਾਉਣ ਵਾਲੇ ਬਾਬੇ ਸਰਕਾਰੀ ਮਹਿਮਾਨ ਹੁੰਦੇ ਹਨ।ਉਨ੍ਹਾਂ ਦੀਆਂ ਜੜ੍ਹਾਂ ਪਤਾਲ ਤੱਕ ਹੁੰਦੀਆਂ ਹਨ।

2017 ਦੌਰਾਨ, ਅਖਿਲ ਭਾਰਤੀ ਅਖਾੜਾ ਪ੍ਰੀਸ਼ਦ ਨੇ 14 ਅਜਿਹੇ ਫਰਜ਼ੀ ਬਾਬਿਆਂ ਦੀ ਸੂਚੀ ਤਿਆਰ ਕੀਤੀ ਸੀ, ਜੋ ਮਨੀ ਲਾਂਡਰਿੰਗ, ਬਲਾਤਕਾਰ ਅਤੇ ਕਤਲ ਦੇ ਕਈ ਮਾਮਲਿਆਂ ਵਿੱਚ ਦੋਸ਼ੀ ਸਨ। ਇਨ੍ਹਾਂ ਵਿੱਚ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ, ਆਸਾ ਰਾਮ, ਨਰਾਇਣ ਸਾਈਂ, ਰਾਧੇ ਮਾਂ, ਰਾਮਪਾਲ, ਸਵਾਮੀ ਅਸੀਮਾਨੰਦ, ਸਵਾਮੀ ਸਚਿਦਾਨੰਦ, ਓਮ ਸਵਾਮੀ, ਨਿਰਮਲ ਬਾਬਾ, ਇੱਛਾਧਾਰੀ ਭੀਮਾਨੰਦ, ਅਚਾਰੀਆ ਕੁਸ਼ਮੁਨੀ, ਬ੍ਰਿਹਸਪਤੀ ਗਿਰੀ ਅਤੇ ਮਲਖਾਣ ਸਿੰਘ ਸ਼ਾਮਲ ਸਨ।

ਕੁਝ ਬਾਬਿਆਂ ਵਿਰੁੱਧ ਬਲਾਤਕਾਰ ਅਤੇ ਕਤਲ ਦੇ ਕੇਸ ਹਨ ਅਤੇ ਕੁਝ ਟੈਕਸ ਚੋਰੀ ਕਰਦੇ ਹਨ।ਸੌਦਾ ਸਾਧ ਰਾਮ ਰਹੀਮ ਦੇ ਖ਼ਿਲਾਫ਼ ਬਲਾਤਕਾਰ ਅਤੇ ਕਤਲ ਦੇ ਮਾਮਲੇ ਚੱਲ ਰਹੇ ਹਨ। ਆਸਾ ਰਾਮ ਬਾਪੂ ਦੇ ਖ਼ਿਲਾਫ਼ ਕਤਲ ਅਤੇ ਬਲਾਤਕਾਰ ਦਾ ਮਾਮਲਾ ਦਰਜ ਹੈ ਅਤੇ ਉਹ 2013 ਤੋਂ ਜੇਲ੍ਹ ਵਿੱਚ ਹੈ। ਆਸਾਰਾਮ ਦੇ ਬੇਟੇ ਨਰਾਇਣ ਸਾਈਂ ’ਤੇ ਵਿਦਿਆਰਥਣ ਨਾਲ ਬਲਾਤਕਾਰ ਕਰਨ ਦਾ ਦੋਸ਼ ਹੈ। ਰਾਧੇ ਮਾਂ ’ਤੇ ਦਾਜ ਲਈ ਉਤਪੀੜਨ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਹੈ। ਸੰਤ ਰਾਮਪਾਲ ’ਤੇ ਕਤਲ ਦਾ ਦੋਸ਼ ਹੈ। ਸਵਾਮੀ ਅਸੀਮਾਨੰਦ ’ਤੇ 4 ਅੱਤਵਾਦੀ ਹਮਲਿਆਂ ਦੀ ਸਾਜ਼ਿਸ਼ ਰਚਣ ਦਾ ਦੋਸ਼ ਹੈ। ਸਵਾਮੀ ਸਚਿਦਾਨੰਦ ਨੂੰ ਡਿਸਕੋ ਬਾਬਾ ਜਾਂ ਬਿਲਡਰ ਬਾਬਾ ਵੀ ਕਿਹਾ ਜਾਂਦਾ ਹੈ, ਜਿਸ ’ਤੇ ਸ਼ਰਾਬ ਦੇ ਕਾਰੋਬਾਰ ਦਾ ਦੋਸ਼ ਹੈ। ਇਸ ਦੇ ਨਾਲ ਹੀ ਬਿੱਗ ਬੌਸ ਸੀਜ਼ਨ 10 ’ਚ ਰਹਿ ਚੁੱਕੇ ਓਮ ਸਵਾਮੀ ’ਤੇ ਇੱਕ ਔਰਤ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ ਹੈ। ਨਿਰਮਲ ਬਾਬਾ ’ਤੇ ਟੈਕਸ ਚੋਰੀ ਅਤੇ ਅੰਧਵਿਸ਼ਵਾਸ ਫੈਲਾਉਣ ਦਾ ਦੋਸ਼ ਹੈ। ਇੱਛਾਧਾਰੀ ਭੀਮਾਨੰਦ ’ਤੇ ਸੈਕਸ ਰੈਕੇਟ ਚਲਾਉਣ ਦਾ ਦੋਸ਼ ਹੈ। ਆਚਾਰੀਆ ਕੁਸ਼ਮਣੀ, ਬ੍ਰਿਹਸਪਤੀ ਗਿਰੀ ਅਤੇ ਮਲਖਾਣ ਸਿੰਘ ’ਤੇ ਵੀ ਇਹੋ ਜਿਹੇ ਦੋਸ਼ ਹਨ। ਹਾਲਾਂਕਿ ਇਨ੍ਹਾਂ ਸਾਰਿਆਂ ਨੇ ਅਖਾੜਾ ਪ੍ਰੀਸ਼ਦ ਦੀ ਇਸ ਸੂਚੀ ਨੂੰ ਰੱਦ ਕਰ ਦਿੱਤਾ ਸੀ। ਜ਼ਿਆਦਾਤਰ ਬਾਬੇ ਦੁਖੀ ਅੰਧਵਿਸ਼ਵਾਸੀ ਲੋਕਾਂ ਖਾਸ ਕਰਕੇ ਔਰਤਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਅਤੇ ਉਨ੍ਹਾਂ ਦੇ ਦੁਖ ਦੂਰ ਕਰਨ ਦੇ ਨਾਮ ’ਤੇ ਪੈਸਾ ਕਮਾਉਂਦੇ ਹਨ ਜਾਂ ਗਲਤ ਕੰਮ ਕਰਦੇ ਹਨ।ਇਹੀ ਬਾਬਿਆਂ ਦੀ ਮਾਰਕੀਟ ਹੈ। ਉਹ ਰੱਬ ਦੇ ਅਵਤਾਰ ਬਾਰੇ ਗੱਲਾਂ ਕਰਕੇ ਭਰਮ ਪੈਦਾ ਕਰਦੇ ਹਨ। ਸਾਡੇ ਗੁਰੂ ਸਾਹਿਬਾਨ ਨੇ ਪਖੰਡੀ ਬਾਬਿਆਂ, ਕਰਮਕਾਂਡਾਂ ਵਿਰੁੱਧ ਲਹਿਰ ਤੌਰੀ ਪਰ ਸਿੱਖ ਪਖੰਡੀ ਬਾਬਿਆਂ ਦੇ ਭਵਜਲ ਵਿੱਚ ਡੁਬੇ ਹੋਏ ਹਨ।

# ਸਾਢੇ ਪੰਜ ਸੌ ਕਰੋੜ ਦੀ ਮੁਫ਼ਤ ਦੀ ਬੁਪਰੋਨੋਰਫ਼ਿਨ ਦਵਾਈ ਹਜ਼ਮ ਕਰ ਗਏ ਨਸ਼ੇੜੀ!

## ਨਸ਼ੇੜੀਆਂ ਵਿੱਚੋਂ ਨਸ਼ਾ ਛੱਡਣ ਵਾਲੇ ਟਾਂਵੇਂ, ਸਰਕਾਰੀ ਗੋਲੀਆਂ ਵਿਕ ਰਹੀਆਂ ਨੇ ਬਲੈਕ ਵਿੱਚ






ਪੰਜਾਬ ਵਿੱਚ ਨਸ਼ੇੜੀ ਹੁਣ 'ਮੁਫ਼ਤ ਦੀ ਗੋਲੀ' ਦੀ ਚਾਟ 'ਤੇ ਲੱਗ ਗਏ ਹਨ। ਸਿਹਤ ਵਿਭਾਗ ਵੱਲੋਂ ਖੋਲ੍ਹੇ ਓਟ ਕਲੀਨਿਕਾਂ ਵਿੱਚ ਲੱਖਾਂ ਨੌਜਵਾਨ ਆ ਰਹੇ ਹਨ ਪਰ ਉਨ੍ਹਾਂ ਵਿੱਚੋਂ ਨਸ਼ਾ ਛੱਡਣ ਵਾਲੇ ਟਾਂਵੇਂ ਹੀ ਹਨ। ਪੰਜਾਬ ਦੇ ਸਰਕਾਰੀ ਤੇ ਪ੍ਰਾਈਵੇਟ ਕੇਂਦਰਾਂ ਵਿੱਚੋਂ ਲੰਘੇ ਸਾਢੇ ਪੰਜ ਵਰ੍ਹਿਆਂ ਵਿੱਚ 127.64 ਕਰੋੜ ਗੋਲੀਆਂ ਨਸ਼ੇੜੀਆਂ ਨੂੰ ਸਪਲਾਈ ਕੀਤੀਆਂ ਜਾ ਚੁੱਕੀਆਂ ਹਨ ਜਿਸ 'ਤੇ ਕਰੀਬ 550 ਕਰੋੜ ਰੁਪਏ ਖ਼ਰਚੇ ਗਏ ਹਨ। ਪੰਜਾਬ ਸਰਕਾਰ ਵੱਲੋਂ 282.51 ਕਰੋੜ ਰੁਪਏ ਪੰਜ ਵਰ੍ਹਿਆਂ ਵਿੱਚ ਬੁਪਰੋਨੋਰਫਿਨ, ਜੋ ਮੁਫ਼ਤ ਦੀ ਗੋਲੀ ਵਜੋਂ ਮਸ਼ਹੂਰ ਹੈ, 'ਤੇ ਖ਼ਜ਼ਾਨੇ ਵਿੱਚੋਂ ਖ਼ਰਚ ਕੀਤੇ ਜਾ ਚੁੱਕੇ ਹਨ।

ਪੰਜਾਬ 'ਚ ਨਸ਼ੇੜੀਆਂ ਵੱਲੋਂ ਟੀਕੇ ਲਗਾ ਕੇ ਨਸ਼ਾ ਲਏ ਜਾਣ ਨਾਲ ਹੋਈਆਂ ਮੌਤਾਂ ਦੇ ਕੇਸ ਸਾਹਮਣੇ ਆਏ ਤਾਂ ਸਰਕਾਰ ਨੇ ਓਟ ਕਲੀਨਿਕਾਂ ਵਿੱਚ ਨਸ਼ਾ ਛੱਡਣ ਵਾਲੀ ਦਵਾਈ ਮੁਫ਼ਤ ਦੇਣੀ ਸ਼ੁਰੂ ਕੀਤੀ ਸੀ ਜਿਸ ਵਿੱਚ ਬੁਪਰੋਨੋਰਫਿਨ ਗੋਲੀ ਮੁੱਖ ਹੈ। ਸ਼ੁਰੂ ਵਿੱਚ ਓਟ ਕਲੀਨਿਕਾਂ ਵਿੱਚ ਇਹ ਗੋਲੀ ਡਾਕਟਰਾਂ ਦੀ ਹਾਜ਼ਰੀ ਵਿੱਚ ਨਸ਼ੇੜੀ ਨੂੰ ਦਿੱਤੀ ਜਾਂਦੀ ਸੀ। ਮਗਰੋਂ ਹਫ਼ਤੇ-ਹਫ਼ਤੇ ਦੀ ਦਵਾਈ ਇਕੱਠੀ ਦਿੱਤੀ ਜਾਣ ਲੱਗੀ। ਫੇਰ ਨਸ਼ੇੜੀ ਗੋਲੀ ਨੂੰ ਅੱਗੇ ਬਲੈਕ ਵਿੱਚ ਵੇਚਣ ਲੱਗੇ। ਪ੍ਰਾਈਵੇਟ ਕੇਂਦਰਾਂ ਦਾ ਇਹ ਵਪਾਰ ਚੰਗਾ ਨਿਖਰਨ ਲੱਗਿਆ ਹੈ।

### 'ਆਪ' ਸਰਕਾਰ ਦੌਰਾਨ ਕਿੰਨਾ ਨਸ਼ਾ ਫੜਿਆ ਗਿਆ?



ਪੰਜਾਬ ਪੁਲਿਸ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਮਾਰਚ 2022 ਤੋਂ ਆਮ ਆਦਮੀ ਪਾਰਟੀ ਦੇ ਪੰਜਾਬ ਵਿੱਚ ਆਉਣ ਤੋਂ ਬਾਅਦ 2100 ਕਿਲੋਗ੍ਰਾਮ ਤੋਂ ਵੱਧ ਹੈਰੋਇਨ ਜ਼ਬਤ ਕੀਤੀ ਗਈ ਹੈ।

ਪੰਜਾਬ ਨੇ ਨਸ਼ਿਆਂ ਨਾਲ ਸਬੰਧਿਤ 23483 ਤੋਂ ਵੱਧ ਐਫ.ਆਈ.ਆਰ. ਦਰਜ ਕੀਤੀਆਂ ਹਨ ਅਤੇ 32000 ਤੋਂ ਵੱਧ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਇਹਨਾਂ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਪੰਜਾਬ ਵਿੱਚ ਕੁੱਲ ਨਸ਼ੀਲੇ ਪਦਾਰਥਾਂ ਦੇ 87% ਕੇਸ ਗੈਰ-ਵਪਾਰਕ ਮਾਤਰਾ ਨਾਲ ਸਬੰਧਿਤ ਦਰਜ ਕੀਤੇ ਗਏ ਸਨ, ਜਦਕਿ ਵਪਾਰਕ ਮਾਤਰਾ ਦੇ ਸਬੰਧ ਵਿੱਚ 2861 ਕੇਸ ਦਰਜ ਕੀਤੇ ਗਏ ਸਨ।

ਇਹ ਅੰਕੜੇ ਅੱਗੇ ਦੱਸਦੇ ਹਨ ਕਿ ਪੁਲਿਸ ਨੇ 'ਆਪ' ਸਰਕਾਰ ਦੇ ਸ਼ਾਸਨ ਦੌਰਾਨ ਲਗਭਗ 1800 ਕਿਲੋਗ੍ਰਾਮ ਅਫ਼ੀਮ, 14.5 ਕਰੋੜ ਗੋਲੀਆਂ, ਕੈਪਸੂਲ ਜਾਂ ਟੀਕੇ ਜ਼ਬਤ ਕੀਤੇ ਹਨ।

ਪੰਜਾਬ ਨੇ 355 ਨਸ਼ਿਆਂ ਦੇ ਕੇਸਾਂ ਵਿੱਚ 142 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ, ਜਦੋਂ ਕਿ 31 ਕੇਸਾਂ ਵਿੱਚ ਸਮਰੱਥ ਅਧਿਕਾਰੀ ਕੋਲ 26 ਕਰੋੜ ਰੁਪਏ ਦੀ ਜਾਇਦਾਦ ਬਕਾਇਆ ਪਈ ਹੈ। ਦਿਲਚਸਪ ਗੱਲ ਇਹ ਹੈ ਕਿ ਨਸ਼ੇ ਦੇ ਮਾਮਲਿਆਂ ਵਿੱਚ 2500 ਤੋਂ ਵੱਧ ਲੋਕ ਭਗੌੜੇ ਜਾਂ ਫਰਾਰ ਹਨ।

ਪੰਜਾਬ ਵਿੱਚ ਇਸ ਵੇਲੇ 529 ਸਰਕਾਰੀ ਓਟ ਕਲੀਨਿਕ, ਨਸ਼ਾ ਛੁਡਾਊ ਕੇਂਦਰ ਹਨ ਜਦੋਂਕਿ 2019 ਵਿੱਚ ਇਨ੍ਹਾਂ ਦੀ ਗਿਣਤੀ 193 ਸੀ। 2019 ਵਿੱਚ ਪ੍ਰਾਈਵੇਟ ਕੇਂਦਰ 105 ਸਨ, ਜਿਹੜੇ ਹੁਣ 177 ਹੋ ਗਏ ਹਨ। ਓਟ ਕਲੀਨਿਕਾਂ ਦੇ ਬਾਹਰ ਹਫ਼ਤੇ ਵਿੱਚੋਂ ਛੇ ਦਿਨ ਲੰਮੀਆਂ ਕਤਾਰਾਂ ਲੱਗੀਆਂ ਰਹਿੰਦੀਆਂ ਹਨ।

ਪੰਜਾਬ ਵਿੱਚ 26 ਸਰਕਾਰੀ ਅਤੇ 182 ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਹਨ। ਇਸ ਤੋਂ ਬਿਨਾਂ 19 ਸਰਕਾਰੀ ਅਤੇ 75 ਪ੍ਰਾਈਵੇਟ ਮੁੜ ਵਸੇਬਾ ਸੈਂਟਰ ਹਨ। ਓਟ ਕਲੀਨਿਕਾਂ ਅਤੇ ਕੇਂਦਰਾਂ 'ਚ ਨਸ਼ੇੜੀਆਂ ਨੂੰ ਬੁਪਰੋਨੋਰਫਿਨ, ਨਾਲੇਕਸਨ, ਟਰਾਮਾਡੋਲ, ਲੋਰਾਜੇਪਾਮ, ਕਲੋਨਾਜੇਪਾਮ ਅਤੇ ਐਂਟੀ ਡਿਪਰੈਸ਼ਨ ਦਵਾਈ ਦਿੱਤੀ ਜਾਂਦੀ ਹੈ। ਮਾਹਿਰ ਆਖਦੇ ਹਨ ਕਿ ਨਸ਼ੇੜੀਆਂ ਦੇ ਇਲਾਜ ਲਈ ਜੋ ਬੁਪਰੋਨੋਰਫਿਨ ਦਿੱਤੀ ਜਾਂਦੀ ਹੈ ਉਸ ਨਾਲ ਨਸ਼ੇੜੀ ਨਸ਼ਿਆਂ ਵਿੱਚੋਂ ਬਾਹਰ ਤਾਂ ਆਉਂਦੇ ਹਨ ਪਰ ਕਈ ਵਾਰ ਨਸ਼ੇੜੀ ਇਸ ਗੋਲੀ ਦੀ ਚਾਟ 'ਤੇ ਲੱਗ ਜਾਂਦੇ ਹਨ।

ਸੂਤਰ ਦੱਸਦੇ ਹਨ ਕਿ ਨਸ਼ੇੜੀ ਹੁਣ ਇਸ ਗੋਲੀ ਦੀ ਚਾਟ 'ਤੇ ਲੱਗ ਗਏ ਹਨ ਅਤੇ ਮੁਫ਼ਤ ਦੀ ਗੋਲੀ ਹੁਣ ਮਾਰਕੀਟ ਵਿੱਚ ਵੇਚੀ ਵੀ ਜਾਣ ਲੱਗੀ ਹੈ। ਸਾਲ ਪਹਿਲਾਂ ਪੰਜਾਬ ਵਿਧਾਨ ਸਭਾ 'ਚ ਅੰਕੜਾ ਸਾਹਮਣੇ ਆਇਆ ਸੀ ਕਿ ਪੰਜਾਬ ਦੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਲੰਘੇ ਸਵਾ ਛੇ ਵਰ੍ਹਿਆਂ 'ਚ 8.82 ਲੱਖ ਮਰੀਜ਼ ਪੁੱਜੇ ਪਰ ਇਨ੍ਹਾਂ ਵਿੱਚੋਂ ਸਿਰਫ਼ 4106 ਨਸ਼ੇੜੀਆਂ ਨੇ ਹੀ ਨਸ਼ਾ ਛੱਡਿਆ। 26 ਅਕਤੂਬਰ 2017 ਤੋਂ ਨਸ਼ਾ ਛੁਡਾਊ ਕੇਂਦਰਾਂ 'ਚ ਰਜਿਸਟਰਡ ਹੋਣ ਵਾਲੇ ਮਰੀਜ਼ਾਂ ਦਾ ਰਿਕਾਰਡ ਰੱਖਿਆ ਜਾਣ ਲੱਗਿਆ ਹੈ। ਤਾਜ਼ਾ ਵੇਰਵਿਆਂ ਅਨੁਸਾਰ ਸਰਕਾਰ ਵੱਲੋਂ ਇਨ੍ਹਾਂ ਗੋਲੀਆਂ 'ਤੇ 2019 ਵਿੱਚ 20.97 ਕਰੋੜ, ਜਦੋਂਕਿ 2023 ਵਿੱਚ 85.95 ਕਰੋੜ ਰੁਪਏ ਖਰਚੇ ਗਏ। ਸਰਕਾਰ ਔਸਤਨ ਰੋਜ਼ਾਨਾ 23.54 ਲੱਖ ਰੁਪਏ ਨਸ਼ੇੜੀਆਂ 'ਤੇ ਖ਼ਰਚ ਰਹੀ ਹੈ। ਸਰਕਾਰ ਜਨਵਰੀ 2019 ਤੋਂ ਜੂਨ 2024 ਤੱਕ 46.73 ਕਰੋੜ ਬੁਪਰੋਨੋਰਫਿਨ ਗੋਲੀ ਦੀ ਸਪਲਾਈ ਕਰ ਚੁੱਕੀ ਹੈ। ਉਧਰ, ਪ੍ਰਾਈਵੇਟ ਕੇਂਦਰਾਂ ਵੱਲੋਂ ਇਨ੍ਹਾਂ ਸਾਢੇ ਪੰਜ ਵਰ੍ਹਿਆਂ ਵਿੱਚ 80.91 ਕਰੋੜ ਗੋਲੀਆਂ ਦੀ ਸਪਲਾਈ ਦਿੱਤੀ ਜਾ ਚੁੱਕੀ ਹੈ। ਲੁਧਿਆਣਾ ਦੇ ਸਿਵਲ ਸਰਜਨ ਡਾ. ਜਸਬੀਰ ਸਿੰਘ ਔਲਖ ਦਾ ਕਹਿਣਾ ਸੀ ਕਿ ਓਟ ਕਲੀਨਿਕਾਂ ਦੀ ਦਵਾਈ ਨਾਲ ਟੀਕਿਆਂ ਜ਼ਰੀਏ ਨਸ਼ਾ ਲੈਣ ਨੂੰ ਠੱਲ੍ਹ ਪਈ ਹੈ ਅਤੇ ਜਾਨੀ ਨੁਕਸਾਨ ਘਟਿਆ ਹੈ। ਇਸ ਨਾਲ ਕਾਲਾ ਪੀਲੀਆ ਵਗ਼ੈਰਾ ਦਾ ਪਸਾਰ ਵੀ ਘਟਿਆ ਹੈ।

ਗੋਲੀ ਦੀ ਦੁਰਵਰਤੋਂ ਫੌਰੀ ਰੋਕਣ ਦੀ ਮੰਗ ਉੱਠੀ

ਲੋਕਾਂ ਦਾ ਕਹਿਣਾ ਹੈ ਕਿ ਓਟ ਕਲੀਨਿਕਾਂ ਵਿੱਚ ਮਿਲਦੀ ਗੋਲੀ ਦੀ ਦੁਰਵਰਤੋਂ ਵਧ ਗਈ ਹੈ ਅਤੇ ਇਸ ਗੋਲੀ ਦੀ ਵਿਕਰੀ ਹੋਣ ਲੱਗੀ ਹੈ। ਬਹੁਤੇ ਨਸ਼ੇੜੀ ਤਾਂ ਹੁਣ ਗੋਲੀ ਨੂੰ ਟੀਕੇ ਨਾਲ ਲੈਣ ਲੱਗੇ ਹਨ। ਲੋਕਾਂ ਮੰਗ ਕੀਤੀ ਕਿ ਇਸ ਦੀ ਦੁਰਵਰਤੋਂ ਫ਼ੌਰੀ ਰੋਕੀ ਜਾਣੀ ਚਾਹੀਦੀ ਹੈ।

### ਨਸ਼ੇ ਦੀ ਓਵਰਡੋਜ਼ ਕਾਰਨ ਹੋਈਆਂ ਮੌਤਾਂ ਬਾਰੇ ਅੰਕੜੇ




ਪੰਜਾਬ ਪੁਲਿਸ ਦੇ ਅੰਕੜਿਆਂ ਮੁਤਾਬਕ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਨਸ਼ੇ ਦੀ ਓਵਰਡੋਜ਼ ਕਾਰਨ ਕਥਿਤ ਤੌਰ 'ਤੇ ਲਗਭਗ 242 ਮੌਤਾਂ ਹੋਈਆਂ ਹਨ।

ਜਦੋਂਕਿ, ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ ਸਾਲ 2022 ਵਿੱਚ ਪੰਜਾਬ ਵਿੱਚ ਨਸ਼ੇ ਦੀ ਓਵਰਡੋਜ਼ ਨਾਲ ਸਭ ਤੋਂ ਵੱਧ ਮੌਤਾਂ ਦਰਜ ਕੀਤੀਆਂ ਗਈਆਂ, ਜੋ ਕਿ 144 ਸਨ, ਜਦਕਿ ਰਾਜਸਥਾਨ ਵਿੱਚ 117 ਨਸ਼ੇ ਦੀ ਓਵਰਡੋਜ਼ ਨਾਲ ਮੌਤਾਂ ਹੋਈਆਂ ਜੋ ਦੂਸਰੇ ਸਥਾਨ 'ਤੇ ਸੀ।

ਐੱਨ.ਸੀ.ਆਰ.ਬੀ. ਦੇ ਅੰਕੜਿਆਂ ਤੋਂ ਪਤਾ ਲੱਗਿਆ ਹੈ ਕਿ 2022 ਵਿੱਚ ਦੇਸ਼ ਵਿੱਚ ਕੁੱਲ 737 ਨਸ਼ੇ ਦੀ ਓਵਰਡੋਜ਼ ਨਾਲ ਮੌਤਾਂ ਦਰਜ ਕੀਤੀਆਂ ਗਈਆਂ ਸਨ।

ਇਸੇ ਤਰ੍ਹਾਂ ਇਸ ਕੇਂਦਰੀ ਏਜੰਸੀ ਦੇ ਅੰਕੜਿਆਂ ਮੁਤਾਬਕ ਸਾਲ 2021 ਵਿੱਚ ਨਸ਼ੇ ਦੀ ਓਵਰਡੋਜ਼ ਨਾਲ ਲਗਭਗ 737 ਮੌਤਾਂ ਦਰਜ ਕੀਤੀਆਂ ਗਈਆਂ ਸਨ, ਜਦਕਿ ਪੰਜਾਬ 78 ਮੌਤਾਂ ਨਾਲ ਤੀਜੇ ਸਥਾਨ 'ਤੇ ਸੀ।

ਪੰਜਾਬ ਪੁਲਿਸ ਮੁਤਾਬਿਕ ਸੂਬੇ ਵਿੱਚ ਸਾਲ 2022 ਵਿੱਚ 168 ਡਰੱਗ ਓਵਰਡੋਜ਼ ਨਾਲ ਮੌਤਾਂ ਹੋਈਆਂ ਤੇ 2023 ਵਿੱਚ ਕੁਲ 66 ਮੌਤਾਂ ਹੋਈਆਂ ਹਨ।

# ਪੰਜਾਬ ਦੇ ਸ਼ੇਰ ਪੁੱਤਾਂ ਨੇ ਦੁਨੀਆਂ ਦੇ ਸਭ ਤੋਂ ਉੱਚੇ ਟਰੈਕ 'ਤੇ ਲਹਿਰਾਇਆ ਨਿਸ਼ਾਨ ਸਾਹਿਬ ਅਤੇ ਤਿਰੰਗਾ



ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬੀ ਭਾਵੇਂ ਕਿਸੇ ਵੀ ਖਿੱਤੇ 'ਚ ਵੱਸਦਾ ਹੋਵੇ ਉਹ ਆਪਣੀ ਮਿਹਨਤ ਅਤੇ ਦ੍ਰਿੜਤਾ ਲਈ ਜਾਣਿਆ ਜਾਂਦਾ ਹੈ। ਇਸ ਦੀ ਮਿਸਾਲ ਪੰਜਾਬ ਦੇ ਤਿੰਨ ਨੌਜਵਾਨਾਂ ਨੇ ਟਰੈਕਿੰਗ ਦੇ ਖੇਤਰ 'ਚ ਨਵਾਂ ਮੀਲ ਪੱਥਰ ਸਥਾਪਿਤ ਕਰ ਕੀਤਾ ਹੈ। ਬਠਿੰਡਾ ਦੇ ਰਹਿਣ ਵਾਲੇ ਨੌਜਵਾਨ ਰਾਣਾ ਭੁਪਿੰਦਰ ਸਿੰਘ ਚਹਿਲ, ਰੁਪਿੰਦਰਜੀਤ ਸਿੰਘ ਅਤੇ ਫਿਰੋਜ਼ਪੁਰ ਦੇ ਨਿਰਮਲ ਸਿੰਘ ਨੇ ਦੁਨੀਆਂ ਦੇ ਸਭ ਤੋਂ ਉੱਚੇ ਟਰੈਕ ਅੰਨਾਪੂਰਨਾ ਸਰਕਟ ਟਰੈਕ ਲਗਾ ਕੇ ਉੱਥੇ ਸਿੱਖ ਕੌਮ ਦੇ ਨਿਸ਼ਾਨ ਸਾਹਿਬ ਅਤੇ ਦੇਸ਼ ਦਾ ਤਿਰੰਗਾ ਲਹਿਰਾਇਆ ਹੈ।

ਉਕਤ ਨੌਜਵਾਨਾਂ ਦਾ ਦਾਅਵਾ ਹੈ ਕਿ ਨੇਪਾਲ ਵਿੱਚ ਸਥਿਤ ਇਸ ਟਰੈਕ ਉੱਪਰ ਜਾਣ ਵਾਲੇ ਉਹ ਪਹਿਲੇ ਪੰਜਾਬੀ ਹਨ। ਉਨ੍ਹਾਂ ਦੱਸਿਆ ਕਿ ਉਹ ਪੰਜਾਬ ਤੋਂ ਗੋਰਖਪੁਰ, ਸਲੋਨੀ ਬਾਰਡਰ ਅਤੇ ਫਿਰ ਉਹ ਪੋਖਰਾ ਪਹੁੰਚੇ। ਉਨ੍ਹਾਂ ਦੱਸਿਆ ਕਿ ਪੋਖਰਾ ਦੇ ਵਿੱਚ ਉਨ੍ਹਾਂ ਰਜਿਸਟਰੇਸ਼ਨ ਕਰਵਾਈ ਅਤੇ ਇਸ ਟਰੈਕ 'ਤੇ ਜਾਣ ਲਈ ਪਰਮਿਟ ਹਾਸਲ ਕੀਤਾ। ਇਸ ਤੋਂ ਬਾਅਦ ਉਹ ਨੇਪਾਲ ਦੇ ਰਾਮੇ ਪਿੰਡ ਪਹੁੰਚੇ ਅਤੇ ਉਥੋਂ ਟਰੈਕਿੰਗ ਸ਼ੁਰੂ ਕਰਕੇ ਥਰਾਂਗਲਾ ਪਾਸ ਨੂੰ ਸਰ ਕੀਤਾ ਅਤੇ ਮੁਕਤੀ ਤੋਂ ਨਾਥ ਆ ਕੇ ਰੁਕੇ। ਨੌਜਵਾਨਾਂ ਨੇ ਸਫ਼ਰ ਦੇ ਸੱਤ ਦਿਨਾਂ 'ਚ ਕਰੀਬ 140 ਕਿਲੋਮੀਟਰ ਦਾ ਟਰੈਕ ਕੀਤਾ। ਨੌਜਵਾਨਾਂ ਦਾ ਕਹਿਣਾ ਸੀ ਕਿ ਉਹ ਯੂਥ ਨੂੰ ਜਾਗਰੂਕ ਕਰਨਾ ਚਾਹੁੰਦੇ ਸਨ ਕਿ ਉਹ ਨਸ਼ਿਆਂ ਤੇ ਹੋਰ ਅਲਾਮਤਾਂ ਤੋਂ ਦੂਰ ਰਹਿਣ ਅਤੇ ਪਰਮਾਤਮਾ ਦਾ ਨਾਮ ਸਿਮਰਨ ਕਰਨ। ਰਾਣਾ ਭੁਪਿੰਦਰ ਸਿੰਘ ਚਹਿਲ ਨੇ ਦੱਸਿਆ ਕਿ ਉਨ੍ਹਾਂ ਆਪਣੇ ਸਫ਼ਰ ਦੌਰਾਨ ਸ੍ਰੀ ਜਪੁਜੀ ਸਾਹਿਬ ਦਾ ਪਾਠ ਕੀਤਾ ਅਤੇ ਰਸਤੇ ਵਿੱਚ ਉਨ੍ਹਾਂ ਨੂੰ ਕਿਸੇ ਕਿਸਮ ਦੀ ਕੋਈ ਪਰੇਸ਼ਾਨੀ ਨਹੀਂ ਆਈ। ਸਫ਼ਰ ਸ਼ੁਰੂ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਕਿਹਾ ਗਿਆ ਸੀ ਕਿ ਰਸਤੇ ਵਿੱਚ ਆਕਸੀਜਨ ਦੀ ਕਮੀ ਮਹਿਸੂਸ ਹੋਵੇਗੀ, ਪਰ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਕੋਈ ਵੀ ਦਿੱਕਤ ਨਹੀਂ ਆਈ। ਥਰਾਗਲਾ ਪਾਸ 'ਤੇ ਕਹਿੰਦੇ ਹਨ ਕਿ

(ਬਾਕੀ ਸਫ਼ਾ 31 'ਤੇ)

# ਗਦਰੀ ਬਾਬਿਆਂ ਨੂੰ ਸਮਰਪਿਤ ਇੰਡੋ ਯੂ. ਐਸ. ਹੈਰੀਟੇਜ਼ ਫਰਿਜ਼ਨੋ ਵੱਲੋਂ ਮਨਾਇਆ ਗਿਆ ਪੰਜਾਬੀ ਚੇਤਨਾ ਦਿਹਾੜਾ



ਸੈਕਰਾਮੈਂਟੋ/ ਹੁਸਨ ਲੜੋਆ ਬੰਗਾ : ਫਰਿਜਨੋ ਦੀ ਗਦਰੀ ਬਾਬਿਆਂ ਨੂੰ ਸਮਰਪਿਤ ਜਥੇਬੰਦੀ ਇੰਡੋ ਯੂ.ਐਸ. ਹੈਰੀਟੇਜ਼ ਵੱਲੋਂ ਇੱਕ ਸੈਮੀਨਰ ਪੰਜਾਬੀ ਚੇਤਨਾ ਦਿਹਾੜਾ ਪੰਜਾਬੀ ਮਾਂ ਬੋਲੀ ਦੀ ਸਾਂਭ ਸੰਭਾਲ ਅਤੇ ਪ੍ਰਫੁਲਤਾ ਲਈ ਸਥਾਨਿਕ ਇੰਡੀਆ ਓਵਨ ਰੈਸਟੋਰੈਂਟ ਵਿੱਖੇ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬੀਆਂ ਨੇ ਪਹੁੰਚਕੇ ਬੁਲਾਰਿਆਂ ਦੇ ਵਿਚਾਰ ਸੁਣੇ ਅਤੇ ਬਾਅਦ ਵਿੱਚ ਸੰਸਥਾ ਦੇ ਕਨਵੀਨਰ ਸਾਧੂ ਸਿੰਘ ਸੰਘਾ ਦਾ ਤੀਸਰਾ ਨਾਵਲ 'ਗਰੀਨ ਕਾਰਡ' ਅਤੇ ਸ਼ਾਇਰ ਰਣਜੀਤ ਗਿੱਲ ਦਾ ਕਾਵਿ ਸੰਗ੍ਰਿਹ 'ਮਿੱਟੀ ਦਾ ਮੋਹ' ਲੋਕ ਅਰਪਣ ਕੀਤੇ ਗਏ। ਪ੍ਰੋਗ੍ਰਾਮ ਦੇ ਅਖੀਰ ਵਿੱਚ ਕਵੀ ਦਰਬਾਰ ਹੋਇਆ ਅਤੇ ਗਾਇਕੀ ਦਾ ਦੌਰ ਚੱਲਿਆ। ਸਟੇਜ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸ਼ਾਇਰਾਨਾਂ ਅੰਦਾਜ਼ ਵਿੱਚ ਸਭ ਨੂੰ ਨਿੱਘੀ ਜੀ ਆਇਆਂ ਆਖਕੇ ਕੀਤੀ। ਉਪਰੰਤ ਯਮਲੇ ਜੱਟ ਦੇ ਸ਼ਗਿਰਦ ਰਾਜ ਬਰਾੜ ਨੇ ਪੰਜਾਬੀ ਬੋਲੀ ਨੂੰ ਸਮਰਪਿਤ ਗੀਤ ਨਾਲ ਪ੍ਰੋਗਰਾਮ ਨੂੰ ਅੱਗੇ ਤੋਰਿਆ। ਸ਼ਾਇਰ ਹਰਜਿੰਦਰ ਕੰਗ ਨੇ ਪੰਜਾਬੀ ਮਾਂ ਬੋਲੀ 'ਤੇ ਪਰਚਾ ਪੜ੍ਹਿਆ। ਉਹਨਾਂ ਪੰਜਾਬੀ ਦੇ ਪ੍ਰਸਾਰ ਲਈ ਹੋ ਰਹੇ ਉਪਰਾਲਿਆਂ 'ਤੇ ਝਾਤ ਪਵਾਈ। ਇਸ ਮੌਕੇ ਕਹਾਣੀਕਾਰ ਕਰਮ ਸਿੰਘ ਮਾਨ ਨੇ ਵਿਸ਼ੇਸ਼ ਤੌਰ 'ਤੇ ਸਾਧੂ ਸਿੰਘ ਸੰਘਾ ਦੇ ਨਾਵਲ 'ਗ੍ਰੀਨ ਕਾਰਡ' 'ਤੇ ਪਰਚਾ ਪੜ੍ਹਿਆ। ਸ਼ਾਇਰ ਹਰਜਿੰਦਰ ਕੰਗ ਨੇ ਸਾਧੂ ਸਿੰਘ ਸੰਘਾ ਦੇ ਨਾਵਲ ਬਾਰੇ ਗੱਲ ਕਰਦਿਆਂ ਕਿਹਾ ਕਿ ਲੇਖਕ ਓਹੀ ਕਾਮਯਾਬ ਹੁੰਦਾ ਜੋ ਪਾਠਕ ਨੂੰ ਉਂਗਲ ਫੜਕੇ ਨਾਲ ਤੋਰਨ ਦੀ ਸਮਰੱਥਾ ਰੱਖਦਾ ਹੋਵੇ।

(ਬਾਕੀ ਸਫ਼ਾ 30 'ਤੇ)

# ਹੁਣ ਫ਼ਿਲਮਾਂ ਤੇ ਸੀਰੀਅਲਾਂ ’ਚ ਨਹੀਂ ਦਿਖਣਗੇ ਸਿੱਖ ਵਿਆਹ ਦੇ ਦ੍ਰਿਸ਼

## ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਕਿਹਾ- ਨਕਲੀ ਆਨੰਦ ਕਾਰਜ ਦਿਖਾਉਣਾ ਗ਼ਲਤ

ਅੰਮ੍ਰਿਤਸਰ/ਏ.ਟੀ.ਨਿਊਜ਼ : ਆਉਣ ਵਾਲੇ ਸਮੇਂ ਵਿੱਚ ਦੇਸ਼ ਵਾਸੀ ਫ਼ਿਲਮਾਂ ਅਤੇ ਟੀ.ਵੀ. ਸੀਰੀਅਲਾਂ ਵਿੱਚ ਆਨੰਦ ਕਾਰਜ ਦੇ ਦ੍ਰਿਸ਼ ਨਹੀਂ ਦੇਖ ਸਕਣਗੇ ਅਤੇ ਨਾ ਹੀ ਗੁਰਦੁਆਰਾ ਸਾਹਿਬਾਨ ਦੇ ਸੈੱਟਾਂ ਦੀ ਵਰਤੋਂ ਕਰਕੇ ਅਜਿਹੇ ਦ੍ਰਿਸ਼ ਫ਼ਿਲਮਾਏ ਜਾਣਗੇ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਗੁਰਦੁਆਰਾ ਸਾਹਿਬਾਨ ਦੇ ਸੈੱਟ ਤਿਆਰ ਕਰਕੇ ਇਸ ਵਿੱਚ ਆਨੰਦ ਕਾਰਜ ਦੀ ਫ਼ਿਲਮ ਬਣਾਉਣ ’ਤੇ ਪਾਬੰਦੀ ਲਾਉਣ ਦੀ ਤਿਆਰੀ ਕਰ ਲਈ ਹੈ। ਇੰਨਾ ਹੀ ਨਹੀਂ ਇਸ ਨੂੰ ਠੋਸ ਰੂਪ ਦੇਣ ਲਈ ਜਲਦੀ ਹੀ ਜਥੇਦਾਰ ਰਘਬੀਰ ਸਿੰਘ ਦੀ ਅਗਵਾਈ ਹੇਠ ਪੰਜ ਤਖ਼ਤਾਂ ਦੇ ਸਿੰਘ ਸਾਹਿਬਾਨ ਦੀ ਮੀਟਿੰਗ ਹੋ ਸਕਦੀ ਹੈ। ਇਸ ਮੀਟਿੰਗ ਵਿੱਚ ਸਿੰਘ ਸਾਹਿਬਾਨ ਵੱਲੋਂ ਪਾਬੰਦੀ ਸਬੰਧੀ ਸਿੱਖ ਪੰਥ ਨੂੰ ਫ਼ਰਮਾਨ ਜਾਰੀ ਕੀਤਾ ਜਾ ਸਕਦਾ ਹੈ।



**ਟੀਵੀ ਸੀਰੀਅਲ ਉਡਾਰੀਆਂ ਦੀ ਸ਼ੂਟਿੰਗ ਤੋਂ ਨਾਰਾਜ਼ ਜਥੇਦਾਰ**

ਮੋਹਾਲੀ ਨੇੜੇ ਪਿੰਡ ਘੜੂੰਆਂ ਵਿਖੇ ਪੰਜਾਬੀ ਟੀ.ਵੀ. ਸੀਰੀਅਲ ‘ਉਡਾਰੀਆਂ’ ਦੀ ਸ਼ੂਟਿੰਗ ਗੁਰਦੁਆਰਾ ਸਾਹਿਬਾਨ ਦਾ ਸੈੱਟ ਤਿਆਰ ਕਰਕੇ ਸ੍ਰੀ ਆਨੰਦ ਕਾਰਜ ਦੇ ਦ੍ਰਿਸ਼ ਨੂੰ ਫ਼ਿਲਮਾਏ ਜਾਣ ਤੋਂ ਨਾਰਾਜ਼ ਜਥੇਦਾਰ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਤੋਂ ਇਸ ਘਟਨਾ ਦੀ ਸਮੁੱਚੀ ਰਿਪੋਰਟ ਵੀ ਤਲਬ ਕੀਤੀ ਹੈ। ਜ਼ਿਕਰਯੋਗ ਹੈ ਕਿ ਜਿਵੇਂ ਹੀ ਨਿਹੰਗਾਂ ਨੂੰ 8 ਜੁਲਾਈ ਨੂੰ ਮੋਹਾਲੀ ਨੇੜੇ ਪਿੰਡ ਘੜੂੰਆਂ ’ਚ ਸ਼ੂਟਿੰਗ ਹੋਣ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਮੌਕੇ ’ਤੇ ਪਹੁੰਚ ਕੇ ਸ਼ੂਟਿੰਗ ਬੰਦ ਕਰਵਾ ਦਿੱਤੀ।

**ਨਿਹੰਗਾਂ ਨੇ ਮਚਾ ਦਿੱਤਾ ਸੀ ਹੰਗਾਮਾ**

ਨਿਹੰਗਾਂ ਦੇ ਹੰਗਾਮੇ ਤੋਂ ਬਾਅਦ ਪੁਲਿਸ ਨੇ ਆ ਕੇ ਮਾਮਲਾ ਸ਼ਾਂਤ ਕਰਵਾਇਆ ਅਤੇ ਸ਼ੂਟਿੰਗ ਬੰਦ ਕਰਵਾਈ। ਜਥੇਦਾਰ ਨੇ ਕਿਹਾ ਕਿ ਸਿੱਖ ਸੰਪਰਦਾ ਵੱਲੋਂ ਪਹਿਲਾਂ ਵੀ ਅਜਿਹੇ ਫ਼ਰਜ਼ੀ ਵਿਆਹਾਂ ’ਤੇ ਪਾਬੰਦੀ ਲਗਾਈ ਹੋਈ ਹੈ ਪਰ ਹੁਣ ਇਸ ਪਾਬੰਦੀ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ। ਜਥੇਦਾਰ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਫ਼ਰਜ਼ੀ ਵਿਆਹ ਅਤੇ ਆਨੰਦ ਕਾਰਜ ਦੀ ਸ਼ੂਟਿੰਗ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਅੱਗੇ ਕਿਹਾ ਕਿ ਸ਼ੂਟਿੰਗ ਲਈ ਫ਼ਰਜ਼ੀ ਗੁਰਦੁਆਰਾ ਸਾਹਿਬ ਤਿਆਰ ਕਰਨਾ ਸਿੱਖ ਰਵਾਇਤਾਂ ਦੇ ਖਿਲਾਫ਼ ਹੈ। ਉਨ੍ਹਾਂ ਕਿਹਾ ਕਿ ਸ਼ੂਟਿੰਗ ਵਾਲੀ ਥਾਂ ਘੜੂੰਆਂ ਵਿਖੇ ਗੁਰਦੁਆਰਾ ਸਾਹਿਬ ਦਾ ਜਾਅਲੀ ਸੈੱਟ ਤਿਆਰ ਕਰਨ ਤੋਂ ਇਲਾਵਾ ਅਦਾਕਾਰਾਂ ਵੱਲੋਂ ਸਿਗਰਟਨੋਸ਼ੀ ਕਰਨ ਦੀਆਂ ਵੀ ਸ਼ਿਕਾਇਤਾਂ ਮਿਲੀਆਂ ਹਨ। ਇਹ ਅਸਹਿ ਹੈ।

**ਜਲਦੀ ਹੀ ਤਖ਼ਤਾਂ ਦੇ ਸਿੰਘ ਸਾਹਿਬਾਨ ਦੀ ਹੋ ਸਕਦੀ ਹੈ ਮੀਟਿੰਗ**

ਇਸ ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਜਥੇਦਾਰ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਤੋਂ ਰਿਪੋਰਟ ਤਲਬ ਕੀਤੀ ਹੈ। ਜੇਕਰ ਸ੍ਰੀ ਅਨੰਦ ਕਾਰਜ ਵਿੱਚ ਭਾਗ ਲੈਣ ਵਾਲੇ ਕਲਾਕਾਰ ਸਿੱਖ ਕੌਮ ਨਾਲ ਸਬੰਧਿਤ ਹਨ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਨ੍ਹਾਂ ਵਿਰੁੱਧ ਸਿੱਖ ਮਰਿਆਦਾ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ। ਜਥੇਦਾਰ ਰਘਬੀਰ ਸਿੰਘ ਨੇ ਇਸ ਸਬੰਧੀ ਜਲਦੀ ਹੀ ਪੰਜ ਤਖ਼ਤਾਂ ਦੇ ਸਿੰਘ ਸਾਹਿਬਾਨ ਦੀ ਮੀਟਿੰਗ ਸੱਦਣ ਦਾ ਵੀ ਸੰਕੇਤ ਦਿੱਤਾ ਹੈ। ਇਸ ਮੁੱਦੇ ’ਤੇ ਕੋਈ ਸਖ਼ਤ ਫ਼ੈਸਲਾ ਲਿਆ ਜਾ ਸਕਦਾ ਹੈ।

# ਭਾਰਤ-ਪਾਕਿ ਬਟਵਾਰੇ ਦੇ 77 ਸਾਲ ਬਾਅਦ ਗੁਰਦੁਆਰੇ ਨੂੰ ਵਾਪਸ ਮਿਲੀ ਜ਼ਮੀਨ



ਗੁਰਦਾਸਪੁਰ/ਸਿਆਲਕੋਟ/ਏ.ਟੀ.ਨਿਊਜ਼ : ਸਿਆਲਕੋਟ ਦੇ ਜ਼ਿਲ੍ਹਾ ਪ੍ਰਸ਼ਾਸਨ ਨੇ ਜ਼ਫਰਵਾਲ ਰੋਡ ’ਤੇ ਸਥਿਤ ਇਤਿਹਾਸਕ ਗੁਰਦੁਆਰਾ ਬਾਬਾ ਦੀ ਬੇਰੀ ਦੇ ਨਾਲ ਲੱਗਦੇ ਛੱਪੜ ਅਤੇ ਜ਼ਮੀਨ ਨੂੰ 77 ਸਾਲਾਂ ਬਾਅਦ ਮੁੜ ਤੋਂ ਕਬਜ਼ੇ ’ਚ ਲੈ ਲਿਆ ਹੈ।

ਸਰਹੱਦ ਪਾਰਲੇ ਸੂਤਰਾਂ ਅਨੁਸਾਰ ਇਹ ਜ਼ਮੀਨ ਭਾਰਤ ਅਤੇ ਪਾਕਿਸਤਾਨ ਦੀ ਵੰਡ ਤੋਂ ਬਾਅਦ ਹੀ ਇੱਕ ਪ੍ਰਭਾਵਸ਼ਾਲੀ ਹਿਜੜਾ ਪਰਿਵਾਰ ਨੇ ਆਪਣੇ ਕਬਜ਼ੇ ਵਿਚ ਲੈ ਲਈ ਸੀ। ਜ਼ਿਲ੍ਹਾ ਪ੍ਰਸ਼ਾਸਨ, ਨਗਰ ਪਾਲਿਕਾ, ਮਾਲ ਵਿਭਾਗ ਅਤੇ ਪੁਲਸ ਨੇ ਕਬਜ਼ਿਆਂ ਖ਼ਿਲਾਫ਼ ਸਾਂਝੀ ਮੁਹਿੰਮ ਚਲਾਈ। ਸੂਤਰਾਂ ਅਨੁਸਾਰ ਵਧੀਕ ਡਿਪਟੀ ਕਮਿਸ਼ਨਰ ਮਾਲ ਮੁਹੰਮਦ ਇਕਬਾਲ ਨੇ ਉਕਤ ਜ਼ਮੀਨ ’ਤੇ ਪ੍ਰਭਾਵਸ਼ਾਲੀ ਪਰਿਵਾਰ ਨੇ ਪਸ਼ੂ ਫਾਰਮ ਅਤੇ ਦੁਕਾਨਾਂ ਬਣਾ ਲਈਆਂ ਸਨ, ਜਦਕਿ ਇੱਕ ਸਿਆਸੀ ਪਾਰਟੀ ਨੇ ਆਪਣਾ ਦਫ਼ਤਰ ਬਣਾਇਆ ਹੋਇਆ ਸੀ ਅਤੇ ਸਥਾਨਕ ਲੋਕਾਂ ਨੇ ਸਿੱਖ ਭਾਈਚਾਰੇ ਦੀ ਜ਼ਮੀਨ ’ਤੇ ਕੁਝ ਘਰ ਵੀ ਬਣਾਏ ਹੋਏ ਸਨ।ਵਿਸ਼ੇਸ਼ ਟੀਮ ਨੇ ਜ਼ਮੀਨ ’ਤੇ ਸਥਾਪਤ ਦੁਕਾਨਾਂ, ਸਿਆਸੀ ਪਾਰਟੀ ਦੇ ਦਫ਼ਤਰ ਅਤੇ ਪਸ਼ੂ ਪਾਲਕਾਂ ਨੂੰ ਢਾਹ ਦਿੱਤਾ। ਜ਼ਿਲ੍ਹਾ ਪ੍ਰਸ਼ਾਸਨ ਦੇ ਬੁਲਾਰੇ ਸਈਅਦ ਵਕਾਰ ਜਾਵੇਦ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਗੁਰਦੁਆਰੇ ਦੀ ਅੱਠ ਕਨਾਲਾਂ ਅਤੇ ਗੁਰਦੁਆਰਾ ਸਾਹਿਬ ਦੇ ਨਾਲ ਲੱਗਦੀ ਸਿੱਖ ਕੌਮ ਦੀ 18 ਮਰਲੇ ਜ਼ਮੀਨ ’ਤੇ ਕੀਤੇ ਨਾਜਾਇਜ਼ (ਬਾਕੀ ਸਫ਼ਾ 30 ’ਤੇ)

# ਅਕਾਲ ਤਖ਼ਤ ਦਾ ਖ਼ੁਦਮੁਖ਼ਤਿਆਰ ਪੰਥਕ ਨਿਜ਼ਾਮ ਹੋਵੇ ਕਾਇਮ : ਪੰਥ ਸੇਵਕ ਸ਼ਖ਼ਸੀਅਤਾਂ

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖ਼ਾਲਸਾ: ਬਾਦਲ ਦਲ ਦੇ ਦੋਹਾਂ ਧੜਿਆਂ ਨੂੰ ਆਪਣੀ ਸੁਹਿਰਦਤਾ ਸਾਬਿਤ ਕਰਨ ਲਈ ਅਕਾਲ ਤਖ਼ਤ ਸਾਹਿਬ ਦੇ ਨਿਜ਼ਾਮ ਨੂੰ ਪਾਰਟੀ ਤੇ ਸ਼੍ਰੋਮਣੀ ਕਮੇਟੀ ਦੇ ਗਲਬੇ ਤੋਂ ਮੁਕਤ ਕਰਕੇ ਪੰਥਕ ਲੀਹਾਂ ਉੱਤੇ ਉਸਾਰਨ ਦੀ ਹਾਮੀ ਭਰਨੀ ਚਾਹੀਦੀ ਹੈ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਥ ਸੇਵਕ ਸਖਸ਼ੀਅਤਾਂ ਨੇ ਆਪਸੀ ਵਿਚਾਰ ਵਟਾਂਦਰੇ ਤੋਂ ਬਾਅਦ ਕੀਤਾ ਹੈ।

ਜਾਰੀ ਕੀਤੇ ਗਏ ਬਿਆਨ ਵਿੱਚ ਪੰਥ ਸੇਵਕਾਂ ਭਾਈ ਦਲਜੀਤ ਸਿੰਘ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਅਮਰੀਕ ਸਿੰਘ ਈਸੜੂ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਮਨਜੀਤ ਸਿੰਘ ਫਗਵਾੜਾ ਅਤੇ ਭਾਈ ਸੁਖਦੇਵ ਸਿੰਘ ਡੋਡ ਨੇ ਕਿਹਾ ਕਿ ਸਿੱਖ ਵੋਟ ਰਾਜਨੀਤੀ ਵਿੱਚ ਪ੍ਰਮੁੱਖਤਾ ਰੱਖਣ ਵਾਲੀ ਪਾਰਟੀ ‘ਬਾਦਲ ਦਲ’ ਵੱਲੋਂ ਬੀਤੇ ਲੰਮੇ ਸਮੇਂ ਤੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਾਖ ਤੇ ਇਸ ਨਾਲ ਜੁੜੀ ਜਥੇਦਾਰੀ ਨਿਜ਼ਾਮ ਦੀ ਪਦ-ਪਦਵੀ ਦੀ ਆਪਣੇ ਸਿਆਸੀ ਮੁਫਾਦਾਂ ਲਈ ਵਰਤੋਂ ਕੀਤੀ ਜਾ ਰਹੀ ਸੀ। ਇਸ ਗੈਰ-ਸਿਧਾਂਤਕ ਵਰਤਾਰੇ ਦੀ ਸਿਖਰ ਉਸ ਵੇਲੇ ਹੋਈ ਸ਼੍ਰੋਮਣੀ ਕਮੇਟੀ ਰਾਹੀਂ ਬਾਦਲਾਂ ਵੱਲੋਂ ਲਗਾਏ ਗਏ ਜਥੇਦਾਰਾਂ ਨੇ ਸੌਦਾ ਸਾਧ ਨੂੰ ਬਿਨਾ ਮੰਗੀ ਮਾਫੀ ਦੇ ਦਿੱਤੀ। ਇਹ ਅਜਿਹੀ ਬੱਜਰ ਗਲਤੀ ਸੀ ਜਿਸ ਨਾਲ ਤਖਤ ਸਾਹਿਬ ਦੀ ਸਿੱਖਾਂ ਵਿਚਲੀ ਸਾਖ ਨੂੰ ਵੀ ਢਾਹ ਲੱਗੀ। ਬਾਦਲ ਦਲ ਦੀ



ਮੌਜੂਦਾ ਹਾਸ਼ੀਆਗ੍ਰਸਤ ਹਾਲਤ ਦਾ ਕਾਰਨ ਅਜਿਹੇ ਗੈਰ-ਸਿਧਾਂਤਕ ਫੈਸਲੇ ਹਨ ਜਿਸ ਵਾਸਤੇ ਇਸ ਪਾਰਟੀ ਦੀ ਸਮੁੱਚੀ ਲੀਡਰਸ਼ਿੱਪ ਖੁਦ ਹੀ ਜ਼ਿੰਮੇਵਾਰ ਹੈ। ਉਹਨਾ ਕਿਹਾ ਕਿ ਮੌਜੂਦਾ ਸਮੇਂ ਵਿੱਚ ਇਸ ਪਾਰਟੀ ਦੇ ਵੱਖ-ਵੱਖ ਹਿੱਸੇ ਆਪਣੀ ਸਾਖ ਬਹਾਲੀ ਦੇ ਜੋ ਯਤਨ ਕਰ ਰਹੇ ਹਨ ਉਹ ਸੁਹਿਰਦਤਾ ਤੋਂ ਸੱਖਣੇ ਹਨ ਕਿਉਂਕਿ ਦੋਹਾਂ ਧੜਿਆਂ ਵੱਲੋਂ ਹੀ ਖ਼ਾਲਸਾ ਪੰਥ ਦੀਆਂ ਸਿਰਮੌਰ ਸੰਸਥਾਵਾਂ ਜਿਵੇਂ ਕਿ ਅਕਾਲ ਤਖਤ ਸਾਹਿਬ ਤੇ ਤਖਤ ਸਾਹਿਬ ਦੀ ਸੇਵਾ ਸੰਭਾਲ ਵਿੱਚ ਸਾਂਝੀ ਅਗਵਾਈ (ਪੰਚ ਪ੍ਰਧਾਨੀ) ਅਤੇ ਸਾਂਝੇ ਫੈਸਲਿਆਂ ਲਈ ਗੁਰਮਤੇ ਦੀ ਬਹਾਲੀ ਬਾਰੇ ਕੋਈ ਵੀ ਗੱਲ ਨਹੀਂ ਕੀਤੀ ਜਾ ਰਹੀ। ਇੰਝ ਲੱਗਦਾ ਹੈ ਕਿ ਦੋਵਾਂ ਧੜਿਆਂ ਵਿੱਚ ਸਿਰਫ ਖੁਦ ਨੂੰ ਪ੍ਰਮੁੱਖ ਹਿੱਸਾ ਵਿਖਾਉਣ ਦੀ ਹੀ ਦੌੜ ਲੱਗੀ ਹੈ।ਉਹਨਾਂ ਕਿਹਾ ਕਿ ਹੁਣ ਅਜਿਹੀਆਂ ਚਾਲਾਂ ਤੋਂ ਸੰਗਤ ਸੁਚੇਤ ਹੈ ਸੋ ਇਹ ਯਤਨ ਨਿਰਾਰਥਕ ਹਨ।

ਮੌਜੂਦਾ ਹਾਲਤ ਵਿੱਚ ਇੰਡੀਅਨ ਸਟੇਟ ਦੀ ਭੂਮਿਕਾ ਬਾਰੇ ਉਚੇਚਾ ਜ਼ਿਕਰ ਕਰਦਿਆਂ ਪੰਥ ਸੇਵਕਾਂ ਨੇ ਕਿਹਾ ਕਿ ਦਿੱਲੀ ਦਰਬਾਰ ਇਸ ਵੇਲੇ ਸਿੱਖ ਸੰਸਥਾਵਾਂ ਤੇ ਅਦਾਰਿਆਂ ਸਮੇਤ ਸਿੱਖ ਵੋਟ ਰਾਜਨੀਤੀ ਵਿਚਲੀ ਪਾਟੋਧਾੜ ਤੇ ਅੰਦਰੂਨੀ ਕਲੇਸ਼ ਨੂੰ ਜ਼ੋਰਾਂ ਨਾਲ ਵਧਾ ਰਿਹਾ ਹੈ। ਅਜਿਹਾ ਕਰਕੇ ਸਟੇਟ ਤਖਤ ਸਾਹਿਬਾਨ ਦੇ ਨਿਜ਼ਾਮ ਨੂੰ ਆਪਣੇ ਸਿੱਧੇ ਪ੍ਰਭਾਵ ਹੇਠ ਕਰਨ ਦੇ ਯਤਨ ਵਿੱਚ ਹੈ। ਇਸ ਲਈ ਇਸ ਮੌਕੇ ਅਕਾਲ ਤਖਤ ਸਾਹਿਬ ਉੱਤੇ ਗੁਰਮਤਿ ਅਤੇ ਪੰਥਕ ਰਿਵਾਇਤ ਅਨੁਸਾਰ ਪੰਚ ਪ੍ਰਧਾਨੀ ਪ੍ਰਣਾਲੀ ਅਤੇ ਗੁਰਮਤਾ ਵਿਧੀ ਵਾਲਾ ਪੰਥਕ ਨਿਜ਼ਾਮ ਕਾਇਮ ਕਰਨਾ ਬੇਹੱਦ ਜਰੂਰੀ ਹੈ। ਅਕਾਲ ਤਖਤ ਸਾਹਿਬ ਦੇ ਨਿਜ਼ਾਮ ਨੂੰ ਬਾਦਲ ਦਲ ਤੇ ਸ਼੍ਰੋਮਣੀ ਕਮੇਟੀ ਸਮੇਤ ਕਿਸੇ ਵੀ ਵੋਟ ਰਾਜਨੀਤਕ ਧਿਰ ਦੇ ਦਖਲ ਤੋਂ ਮੁਕਤ ਕਰਵਾ ਕੇ ਹੀ ਮੌਜੂਦਾ ਹਾਲਾਤ ਨੂੰ ਸਹੀ ਦਿਸ਼ਾ ਦੇਣ ਲਈ ਇੱਕ ਭਰੋਸੇਯੋਗ ਤੇ ਕਾਰਗਰ ਧੁਰੇ ਵਜੋਂ ਕਾਰਜਸ਼ੀਲ ਕੀਤਾ ਜਾ ਸਕਦਾ ਹੈ।

# ਦਿੱਲੀ ’ਚ 1984 ਦੇ ਸਿੱਖ ਨਸਲਕੁਸ਼ੀ ਦੇ 437 ਪੀੜ੍ਹਤ ਪਰਿਵਾਰਾਂ ਦੇ ਇੱਕ-ਇੱਕ ਜੀਅ ਨੂੰ ਮਿਲੇਗੀ ਸਰਕਾਰੀ ਨੌਕਰੀ

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਆਤਮਾ ਸਿੰਘ ਲੁਬਾਣਾ ਨੇ ਦੱਸਿਆ ਕਿ ਦਿੱਲੀ ਵਿੱਚ 1984 ਦੇ ਸਿੱਖ ਕਤਲੇਆਮ ਦੇ 437 ਪੀੜਤ ਪਰਿਵਾਰਾਂ ਦੇ ਇੱਕ-ਇੱਕ ਜੀਅ ਨੂੰ ਸਰਕਾਰੀ ਨੌਕਰੀ ਮਿਲਣ ਜਾ ਰਹੀ ਹੈ ਜਿਸ ਵਾਸਤੇ ਉਮਰ ਤੇ ਸਿੱਖਿਆ ਦੋਵਾਂ ਵਿੱਚ ਵੱਡੀ ਛੋਟ ਦਿੱਤੀ ਗਈ ਹੈ।

ਇਥੇ ਜਾਰੀ ਕੀਤੇ ਇੱਕ ਬਿਆਨ ਵਿੱਚ ਆਤਮਾ ਸਿੰਘ ਲੁਬਾਣਾ ਨੇ ਦੱਸਿਆ ਕਿ ਅਸੀਂ ਕਈ ਸਾਲਾਂ ਤੋਂ ਇਸ ਮਾਮਲੇ ਵਿੱਚ ਸੰਘਰਸ਼ ਕਰ ਰਹੇ ਹਾਂ। ਪਹਿਲਾਂ 16 ਜਨਵਰੀ 2006 ਨੂੰ ਭਾਰਤ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਹਰ ਸ਼ਹੀਦ ਪਰਿਵਾਰ ਦੇ ਲੋਕਾਂ ਨੂੰ ਨੌਕਰੀ ਦਿੱਤੀ ਜਾਵੇਗੀ। ਇਸ ਵਿੱਚ ਦਿੱਲੀ ਸਰਕਾਰ ਨੇ 2007 ਵਿੱਚ ਕੈਬਨਿਟ ਨੋਟ ਲਿਆਂਦਾ ਸੀ ਜਿਸ ਵਿੱਚ ਕਿਹਾ ਸੀ ਕਿ ਜਿਹੜੇ ਪਰਿਵਾਰਾਂ ਦੇ ਜੀਅ ਸ਼ਹੀਦ ਹੋਏ ਤੇ ਫੱਟੜ ਹੋਏ ਉਹਨਾਂ ਨੂੰ ਨੌਕਰੀ ਦਿੱਤੀ ਜਾਵੇਗੀ।

ਹੁਣ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਯਤਨਾਂ ਦੀ ਬਦੌਲਤ 27.11.2019 ਨੂੰ ਹਾਈ ਕੋਰਟ ਦੇ ਡਬਲ ਬੈਂਚ ਦਾ ਹੁਕਮ ਆਇਆ ਸੀ ਕਿ ਹਰੇਕ ਪਰਿਵਾਰ ਨੂੰ ਨੌਕਰੀ ਦਿੱਤੀ ਜਾਵੇ ਅਤੇ ਜੇਕਰ ਨੌਕਰੀ ਨਹੀਂ ਦੇ ਸਕਦੇ ਤਾਂ ਕਾਰਨ ਦੱਸਿਆ ਜਾਵੇ।

ਉਹਨਾਂ ਦੱਸਿਆ ਕਿ ਪਿਛਲੇ ਸਾਲ 22 ਲੋਕਾਂ ਨੂੰ ਨੌਕਰੀ ਦਿੱਤੀ ਗਈ ਸੀ ਤੇ ਹੁਣ ਅਸੀਂ ਤਾਜ਼ਾ ਅਰਜ਼ੀਆਂ ਜਮ੍ਹਾਂ ਕਰਵਾਈਆਂ ਸਨ।



ਉਹਨਾਂ ਦੱਸਿਆ ਕਿ ਹੁਣ 9.7.2024 ਨੂੰ ਜਿਹੜੀ ਅਸੀਂ ਮਿਹਨਤ ਕੀਤੀ ਹੈ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ, ਮੌਜੂਦਾ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਦੇ ਵੱਡਮੁੱਲੇ ਸਹਿਯੋਗ ਸਦਕਾ ਅਤੇ ਮੈਂਬਰ ਸੁਰਜੀਤ ਸਿੰਘ, ਬਲਬੀਰ ਸਿੰਘ ਅਤੇ ਰਮਿੰਦਰ ਸਿੰਘ ਸਵੀਟਾ ਦੀ ਮਿਹਨਤ ਸਦਕਾ ਪਿਛਲੇ ਦਿਨੀਂ ਉਪ ਰਾਜਪਾਲ ਨੇ ਪ੍ਰਵਾਨਗੀ ਦਿੱਤੀ ਹੈ ਅਤੇ ਹੁਕਮ ਜਾਰੀ ਕੀਤੇ ਹਨ ਕਿ ਇਹਨਾਂ ਪਰਿਵਾਰਾਂ ਦੀ ਵੈਰੀਫਿਕੇਸ਼ਨ ਕੀਤੀ ਜਾਵੇ।

ਉਹਨਾਂ ਦੱਸਿਆ ਕਿ ਇਹਨਾਂ 9 ਜ਼ਿਲ੍ਹਿਆਂ ਵਿੱਚ 437 ਪਰਿਵਾਰਾਂ ਦੇ ਬੱਚਿਆਂ ਦੀ ਨੌਕਰੀ ਲੱਗਣ ਵਾਲੀ ਹੈ। ਉਹਨਾਂ ਕਿਹਾ ਕਿ 1984 ਦੇ ਜਿਹੜੇ ਸ਼ਹੀਦ ਪਰਿਵਾਰਾਂ ਦੇ ਮੈਂਬਰਾਂ ਨੇ ਫਾਰਮ ਨਹੀਂ ਭਰੇ ਉਹ ਸਾਡੇ ਕੋਲ ਦਿੱਲੀ ਗੁਰਦੁਆਰਾ ਕਮੇਟੀ ਦਫਤਰ ਵਿੱਚ ਆ ਕੇ ਜਾਂ ਫਿਰ 5 ਸ਼ਾਮਨਾਥ ਮਾਰਗ ਵਿੱਚ ਜਾ ਕੇ ਫਾਰਮ ਭਰ ਸਕਦੇ ਹਨ। ਜਿਹਨਾਂ ਨੂੰ ਨੌਕਰੀ ਮਿਲਣੀ ਹੈ, ਕਾਰਵਾਈ ਚਲ ਰਹੀ ਹੈ। ਉਹਨਾਂ ਦੱਸਿਆ ਕਿ ਇੱਕ ਮਹੀਨੇ ਵਿੱਚ 50 ਲੋਕ ਨੌਕਰੀ ਲੱਗ ਜਾਣਗੇ। ਇਸ ਵਾਸਤੇ ਉਮਰ ਤੇ ਸਿੱਖਿਆ ਵਿੱਚ ਵੀ ਛੋਟ ਦਿੱਤੀ ਗਈ ਹੈ।

ਉਹਨਾਂ ਇਹ ਵੀ ਦੱਸਿਆ ਕਿ 19 ਜੁਲਾਈ ਨੂੰ ਸ਼ਾਮ 3.00 ਵਜੇ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿੱਚ ਇਕੱਠ ਕੀਤਾ ਜਾਵੇਗਾ ਅਤੇ ਉਹਨਾਂ ਨੇ ਅਪੀਲ ਕੀਤੀ ਕਿ ਜਿਹਨਾਂ ਨੇ ਫਾਰਮ ਭਰੇ ਹਨ, ਉਹ ਪਰਿਵਾਰ ਸਹਿਤ ਇਸ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਨ। ਇਸ ਪ੍ਰੋਗਰਾਮ ਵਿੱਚ ਦੱਸਿਆ ਜਾਵੇਗਾ ਕਿ ਤੁਸੀਂ ਕਿਵੇਂ ਐਸ. ਡੀ. ਐਮ. ਕੋਲ ਜਾਣਾ ਹੈ ਤੇ ਆਪਣੀ ਗੱਲ ਰੱਖਣੀ ਹੈ।

ਉਹਨਾਂ ਕਿਹਾ ਕਿ ਦਿੱਲੀ ਕਮੇਟੀ ਪੀੜਤ ਪਰਿਵਾਰਾਂ ਦੀ ਸਹਾਇਤਾ ਲਈ ਹਰ ਲੋੜੀਂਦਾ ਕਦਮ ਚੁੱਕੇਗੀ ਤੇ ਇਹਨਾਂ ਪਰਿਵਾਰਾਂ ਨਾਲ ਹਮੇਸ਼ਾ ਵਾਂਗੂ ਡੱਟ ਕੇ ਖੜ੍ਹੀ ਹੋਵੇਗੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

## ਵਿਦੇਸ਼ਾਂ ’ਚ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ

ਪਿਛਲੇ ਦਿਨੀਂ ਬਰਤਾਨੀਆ ਦੇ ਕੈਂਟ ਇਲਾਕੇ ’ਚ ਗ੍ਰੇਵਸੈਂਡ ਦੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ’ਚ ਇੱਕ ਨਾਬਾਲਗ ਵੱਲੋਂ ਉੱਥੇ ਮੌਜੂਦ ਸੰਗਤ ’ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਨ ਦੀ ਘਟਨਾ ਨੇ ਵਿਦੇਸ਼ਾਂ ਵਿੱਚ ਸਿੱਖਾਂ ’ਤੇ ਵੱਖ- ਵੱਖ ਸਮੇਂ ਹੋ ਰਹੇ ਨਸਲੀ ਹਮਲਿਆਂ ਦਾ ਮਾਮਲਾ ਮੁੜ ਸੁਰਖ਼ੀਆਂ ਵਿੱਚ ਲਿਆ ਦਿੱਤਾ ਹੈ। ਵਿਦੇਸ਼ਾਂ ਵਿੱਚ ਸਿੱਖਾਂ ਅਤੇ ਸਿੱਖਾਂ ਦੇ ਧਾਰਮਿਕ ਸਥਾਨਾਂ ’ਤੇ ਹਮਲੇ ਦੀ ਪਹਿਲੀ ਘਟਨਾ ਨਹੀਂ ਹੈ, ਇਸ ਤੋਂ ਪਹਿਲਾਂ ਵੀ ਵਿਦੇਸ਼ਾਂ ਵਿੱਚ ਅਜਿਹੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ।

9/11 ਦੇ ਅਮਰੀਕੀ ਵਿਸ਼ਵ ਵਪਾਰ ਕੇਂਦਰ ’ਤੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਸਿੱਖਾਂ ਨੂੰ ਮੁਸਲਮਾਨਾਂ ਦੇ ਭੁਲੇਖੇ ਵੱਡੀ ਪੱਧਰ ’ਤੇ ਨਸਲੀ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੈ। ਭਾਵੇਂ ਕਿ ਇਹ ਗੱਲ ਸਾਬਤ ਹੋ ਚੁੱਕੀ ਹੈ ਕਿ ਇਹ ਹਮਲਾ ਓਸਾਮਾ ਬਿਨ ਲਾਦੇਨ ਨੇ ਕਰਵਾਇਆ ਸੀ ਪਰ ਬਹੁਤੇ ਗੋਰੇ ਲੋਕ ਹਾਲੇ ਵੀ ਸਿੱਖਾਂ ਅਤੇ ਮੁਸਲਮਾਨਾਂ ਵਿੱਚ ਫ਼ਰਕ ਨੂੰ ਸਮਝ ਨਹੀਂ ਸਕੇ। ਉਹ ਪਗੜੀਧਾਰੀ ਅਤੇ ਦਾਹੜੀ ਵਾਲੇ ਸਿੱਖਾਂ ਨੂੰ ਵੀ ਮੁਸਲਮਾਨ ਸਮਝ ਲੈਂਦੇ ਹਨ।

ਸਿੱਖਾਂ ਦੀ ਮਿੰਨੀ ਪਾਰਲੀਮੈਂਟ ਕਹੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਨੇ ਵਿਦੇਸ਼ਾਂ ਵਿੱਚ ਸਿੱਖ ਧਰਮ ਦੇ ਪ੍ਰਚਾਰ ਅਤੇ ਸਿੱਖਾਂ ਦੀ ਵੱਖਰੀ ਪਹਿਚਾਣ ਦਰਸਾਉਣ ਲਈ ਕਾਫ਼ੀ ਉਪਰਾਲੇ ਕੀਤੇ ਹਨ ਪਰ ਅਸਲੀਅਤ ਇਹ ਵੀ ਹੈ ਕਿ ਪੰਜਾਬ ਆਧਾਰਿਤ ਸਿੱਖਾਂ ਦੀਆਂ ਸਮਰੱਥ ਸੰਸਥਾਵਾਂ ਵੀ ਸਿੱਖ ਧਰਮ ਪ੍ਰਤੀ ਵਿਦੇਸ਼ੀ ਭਾਈਚਾਰਿਆਂ ਨੂੰ ਜਾਗਰੂਕ ਨਹੀਂ ਕਰ ਸਕੀਆਂ। ਬੇਸ਼ੱਕ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਵਰਗੇ ਦੇਸ਼ਾਂ ਵਿੱਚ ਸਿੱਖਾਂ ਨੇ ਰਾਜਨੀਤੀ ਤੋਂ ਲੈ ਕੇ ਸਿਵਲ ਸੇਵਾਵਾਂ ਤੱਕ ਅਹਿਮ ਰੁਤਬੇ ਹਾਸਲ ਕੀਤੇ ਹਨ ਪਰ ਸਿੱਖ ਅਜੇ ਤੱਕ ਗੋਰਿਆਂ ਨੂੰ ਸਿੱਖ ਧਰਮ ਦੀ ਵੱਖਰੀ ਹੋਂਦ ਅਤੇ ਵਿਲੱਖਣ ਸਿਧਾਂਤਾਂ ਤੋਂ ਜਾਣੂ ਨਹੀਂ ਕਰਵਾ ਸਕੇ। ਭਾਵੇਂ ਕਿ ਅਮਰੀਕਾ ਵਿੱਚ ਭਾਰਤ ਤੋਂ ਬਾਅਦ ਸਿੱਖਾਂ ਦੀ ਆਬਾਦੀ ਤੀਜੇ ਨੰਬਰ ’ਤੇ (ਪੰਜ ਲੱਖ) ਹੈ ਪਰ ਅਮਰੀਕਾ ਦੀ ‘ਸਿੱਖ ਅਮਰੀਕਨ ਲੀਗਲ ਡਿਫ਼ੈਂਸ ਐਂਡ ਐਜੂਕੇਸ਼ਨ’ ਸੰਸਥਾ ਅਤੇ ‘ਸਟੈਨਫੋਰਡ ਯੂਨੀਵਰਸਿਟੀ’ ਵਲੋਂ ਸਾਂਝੇ ਤੌਰ ’ਤੇ ‘ਟਰਬਨ ਮਾਈਥਸ’ ਨਾਂਅ ਦੇ ਕੀਤੇ ਗਏ ਅਧਿਐਨ ਵਿੱਚ ਇਹ ਗੱਲ ਉਭਰ ਕੇ ਆਈ ਸੀ ਕਿ ਬਹੁਤੇ ਅਮਰੀਕੀ ਲੋਕ ਸਿੱਖਾਂ ਨੂੰ ਅਲਕਾਇਦਾ ਦੇ ਮਾਰੇ ਗਏ ਮੁਖੀ ਓਸਾਮਾ ਬਿਨ ਲਾਦੇਨ ਨਾਲ ਜੋੜ ਕੇ ਦੇਖਦੇ ਹਨ। 49 ਫ਼ੀਸਦੀ ਅਮਰੀਕੀ ਲੋਕ ਸਿੱਖਾਂ ਨੂੰ ਮੁਸਲਮਾਨ ਧਰਮ ਦਾ ਹਿੱਸਾ ਸਮਝਦੇ ਹਨ ਜਦੋਂਕਿ 70 ਫ਼ੀਸਦੀ ਗੋਰੇ ਕਿਸੇ ਸਿੱਖ ਦੀ ਸਹੀ ਪਛਾਣ ਨਹੀਂ ਕਰ ਸਕਦੇ। ਜਦੋਂ ਬਰਾਕ ਓਬਾਮਾ ਅਮਰੀਕਾ ਦੇ ਰਾਸ਼ਟਰਪਤੀ ਸਨ ਤਾਂ ਉਹਨਾਂ ਨੇ ਵੀ ਮੰਨਿਆ ਸੀ ਕਿ ਸਿੱਖਾਂ ’ਤੇ ਭੁਲੇਖੇ ਵਿੱਚ ਹੀ ਕਈ ਵਾਰ ਹਮਲੇ ਹੋ ਜਾਂਦੇ ਹਨ।

ਸਿੱਖ ਕੌਮ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹੈ ਤੇ ਦੁਨੀਆਂ ਵਿੱਚ ਕਿਤੇ ਵੀ ਆਈ ਮੁਸੀਬਤ ਸਮੇਂ ਹਮੇਸ਼ਾ ਮਨੁੱਖਤਾ ਦੀ ਭਲਾਈ ਲਈ ਮੋਹਰੀ ਭੂਮਿਕਾ ਨਿਭਾਉਂਦੀ ਹੈ। ਹਰ ਦਿਨ ਸਿੱਖ ਆਪਣੀ ਅਰਦਾਸ ਵਿੱਚ ਸਰਬੱਤ ਦਾ ਭਲਾ ਮੰਗਦੇ ਹਨ। ਸਿੱਖ ਹਰ ਧਰਮ ਦਾ ਸਤਿਕਾਰ ਕਰਦੇ ਹਨ। ਵਿਦੇਸ਼ ਦੀ ਧਰਤੀ ’ਤੇ ਵੱਸਦਿਆਂ ਸਿੱਖ ਭਾਈਚਾਰੇ ਨੇ ਉਥੋਂ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ਹੈ। ਵੱਖ- ਵੱਖ ਮੁਲਕਾਂ ਵਿੱਚ ਵਸੇ ਹੋਏ ਸਿੱਖਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਉਹਨਾਂ ਮੁਲਕਾਂ ਦੀ ਆਰਥਿਕਤਾ ਨੂੰ ਮਜ਼ਬੂਤ ਕੀਤਾ ਹੈ ਅਤੇ ਅਨੇਕਾਂ ਮੁਲਕਾਂ ਵਿੱਚ ਸਿੱਖ ਚੰਗੇ ਅਹੁਦਿਆਂ ’ਤੇ ਬੈਠੇ ਹਨ। ਇਸ ਸਭ ਦੇ ਬਾਵਜੂਦ ਸਿੱਖਾਂ ਅਤੇ ਉਹਨਾਂ ਦੇ ਧਾਰਮਿਕ ਸਥਾਨਾਂ ’ਤੇ ਹਮਲੇ ਹੋ ਰਹੇ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ।

ਭਾਰਤ ਦੇ ਵੱਖ- ਵੱਖ ਇਲਾਕਿਆਂ ਵਿੱਚ ਵੀ ਅਕਸਰ ਸਿੱਖਾਂ ’ਤੇ ਹਮਲੇ ਹੋਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਕੰਗਣਾ ਥੱਪੜ ਕਾਂਡ ਤੋਂ ਬਾਅਦ ਸਿੱਖਾਂ ਨੂੰ ਜਾਣ ਬੁੱਝ ਕੇ ਭਾਰਤ ਦੇ ਵੱਖ- ਵੱਖ ਇਲਾਕਿਆਂ ਵਿੱਚ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਨੇਕਾਂ ਥਾਂਵਾਂ ’ਤੇ ਸਿੱਖਾਂ ਦੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਵੀ ਵਾਪਰ ਚੁੱਕੀਆਂ ਹਨ। ਜੇ ਬੇਅਦਬੀ ਦੇ ਦੋਸ਼ੀਆਂ ਨੂੰ ਸੰਗਤ ਫੜ ਕੇ ਪੁਲਿਸ ਹਵਾਲੇ ਕਰ ਦਿੰਦੀ ਹੈ ਤਾਂ ਪੁਲਿਸ ਇਹਨਾਂ ਦੋਸ਼ੀਆਂ ਨੂੰ ਮਾਨਸਿਕ ਰੋਗੀ ਕਹਿ ਕੇ ਆਪਣਾ ਪੱਲਾ ਝਾੜ ਲੈਂਦੀ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਜੇ ਇਹ ਦੋਸ਼ੀ ਸੱਚਮੁੱਚ ਮਾਨਸਿਕ ਰੋਗੀ ਹਨ ਤਾਂ ਇਹ ਸਿਰਫ਼ ਗੁਰਧਾਮਾਂ ਵਿੱਚ ਜਾ ਕੇ ਹੀ ਬੇਅਦਬੀ ਦੀਆਂ ਘਟਨਾਵਾਂ ਨੂੰ ਕਿਉਂ ਅੰਜਾਮ ਦਿੰਦੇ ਹਨ। ਅਜਿਹੇ ਮਾਨਸਿਕ ਰੋਗੀ ਆਪਣੇ ਘਰ ਵਿੱਚ ਜਾਂ ਆਪਣੇ ਪਰਿਵਾਰ ਦਾ ਕੋਈ ਨੁਕਸਾਨ ਕਿਉਂ ਨਹੀਂ ਕਰਦੇ ?

ਅਸਲ ਵਿੱਚ ਸਿੱਖਾਂ ਖ਼ਿਲਾਫ਼ ਦੇਸ਼ ਵਿਦੇਸ਼ ਵਿੱਚ ਅਜਿਹੀਆਂ ਘਟਨਾਵਾਂ ਤਾਂ ਵੀ ਵਾਪਰ ਰਹੀਆਂ ਹਨ ਕਿਉਂਕਿ ਵਿਦੇਸ਼ਾਂ ਵਿੱਚ ਅੱਜ ਵੀ ਗੋਰੇ ਲੋਕ ਸਿੱਖਾਂ ਨੂੰ ਮੁਸਲਮਾਨ ਸਮਝ ਲੈਂਦੇ ਹਨ। ਸਿੱਖਾਂ ਦੀ ਵੱਖਰੀ ਪਹਿਚਾਣ ਦਰਸਾਉਣ ਸਬੰਧੀ ਵਿਦੇਸ਼ਾਂ ਵਿੱਚ ਸਹੀ ਤਰੀਕੇ ਨਾਲ ਪ੍ਰਚਾਰ ਕਰਨ ਵਿੱਚ ਨਾ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਮਯਾਬ ਹੋਈ ਹੈ ਅਤੇ ਨਾ ਹੀ ਸਿੱਖਾਂ ਦੀ ਕੋਈ ਹੋਰ ਧਾਰਮਿਕ ਸੰਸਥਾ ਇਹ ਕੰਮ ਕਰ ਸਕੀ ਹੈ। ਜਿਸ ਕਾਰਨ ਅਜਿਹੀਆਂ ਘਟਨਾਵਾਂ ਅਕਸਰ ਵਾਪਰ ਰਹੀਆਂ ਹਨ। ਵਿਦੇਸ਼ਾਂ ਵਿੱਚ ਉਂਝ ਵੀ ਤੱਤ ਦੀ ਥਾਂ ਪਦਾਰਥ ਨੂੰ ਮੁੱਖ ਰੱਖਿਆ ਜਾਂਦਾ ਹੈ, ਇਸੇ ਕਾਰਨ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਆਪੋ ਧਾਪੀ ਦਾ ਮਾਹੌਲ ਬਣਿਆ ਹੋਇਆ ਹੈ। ਜਿਸ ਕਾਰਨ ਮਨੁੱਖ ਵਿੱਚ ਸਹਿਣਸ਼ੀਲਤਾ ਦੀ ਘਾਟ ਹੁੰਦੀ ਜਾ ਰਹੀ ਹੈ ਤੇ ਉਹ ਤਨਾਓ ਦਾ ਸ਼ਿਕਾਰ ਹੋ ਕੇ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇ ਰਿਹਾ ਹੈ। ਅਜਿਹੇ ਸਿਰਫਿਰੇ ਇਨਸਾਨ ਅਸਲ ਵਿੱਚ ਪੂਰੇ ਸਮਾਜ ਲਈ ਹੀ ਖਤਰਾ ਹੁੰਦੇ ਹਨ।

ਚਾਹੀਦਾ ਤਾਂ ਇਹ ਹੈ ਕਿ ਵਿਦੇਸ਼ਾਂ ਵਿੱਚ ਸਿੱਖਾਂ ਅਤੇ ਸਿੱਖਾਂ ਦੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਲਈ ਪੂਰੇ ਪ੍ਰਬੰਧ ਕੀਤੇ ਜਾਣ ਅਤੇ ਗੋਰੇ ਲੋਕਾਂ ਨੂੰ ਸਿੱਖ ਧਰਮ ਦੀ ਜਾਣਕਾਰੀ ਦੇਣ ਲਈ ਵੀ ਉਪਰਾਲੇ ਕੀਤੇ ਜਾਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਵਿਦੇਸ਼ਾਂ ਵਿੱਚ ਸਿੱਖ ਧਰਮ ਅਤੇ ਸਿੱਖਾਂ ਦੀ ਵੱਖਰੀ ਪਹਿਚਾਣ ਬਾਰੇ ਜਾਣਕਾਰੀ ਦੇਣ ਲਈ ਵਿਸ਼ੇਸ਼ ਮੁਹਿੰਮ ਚਲਾਉਣ ਤਾਂ ਕਿ ਵਿਦੇਸ਼ੀ ਲੋਕਾਂ ਨੂੰ ਵੀ ਸਿੱਖਾਂ ਬਾਰੇ ਪੂਰੀ ਤਰ੍ਹਾਂ ਜਾਣਕਾਰੀ ਹੋ ਸਕੇ। ਇਸ ਦੇ ਨਾਲ ਹੀ ਸਮਾਜ ਵਿਰੋਧੀ ਅਨਸਰਾਂ ਨੂੰ ਸਖ਼ਤ ਸਜ਼ਾਵਾਂ ਦੇ ਕੇ ਵੀ ਅਜਿਹੀਆਂ ਘਟਨਾਵਾਂ ਨੂੰ ਵਾਪਰਨ ਤੋਂ ਰੋਕਿਆ ਜਾ ਸਕਦਾ ਹੈ। ਵਿਦੇਸ਼ਾਂ ਵਿੱਚ ਸਿੱਖਾਂ ਅਤੇ ਸਿੱਖਾਂ ਦੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਕਰਨੀ ਉਥੋਂ ਦੀਆਂ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਅਤੇ ਸਿੱਖਾਂ ਤੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਲਈ ਪੂਰੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ।

# ਸਥਾਨਕ ਸਰਕਾਰਾਂ ਦੀ ਹੋਂਦ ਨੂੰ ਖ਼ਤਰਾ ਚਿੰਤਾਜਨਕ



ਗੁਰਮੀਤ ਸਿੰਘ ਪਲਾਹੀ
9815802070

ਪੰਜਾਬ ’ਚ ਲੋਕਾਂ ਵੱਲੋਂ ਪਿੰਡ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਲਈ ਤਾਰੀਖ ਉਡੀਕੀ ਜਾ ਰਹੀ ਹੈ। ਇਹਨਾਂ ਦੀ ਪੰਜ ਸਾਲ ਦੀ ਮਿਆਦ ਪੂਰੀ ਹੋ ਚੁੱਕੀ ਹੈ। ਪਿੰਡਾਂ ’ਚ ਸਥਾਨਕ ਸਰਕਾਰ ਕਹਾਉਂਦੀਆਂ ਪੰਚਾਇਤਾਂ ਦੀ ਇਸ ਸਮੇਂ ਅਣਹੋਂਦ ਕਾਰਨ ਵਿਕਾਸ ਕਾਰਜ ਠੱਪ ਪਏ ਹਨ, ਪੇਂਡੂ ਆਮਦਨ ਦਾ ਮੁੱਖ ਸਰੋਤ ਪੰਚਾਇਤ ਜ਼ਮੀਨਾਂ ਦੇ ਠੇਕੇ ਸਿਰੇ ਨਾ ਚੜ੍ਹਨ ਕਾਰਨ ਪਹਿਲਾਂ ਹੀ ਵਿੱਤੀ ਤੌਰ ’ਤੇ ਕਮਜ਼ੋਰ ਪੰਚਾਇਤਾਂ ਦੀ ਆਮਦਨ ਸੁੰਗੜ ਗਈ ਹੈ। ਸਫ਼ਾਈ ਪ੍ਰਬੰਧ ਤੇ ਬੁਨਿਆਦੀ ਢਾਂਚੇ ਦੀ ਸੰਭਾਲ ਚਰਮਰਾ ਗਈ ਹੈ। ਲੋਕਾਂ ਦੇ ਆਪਣੇ ਰੋਜ਼ਾਨਾ ਕੰਮਾਂ ਲਈ ਤਸਦੀਕ ਕਰਾਉਣ ਦੇ ਕੰਮ ’ਚ ਵਿਘਨ ਪੈ ਰਿਹਾ ਹੈ।

ਬਾਵਜੂਦ ਇਸ ਗੱਲ ਦੇ ਕਿ ਪਿੰਡ ਪੰਚਾਇਤਾਂ ਦੇ ਲਗਭਗ ਸਮੁੱਚੇ ਅਧਿਕਾਰ ਪੰਚਾਇਤ ਅਧਿਕਾਰੀਆਂ, ਸਥਾਨਕ ਵਿਧਾਇਕਾਂ, ਕਰਮਚਾਰੀਆਂ ਨੇ ਆਪਣੇ ਹੱਥ ਕਰਕੇ ਪੰਚਾਇਤਾਂ ਬਲਾਕ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਨੂੰ ਪੰਗੂ ਬਣਾ ਦਿੱਤਾ ਹੋਇਆ ਹੈ, ਫਿਰ ਵੀ ਲੋਕ ਸਥਾਨਕ ਸਰਕਾਰ ਭਾਵ ਪੰਚਾਇਤ ਦੀ ਲੋੜ ਮਹਿਸੂਸ ਕਰਦੇ ਹਨ, ਕਿਉਂਕਿ ਪੰਚਾਇਤਾਂ ਮਾਨਸਿਕ ਤੌਰ ’ਤੇ ਉਹਨਾਂ ਦੇ ਦਿਲੋ-ਦਿਮਾਗ ਨਾਲ ਜੁੜੀਆਂ ਹੋਈਆਂ ਹਨ ਤੇ ਉਹ ਕਿਸੇ ਵੀ ਮੁਸੀਬਤ ਵੇਲੇ ਇਸ ਤੋਂ ਆਸਰਾ ਭਾਲਦੇ ਹਨ।

ਪੰਜਾਬ ’ਚ ਸ਼ਹਿਰੀ ਸੰਸਥਾਵਾਂ ਨਗਰ ਕਾਰਪੋਰੇਸ਼ਨਾਂ ਮਿਆਦ ਪੁਗਣ ਉਪਰੰਤ ਚੋਣਾਂ ਉਡੀਕ ਰਹੀਆਂ ਹਨ ਤੇ ਇਹਨਾਂ ਸ਼ਹਿਰਾਂ ਜਲੰਧਰ, ਫਗਵਾੜਾ, ਪਟਿਆਲਾ, ਲੁਧਿਆਣਾ, ਅੰਮ੍ਰਿਤਸਰ ਦੇ ਵਿਕਾਸ ਕਾਰਜ ਵੀ ਸਰਕਾਰੀ ਅਫ਼ਸਰਾਂ ਦੇ ਰਹਿਮੋ-ਕਰਮ ’ਤੇ ਹਨ।

ਦੇਸ਼ ਦੇ ਲੋਕਤੰਤਰੀ ਢਾਂਚੇ ਵਿੱਚ ਸਥਾਨਕ ਸਰਕਾਰਾਂ ਦਾ ਰੋਲ ਅਤੇ ਮਹੱਤਵ ਕਿਸੇ ਸਮੇਂ ਵੱਡਾ ਗਿਣਿਆ ਜਾਂਦਾ ਸੀ। ਸਿਆਸੀ ਧਿਰਾਂ ਤੇ ਹਾਕਮ, ਆਮ ਲੋਕਾਂ ਦੇ ਸਥਾਨਕ ਨੁਮਾਇੰਦਿਆਂ ਨੂੰ ਸਿਰ ਅੱਖਾਂ ’ਤੇ ਬਿਠਾਇਆ ਕਰਦੇ ਸਨ, ਉਹਨਾਂ ਦੇ ਵਿਚਾਰਾਂ ਦੀ ਕਦਰ ਕਰਿਆ ਕਰਦੇ ਸਨ ਅਤੇ ਨੀਤੀਗਤ ਫ਼ੈਸਲਿਆਂ ’ਚ ਉਹਨਾਂ ਦਾ ਵੱਡਾ ਹਿੱਸਾ ਹੋਇਆ ਕਰਦਾ ਸੀ।

ਦੇਸ਼ ’ਚ ਵੋਟ ਰਾਜਨੀਤੀ ਨੇ ਜਿਵੇਂ-ਜਿਵੇਂ ਤਾਕਤ ਦਾ ਕੇਂਦਰੀਕਰਨ ਕਰਕੇ ਤਾਕਤਾਂ ਕੁਝ ਹੱਥਾਂ ’ਚ ਸਮੇਟ ਦਿੱਤੀਆਂ, ਤਿਵੇਂ ਤਿਵੇਂ ਪਹਿਲਾਂ ਰਾਜਾਂ ਦੇ ਅਧਿਕਾਰਾਂ ਨੂੰ ਛਾਂਗਿਆ ਗਿਆ ਅਤੇ ਫਿਰ ਸਥਾਨਕ ਸਰਕਾਰਾਂ ਭਾਵ ਮਿਊਂਸਪਲ ਕਾਰਪੋਰੇਸ਼ਨਾਂ, ਮਿਊਂਸਪਲ ਕੌਂਸਲਾਂ, ਕਮੇਟੀਆਂ, ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਦੇ ਅਧਿਕਾਰਾਂ ਨੂੰ ਹਥਿਆ ਲਿਆ ਗਿਆ। ਅੱਜ ਦੇਸ਼ ਦੇ ਬਹੁਤੇ ਸੂਬਿਆਂ ’ਚ ਸਥਾਨਕ ਸਰਕਾਰਾਂ ਦੇ ਹਾਲਾਤ ਤਰਸਯੋਗ ਬਣੇ ਹੋਏ ਹਨ। ਇਹ ਹਾਲਤ ਬਨਾਉਣ ਲਈ ਜ਼ਿੰਮੇਵਾਰ ਹਨ, ਸੰਸਦ ਮੈਂਬਰ ਅਤੇ ਵਿਧਾਇਕ, ਜਿਹਨਾਂ ਨੇ ਪੰਚਾਇਤਾਂ ਨੂੰ ਆਪਣੇ ਸਿਆਸੀ ਮੰਤਵ ਲਈ ਵਰਤਿਆ, ਉਹਨਾਂ ਦੇ ਵਧੇਰੇ ਅਧਿਕਾਰ ਸਰਕਾਰੀ ਅਧਿਕਾਰੀਆਂ ਰਾਹੀਂ ਆਪਣੀ ਮੁੱਠੀ ’ਚ ਕਰ ਲਏ।

ਸਾਲ 1992 ’ਚ ਸੰਵਿਧਾਨ ’ਚ 73ਵੀਂ ਸੋਧ ਕਰਦਿਆਂ ਪਿੰਡ ਪੰਚਾਇਤਾਂ ਨੂੰ ਸਥਾਨਕ ਸਰਕਾਰਾਂ ਮੰਨਦਿਆਂ, ਸਰਕਾਰੀ ਮਹਿਕਮਿਆਂ ਦੇ ਕੰਮਕਾਰ ਨੂੰ ਚੈੱਕ ਕਰਨ, ਆਦਿ ਦੇ ਅਧਿਕਾਰ ਤਾਂ ਦਿੱਤੇ ਹੀ, ਗ੍ਰਾਮ ਸਭਾ ਦੀ ਸਥਾਪਨਾ ਸਮੇਤ ਤਿੰਨ ਟਾਇਰੀ ਪੰਚਾਇਤ ਸੰਸਥਾਵਾਂ ਦੀ ਵਿਵਸਥਾ ਵੀ ਕਰ ਦਿੱਤੀ ਤਾਂ ਕਿ ਸਥਾਨਕ ਸਰਕਾਰਾਂ ਭਾਵ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਰਾਹੀ ਕੰਮ ਕਾਰ ਕਰਨ ਲਗਭਗ 29 ਮਹਿਕਮੇ ਵੀ ਇਹਨਾਂ ਪੰਚਾਇਤੀ ਸੰਸਥਾਵਾਂ ਦੇ ਅਧੀਨ ਕਰ ਦਿੱਤੇ ਅਤੇ ਇਹ ਵੀ ਤਹਿ ਹੋਇਆ ਕਿ ਪੰਚਾਇਤ ਸੰਸਥਾਵਾਂ ਦੀਆਂ ਚੋਣਾਂ ਵਿਧਾਨ ਸਭਾਵਾਂ ਦੀਆਂ ਚੋਣਾਂ ਵਾਂਗਰ ਹਰ ਪੰਜ ਵਰ੍ਹਿਆਂ ਬਾਅਦ ਕਰਵਾਈਆਂ ਜਾਣ।

ਇਸ ਤਰ੍ਹਾਂ ਕਰਨ ਨਾਲ ਸਥਾਨਕ ਸਰਕਾਰਾਂ ਭਾਵ ਪੰਚਾਇਤ ਸੰਸਥਾਵਾਂ ਦਾ ਸੰਵਿਧਾਨਿਕ ਅਧਾਰ ਬਣ ਗਿਆ। ਇਸ ਅਧੀਨ ਸਥਾਨਿਕ ਸਰਕਾਰਾਂ ਵਿੱਚ ਔਰਤਾਂ, ਅਨੁਸੂਚਿਤ ਜਾਤੀਆਂ ਲਈ ਰਾਖਵਾਂਕਰਨ ਕਰ ਦਿੱਤਾ ਗਿਆ। ਕਰਨਾਟਕ, ਆਂਧਰਾ ਪ੍ਰਦੇਸ਼, ਪੰਜਾਬ ਆਦਿ ਦੇਸ਼ ਦੇ ਕਈ ਸੂਬਿਆਂ ਨੇ ਇਸ ਸੋਧ ਨੂੰ ਪ੍ਰਵਾਨ ਕਰਦਿਆਂ ਇਸ ਸੋਧ ’ਤੇ ਅਮਲ ਸ਼ੁਰੂ ਕੀਤਾ। ਪਰ ਇਹ ਅਮਲ ਅਸਲ ਅਰਥਾਂ (ਘੱਟੋ-ਘੱਟ ) ’ਚ ਪੰਜਾਬ ’ਚ ਅੱਜ ਕਾਗਜੀ ਵੱਧ ਪਰ ਜ਼ਮੀਨੀ ਪੱਧਰ ਉਤੇ ਘੱਟ ਜਾਪਦਾ ਹੈ।

ਇਸ ਪੰਚਾਇਤੀ ਐਕਟ ਸੋਧ ਦੇ ਪਾਸ ਹੁੰਦਿਆਂ, ਗ੍ਰਾਮ ਸਭਾ (ਭਾਵ ਪਿੰਡ ਦਾ ਹਰ




ਵੋਟਰ ਇਸਦਾ ਮੈਂਬਰ ਗਿਣਿਆ ਜਾਂਦਾ ਹੈ) ਨੂੰ ਦਿੱਤੇ ਅਧਿਕਾਰਾਂ ਨਾਲ ਪਿੰਡ ਪੰਚਾਇਤਾਂ ਦਾ ਰੁਤਬਾ ਵੀ ਵਧਿਆ, ਕਿਉਂਕਿ ਗ੍ਰਾਮ ਸਭਾ ਵਿਚੋਂ ਹੀ ਪਿੰਡ ਪੰਚਾਇਤ ਚੁਣੀ ਜਾਂਦੀ ਹੈ ਪਰ ਸਮਾਂ ਰਹਿੰਦਿਆਂ ਜਦੋਂ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲ੍ਹਾ ਪਰੀਸਦਾਂ ਨੇ ਆਪਣੇ ਤੌਰ ’ਤੇ ਕੰਮ ਕਰਨਾ ਸ਼ੁਰੂ ਕੀਤਾ ਤਾਂ ਉਹ ਸਿਆਸਤਦਾਨਾਂ, ਵਿਧਾਇਕਾਂ, ਇਥੋਂ ਤੱਕ ਕਿ ਸਰਕਾਰੀ ਕਾਰਕੁੰਨਾ, ਅਫ਼ਸਰਸ਼ਾਹੀ, ਨੌਕਰਸ਼ਾਹੀ ਨੂੰ ਰਾਸ ਨਹੀਂ ਆਇਆ। ਇਹਨਾਂ ਸੰਸਥਾਵਾਂ ਨੂੰ ਨੱਥ ਪਾਉਣ ਲਈ ਸਥਾਨਕ ਸਰਕਾਰ ਦੀ ਮੁਢਲੀ ਇਕਾਈ ਗ੍ਰਾਮ ਪੰਚਾਇਤ ਦੇ ਕੰਮਾਂ ’ਚ ਸਿੱਧਾ ਦਖ਼ਲ ਦੇ ਕੇ ਸਰਕਾਰਾਂ ਵਲੋਂ ਸਰਪੰਚਾਂ ਦਾ ਹਰ ਅਧਿਕਾਰ ਹਥਿਆ ਲਿਆ ਗਿਆ।

ਸਥਾਨਕ ਸਰਕਾਰਾਂ ਬਨਾਉਣ ਅਤੇ ਚਲਾਉਣ ਦਾ ਮੁੱਖ ਉਦੇਸ਼ ਅਸਲ ਅਰਥਾਂ ਵਿੱਚ ਲੋਕ ਨੁਮਾਇੰਦਗੀ ਅਤੇ ਪ੍ਰਸ਼ਾਸ਼ਨ ਵਿੱਚ ਲੋਕਾਂ ਦੀ ਹਿੱਸੇਦਾਰੀ ਤਹਿ ਕਰਨਾ ਸੀ। ਇਸ ਦਾ ਉਦੇਸ਼ ਸਮਾਜਿਕ ਨਿਆਂ ਦੀ ਪ੍ਰਾਪਤੀ ਲੋਕਾਂ ਵਲੋਂ, ਲੋਕਾਂ ਹੱਥੀਂ ਪ੍ਰਦਾਨ ਕਰਨਾ ਵੀ ਸੀ।

ਭਾਵੇਂ ਕਿ ਆਜ਼ਾਦੀ ਉਪਰੰਤ ਇਸ ਸਬੰਧੀ ਵੱਡੇ ਕਦਮ ਚੁੱਕੇ ਗਏ, ਪਰ 73ਵੀਂ ਤੇ 74 ਵੀਂ ਸੰਵਿਧਾਨਿਕ ਸੋਧ ਰਾਹੀਂ ਔਰਤਾਂ ਨੂੰ ਪੰਚਾਇਤਾਂ ਅਤੇ ਹੋਰ ਪੰਚਾਇਤੀ ਸੰਸਥਾਵਾਂ ’ਚ ਇੱਕ ਤਿਹਾਈ ਨੁਮਾਇੰਦਗੀ ਨਿਸ਼ਚਿਤ ਕੀਤੀ ਗਈ। ਵਿੱਤੀ ਅਧਿਕਾਰ ਵੀ ਤਹਿ ਹੋਏ। ਪੰਚਾਇਤਾਂ ਨੂੰ ਵੱਧ ਵਿੱਤੀ ਸਹਾਇਤਾ ਅਤੇ ਅਧਿਕਾਰਾਂ ਦੇ ਵਿਕੇਂਦਰੀਕਰਨ ਦੀ ਗੱਲ ਤਹਿ ਕੀਤੀ ਗਈ ਪਰ ਇਹ ਪਿਛਲੇ 32 ਸਾਲਾਂ ਵਿੱਚ ਕਿਸੇ ਵੀ ਢੰਗ ਨਾਲ ਲੋੜੀਂਦੇ ਸਿੱਟਿਆਂ ’ਤੇ ਨਾ ਪੁੱਜ ਸਕੀ। ਕਥਿਤ ਤੌਰ ’ਤੇ ਵਧ ਅਧਿਕਾਰਾਂ ਦੀਆਂ ਗੱਲਾਂ ਹੋਈਆਂ, ਪਰ ਇਹ ਹਕੀਕਤ ਨਾ ਬਣ ਸਕੀਆਂ।

ਭਾਰਤ ਵਿੱਚ ਅੱਜ ਸਿਆਸੀ ਸੱਤਾ ਦਾ ਕੇਂਦਰੀਕਰਣ ਵਧ ਰਿਹਾ ਹੈ। ਦੇਸ਼ ਵਿੱਚ ਲੋਕਤੰਤਰੀ ਢਾਂਚੇ ਨੂੰ ਬਣਾਈ ਰੱਖਣ ਲਈ, ਲੋਕਤੰਤਰੀ ਪ੍ਰਣਾਲੀ ਵਿੱਚ ਲੋਕਾਂ ਦਾ ਸਹਿਯੋਗ ਪ੍ਰਾਪਤ ਕਰਨਾ ਅਤਿ ਜ਼ਰੂਰੀ ਹੁੰਦਾ ਹੈ ਪਰ ਇਹ ਗਾਇਬ ਹੈ। ਲੋਕਤੰਤਰ ਦੀ ਸਫ਼ਲਤਾ ਨਾਗਰਿਕਾਂ ਦੇ ਸਹਿਯੋਗ ਨਾਲ ਹੀ ਸੰਭਵ ਹੈ ਪਰ ਨਾਗਰਿਕਾਂ ਦੀ ਪੁੱਛ-ਗਿੱਛ ਘੱਟ ਰਹੀ ਹੈ। ਸਥਾਨਕ ਸੰਸਥਾਵਾਂ, ਕਿਉਂਕਿ ਸਥਾਨਕ ਮਾਮਲਿਆਂ ਨੂੰ ਆਸਾਨੀ ਨਾਲ ਹੱਲ ਕਰਨ ਦੇ ਯੋਗ ਹੁੰਦੀਆਂ ਹਨ, ਇਸ ਲਈ ਇਹਨਾ ਦਾ ਮਜ਼ਬੂਤ ਹੋਣਾ ਸਮੇਂ ਦੀ ਲੋੜ ਹੈ ਪਰ ਇਸ ਤੱਥ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ।

ਇਹ ਸਮਝਣ ਦੀ ਲੋੜ ਹੈ ਕਿ ਪੰਚਾਇਤੀ ਰਾਜ ਹੀ ਇੱਕ ਇਹ ਜਿਹਾ ਦੁਆਰ ਹੈ, ਜੋ ਹਰ ਇਕ ਪਿੰਡ ਦੀ ਲੋਕਤੰਤਰੀ ਇਕਾਈ ਬਣ ਸਕਦਾ ਹੈ, ਜੋ ਪਿੰਡਾਂ ਨੂੰ ਆਤਮ ਨਿਰਭਰ ਵੀ ਬਣਾ ਸਕਦਾ ਹੈ। ਜੇਕਰ ਸਥਾਨਕ ਸਰਕਾਰਾਂ ਭਾਵ ਦਿਹਾਤੀ ਤੇ ਸ਼ਹਿਰੀ ਸੰਸਥਾਵਾਂ ਨੂੰ ਜ਼ਿਆਦਾ ਪ੍ਰਸ਼ਾਸ਼ਨੀ ਅਤੇ ਵਿੱਤੀ ਜ਼ੁੰਮੇਵਾਰੀ ਸੌਂਪੀ ਜਾਵੇ ਤਾਂ ਇਹ ਕੇਂਦਰ ਅਤੇ ਰਾਜ ਸਰਕਾਰਾਂ ਨਾਲੋਂ ਵੱਧ ਸੁਯੋਗਤਾ ਨਾਲ ਕੰਮ ਕਰ ਸਕਦੀਆਂ ਹਨ ਬੇਸ਼ਰਤੇ ਸਰਕਾਰੀ ਕਰਮਚਾਰੀਆਂ ਦਾ ਸਹਿਯੋਗ ਅਤੇ ਤਾਲਮੇਲ ਇਹਨਾ ਨੂੰ ਬਕਾਇਦਗੀ ਨਾਲ ਮਿਲਦਾ ਰਹੇ।

ਪਰ ਚਿੰਤਾ ਦਾ ਵਿਸ਼ਾ ਇਹ ਹੈ ਕਿ ਸਥਾਨਕ ਸਰਕਾਰਾਂ ਉਤੇ ਸਿਆਸੀ ਦਖ਼ਲ ਵਧ ਗਿਆ ਹੈ। ਦਿਹਾਤੀ, ਸ਼ਹਿਰੀ ਸੰਸਥਾਵਾਂ ਲਈ ਹੁੰਦੀ ਚੋਣ ਵੇਲੇ ਚੰਗੇ ਸੂਝਵਾਨ ਲੋਕਾਂ ਦੀ ਚੋਣ ਦੀ ਵਿਜਾਏ, ਧੜੇਬੰਦਕ ਪਹੁੰਚ ਅਪਨਾਈ ਜਾਂਦੀ ਹੈ, ਆਪਣੇ ਪਾਰਟੀ ਹਿੱਤਾਂ ਨੂੰ ਧਿਆਨ ’ਚ ਰੱਖਿਆ ਜਾਂਦਾ ਹੈ। ਅਸਰ ਰਸੂਖ ਵਾਲੇ ਲੋਕ ਇਹਨਾ ਸੰਸਥਾਵਾਂ ’ਤੇ ਕਾਬਜ਼ ਹੋ ਜਾਂਦੇ ਹਨ। ਜਿਹੜੇ ਸਥਾਨਕ ਲੋਕਾਂ ਦੇ ਹਿੱਤਾਂ ਦੀ ਪੂਰਤੀ ਦੀ ਥਾਂ ਆਪਣੇ ਹਿੱਤ ਪੂਰਦੇ ਹਨ।

ਸਿੱਟੇ ਵਜੋਂ ਮਾਫੀਆ, ਦਿਹਾਤੀ, ਸ਼ਹਿਰੀ, ਸੰਸਥਾਵਾਂ ਤੇ ਕਾਬਜ ਹੋ ਕੇ ਪਿੰਡ ਪੰਚਾਇਤਾਂ ਦੀਆਂ ਸ਼ਾਮਲਾਟ ਜ਼ਮੀਨਾਂ ’ਤੇ ਕਾਬਜ ਹੁੰਦਾ ਹੈ। ਸਰਕਾਰੀ ਗ੍ਰਾਂਟਾਂ ਪ੍ਰਾਪਤ ਕਰਕੇ ਸਿਆਸੀ ਤੇ ਅਫ਼ਸਰਸਾਹੀ ਦੀ ਮਿਲੀ ਭੁਗਤ ਨਾਲ ਭ੍ਰਿਸ਼ਟਾਚਾਰ ਕਰਦਾ ਹੈ। ਪਿੰਡਾਂ ’ਚ ਧੱਕੇਸ਼ਾਹੀ ਵਧਦੀ ਹੈ ਅਤੇ ਕਚਿਹਰੀ ਥਾਣਿਆਂ ’ਚ ਵੀ ਆਮ ਲੋਕ ਇਨਸਾਫ ਤੋਂ ਵਿਰਵੇ ਹੋ ਜਾਂਦੇ ਹਨ।

ਨਿੱਤ ਦਿਹਾੜੇ ਅਖ਼ਬਾਰੀ ਖ਼ਬਰਾਂ ਛਪਦੀਆਂ ਹਨ ਕਿ ਕਿਸੇ ਖ਼ਾਸ ਪਿੰਡ ਦੀ ਪੰਚਾਇਤ ਦੇ ਸਰਪੰਚ ਨੇ ਲੱਖਾਂ ਦਾ ਗਬਨ ਕਰ ਲਿਆ। ਇਹ ਗਬਨ ਪੰਚਾਇਤੀ-ਸਰਕਾਰੀ ਕਰਿੰਦਿਆਂ ਦੀ ਮਿਲੀ ਭੁਗਤ ਤੋਂ ਬਿਨ੍ਹਾਂ ਸੰਭਵ ਨਹੀਂ ਹੋ ਸਕਦਾ, ਕਿਉਂਕਿ ਇਕੱਲੇ ਸਰਪੰਚ ਜਾਂ ਪੰਚਾਇਤਾਂ ਨੂੰ 5000 ਰੁਪਏ ਤੋਂ ਵੱਧ ਚੈੱਕ ਰਾਹੀਂ ਰਕਮ ਕਢਾਉਣ ਦਾ ਅਧਿਕਾਰ ਹੀ ਨਹੀਂ ਹੈ।

ਇਹ ਵੀ ਖ਼ਬਰਾਂ ਮਿਲਦੀਆਂ ਹਨ ਕਿ ਕਿ ਸ਼ਾਮਲਾਟ ਜ਼ਮੀਨ ਉਤੇ ਰਸੂਖ਼ਵਾਨ ਕਬਜ਼ਾ ਕਰੀ ਬੈਠੇ ਹਨ। ਕੀ ਇਹ ਸਰਕਾਰੀ ਸਰਪ੍ਰਸਤੀ ਬਿਨ੍ਹਾਂ ਸੰਭਵ ਹੈ ? ਪੰਜਾਬ ਵਿੱਚ ਕਈ ਇਹੋ ਜਿਹੇ ਕਬਜ਼ਾਧਾਰੀਆਂ ਦੇ ਮਾਮਲੇ ਹਨ ਜਿਹੜੇ ਜ਼ਿਲ੍ਹਾ ਪੰਚਾਇਤ ਅਤੇ ਵਿਕਾਸ ਅਫ਼ਸਰਾਂ ਦੀਆਂ ਅਦਾਲਤਾਂ ’ਚ ਵਰ੍ਹਿਆਂ ਬੱਧੀ ਲਟਕੇ ਹੋਏ ਹਨ, ਜਿਹਨਾ ਤੇ ਫ਼ੈਸਲੇ ਹੀ ਨਹੀਂ ਹੁੰਦੇ। ਪੰਚਾਇਤਾਂ ਦੀ ਮਿਆਦ ਖ਼ਤਮ ਹੋ ਜਾਂਦੀ ਹੈ, ਇਹ ਮੁਕੱਦਮੇ ਖ਼ਤਮ ਹੀ ਨਹੀਂ ਹੰਦੇ।

ਸਥਾਨਕ ਸਵੈ-ਸ਼ਾਸ਼ਨ ਵਿਵਸਥਾ ਭਾਰਤੀ ਪ੍ਰਸ਼ਾਸ਼ਨ ਦਾ ਅਨਿਖੜਵਾਂ ਅਤੇ ਮੌਲਿਕ ਅੰਗ ਨਹੀਂ ਬਨਣ ਦਿੱਤੀ ਜਾ ਰਹੀ, ਇਸਦੀਆਂ ਲਗਾਮਾਂ ਕੇਂਦਰੀ ਅਤੇ ਸੂਬਾ ਸਰਕਾਰਾਂ ਦੇ ਹੱਥ ’ਚ ਹਨ। ਜਿਵੇਂ ਕੇਂਦਰੀ ਹਾਕਮ ਸੂਬਾ ਸਰਕਾਰਾਂ ਦੀ ਸੰਘੀ ਘੁੱਟਦੇ ਹਨ, ਸਿਆਸੀ ਵਿਰੋਧੀ ਸਰਕਾਰਾਂ ਦੇ ਅਧਿਕਾਰ ਹਥਿਆਉਂਦੇ ਹਨ, ਇਵੇਂ ਹੀ ਸੂਬਾ ਸਰਕਾਰਾਂ ਦਿਹਾਤੀ ਤੇ ਸ਼ਹਿਰੀ ਸਥਾਨਕ ਸਰਕਾਰਾਂ ਦੇ ਕੰਮਾਂ ਕਾਰਾਂ ਉਤੇ ਵਾਹ ਲਗਦਿਆਂ ਆਪ ਹੀ ਕਾਬਜ ਰਹਿੰਦੀਆਂ ਹਨ। ਇਹੋ ਅਸਲ ’ਚ ਚਿੰਤਾ ਦਾ ਵਿਸ਼ਾ ਹੈ।

ਲੋੜ ਤਾਂ ਇਸ ਗੱਲ ਦੀ ਹੈ ਕਿ ਸਥਾਨਕ ਸਰਕਾਰਾਂ ਨੂੰ ਆਪਣੇ ਖੇਤਰ ਦੀਆਂ ਲੋੜਾਂ ਅਤੇ ਵਾਤਾਵਰਨ ਦੇ ਅਨੁਕੂਲ ਕਾਰਜ ਕਰਨ ਦੀ ਆਜ਼ਾਦੀ ਹੋਵੇ। ਉਹ ਸਮਾਜਿਕ ਕਲਿਆਣ ਸੇਵਾਵਾਂ ਪ੍ਰਸ਼ਾਸ਼ਕੀ ਲਚਕੀਲੇਪਨ ਨਾਲ ਮੌਜੂਦਾ ਭਿੰਨਤਾਵਾਂ ਨੂੰ ਧਿਆਨ ’ਚ ਰੱਖਕੇ ਚਲਾਉਣ । ਇਸ ਨਾਲ ਹੀ ਦੇਸ਼ ਦਾ ਬਹੁ ਪੱਖੀ ਵਿਕਾਸ ਹੋਏਗਾ ਅਤੇ ਦੇਸ਼ ਕਲਿਆਣਕਾਰੀ ਰਾਜ ਦੀ ਸਥਾਪਨਾ ਵੱਲ ਯੋਜਨਾਬੱਧ ਢੰਗ ਨਾਲ ਅੱਗੇ ਵੱਧ ਸਕੇਗਾ।

# ਸਿੱਖੀ ਲਈ ਬਾਣੀ ਅਤੇ ਪਾਣੀ ਦੋਵੇਂ ਹੀ ਮਹੱਤਵਪੂਰਨ



ਬਹਾਦਰ ਸਿੰਘ ਗੋਸਲ



ਪਾਣੀ ਦੀ ਇਸ ਮਹੱਤਤਾ ਨੂੰ ਦਰਸਾਉਣ ਲਈ ਹੀ ਸਾਡੇ ਪੁਰਾਣੇ ਹਿੰਦੂ, ਧਾਰਮਿਕ ਗ੍ਰੰਥਾਂ ’ਚ ਧਾਰਮਿਕ ਅਸਥਾਨਾਂ ’ਤੇ ਜਾ ਕੇ ਪਵਿੱਤਰ ਨਦੀਆ ਆਦਿ ’ਤੇ ਇਸ਼ਨਾਨ ਕਰਨ ਦਾ ਵਿਸ਼ੇਸ਼ ਮਹੱਤਵ ਦੱਸਿਆ ਗਿਆ ਹੈ ਅਤੇ ਮਨੁੱਖੀ ਜੀਵਨ ਨੂੰ ਪਾਣੀ ਦੀ ਪਵਿੱਤਰਤਾ ਨਾਲ ਉੱਤਮ ਬਣਾਉਣ ਦਾ ਸਾਧਨ ਦੱਸਿਆ ਗਿਆ ਹੈ। ਸਿੱਖੀ ਵਿੱਚ ਤਾਂ ਹਰ ਰੋਜ਼ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਨੂੰ ਸਿੱਖੀ ਦਾ ਨਿਯਮ ਹੀ ਬਣਾਇਆ ਗਿਆ ਹੈ। ਇਸੇ ਪਾਣੀ ਦੀ ਮਹੱਤਤਾ ਨੂੰ ਦੇਖਦੇ ਹੋਏ ਗੁਰੂ ਸਾਹਿਬਾਨ ਨੇ ਆਪ ਰਾਹ ਦਸੇਰਾ ਬਣ ਕੇ ਥਾਂ-ਥਾਂ ’ਤੇ ਨਵੇਂ ਤਲਾਬ, ਖ਼ੂਹ ਅਤੇ ਬਾਉਲੀਆਂ ਬਣਵਾਈਆਂ, ਜੋ ਅੱਜ ਤੱਕ ਮੌਜੂਦ ਹਨ। ਜੇ ਅਸੀਂ ਸਿੱਖ ਇਤਿਹਾਸ ਦੀ ਵਿਚਾਰ ਕਰੀਏ ਤਾਂ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਬਾਣੀ ਅਤੇ ਪਾਣੀ ਦੀ ਮਹੱਤਤਾ ਦੱਸਣ ਲਈ ਆਪ ਇਸ ਪ੍ਰਵਿਰਤੀ ਨੂੰ ਅਪਣਾ ਕੇ ਦੱਸਿਆ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ 1484 ਈ: ’ਚ ਆਪਣੀ ਭੈਣ ਬੇਬੇ ਨਾਨਕੀ ਜੀ ਪਾਸ ਸੁਲਤਾਨਪੁਰ ਲੋਧੀ ਵਿਖੇ ਰਹਿਣ ਲੱਗੇ ਤਾਂ ਆਪ ਜੀ ਸਵੇਰੇ ਵੇਈਂ ਨਦੀ ’ਚ ਇਸ਼ਨਾਨ ਕਰ ਕੇ ਫਿਰ ਇਕ ਬੇਰੀ ਹੇਠ ਆਸਣ ਲਾ ਕੇ ਪ੍ਰਭੂ ਭਗਤੀ ’ਚ ਲੀਨ ਹੋ ਜਾਂਦੇ। ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਬੇਟੀ ਬੀਬੀ ਅਮਰੋ ਜੀ ਦੀ ਬੇਨਤੀ ’ਤੇ ਹੀ ਖਡੂਰ ਸਾਹਿਬ ਵਿਖੇ ਇਕ ਖ਼ੂਹ ਲਗਵਾਇਆ ਸੀ, ਜੋ ਅੱਜ ਵੀ ਗੁਰਦੁਆਰਾ ਖਡੂਰ ਸਾਹਿਬ ਦੀ ਪਰਕਰਮਾ ’ਚ ਸਥਿਤ ਹੈ ਅਤੇ ਸੰਗਤਾਂ ਨੂੰ ਪਾਣੀ ਦੀ ਮਹੱਤਤਾ ਬਾਰੇ ਦੱਸ ਰਿਹਾ ਹੈ। ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਇੱਕ ਵਿਸ਼ੇਸ਼ ਬਾਉਲੀ ਦਾ ਕੰਮ ਸੰਨ 1559 ਈ: ’ਚ ਸ਼ੁਰੂ ਕੀਤਾ, ਜੋ ਸੰਨ 1564 ਈ: ’ਚ ਸੰਪੂਰਨ ਹੋਇਆ। ਇਸ ਬਾਉਲੀ ਦੀਆਂ ਕੁੱਲ 84 ਪੌੜੀਆਂ ਬਣਾਈਆਂ ਗਈਆਂ ਤਾਂ ਕਿ ਪੌੜੀਆਂ ਉੱਤੇ ਬੈਠ ਕੇ ਭਜਨ ਬੰਦਗੀ ਅਤੇ ਬਾਣੀ ਪੜ੍ਹੀ ਜਾ ਸਕੇ ਅਤੇ ਸੰਗਤਾਂ ਇਸ਼ਨਾਨ ਕਰ ਸਕਣ।

ਜਦੋਂ ਸੰਨ 1574 ਈ: ’ਚ ਸ੍ਰੀ ਗੁਰੂ ਰਾਮਦਾਸ ਜੀ ਗੁਰਗੱਦੀ ਉੱਤੇ ਬਿਰਾਜਮਾਨ ਹੋਏ ਤਾਂ ਆਪ ਜੀ ਉਸੇ ਸਾਲ ਗੋਇੰਦਵਾਲ ਛੱਡ ਕੇ ਅੰਮ੍ਰਿਤਸਰ ਆ ਗਏ। ਜਦੋਂ ਇਹ ਖ਼ਬਰ ਚਾਰੇ ਪਾਸੇ ਫੈਲ ਗਈ ਕਿ ਕਾਲੇ ਕਾਂ ਦੁਖਭੰਜਨੀ ’ਚੋਂ ਇਸ਼ਨਾਨ ਕਰ ਕੇ ਹੰਸਾਂ ਵਾਂਗ ਸਫੈਦ ਚਮਕਣ ਲੱਗ ਪਏ ਹਨ ਤਾਂ ਸ੍ਰੀ ਗੁਰੂ ਰਾਮਦਾਸ ਜੀ ਪ੍ਰਸੰਨਤਾ ਚਿੱਤ ਉੱਥੇ ਹੀ ਮਕਾਨ ਉਸਾਰੇ। ਤਲਾਬ ਨੂੰ ਵੱਡਾ ਕੀਤਾ ਅਤੇ ਉਸ ਨੂੰ ਵੱਡਾ ਕਰਨ ਵੇਲੇ ਆਪ ਹੀ ਟੱਕ ਲਗਾਇਆ ਅਤੇ ਅੰਮ੍ਰਿਤ ਸਰੋਵਰ ਦੀ ਨੀਂਹ ਰੱਖੀ। ਇਸ ਉਪਰੰਤ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਸੰਨ 1581 ਈ: ਸਤੰਬਰ ਦੀ ਪਹਿਲੀ ਤਾਰੀਖ ਵਾਲੇ ਦਿਨ ਗੁਰਗੱਦੀ ਉੱਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਨੇ ਬਾਣੀ ਰਚਣ ਦੇ ਨਾਲ-ਨਾਲ ਪਾਣੀ ਦੀ ਮਹਿਮਾ ਨੂੰ ਜ਼ਰੂਰੀ ਸਮਝਦੇ ਹੋਏ ਦੁੱਖ ਭੰਜਨੀ ਬੇਰੀ ਵਾਲੇ ਸਰੋਵਰ ਦੀ, ਜਿਸ ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਆਰੰਭ ਕੀਤਾ ਹੋਇਆ ਸੀ, ਪੂਰੀ ਖੁਦਵਾਈ ਕਰਵਾ ਕੇ ਇਸ ਨੂੰ ਸੰਮਤ 1643 ’ਚ ਪੱਕਾ ਕਰਨਾ ਆਰੰਭਿਆ, ਜਿਸ ਦੀ ਸੰਪੂਰਨਤਾ ਸੰਮਤ 1645 ’ਚ ਹੋਈ ਅਤੇ ਇਸ ਦਾ ਨਾਂਅ ਰਾਮਦਾਸ ਸਰੋਵਾਰ ਰੱਖਿਆ। ਇਸ ਉਪਰੰਤ ਸੰਮਤ 1645 ’ਚ ਸੰਤੋਖ ਸਰ ਸਰੋਵਰ ਦੀ ਖੁਦਾਈ ਕਰਵਾ ਕੇ ਉਸ ਨੂੰ ਪੱਕਾ ਕੀਤਾ। ਉਨ੍ਹਾਂ ਨੇ ਮਾਘ ਸੰਮਤ 1645 ’ਚ ਹੀ ਰਾਮਦਾਸ ਸਰੋਵਰ ’ਚ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ 17 ਵੈਸਾਖ ਸੰਮਤ 1647 ਨੂੰ ਨਵੇਂ ਨਗਰ ਦੀ ਮੋਹੜੀ ਗੱਡ ਕੇ ਸਰੋਵਰ ਦੀ ਨੀਂਹ ਦਾ ਟੱਕ ਲਗਾਇਆ ਅਤੇ ਨਗਰ ਦਾ ਨਾਂਅ ਤਰਨ ਤਾਰਨ ਰੱਖਿਆ, ਜਦੋਂ ਗੁਰੂ ਕੀ ਵਡਾਲੀ ਵਿਖੇ 21 ਹਾੜ ਸੰਮਤ 1652 ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ ਤਾਂ ਸਾਹਿਬਜ਼ਾਦੇ ਜੀ ਦੇ ਜਨਮ ਦੀ ਖ਼ੁਸ਼ੀ ’ਚ ਗੁਰੂ ਜੀ ਨੇ ਛੇਹਰਟਾ ਖ਼ੂਹ ਲਗਵਾਇਆ ਤਾਂ ਕਿ ਪੀਣ ਲਈ ਪਾਣੀ ਅਤੇ ਖੇਤੀ ਲਈ ਖੁੱਲ੍ਹਾ ਪਾਣੀ ਮਿਲ ਸਕੇ।

ਇਸੇ ਤਰ੍ਹਾਂ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਾਣੀ ਦੀ ਮਹੱਤਤਾ ਨੂੰ ਦੇਖਦੇ ਹੋਏ ਬੀਬੀ ਕੌਲਾਂ ਦੀ ਬੇਨਤੀ ਪ੍ਰਵਾਨ ਕਰ ਕੇ ਉਸ ਦੀ ਯਾਦ ਸਦਾ ਕਾਇਮ ਰੱਖਣ ਲਈ ਮਾਘ ਸੰਮਤ 1684 ’ਚ ਕੌਲਾਂ ਦੇ ਨਾਂਅ ਪਰ ਕੌਲਸਰ ਸਰੋਵਰ ਦੀ ਰਚਨਾ ਕੀਤੀ। ਅੱਠਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਦਿੱਲੀ ਵਿਖੇ ਰੋਗੀਆਂ ਦੇ ਦੁੱਖ ਦੂਰ ਕਰਨ ਲਈ ਪਾਣੀ ਦਾ ਇਕ ਚੁਬੱਚਾ ਬਣਵਾਇਆ, ਜਿਸ ਨੂੰ ਅੰਮ੍ਰਿਤ ਵੇਲੇ ਸਿਮਰਨ ਤੋਂ ਬਾਅਦ ਪਾਣੀ ਨਾਲ ਭਰ ਕੇ ਰੋਗੀਆਂ ਨੂੰ ਜਲ ਵਰਤਾਇਆ ਜਾਂਦਾ ਅਤੇ ਇਸ ਨਾਲ ਰੋਗੀਆਂ ਦੇ ਰੋਗ ਦੂਰ ਹੋ ਜਾਂਦੇ। ਇਹ ਚੁਬੱਚਾ ਅੱਜ ਤੱਕ ਕਾਇਮ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਲੰਬੀ ਯਾਤਰਾ ਸਮੇਂ ਸੰਗਤਾਂ ਨੂੰ ਬਾਣੀ ਅਤੇ ਇਸ਼ਨਾਨ ਦਾ ਮਹੱਤਵ ਦੱਸਿਆ। ਰਾਹ ’ਚ ਲੋੜ ਅਨੁਸਾਰ ਖ਼ੂਹ ਬਣਵਾਏ। ਉਨ੍ਹਾਂ ਨੇ ਡੂੰਘੇ ਖ਼ੂਹ ਬਣਵਾ ਕੇ ਠੰਢਾ ਅਤੇ ਮਿੱਠਾ ਪਾਣੀ ਕੱਢਣ ਦੀ ਜਾਂਚ ਦੱਸੀ। ਇਸ ਯਾਤਰਾ ਸਮੇਂ ਧਮਧਾਣ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇੱਕ ਸਿੱਖ ਜਿਸ ਨੇ ਰਾਹ ’ਚ ਭੱਜ-ਭੱਜ ਉਤਸ਼ਾਹ ਨਾਲ ਪਾਣੀ ਦੀ ਸੇਵਾ ਕੀਤੀ ਸੀ, ਉਸ ਨੂੰ ‘ਮੀਂਹ ਸਾਹਿਬ’ ਦਾ ਖਿਤਾਬ ਦਿੱਤਾ। ਉਹ ਸਿੱਖ ਪਾਣੀ ਪਿਲਾਉਣ ਅਤੇ ਇਸ਼ਨਾਨ ਕਰਾਉਣ ’ਚ ਮੀਂਹ ਵਰ੍ਹਾਂ ਦਿੰਦਾ ਸੀ। ਧਮਧਾਣ ’ਚ ਉਨ੍ਹਾਂ ਦੀ ਯਾਦਗਾਰ ਬਣੀ ਹੈ। ਇਸੇ ਤਰ੍ਹਾਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਮਾਤਾ ਜੀਤੋ ਜੀ (ਜੀਤ ਕੌਰ) ਦੇ ਨਾਲ ਵਿਆਹ ਰਚਾਉਣ ਲਈ ਸ੍ਰੀ ਅਨੰਦਪੁਰ ਸਾਹਿਬ ਦੇ ਨੇੜੇ ‘ਗੁਰੂ ਦੀ ਲਾਹੌਰ’ ਆਰਜੀ ਨਗਰ ਵਸਾਇਆ ਸੀ ਤਾਂ ਇੱਕ ਸਿੱਖ ਵੱਲੋਂ ਉੱਥੇ ਪਾਣੀ ਦੀ ਘਾਟ ਦੱਸਣ ’ਤੇ ਗੁਰੂ ਜੀ ਨੇ ਇੱਕ ਨੇਜਾ ਲੈ ਕੇ ਪੱਥਰ ’ਚ ਮਾਰਿਆ ਤਾਂ ਉਸੇ ਸਮੇਂ ਪਾਣੀ ਦੀ ਧਾਰਾ ਵਗਣ ਲੱਗ ਪਈ। ਦਸਮ ਪਿਤਾ ਜੀ ਨੇ ਤਾਂ ਪਾਣੀ ਦੀ ਮਹੱਤਤਾ ਨੂੰ ਨਿਵੇਕਲੇ ਢੰਗ ਨਾਲ ਹੀ ਸੰਗਤਾਂ ਅੱਗੇ ਪੇਸ਼ ਕੀਤਾ। ਜੰਗ ਦੇ ਦੌਰਾਨ ਜਦੋਂ ਭਾਈ ਘਨੱਈਆ ਜੀ ਫੱਟੜ ਦੁਸ਼ਮਣਾਂ ਨੂੰ ਵੀ ਪਾਣੀ ਪਿਲਾਈ ਜਾਂਦੇ ਸਨ ਅਤੇ ਸਿੰਘਾਂ ਦੇ ਰੋਸ ਕਰਨ ’ਤੇ ਗੁਰੂ ਜੀ ਨੇ ਭਾਈ ਘਨੱਈਆ ਜੀ ਨੂੰ ਪਾਣੀ ਪਿਲਾਉਣ ਦੇ ਨਾਲ ਮੱਲਮ ਪੱਟੀ ਦੇ ਕੇ ਫੱਟੜਾਂ ਦੇ ਮੱਲਮ ਪੱਟੀ ਵੀ ਕਰਨ ਦਾ ਅਸ਼ੀਰਵਾਦ ਦਿੱਤਾ ਅਤੇ ਸੰਸਾਰ ’ਚ ਵਿਲੱਖਣ ਢੰਗ ਨਾਲ ‘ਰੈੱਡ ਕਰਾਸ’ ਦਾ ਮੁੱਢ ਬੰਨ੍ਹਿਆ। ਭਾਈ ਸਾਹਿਬ ਵਲੋਂ ਪਾਣੀ ਵਰਤਾਉਣ ਦੀ ਸੇਵਾ ਨੂੰ ਅਨੋਖਾ ਉਪਕਾਰ ਦੱਸਿਆ।

ਇਸ ਤਰ੍ਹਾਂ ਸਭ ਗੁਰੂ ਸਾਹਿਬਾਨ ਦੇ ਪਾਣੀ ਪ੍ਰਤੀ ਕੀਤੇ ਉਪਰਾਲੇ ਅਤੇ ਸੰਦੇਸ਼ ਬਾਣੀ ਦੇ ਨਾਲ ਸਿੱਖਾਂ ਲਈ ਜੀਵਨ ਵਰਦਾਨ ਬਣ ਗਏ। ਇਸੇ ਕਾਰਨ ਹੀ ਸਿੱਖ ਧਰਮ ’ਚ ਅੰਮ੍ਰਿਤ ਵੇਲੇ ਜਾਗ ਕੇ, ਇਸ਼ਨਾਨ ਕਰ ਕੇ ਬਾਣੀ ਦੇ ਨਿੱਤਨੇਮ ਦੀ ਮਰਿਯਾਦਾ ਸਦੀਆਂ ਤੋਂ ਚਲੀ ਆ ਰਹੀ ਹੈ। ਕਿਸੇ ਵੀ ਗੁਰਸਿੱਖ ਲਈ ਬਾਣੀ ਅਤੇ ਪਾਣੀ ਦੋਵੇਂ ਹੀ ਮਹੱਤਵਪੂਰਨ ਥਾਂ ਰੱਖਦੇ ਹਨ।

# ਪੰਜਾਬ ਵਿੱਚ ਨਸ਼ਿਆਂ ਦੇ ਵਧਦੇ ਕਾਰੋਬਾਰ ਕਰਕੇ ਡਰ ਅਤੇ ਸਹਿਮ ਦਾ ਮਾਹੌਲ

ਡਾ. ਪ੍ਰਭਦੀਪ ਸਿੰਘ ਚਾਵਲਾ

ਪੰਜਾਬ ਵਿੱਚ ਨਸ਼ਿਆਂ ਦੇ ਵਧਦੇ ਕਾਰੋਬਾਰ ਕਰਕੇ ਡਰ ਅਤੇ ਸਹਿਮ ਦਾ ਮਾਹੌਲ ਹੈ। ਇਨ੍ਹੀਂ ਦਿਨੀਂ ਵੱਖ-ਵੱਖ ਇਲਾਕਿਆਂ ਦੀਆਂ ਨਸ਼ਾ ਕਰਦੇ ਅਤੇ ਤੁਰਨ ਤੋਂ ਵੀ ਅਸਮਰਥ ਦਿਖਾਈ ਦੇ ਰਹੇ ਨੌਜਵਾਨਾਂ ਦੀਆਂ ਵੀਡੀਓ ਸੋਸ਼ਲ ਮੀਡੀਆ ’ਤੇ ਵੱਡੀ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ ਹਨ। ਅੱਜ ਕੱਲ ਸਰਕਾਰ ਵੱਲੋਂ ਨਸ਼ਿਆਂ ਦੀ ਸਪਲਾਈ ਚੇਨ ਨੂੰ ਤੋੜਨ, ਨਸ਼ਾ ਪੀੜਤਾਂ ਦੇ ਪੁਨਰਵਾਸ ਦੀਆਂ ਸੁਵਿਧਾਵਾਂ ਵਿੱਚ ਸੁਧਾਰ ਕਰਨ ਅਤੇ ਆਉਣ ਵਾਲੀ ਪੀੜ੍ਹੀ ਨੂੰ ਬਚਾਉਣ ਸੰਬੰਧੀ ਵਿਉਂਤਬੰਦੀ ਕਰਨ ਬਾਰੇ ਚਰਚਾਵਾਂ ਦਾ ਬਜ਼ਾਰ ਹਰ ਪਾਸੇ ਗਰਮ ਨਜ਼ਰ ਆ ਰਿਹਾ ਹੈ। ਇਹ ਠੀਕ ਹੈ ਕਿ ਬੀਤੇ ਦਿਨੀਂ ਪੁਲਿਸ ਨੇ ਨਸ਼ਾ ਤਸਕਰਾਂ ਵਿਰੁੱਧ ਸਖਤੀ ਕਰਦਿਆਂ ਵਿਸ਼ੇਸ਼ ਸਰਚ ਅਭਿਆਨ ਵੀ ਚਲਾਇਆ ਸੀ ਅਤੇ ਨਸ਼ਿਆਂ ਸਮੇਤ ਕਈਆਂ ਨੂੰ ਆਪਣੀ ਹਿਰਾਸਤ ਵਿੱਚ ਵੀ ਲਿਆ ਸੀ। ਪਰ ਨਸ਼ਿਆਂ ਦੇ ਸੌਦਾਗਰਾਂ ਨੇ ਤਾਂ ਜਿਵੇਂ ਪੰਜਾਬ ਨੂੰ ਆਪਣਾ ਨਿਸ਼ਾਨਾ ਹੀ ਮਿਥ ਲਿਆ ਹੋਵੇ, ਹਰ ਰੋਜ਼ ਅਖਬਾਰਾਂ ਵਿੱਚ ਪ੍ਰਕਾਸ਼ਿਤ ਹੁੰਦੀਆਂ ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨਾਂ ਦੀਆਂ ਮੌਤਾਂ ਦੀਆਂ ਖਬਰਾਂ ਨਾਲ ਰੂਹ ਕੰਬ ਜਾਂਦੀ ਹੈ। ਨੌਜਵਾਨਾਂ ਨੂੰ ਕੁਰਾਹੇ ਪਾ ਕਿ ਮੌਤ ਵੰਡਣ ਵਾਲੇ ਇਹ ਡਰੱਗ ਮਾਫੀਏ ਬੜੀ ਹੀ ਚਲਾਕੀ ਨਾਲ ਛੋਟੀ ਉਮਰ ਦੇ ਨੌਜਵਾਨਾਂ ਨੂੰ ਨਸ਼ੇ ਵੱਲ ਮੋੜਨ ਵਾਲੇ ਦੋਮੂੰਹੇ ਇਹ ਅਜ਼ਗਰ ਸਾਡੇ ਭਵਿੱਖ ਸਾਡੇ-ਬੱਚਿਆਂ ਨੂੰ ਨਿਗਲਦੇ ਹੀ ਜਾ ਰਹੇ ਹਨ। ਨਸ਼ਾ ਜਿਸ ਤਰ੍ਹਾਂ ਦਿਨੋਂ-ਦਿਨ ਵਧਦਾ ਜਾ ਰਿਹਾ ਹੈ, ਇਹ ਸੱਚਮੁੱਚ ਬਹੁਤ ਹੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਹ ਨੌਜਵਾਨ ਪੀੜ੍ਹੀ-ਮੁੰਡੇ ਕੁੜੀਆਂ, ਜਿਨ੍ਹਾਂ ਨੂੰ ਅਸੀਂ ਆਪਣੇ ਦੇਸ਼ ਦੀ ਸ਼ਕਤੀ ਤੇ ਸੁਨਹਿਰਾ ਭਵਿੱਖ ਮੰਨਦੇ ਹਾਂ, ਉਹ ਨਸ਼ਿਆਂ ਦੀ ਦਲ-ਦਲ ਵਿੱਚ ਧਸਦੇ ਜਾ ਰਹੇ ਹਨ। ਹੁਣ ਤਾਂ ਸਭ ਦਾ ਇੱਕੋ ਹੀ ਸਵਾਲ ਹੈ ਕਿ ਆਖਿਰ ਕੌਣ ਬਚਾਊ ਪੰਜਾਬ ਨੂੰ ਨਸ਼ਿਆਂ ਦੀ ਮਾਰ ਤੋਂ।




ਨਸ਼ਾ ਬਰਬਾਦੀ ਅਤੇ ਉਜਾੜੇ ਦਾ ਜਨਮਦਾਤਾ ਹੈ। ਨਸ਼ੇ ਦੀ ਸ਼ੁਰੂਆਤ ਭਾਵੇਂ ਨਕਲ, ਸ਼ੌਕ, ਫੁਕਰੇਪਣ ਜਾਂ ਕਿਸੇ ਮਜਬੂਰੀ ਵਿੱਚ ਕੀਤੀ ਜਾਂਦੀ ਹੈ ਪਰ ਬਾਅਦ ਵਿੱਚ ਇਹ ਆਦਤ ਬਣ ਜਾਂਦੀ ਹੈ ਅਤੇ ਉਸ ਵਕਤ ਲੱਗੀ ਨਸ਼ੇ ਦੀ ਲਤ ਅੱਖਾਂ ਅੱਗੇ ਹਨੇਰਾ ਕਰ ਦਿੰਦੀ ਹੈ, ਜਦੋਂ ਨਸ਼ੇ ਦੀ ਪੂਰਤੀ ਨਹੀਂ ਹੰਦੀ ਤਾਂ ਨੌਜੁਆਨ ਅਤੇ ਕਿਸ਼ੋਰ ਬੇਖੌਫ ਚੋਰੀਆਂ, ਡਾਕੇ ਅਤੇ ਲੁੱਟਾਂ-ਖੋਹਾਂ ਦਾ ਰਸਤਾ ਇਖਤਿਆਰ ਕਰ ਲੈਂਦੇ ਹਨ। ਨਸ਼ਿਆਂ ਨੇ ਕਈ ਪਰਿਵਾਰਾਂ ਦੇ ਚਿਰਾਗ ਬੁਝਾ ਦਿੱਤੇ ਹਨ, ਅਨੇਕਾਂ ਘਰਾਂ ਦੇ ਚੁੱਲ੍ਹੇ ਠੰਢੇ ਕਰ ਛੱਡੇ ਹਨ। ਭੰਗ, ਅਫੀਮ, ਭੁੱਕੀ ਆਦਿ ਨਸ਼ਿਆਂ ਦੇ ਨਾਲ-ਨਾਲ ਹੁਣ ਨਵੇਕਲੇ ਘਾਤਕ, ਜਾਨਲੇਵਾ ਅਤੇ ਮਹਿੰਗੇ ਨਸ਼ੇ ਚਰਸ, ਬਰਾਊਨ ਸ਼ੂਗਰ, ਸਮੈਕ, ਹੈਰੋਇਨ, ਟੀਕੇ, ਗੋਲੀਆਂ ਅਤੇ ਕੈਪਸੂਲ ਆਦਿ ਦੀ ਵਰਤੋਂ ਬਰਬਾਦੀ ਹੀ ਹੈ।

ਕਿਉਂ ਵਧ ਰਿਹਾ ਹੈ ਨਸ਼ਿਆਂ ਦਾ ਰੁਝਾਨ ?

* ਪਰਿਵਾਰ ਵਿੱਚ ਜੇ ਕੋਈ ਮੈਂਬਰ ਨਸ਼ਾ ਕਰਦਾ ਹੈ ਤਾਂ ਜ਼ਿਆਦਾਤਰ ਦੇਖਿਆ ਗਿਆ ਹੈ ਕੇ ਉਸ ਨੂੰ ਦੇਖ ਕੇ ਹੀ ਘਰ ਦਾ ਕੋਈ ਛੋਟਾ ਬੱਚਾ ਜਾਂ ਮੈਂਬਰ ਵੀ ਨਸ਼ੇ ਦੀ ਵਰਤੋਂ ਕਰਨ ਲਗਦਾ ਹੈ।

* ਮਾਨਸਿਕ ਪ੍ਰੇਸ਼ਾਨੀ, ਘਬਰਾਹਟ, ਵਹਿਮ ਜਾਂ ਬਿਮਾਰੀ ਕਰਕੇ ਵੀ ਕਈ ਨੌਜਵਾਨ ਨਸ਼ੇ ਦੀ ਵਰਤੋਂ ਕਰਦੇ ਹਨ।

* ਨਸ਼ੇ ਦੀ ਵਰਤੋਂ ਲੋਕ ਅਰਾਮ ਕਰਨ ਲਈ ਨਹੀਂ ਕਰਦੇ ਸਗੋਂ ਕਿਸੇ ਡੂੰਘੇ ਉਦੇਸ਼ ਦੀ ਪ੍ਰਾਪਤੀ, ਮਾਨਸਿਕ ਦਬਾਅ ਨੂੰ ਘਟਾਉਣ ਲਈ ਕਰਦੇ ਹਨ।

* ਜਵਾਨੀ ਦਾ ਸਮਾਂ ਮਿਹਨਤ, ਲਗਨ ਦੇ ਨਾਲ ਸਿੱਖਿਆ ਹਾਸਲ ਕਰਕੇ ਬੁਲੰਦੀਆਂ ਨੂੰ ਛੂਹਣ ਦਾ ਹੁੰਦਾ ਹੈ, ਪਰ ਕਈ ਜਵਾਨੀ ਦੇ ਦੌਰ ਨੂੰ ਸਿਰਫ ਜੋਸ਼, ਸ਼ੌਕ, ਮੰਨੋਰੰਜਨ, ਜਸ਼ਨ, ਖੁਸ਼ਹਾਲੀ ਕਹਿ ਕੇ ਖੁਸ਼ੀ ਮਨਾਉਣ ਲਈ ਨਸ਼ਾ ਕਰਦੇ ਹਨ।

* ਬੇਰੁਜ਼ਗਾਰੀ, ਭਵਿੱਖ ਦੀ ਚਿੰਤਾ, ਪਰਿਵਾਰਕ ਲੜਾਈ-ਝਗੜੇ ਜਾਂ ਕੋਈ ਹੋਰ ਮਜਬੂਰੀ ਕਰਕੇ ਨੌਜਵਾਨਾਂ ਵਿੱਚ ਨਸ਼ਿਆਂ ਦਾ ਰੁਝਾਨ ਵਧ ਰਿਹਾ ਹੈ

* ਸਰੀਰਕ ਸਮਰੱਥਾ, ਕਾਰਜ-ਕੁਸ਼ਲਤਾ, ਜ਼ੋਰ-ਅਜਮਾਇਸ਼ ਕਰਨ ਜਾਂ ਸਰੀਰਕ ਤੇਜ਼ੀ ਲਿਆਉਣ ਲਈ ਵੀ ਨੌਜਵਾਨ ਨਸ਼ਾ ਕਰਦੇ ਹਨ।

* ਪਹਿਲੀ ਵਾਰ ਵਿੱਚ ਹੀ ਕਿਸੇ ਵੱਡੇ ਨਸ਼ੇ ਦਾ ਸੇਵਨ ਕਰ ਲੈਣਾ ਭੁਲਾਉਣਾ ਔਖਾ ਹੋ ਸਕਦਾ ਹੈ ਤੇ ਨਸ਼ੇ ਦੀ ਲਤ ਲੱਗਣ ਦਾ ਅਧਾਰ ਵੀ ਬਣ ਸਕਦਾ ਹੈ।

ਨਸ਼ੇ ਕਰਨ ਨਾਲ ਸਰੀਰ ਦੇ ਨਾੜੀਤੰਤਰ, ਅੰਦਰੂਨੀ ਅੰਗਾਂ ਦਿਲ, ਜਿਗਰ, ਫੇਫੜੇ ਅਤੇ ਦਿਮਾਗ ਨੂੰ ਭਾਰੀ ਨੁਕਸਾਨ ਪਹੁੰਚਦਾ ਹੈ। ਨਸ਼ੇ ਦੀ ਆਦਤ ਨਾਲ ਵਿਅਕਤੀ ਦਾ ਵਿਹਾਰ ਆਮ ਨਹੀਂ ਰਹਿੰਦਾ ਅਤੇ ਉਸ ਦਾ ਆਪਣੇ ਹੀ ਦਿਮਾਗ ਤੇ ਨਿਯੰਤਰਣ ਘਟ ਜਾਂਦਾ ਹੈ ਜਿਸ ਕਰਕੇ ਗੁੱਸਾ ਆਉਣਾ, ਗਾਲੀ-ਗਲੋਚ ਕਰਨਾ ਜਾਂ ਹਮਲਾ ਕਰਨਾ ਉਸ ਦਾ ਆਮ ਵਿਹਾਰ ਬਣ ਜਾਂਦਾ ਹੈ। ਨਸ਼ੇ ਕਰਨ ਵਾਲੇ ਨੂੰ ਕੋਈ ਮੂੰਹ ਨਹੀਂ ਲਾਉਣਾ ਚਾਹੁੰਦਾ। ਨਸ਼ੇ ਨਾਲ ਰੱਜਿਆ ਵਿਅਕਤੀ ਕੋਈ ਨੌਕਰੀ ਜਾਂ ਕੰਮ ਵੀ ਨਹੀਂ ਕਰ ਸਕਦਾ ਜਿਸ ਕਰਕੇ ਉਸ ਦਾ ਆਰਥਿਕ ਨੁਕਸਾਨ ਵੀ ਹੋਣਾ ਨਿਸ਼ਚਿਤ ਹੋ ਜਾਂਦਾ ਹੈ। ਪਰ ਕਿਹਾ ਜਾਂਦਾ ਹੈ ਕਿ ਨਸ਼ੇ ਤੋਂ ਨਫਰਤ ਕਰੋ ਨਸ਼ਾ ਕਰਨ ਵਾਲੇ ਤੋਂ ਨਹੀਂ। ਨਸ਼ਾ ਕਰਨ ਵਾਲੇ ਕਿਸੇ ਵਿਅਕਤੀ ਨੂੰ ਨਸ਼ੇੜੀ ਜਾਂ ਅਮਲੀ ਕਹਿਣਾ ਵੀ ਗਲਤ ਹੈ। ਉਸ ਨੂੰ ਇੱਕ ਬਿਮਾਰ ਜਾਂ ਮਾਨਸਿਕ ਪੀੜਤ ਵਿਅਕਤੀ ਦੇ ਵਾਂਗ ਹੀ ਸਮਝਣਾ, ਉਸਦਾ ਇਲਾਜ ਕਰਵਾਉਣਾ ਅਤੇ ਉਸਦੀ ਮਦਦ ਕਰਨੀ ਚਾਹੀਦੀ ਹੈ।

ਨਸ਼ਿਆਂ ਦੀ ਦਲ-ਦਲ ਵਿੱਚ ਫਸੇ ਵਿਅਕਤੀਆਂ ਨੂੰ ਸਹੀ ਰਸਤਾ ਵਿਖਾਉਣ, ਸਮਾਜ ਵਿੱਚ ਉਸ ਦਾ ਰੁਤਬਾ ਮੁੜ ਸੁਰਜੀਤ ਕਰਨ ਲਈ ਸਿਹਤ ਵਿਭਾਗ ਵੱਲੋਂ ਡਰੱਗ-ਡੀ-ਅਡਿਕਸ਼ਨ ਪ੍ਰੋਗਰਾਮ ਤਹਿਤ ਨਸ਼ਿਆ ਨੂੰ ਕਹੋ ਨਾ - ਜ਼ਿੰਦਗੀ ਨੂੰ ਕਹੋ ਹਾਂ ਦਾ ਨਾਅਰਾ ਦਿੱਤਾ ਜਾਂਦਾ ਹੈ। ਪੰਜਾਬ ਵਿੱਚ ਨਸ਼ਾ ਪੀੜਤਾਂ ਦੇ ਮੁਫਤ ਇਲਾਜ ਲਈ ਨਸ਼ਾ ਛੁਡਾਓ ਕੇਂਦਰ (ਨਵ-ਜੀਵਨ ਕੇਂਦਰ), ਓਟ ਕਲੀਨਕ ਅਤੇ ਪੁਨਰਵਾਸ ਕੇਂਦਰਾਂ (ਨਵ-ਨਿਰਮਾਣ ਕੇਂਦਰਾਂ) ਦਾ ਕਾਰਜਸ਼ੀਲ ਹੋਣਾ ਅਤੇ ਇਹਨਾਂ ਸੰਸਥਾਵਾਂ ਵਿੱਚ ਮਨੋਚਿਕਿਤਸਕ, ਕਾਊਂਸਲਰ, ਸੋਸ਼ਲ ਵਰਕਰ ਅਤੇ ਹੋਰ ਮੈਡੀਕਲ, ਪੈਰਾ-ਮੈਡੀਕਲ ਸਟਾਫ ਦਾ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਇੱਕ ਸ਼ਲਾਘਾਯੋਗ ਕਦਮ ਹੈ। ਇਹਨਾਂ ਸੈਂਟਰਾਂ ਵਿੱਚ ਮਰੀਜ਼ਾਂ ਲਈ ਖਾਣਾ, ਮਨੋਰੰਜਨ ਦੀਆਂ ਸੁਵਿਧਾਵਾਂ, ਯੋਗਾ-ਕਸਰਤ ਅਤੇ ਸਮਾਜ ਵਿੱਚ ਵਿਚਰਨ ਅਤੇ ਰੋਜ਼ੀ-ਰੋਟੀ ਦੇ ਕਾਬਲ ਬਣਾਉਣ ਲਈ ਕਿੱਤਾ-ਮੁਖੀ ਸਿਖਲਾਈ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਛੋਟੀ ਉਮਰ ਵਿੱਚ ਹੀ ਮਾੜੀ ਸੰਗਤ ਵਿੱਚ ਸ਼ਾਮਿਲ ਹੋ ਕੇ ਨਸ਼ੇ ਕਰਨ ਵਾਲੇ ਬੱਚਿਆਂ ਦਾ ਕਈ ਵਾਰ ਪਰਿਵਾਰਕ ਮੈਂਬਰਾਂ ਨੂੰ ਪਤਾ ਹੀ ਨਹੀਂ ਚਲਦਾ। ਉਨ੍ਹਾਂ ਨੂੰ ਚਾਹੀਦਾ ਹੈ ਕੇ ਉਹ ਅਜਿਹੇ ਲੱਛਣ ਜਿਵੇਂ ਸਰੀਰਕ ਤੇ ਮਾਨਸਿਕ ਹਾਵ-ਭਾਵ, ਵਿਹਾਰ ਵਿੱਚ ਪਰਿਵਰਤਣ, ਚਿੜਚਿੜਾਪਣ, ਇਕੱਲੇ ਰਹਿਣਾ, ਜ਼ਿਆਦਾ ਖਰਚੀਲੇ ਹੋਣਾ ਜਾਂ ਪੈਸੇ ਚੋਰੀ ਕਰਨਾ, ਭੁੱਖ ਜਾਂ ਨੀਂਦ ਵਿੱਚ ਉਤਰਾਅ-ਚੜ੍ਹਾ ਜਾਂ ਬੇਚੈਨ ਰਹਿਣਾ ਵਰਗੇ ਲੱਛਣਾਂ ਨੂੰ ਭਲੀ-ਭਾਂਤ ਪਛਾਣ ਲੈਣ ਤੇ ਬਿਨਾਂ ਦੇਰੀ ਕੀਤੇ ਉਨ੍ਹਾਂ ਦਾ ਭਵਿੱਖ ਬਰਬਾਦ ਹੋਣ ਤੋਂ ਬਚਾਉਣ ਲਈ ਬੱਚਿਆਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਤੁਹਾਨੂੰ ਨਸ਼ਿਆਂ ਤੇ ਲਾਉਣ ਵਾਲਾ ਤੁਹਾਡਾ ਦੋਸਤ ਨਹੀਂ, ਤੁਹਾਡਾ ਦੁਸ਼ਮਣ ਹੈ। ਸਰਕਾਰ ਨੂੰ ਵੀ ਚਾਹੀਦਾ ਹੈ ਕੇ ਨਸ਼ਿਆਂ ਖਿਲਾਫ ਠੋਸ ਅਤੇ ਸਖਤ ਕਾਨੂੰਨ ਬਣਾਵੇ। ਪੁਲਿਸ ਦੀਆਂ ਵਿਸ਼ੇਸ਼ ਟੀਮਾਂ ਹੋਰ ਵਿਭਾਗਾਂ ਨਾਲ ਤਾਲਮੇਲ ਕਰਕੇ ਸ਼ੱਕੀ ਇਲਾਕਿਆਂ ਵਿੱਚ ਛਾਪੇਮਾਰੀ ਕਰਨ, ਵਾਹਨਾਂ ਦੀ ਚੈਕਿੰਗ ਕੀਤੀ ਜਾਵੇ। ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਸਖਤ ਸਜ਼ਾਵਾਂ ਦਿੱਤੀਆਂ ਜਾਣ ਤਾਂ ਜੋ ਨਸ਼ਾ ਵੇਚਣ ਵਾਲਿਆਂ ਵਿੱਚ ਭੈਅ ਪੈਦਾ ਹੋ ਸਕੇ। ਸਾਨੂੰ ਸਭ ਨੂੰ ਵੀ ਰਲ-ਮਿਲ ਕੇ ਨਸ਼ੇ ਰੂਪੀ ਕੋਹੜ ਨੂੰ ਖਤਮ ਕਰਨ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ।

# ਪੰਜਾਬ ਸਰਕਾਰ ਦਾ ਮੁਲਾਜ਼ਮਾਂ ਪ੍ਰਤੀ ਵਤੀਰਾ ਪਿਛਲੀਆਂ ਸਰਕਾਰਾਂ ਤੋਂ ਵੀ ਮਾੜਾ



ਡਾ. ਕੇਸਰ ਸਿੰਘ ਭੰਗੂ
ਸਾਬਕਾ ਡੀਨ ਅਤੇ ਪ੍ਰੋਫ਼ੈਸਰ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਮੁਲਾਜ਼ਮ ਸਰਕਾਰਾਂ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ, ਕਿਉਂਕਿ ਉਨ੍ਹਾਂ ਨੇ ਸਰਕਾਰਾਂ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਲੋਕਾਂ 'ਚ ਹੇਠਲੇ ਪੱਧਰ ਤੱਕ ਲੈ ਕੇ ਜਾਣਾ ਹੁੰਦਾ ਹੈ। ਇਸ ਲਈ ਸਰਕਾਰਾਂ ਅਤੇ ਮੁਲਾਜ਼ਮਾਂ ਵਿਚਕਾਰ ਚੰਗਾ ਤਾਲਮੇਲ ਹੋਣਾ ਬਹੁਤ ਜ਼ਰੂਰੀ ਹੈ। ਇਹ ਸਰਕਾਰਾਂ ਦੀ ਜ਼ਿੰਮੇਵਾਰੀ ਅਤੇ ਜ਼ਰੂਰਤ ਵੀ ਹੈ ਕਿ ਉਹ ਮੁਲਾਜ਼ਮਾਂ ਦੀ ਖੁਸ਼ਹਾਲੀ ਅਤੇ ਭਲਾਈ ਦਾ ਧਿਆਨ ਰੱਖਣ, ਨਾਲ ਹੀ ਮੁਲਾਜ਼ਮਾਂ ਦੀ ਵੀ ਡਿਊਟੀ ਬਣਦੀ ਹੈ ਕਿ ਉਹ ਤਨਦੇਹੀ ਅਤੇ ਇਮਾਨਦਾਰੀ ਨਾਲ ਕੰਮ ਕਰਨ, ਤਾਂ ਕਿ ਸਰਕਾਰਾਂ ਦੀਆਂ ਨੀਤੀਆਂ ਦਾ ਲੋਕਾਂ ਨੂੰ ਪੂਰਾ-ਪੂਰਾ ਲਾਭ ਸਮੇਂ ਸਿਰ ਮਿਲ ਸਕੇ। ਭਾਰਤ 'ਚ 1990-91 ਤੋਂ ਨਿੱਜੀਕਰਨ, ਵਿਸ਼ਵੀਕਰਨ ਅਤੇ ਉਦਾਰੀਕਰਨ ਦੀਆਂ ਆਰਥਿਕ ਨੀਤੀਆਂ ਲਾਗੂ ਕਰਨ ਤੋਂ ਬਾਅਦ ਸਾਰੀਆਂ ਹੀ ਕੇਂਦਰੀ ਸਰਕਾਰਾਂ ਅਤੇ ਸੂਬਿਆਂ ਦੀਆਂ ਸਰਕਾਰਾਂ ਨੇ ਆਪਣੇ ਦਫ਼ਤਰਾਂ ਅਤੇ ਅਦਾਰਿਆਂ 'ਚ ਪਿਛਲੇ ਲੰਮੇ ਸਮੇਂ ਤੋਂ ਖਾਲੀ ਹੋ ਰਹੀਆਂ ਪੱਕੀਆਂ ਨੌਕਰੀਆਂ/ਅਸਾਮੀਆਂ ਨੂੰ ਮੁੜ ਤੋਂ ਭਰਨਾ ਬੰਦ ਕੀਤਾ ਹੋਇਆ ਹੈ।

ਇਨ੍ਹਾਂ ਨੌਕਰੀਆਂ ਅਤੇ ਅਸਾਮੀਆਂ ਨੂੰ ਪੱਕੇ ਤੌਰ 'ਤੇ ਖ਼ਤਮ ਕੀਤਾ ਜਾ ਰਿਹਾ ਹੈ। ਇਨ੍ਹਾਂ ਦੀ ਥਾਂ 'ਤੇ ਹੁਣ ਨੌਕਰੀਆਂ ਅਤੇ ਅਸਾਮੀਆਂ ਨੂੰ ਆਰਜ਼ੀ ਤੌਰ 'ਤੇ ਬਹੁਤ ਹੀ ਘੱਟ ਤਨਖਾਹਾਂ ਉਤੇ ਠੇਕੇਦਾਰੀ ਸਿਸਟਮ ਅਤੇ ਆਊਟ-ਸੋਰਸਿੰਗ ਵਿਧੀਆਂ ਰਾਹੀਂ ਭਰਿਆ ਜਾ ਰਿਹਾ ਹੈ, ਭਾਵ ਹੁਣ ਇਨ੍ਹਾਂ ਵਿਧੀਆਂ ਰਾਹੀਂ ਭਰਤੀ ਕੀਤੇ ਗਏ ਮੁਲਾਜ਼ਮਾਂ ਦਾ ਸਰਕਾਰਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ; ਕਿਉਂਕਿ ਉਹ ਹੁਣ ਠੇਕੇਦਾਰ ਜਾਂ ਆਊਟ-ਸੋਰਸਿੰਗ ਕੰਪਨੀ ਦੇ ਮੁਲਾਜ਼ਮ ਹਨ। ਇਸ ਤਰ੍ਹਾਂ ਦੇ ਮੁਲਾਜ਼ਮਾਂ ਨੂੰ ਬਹੁਤ ਵਧੀਆ ਅਤੇ ਪ੍ਰਭਾਵਸ਼ਾਲੀ ਨਾਂਅ ਦਿੱਤੇ ਗਏ ਹਨ ਜਿਵੇਂ ਕਿ ਯੋਜਨਾ ਕਰਮੀ, ਆਸ਼ਾ ਵਰਕਰਾਂ, ਮਿਡ-ਡੇ ਮੀਲ ਕਰਮੀ, ਸਿੱਖਿਆ ਕਰਮੀ ਆਦਿ ਆਦਿ। ਇਸੇ ਹੀ ਤਰ੍ਹਾਂ ਤਕਨੀਕੀ ਪੜ੍ਹਾਈ ਦੇ ਅਦਾਰਿਆਂ ਦੇ ਵਿਦਿਆਰਥੀਆਂ ਨੂੰ ਵੀ ਸਿਖਾਂਦਰੂ ਐਕਟ, ਟ੍ਰੇਨਿੰਗ ਐਕਟ ਆਦਿ @ਚ ਸੋਧਾਂ ਕਰਕੇ ਕਾਰਪੋਰੇਟ ਘਰਾਣਿਆਂ ਅਤੇ ਪੂੰਜੀਪਤੀਆਂ ਦੁਆਰਾ ਤਕਨੀਕੀ ਪਾੜ੍ਹਿਆਂ ਦੇ ਸ਼ੋਸ਼ਣ ਲਈ ਰਾਹ ਪੱਧਰਾ ਕੀਤਾ ਗਿਆ ਹੈ। ਹੋਣਾ ਤਾਂ ਇਹ ਚਾਹੀਦਾ ਸੀ ਕਿ ਨਿੱਜੀ ਅਤੇ ਕਾਰਪੋਰੇਟ ਘਰਾਣਿਆਂ ਦੇ ਮੁਲਾਜ਼ਮਾਂ ਨੂੰ ਵੀ ਸਰਕਾਰੀ ਮੁਲਾਜ਼ਮਾਂ ਦੀ ਤਰ੍ਹਾਂ ਤਨਖ਼ਾਹਾਂ ਅਤੇ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਪਰ ਹੋਇਆ ਇਸ ਦੇ ਉਲਟ ਕਿ ਸਰਕਾਰਾਂ ਨੇ ਆਪਣੇ ਮੁਲਾਜ਼ਮਾਂ ਦੀ ਲੁੱਟ-ਖਸੁੱਟ ਨਿੱਜੀ ਅਤੇ ਕਾਰਪੋਰੇਟ ਘਰਾਣਿਆਂ ਦੇ ਮੁਲਾਜ਼ਮਾਂ ਵਾਂਗ ਸ਼ੁਰੂ ਕਰ ਦਿੱਤੀ ਹੈ। ਇੱਥੇ ਹੀ ਬਸ ਨਹੀਂ, ਮੁਲਾਜ਼ਮਾਂ ਲਈ 2004 ਤੋਂ ਪੁਰਾਣੀ ਪੈਨਸ਼ਨ ਵੀ ਖ਼ਤਮ ਕਰ ਦਿੱਤੀ ਹੈ ਅਤੇ ਉਸ ਦੀ ਥਾਂ 'ਤੇ ਨਵੀਂ ਪੈਨਸ਼ਨ ਸਕੀਮ ਲਾਗੂ ਕੀਤੀ ਹੈ, ਜਿਹੜੀ ਕਿ ਮੁਲਾਜ਼ਮਾਂ ਦੇ ਹੱਕਾਂ 'ਤੇ ਇੱਕ ਵੱਡਾ ਛਾਪਾ ਮਾਰਨ ਦੇ ਤੁਲ ਹੈ, ਜਿਸ ਕਾਰਨ ਦੇਸ਼ ਭਰ 'ਚ ਮੁਲਾਜ਼ਮਾਂ ਵਿਚਕਾਰ ਬੇਚੈਨੀ ਵਧੀ ਅਤੇ ਸਰਕਾਰਾਂ ਅਤੇ ਮੁਲਾਜ਼ਮਾਂ ਦੇ ਆਪਸੀ ਸੰਬੰਧਾਂ 'ਚ ਇਕ ਕੁੜੱਤਣ ਅਤੇ ਬੇਵਿਸ਼ਵਾਸੀ ਪੈਦਾ ਹੋ ਗਈ, ਜਿਹੜੀ ਅੱਜ ਵੀ ਸਾਫ਼ ਝਲਕਦੀ ਹੈ।

ਮੌਜੂਦਾ ਪੰਜਾਬ ਸਰਕਾਰ ਦੇ ਗਠਨ 'ਚ ਪੰਜਾਬ ਦੇ ਮੁਲਾਜ਼ਮਾਂ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਨੇ ਬਹੁਤ ਵੱਡਾ ਅਤੇ ਮਹੱਤਵਪੂਰਨ ਯੋਗਦਾਨ ਪਾਇਆ ਸੀ। ਸੂਬੇ ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਦੇ ਮੁਲਾਜ਼ਮਾਂ ਨੇ ਮੁਲਾਜ਼ਮ ਮੰਗਾਂ ਦੇ ਖ਼ਿਲਾਫ਼ ਭੁਗਤਣ ਵਾਲੇ ਸਿਆਸੀ ਲੀਡਰਾਂ ਨੂੰ ਹਰਾਉਣ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਉਣ ਲਈ ਬਹੁਤ ਅਹਿਮ ਭੂਮਿਕਾ ਨਿਭਾਈ ਸੀ। ਪੰਜਾਬ 'ਚ ਨਵੀਆਂ ਆਰਥਿਕ ਨੀਤੀਆਂ ਤੋਂ ਬਾਅਦ ਬਣੀਆਂ ਸਾਰੀਆਂ ਸਰਕਾਰਾਂ, ਖ਼ਾਸ ਕਰਕੇ ਪਿਛਲੀਆਂ ਚਾਰ ਸਰਕਾਰਾਂ (2002 ਤੋਂ 2022), ਦੋ ਅਕਾਲੀ-ਭਾਜਪਾ ਅਤੇ ਦੋ ਕਾਂਗਰਸ, ਦੀ ਅਗਵਾਈ ਵਾਲੀਆਂ ਸਰਕਾਰਾਂ ਨੇ ਪੰਜਾਬ ਦੇ ਮੁਲਾਜ਼ਮਾਂ ਅਤੇ ਉਨ੍ਹਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਨੂੰ ਅਣਗੌਲਿਆ ਕਰਕੇ ਮੁਲਾਜ਼ਮਾਂ ਦੀ ਬੇਕਦਰੀ ਕੀਤੀ ਹੈ। ਇਨ੍ਹਾਂ ਸਰਕਾਰਾਂ ਨੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਸੁਹਿਰਦਤਾ ਨਾਲ ਨਹੀਂ ਵਿਚਾਰਿਆ ਅਤੇ ਜਾਣਬੁੱਝ ਕੇ ਲਟਕਾ ਕੇ ਰੱਖਿਆ ਗਿਆ। ਮਿਸਾਲ ਦੇ ਤੌਰ 'ਤੇ ਤਨਖ਼ਾਹ ਕਮਿਸ਼ਨਾਂ ਦੀਆਂ ਸਿਫ਼ਾਰਸ਼ਾਂ ਨੂੰ ਲੰਗੜੇ ਢੰਗ ਨਾਲ ਲਾਗੂ ਕੀਤਾ, ਭੱਤਿਆਂ 'ਚ ਕਟੌਤੀਆਂ ਕੀਤੀਆਂ, ਡੀ.ਏ. ਦੀਆਂ ਕਿਸ਼ਤਾਂ ਨੂੰ ਬਹੁਤ ਲੰਮੇ ਸਮੇਂ ਤੱਕ ਲਮਕਾ ਕੇ ਰੱਖਿਆ, ਤਰੱਕੀਆਂ ਨੂੰ ਲੰਮੇ ਸਮੇਂ ਲਈ ਲਟਕਾ ਕੇ ਰੱਖਿਆ ਅਤੇ ਭਰਤੀਆਂ ਠੇਕੇ ਆਧਾਰਿਤ ਜਾਂ ਆਊਟ-ਸੋਰਸਿਗ ਰਾਹੀਂ ਸ਼ੁਰੂ ਕੀਤੀਆਂ ਗਈਆਂ। 15 ਜਨਵਰੀ, 2015 ਨੂੰ ਪੱਤਰ ਜਾਰੀ ਕਰ ਕੇ ਪੱਕੀਆਂ ਨੌਕਰੀਆਂ ਨੂੰ ਮੁਢਲੀ ਬੇਸਿਕ ਤਨਖ਼ਾਹ ਉਤੇ ਭਰਨਾ ਸ਼ੁਰੂ ਕੀਤਾ ਗਿਆ ਤੇ ਪੁਰਾਣੀ ਪੈਨਸ਼ਨ ਸਕੀਮ ਖ਼ਤਮ ਕਰਕੇ ਨਵੀਂ ਪੈਨਸ਼ਨ ਸਕੀਮ ਲਾਗੂ ਕੀਤੀ ਗਈ। 17 ਜੁਲਾਈ, 2020 ਤੋਂ ਪੰਜਾਬ ਪੇਅ ਕਮਿਸ਼ਨ ਦੀ ਥਾਂ 'ਤੇ ਕੇਂਦਰੀ ਤਨਖਾਹ ਕਮਿਸ਼ਨ ਲਾਗੂ ਕੀਤਾ ਗਿਆ ਅਤੇ ਲੋੜੀਂਦੀ ਸੰਖਿਆ 'ਚ ਮੁਲਾਜ਼ਮਾਂ ਦੀ ਭਰਤੀ ਵੀ ਨਹੀਂ ਕੀਤੀ ਗਈ, ਜਦੋਂ ਕਿ ਕਿਸੇ ਸਮੇਂ ਪੰਜਾਬ ਦੇ ਮੁਲਾਜ਼ਮ ਸਮੁੱਚੇ ਦੇਸ਼ 'ਚ ਸਭ ਤੋਂ ਵਧੀਆ ਤਨਖਾਹਾਂ, ਭੱਤੇ ਅਤੇ ਸਹੂਲਤਾਂ ਮਾਣਦੇ ਰਹੇ ਸਨ। ਪਰ ਹੁਣ ਉਹ ਲਗਭਗ ਸਾਰਿਆਂ ਸੂਬਿਆਂ ਦੇ ਮੁਲਾਜ਼ਮਾਂ ਤੋਂ ਪਿੱਛੇ ਰਹਿ ਗਏ ਹਨ। ਸਰਕਾਰਾਂ ਦੇ ਇਸ ਤਰ੍ਹਾਂ ਦੇ ਵਰਤਾਰੇ ਅਤੇ ਰਵੱਈਏ ਨੇ ਮੁਲਾਜ਼ਮਾਂ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਨੂੰ ਨਿਰਾਸ਼ ਅਤੇ ਬੇਉਮੀਦ ਕੀਤਾ ਹੈ। ਮੁਲਾਜ਼ਮਾਂ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਨੇ ਅਨੇਕਾਂ ਵਾਰ ਲੰਮੇ ਸਮੇਂ ਲਈ ਹੜਤਾਲਾਂ, ਮੁਜ਼ਾਹਰੇ ਅਤੇ ਜਦੋਜਹਿਦ ਦੇ ਹੋਰ ਬਹੁਤ ਸਾਰੇ ਢੰਗ-ਤਰੀਕੇ ਅਪਣਾਏ ਪਰ ਕੋਈ ਸੁਣਵਾਈ ਨਹੀਂ ਹੋਈ। ਇਸੇ ਸਮੇਂ ਦੌਰਾਨ ਨਵੀਂ ਬਣੀ ਆਮ ਆਦਮੀ ਪਾਰਟੀ ਨੇ ਮੁਲਾਜ਼ਮਾਂ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਨਾਲ ਤਾਲਮੇਲ ਕਰਕੇ ਉਨ੍ਹਾਂ ਵਲੋਂ ਕੀਤੇ ਜਾਂਦੇ ਅੰਦੋਲਨਾਂ 'ਚ ਸ਼ਾਮਿਲ ਹੋ ਕੇ ਇਹ ਵਾਅਦੇ ਕੀਤੇ ਕਿ ਸੂਬੇ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੇ ਨੌਕਰੀਆਂ ਪੂਰੀ ਤਨਖਾਹ 'ਤੇ ਪੱਕੀਆਂ ਦਿੱਤੀਆਂ ਜਾਣਗੀਆਂ ਅਤੇ ਭਰਤੀਆਂ ਵੀ ਕੀਤੀਆਂ ਜਾਣਗੀਆਂ। ਠੇਕੇਦਾਰੀ ਸਿਸਟਮ ਅਤੇ ਆਊਟ-ਸੋਰਸਿੰਗ ਵਿਧੀ ਵੀ ਬੰਦ ਕੀਤੀ ਜਾਵੇਗੀ। ਆਮ ਆਦਮੀ ਪਾਰਟੀ ਨੇ ਚੋਣਾਂ ਵੇਲੇ ਮੁਲਾਜ਼ਮਾਂ ਨਾਲ ਇੱਕ ਅਹਿਮ ਵਾਅਦਾ ਇਹ ਵੀ ਕੀਤਾ ਸੀ ਕਿ ਸੱਤਾ 'ਚ ਆਉਣ ਬਾਅਦ ਨਵੀਂ ਪੈਨਸ਼ਨ ਸਕੀਮ ਬੰਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਕੀਤੀ ਜਾਵੇਗੀ। ਇਹ ਵੀ ਬੜੇ ਜੋਸ਼ੋ-ਖਰੋਸ਼ ਨਾਲ ਪ੍ਰਚਾਰਿਆ ਗਿਆ ਸੀ ਕਿ ਜੇ ਸੂਬੇ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਤਾਂ ਮੁਲਾਜ਼ਮਾਂ ਨੂੰ ਹੜਤਾਲਾਂ ਅਤੇ ਮੁਜ਼ਾਹਰੇ ਕਰਨ ਦੀ ਲੋੜ ਹੀ ਨਹੀਂ ਪਵੇਗੀ; ਕਿਉਂਕਿ ਉਨ੍ਹਾਂ ਦੇ ਸਾਰੇ ਮਸਲੇ ਪਹਿਲ ਦੇ ਆਧਾਰ 'ਤੇ ਹੱਲ ਕਰ ਦਿੱਤੇ ਜਾਣਗੇ। ਅਜਿਹੇ ਹਾਲਾਤ 'ਚ ਮੁਲਾਜ਼ਮਾਂ ਨੂੰ ਇੱਕ ਆਸ ਦੀ ਕਿਰਨ ਦਿਖਾਈ ਦਿੱਤੀ ਅਤੇ ਮੁਲਾਜ਼ਮਾਂ ਨੇ ਆਪਣੀਆਂ ਇੱਛਾਵਾਂ ਅਤੇ ਆਪਣੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ ਦੀ ਪੂਰਤੀ ਲਈ ਆਮ ਆਦਮੀ ਪਾਰਟੀ ਦੀ ਚੋਣਾਂ 'ਚ ਮਦਦ ਕੀਤੀ ਅਤੇ ਨਤੀਜੇ ਵਜੋਂ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣ ਗਈ। ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਚਾਹੀਦਾ ਤਾਂ ਇਹ ਸੀ ਕਿ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ, ਜਿਵੇਂ ਕਿ ਸਕੂਲਾਂ, ਕਾਲਜਾਂ, ਹਸਪਤਾਲਾਂ, ਪੇਂਡੂ ਡਿਸਪੈਂਸਰੀਆਂ, ਪਸ਼ੂਆਂ ਦੀਆਂ ਡਿਸਪੈਂਸਰੀਆਂ, ਆਂਗਣਵਾੜੀ ਸੈਂਟਰਾਂ ਅਤੇ ਹੋਰ ਅਦਾਰਿਆਂ ਦਾ ਨਿਰੀਖਣ ਕੀਤਾ ਜਾਂਦਾ ਅਤੇ ਮੁਲਾਜ਼ਮਾਂ ਦੀ ਘਾਟ ਅਤੇ ਸਾਜ਼ੋ-ਸਾਮਾਨ ਦੀਆਂ ਲੋੜਾਂ ਦੀ ਪੂਰਤੀ ਕੀਤੀ ਜਾਂਦੀ ਅਤੇ ਮੁਲਾਜ਼ਮਾਂ ਦੀਆਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਦਾ ਹੱਲ ਕਰਕੇ ਕੰਮ ਕਰਨ ਦਾ ਸਾਜ਼ਗਾਰ ਮਾਹੌਲ (ਬਾਕੀ ਸਫ਼ਾ 31 'ਤੇ)



# ਰਾਜਨੀਤੀ ਵਿੱਚ ਹੋਛਾਪਨ ਤੇ ਬਦਲਾਖੋਰੀ ਤਿਆਗਣ ਭਾਰਤੀ ਸਿਆਸਤ ਦਾਨ



ਰਵਿੰਦਰ ਚੋਟ

ਸਾਡੇ ਦੇਸ਼ 'ਚ ਸੱਤਾਧਾਰੀ ਭਾਵੇਂ ਕੋਈ ਵੀ ਪਾਰਟੀ ਹੋਵੇ, ਚਾਹੇ ਉਹ ਕੇਂਦਰ 'ਚ ਕਾਬਜ਼ ਹੋਵੇ ਜਾਂ ਕਿਸੇ ਸੂਬੇ ਵਿੱਚ ਸਰਕਾਰ ਬਣਾ ਲਵੇ ਫਿਰ ਉਹ ਸਾਰੇ ਕਾਇਦੇ ਕਾਨੂੰਨ ਭੁੱਲ ਕੇ ਆਪਣੇ ਵਿਰੋਧੀਆਂ ਨੂੰ ਖਤਮ ਕਰਨ 'ਚ ਲੱਗ ਜਾਂਦੀ ਹੈ। ਚੋਣਾਂ ਜਿੱਤਣ ਤੋਂ ਬਾਅਦ ਪਹਿਲਾ ਕੰਮ ਇਹੀ ਹੁੰਦਾ ਹੈ, ਵਿਉਂਤਾਂ ਬਣਦੀਆਂ ਹਨ ਕਿ ਅਗਲੇ ਪੰਜ ਸਾਲਾਂ ਬਾਅਦ ਮੁੜ ਚੋਣਾਂ ਕਿਵੇਂ ਜਿੱਤਣੀਆਂ ਹਨ। ਪਹਿਲਾਂ ਪਹਿਲ ਪੰਜ ਸਾਲਾ ਯੋਜਨਾਵਾਂ ਦੇ ਰੂਪ ਵਿੱਚ ਦੇਸ਼ ਦੀ ਉੱਨਤੀ ਲਈ, ਲੋਕ ਭਲਾਈ ਲਈ ਦੇਸ਼ ਦੇ ਸੰਵਿਧਾਨ ਅਧੀਨ ਚਲਦੇ ਹੋਏ ਵੱਡੇ ਕੰਮ ਉਲੀਕੇ ਜਾਂਦੇ ਸਨ। ਪੰਜ ਸਾਲਾ ਯੋਜਨਾਵਾਂ ਅਤੇ ਥੋੜ੍ਹੇ ਸਮੇਂ ਦੀਆਂ ਸਕੀਮਾਂ ਘੜੀਆਂ ਜਾਂਦੀਆਂ ਸਨ, ਉਹ ਕਿੰਨੀਆਂ ਸਫਲ ਸਨ, ਉਹ ਵੱਖਰਾ ਸਵਾਲ ਹੈ ਪਰ ਹੁਣ ਬਿਲਕੁਲ ਇਸ ਦੇ ਉਲਟ ਕੰਮ ਚਲਦਾ ਹੈ। ਸਕੀਮਾਂ ਸੱਤਾਧਾਰੀ ਪਾਰਟੀ ਵਲੋਂ ਵੱਧ ਤੋਂ ਵੱਧ ਵਿੱਤੀ ਤੇ ਸਿਆਸੀ ਲਾਭ ਕਮਾਉਣ ਲਈ ਹੀ ਬਣਾਈਆਂ ਜਾਂਦੀਆਂ ਹਨ। ਇਸੇ ਲਈ ਰਾਜਨੀਤਕ ਪਾਰਟੀਆਂ ਆਪਣੀ ਬਹੁਤੀ ਸ਼ਕਤੀ ਬਦਲਾਖੋਰੀ 'ਤੇ ਲਗਾ ਦਿੰਦੀਆਂ ਹਨ ਕਿ ਕਿਸ ਵਿਰੋਧੀ ਨੂੰ ਕਿਹੜੇ ਮੁਕੱਦਮੇ 'ਚ ਫਸਾਉਣਾ ਹੈ, ਕਿਸ ਦਾ ਕਿਹੜਾ ਦੱਬਿਆ ਕੇਸ ਮੁੜ ਸੁਰਜੀਤ ਕਰਨਾ ਹੈ, ਕਿਹੜੇ ਨੂੰ ਝੂਠੇ ਕੇਸ ਘੜ ਕੇ ਸਲਾਖਾਂ ਅੰਦਰ ਕਰਨਾ ਜਾਂ ਕਿਹੜਾ ਮੁਰਦਾ ਕਿੱਥੇ ਦੱਬਿਆ ਸੀ ਜਿਹੜਾ ਕਿ ਮੁੜ ਕੇ ਉਖਾੜਿਆ ਜਾ ਸਕਦਾ ਹੈ। ਉਹ ਇਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਦੀ ਸਰਕਾਰ ਲੋਕਾਂ ਦੁਆਰਾ ਬਣਾਈ ਗਈ ਹੈ, ਸਰਕਾਰ ਲੋਕਾਂ ਦੀ ਹੈ ਤੇ ਲੋਕਾਂ ਲਈ ਬਣੀ ਹੈ। ਜੇ ਲੋਕ ਰਾਜ ਸਿੰਘਾਸਨ 'ਤੇ ਬਿਠਾ ਸਕਦੇ ਹਨ ਤਾਂ ਤਖ਼ਤ ਤੋਂ ਪਟਕਾ ਵੀ ਸਕਦੇ ਹਨ। ਪਿਛਲੇ ਕੁਝ ਕੁ ਸਾਲਾਂ ਤੋਂ ਬਦਲਾਖੋਰੀ ਦਾ ਰੁਝਾਨ ਖ਼ਤਰਨਾਕ ਹੱਦ ਤਕ ਵੱਧ ਚੁੱਕਾ ਹੈ, ਜਿਹੜਾ ਕਿ ਲੋਕਤੰਤਰ ਲਈ ਬਹੁਤ ਵੱਡਾ ਖ਼ਤਰਾ ਬਣ ਗਿਆ ਹੈ, ਜਿਸ 'ਚ ਰਾਜਸੀ ਸ਼ਕਤੀਆਂ ਦੀ ਦੁਰਵਰਤੋਂ ਆਪਣੇ ਆਪ 'ਚ ਇੱਕ ਅਪਰਾਧ ਬਣ ਜਾਂਦੀ ਹੈ। ਫਿਰ ਜਨਤਾ ਦੀ ਭਲਾਈ, ਭੁੱਖਮਰੀ, ਵਿੱਦਿਆ, ਨੌਜਵਾਨਾਂ ਲਈ ਰੁਜ਼ਗਾਰ, ਸਿਹਤ ਸਹੂਲਤਾਂ ਅਤੇ ਮਹਿੰਗਾਈ ਸਭ ਛਿੱਕੇ 'ਤੇ ਟੰਗੇ ਜਾਂਦੇ ਹਨ।

ਇਸ ਸਾਲ ਲੋਕ ਸਭਾ 'ਚ ਵਿਰੋਧੀ ਧਿਰ ਬਹੁਤ ਮਜ਼ਬੂਤ ਆਧਾਰ ਲੈ ਕੇ ਆਈ ਹੈ ਅਤੇ ਰਾਹੁਲ ਗਾਂਧੀ ਨੂੰ ਇਸ ਦਾ ਨੇਤਾ ਚੁਣਿਆ ਗਿਆ ਹੈ। ਇਹ ਬਹੁਤ ਹੀ ਚੰਗਾ ਹੋਇਆ ਕਿ ਸੱਤਾਧਾਰੀ ਪਾਰਟੀ ਦੀਆਂ ਮਨਮਾਨੀਆਂ ਨੂੰ ਰੋਕਣ ਲਈ ਵਿਰੋਧੀ ਧਿਰ ਕੋਲ ਭਾਰਤੀ ਸੰਵਿਧਾਨ ਦੁਆਰਾ ਦਿੱਤੀਆਂ ਵਿਆਪਕ ਸ਼ਕਤੀਆਂ ਹਨ। ਇਸ ਦੇ ਨਾਲ-ਨਾਲ ਵਿਰੋਧੀ ਧਿਰ ਦੀ ਜ਼ਿੰਮੇਵਾਰੀ ਵੀ ਵੱਡੀ ਹੈ ਕਿ ਜਨਤਾ ਦੇ ਹਿੱਤਾਂ ਨੂੰ ਬਰਕਰਾਰ ਰੱਖਣ ਲਈ ਇਨ੍ਹਾਂ ਅਧਿਕਾਰਾਂ ਨੂੰ ਵਰਤਣ। ਇਸ ਦੇ ਉਲਟ ਪਿਛਲੇ ਸਾਲਾਂ 'ਚ ਇਹ ਵੀ ਵੇਖਿਆ ਗਿਆ ਹੈ ਕਿ ਵਿਰੋਧੀ ਪਾਰਟੀਆਂ ਇਹ ਇਰਾਦਾ ਬਣਾ ਕੇ ਹੀ ਸਦਨ 'ਚ ਆਉਂਦੀਆਂ ਰਹੀਆਂ ਕਿ ਸਭਾ ਦੀ ਕਾਰਵਾਈ ਬਿਲਕੁਲ ਠੱਪ ਕਰਵਾਉਣੀ ਹੈ, ਭਾਵੇਂ ਕੋਈ ਬਿੱਲ ਜਨਤਾ ਦੀ ਭਲਾਈ 'ਚ ਹੀ ਹੋਵੇ ਪਰ ਵਿਰੋਧ ਸਿਰਫ਼ ਵਿਰੋਧ ਲਈ ਹੀ ਕੀਤਾ ਜਾਂਦਾ ਰਿਹਾ। ਮਨਸ਼ਾ ਇਕੋ ਹੁੰਦੀ ਸੀ ਕਿ ਸੱਤਾਧਾਰੀ ਪਾਰਟੀ ਨੂੰ ਕੋਈ ਕੰਮ ਨਹੀਂ ਕਰਨ ਦੇਣਾ। ਇੱਥੇ ਇਹ ਨਹੀਂ ਸੋਚਿਆ ਜਾਂਦਾ ਕਿ ਸਦਨ ਦੇ ਸੈਸ਼ਨਾਂ 'ਤੇ ਜਨਤਾ ਦੀ ਕਮਾਈ 'ਤੇ ਲੱਗੇ ਟੈਕਸ ਦਾ ਕਰੋੜਾਂ ਰੁਪਿਆ ਬਰਬਾਦ ਹੋ ਰਿਹਾ ਹੈ। ਜਨਤਾ ਦੀ ਖ਼ੂਨ-ਪਸੀਨੇ ਦੀ ਕਮਾਈ ਕਈ ਸੰਸਦ ਮੈਂਬਰਾਂ ਦੀਆਂ ਨਿਰਮੂਲ ਤੇ ਹੋਛੀਆਂ ਟਿੱਪਣੀਆਂ ਰਾਹੀਂ ਉਡਾਈ ਜਾ ਰਹੀ ਹੁੰਦੀ ਹੈ। ਦੇਸ਼ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੱਤਾਧਾਰੀ ਤੇ ਵਿਰੋਧੀ ਧਿਰ ਦੋਵਾਂ ਦੀ ਬਰਾਬਰ ਦੀ ਜ਼ਿੰਮੇਵਾਰੀ ਬਣਦੀ ਹੈ। ਸੱਤਾਧਾਰੀ ਪਾਰਟੀ ਨੂੰ ਕਿਸੇ ਵੀ ਮਸਲੇ 'ਤੇ ਵਿਰੋਧੀ ਪਾਰਟੀ ਦੀ ਸਹੀ ਤੇ ਸਾਕਾਰਾਤਮਕ ਰਾਏ ਦੀ ਕਦਰ ਕਰਨੀ ਚਾਹੀਦੀ ਹੈ। ਦੂਸਰੇ ਪਾਸੇ ਵਿਰੋਧ ਵੀ ਸਿਰਫ ਵਿਰੋਧ ਲਈ ਹੀ ਨਹੀਂ ਹੋਣਾ ਚਾਹੀਦਾ, ਸਗੋਂ ਠੋਸ ਦਲੀਲਾਂ 'ਤੇ ਆਧਾਰਿਤ ਹੋਣਾ ਚਾਹੀਦਾ ਹੈ। ਦੋਹਾਂ ਧਿਰਾਂ ਨੂੰ ਸਦਨ ਦਾ ਪੈਸਾ ਤੇ ਸਮਾਂ ਫਜ਼ੂਲ ਗੁਆਉਣ ਦਾ ਕੋਈ ਅਧਿਕਾਰ ਨਹੀਂ ਹੈ। ਸਹੀ ਕਾਨੂੰਨ ਬਣਾਉਣ ਲਈ ਹਰ ਮਸਲੇ 'ਤੇ ਵਾਜਬ ਬਹਿਸ ਹੋਣੀ ਵੀ ਬਹੁਤ ਜ਼ਰੂਰੀ ਹੈ। ਪਿਛਲੇ ਸਾਲਾਂ 'ਚ ਕਈ ਵਾਰੀ ਸਦਨ ਦਾ ਪੂਰੇ ਦਾ ਪੂਰਾ ਸੈਸ਼ਨ ਹੀ ਸੱਤਾਧਾਰੀ ਪਾਰਟੀ ਦੀ ਜ਼ਿੱਦ ਅਤੇ ਵਿਰੋਧੀ ਪਾਰਟੀ ਦੀ ਹੋਛੀ ਖੱਪ ਦੀ ਭੇਟਾ ਚੜ੍ਹਦਾ ਰਿਹਾ ਹੈ। ਸੱਤਾਧਾਰੀ ਪਾਰਟੀ ਵਲੋਂ ਵਿਰੋਧੀਆਂ ਦੀ ਗੱਲ ਅਣਸੁਣੀ ਕਰਕੇ ਕਈ ਕਈ ਬਿੱਲ ਬਹਿਸ ਤੋਂ ਬਿਨਾਂ ਹੀ ਧੱਕੇ ਨਾਲ ਪਾਸ ਕੀਤੇ ਜਾਂਦੇ ਰਹੇ ਹਨ।

ਜਦੋਂ ਕੋਈ ਵੀ ਪਾਰਟੀ ਕੇਂਦਰ 'ਚ ਕਾਬਜ਼ ਹੋ ਜਾਂਦੀ ਹੈ ਤਾਂ ਉਹ ਸੂਬਿਆਂ ਦੀਆਂ ਸਰਕਾਰਾਂ ਨੂੰ ਦੋ ਅੱਖਾਂ ਨਾਲ ਵੇਖਦੀ ਹੈ। ਜਿਹੜੇ ਸੂਬਿਆਂ 'ਚ ਸਰਕਾਰਾਂ ਉਸੇ ਪਾਰਟੀ ਦੀਆਂ ਹੁੰਦੀਆਂ ਹਨ, ਉਨ੍ਹਾਂ ਦਾ ਬਹੁਤਾ ਧਿਆਨ ਰੱਖਿਆ ਜਾਂਦਾ ਹੈ। ਉੱਥੇ ਵੱਧ ਤੋਂ ਵੱਧ ਸਹੂਲਤਾਂ ਦੇ ਕੇ ਜਨਤਾ ਨੂੰ ਵੋਟਾਂ ਲੈਣ ਲਈ ਖ਼ੁਸ਼ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਆਰਥਿਕ ਮਦਦ ਵੀ ਅਸਾਨੀ ਨਾਲ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜਿਹੜੇ ਸੂਬਿਆਂ 'ਚ ਸਰਕਾਰਾਂ ਕੇਂਦਰ ਦੀਆਂ ਵਿਰੋਧੀ ਪਾਰਟੀਆਂ ਦੀਆਂ ਹੁੰਦੀਆਂ ਹਨ, ਉਨ੍ਹਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਹੈ। ਉੱਥੇ ਲੋਕ ਭਲਾਈ ਦੀਆਂ ਸਕੀਮਾਂ ਲਈ ਮਦਦ ਕਰਨ 'ਚ ਵੀ ਆਨਾਕਾਨੀ ਕੀਤੀ ਜਾਂਦੀ ਹੈ। ਉਨ੍ਹਾਂ ਸੂਬਿਆਂ ਦੀ ਜਨਤਾ ਵੀ ਮਤਰੇਈ ਮਾਂ ਦੀ ਔਲਾਦ ਬਣ ਜਾਂਦੀ ਹੈ। ਉਨ੍ਹਾਂ ਸਰਕਾਰਾਂ ਨੂੰ ਨਿਕੰਮੀਆਂ ਸਿੱਧ ਕਰਨ ਲਈ ਉਨ੍ਹਾਂ ਦੀ ਹਰ ਤਰ੍ਹਾਂ ਦੀ ਗਰਾਂਟ ਜਾਂ ਉਨ੍ਹਾਂ ਦੇ ਆਪਣੇ ਟੈਕਸ 'ਚੋਂ ਬਣਦੀ ਰਕਮ ਵੀ ਸੌ-ਸੌ ਮਿੰਨਤਾਂ ਕਰਵਾ ਕੇ ਦਿੱਤੀ ਜਾਂਦੀ ਹੈ। ਕੇਂਦਰ ਸਰਕਾਰ ਦੇ ਨੁਮਾਇੰਦੇ ਜਿਹੜੇ ਕਿ ਕੇਂਦਰ ਤੇ ਸੂਬੇ ਵਿਚਕਾਰ ਪੁਲ ਦਾ ਕੰਮ ਕਰਨ ਲਈ ਨਾਮਜ਼ਦ ਕੀਤੇ ਜਾਂਦੇ ਹਨ ਉਹ ਵੀ ਉਨ੍ਹਾਂ ਸਰਕਾਰਾਂ ਨਾਲ ਬਹੁਤਾ ਚੰਗਾ ਸਲੂਕ ਨਹੀਂ ਕਰਦੇ। ਇਹ ਗੱਲਾਂ ਤਕਰੀਬਨ ਬਹੁਤੀਆਂ ਪਾਰਟੀਆਂ 'ਤੇ ਢੁੱਕਦੀਆਂ ਹਨ। ਸੱਤਾ ਹਾਸਿਲ ਕਰਕੇ ਸਭ ਕਿਰਦਾਰ ਬਦਲ ਜਾਂਦੇ ਹਨ। ਅਖੀਰ ਵੋਟ ਬੈਂਕ 'ਤੇ ਆ ਹੀ ਗੱਲ ਮੁੱਕਦੀ ਹੈ।

ਇਸੇ ਤਰ੍ਹਾਂ ਇਹ ਵੀ ਵੇਖਿਆ ਗਿਆ ਹੈ ਕਿ ਸੂਬਾ ਸਰਕਾਰਾਂ ਵਲੋਂ ਵੀ ਪਾਰਟੀਬਾਜ਼ੀ ਦੀ ਧੌਂਸ 'ਚ ਪਿੰਡਾਂ ਦੇ ਵਿਰੋਧੀ ਸਰਪੰਚਾਂ, ਮਿਊਂਸਪਲ ਕਮੇਟੀਆਂ ਤੇ ਕਾਰਪੋਰਸ਼ਨਾਂ ਦੇ ਮੁਖੀਆਂ ਆਦਿ ਨਾਲ ਵੀ ਇਹੀ ਸਲੂਕ ਕੀਤਾ ਜਾਂਦਾ ਹੈ। ਉੱਥੇ ਵੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਇਨ੍ਹਾਂ ਦੇ ਹੱਥੋਂ ਕੋਈ ਲੋਕ ਭਲਾਈ ਦਾ ਕੰਮ ਨਾ ਹੋ ਜਾਵੇ, ਕਿਤੇ ਸਾਡੀਆਂ ਵੋਟਾਂ ਨਾ ਘੱਟ ਹੋ ਜਾਣ। ਹਰ ਥਾਂ ਲੋਕਾਂ ਦੀ ਬਿਹਤਰੀ ਨੂੰ ਪਿੱਛੇ ਪਾ ਕੇ ਵੋਟਾਂ ਦਾ ਧਿਆਨ ਧਰ ਕੇ ਹੀ ਹਰ ਵਸੀਲੇ ਨੂੰ ਵਰਤਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਵੀ ਦੇਖਿਆ ਗਿਆ ਹੈ ਕਿ ਆਪਣੇ ਵਰਕਰਾਂ ਦੇ ਕਹਿਣ 'ਤੇ ਜੇ ਕਿਸੇ ਪਿੰਡ ਜਾਂ ਸ਼ਹਿਰੀ ਇਲਾਕੇ 'ਚੋਂ ਸੱਤਾਧਾਰੀ ਪਾਰਟੀ ਨੂੰ ਵੋਟਾਂ ਨਹੀਂ ਪਈਆਂ ਤਾਂ ਉਨ੍ਹਾਂ ਨਾਲ ਵੀ ਵਿਤਕਰਾ ਕੀਤਾ ਜਾਂਦਾ ਹੈ। ਮੁਲਾਜ਼ਮਾਂ ਜਨਤਾ ਦੀਆਂ ਜਾਇਜ਼ ਮੰਗਾਂ ਤੇ ਦੁੱਖ ਨੂੰ ਭੁਲਾ ਦਿੱਤਾ ਜਾਂਦਾ ਹੈ, ਉਨ੍ਹਾਂ ਦੇ ਧਰਨੇ ਤੇ ਮੁਜ਼ਾਹਰੇ ਵੀ ਅੱਖੋਂ ਪਰ੍ਹੇ ਕਰਕੇ ਹਰ ਗੱਲ 'ਤੇ ਸਿਆਸਤ ਕੀਤੀ ਜਾਂਦੀ ਹੈ, ਲੋਕ ਹਮੇਸ਼ਾ ਹਾਸ਼ੀਏ 'ਤੇ ਧੱਕੇ ਰਹਿੰਦੇ ਹਨ।

ਸੱਤਾਧਾਰੀ ਸਿਆਸੀ ਪਾਰਟੀਆਂ ਦਾ ਯਤਨ ਪੱਤਰਕਾਰਾਂ, ਬੁੱਧੀਜੀਵੀਆਂ, ਲੇਖਕਾਂ, ਚਿੰਤਕਾਂ ਜਾਂ ਟੀ.ਵੀ. ਚੈਨਲਾਂ ਨੂੰ ਆਪਣੇ ਹੱਕ 'ਚ ਭੁਗਤਾਉਣ 'ਚ ਲੱਗਾ ਰਹਿੰਦਾ ਹੈ। ਸੋਸ਼ਲ ਮੀਡੀਆ 'ਤੇ ਕੰਮ ਕਰਦੇ ਲੋਕਾਂ 'ਤੇ ਵੀ ਨਜ਼ਰ ਰੱਖੀ ਜਾਂਦੀ ਹੈ ਕਿ ਉਹ ਕਿਸ ਪੱਖ 'ਚ ਭੁਗਤ ਰਹੇ ਹਨ ? ਜਿਹੜੇ ਵਿਕ ਜਾਂਦੇ ਹਨ, ਉਨ੍ਹਾਂ ਨਾਲ ਹੋਰ ਸਲੂਕ ਕੀਤਾ ਜਾਂਦਾ ਹੈ ਬਾਕੀਆਂ ਨਾਲ ਹੋਰ ਤਰੀਕੇ ਨਾਲ ਸਿੱਝਿਆ ਜਾਂਦਾ ਹੈ। ਇਸ ਤਰ੍ਹਾਂ ਲੋਕਤੰਤਰ ਦੇ ਸਾਰੇ ਥੰਮ੍ਹਾਂ ਦੀਆਂ ਨੀਹਾਂ ਕਮਜ਼ੋਰ ਕੀਤੀਆਂ ਜਾ ਰਹੀਆਂ ਹਨ, ਭਾਵੇਂ ਲੋਕ ਸਭਾ ਚੋਣਾਂ 'ਚ ਲੋਕਾਂ ਦੀ ਬਹੁ-ਗਿਣਤੀ ਦੀ ਰਾਏ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਹੁਕਮਰਾਨਾਂ ਦੇ ਧਰਮ ਦੇ ਅਧਾਰ 'ਤੇ ਵੋਟਰਾਂ ਨੂੰ ਭਰਮਾਉਣ ਦੇ ਯਤਨ ਵੀ ਵਾਰ-ਵਾਰ ਸਫ਼ਲ ਨਹੀਂ ਹੁੰਦੇ। ਲੋਕਤੰਤਰ ਬਹੁਤ ਹੀ ਸੰਜੀਦਾ ਸਿਆਸਤਦਾਨਾਂ ਦੀ ਮੰਗ ਕਰਦਾ ਹੈ। ਹੁਣ ਵੇਲਾ ਆ ਗਿਆ ਹੈ ਕਿ ਸਿਆਸਤਦਾਨਾਂ ਨੂੰ ਵੀ ਇਹ ਗੱਲ ਸਮਝ ਕੇ ਦੇਸ਼ ਅਤੇ ਦੇਸ਼ ਦੇ ਲੋਕਾਂ ਦੇ ਹਿੱਤ 'ਚ ਸਿਆਸਤ ਕਰਨੀ ਚਾਹੀਦੀ ਹੈ। ਜੇ ਕਿਸੇ ਵਿਅਕਤੀ ਜਾਂ ਪਾਰਟੀ ਨੇ ਕੋਈ ਵੱਡੀ ਗ਼ਲਤੀ ਕੀਤੀ ਹੈ ਤਾਂ ਕਾਨੂੰਨ ਨੂੰ ਉਸ ਦਾ ਹੱਲ ਕਰਨ ਲਈ ਮੌਕਾ ਦੇਣਾ ਚਾਹੀਦਾ ਨਾ ਕਿ ਆਪ ਹੀ ਹੋਛੇ ਫ਼ੈਸਲੇ ਕਰ ਕੇ ਆਪ ਹੀ ਸਜ਼ਾ ਸੁਣਾਉਣ ਅਤੇ ਸਜ਼ਾ ਦੇਣ ਦਾ ਕੰਮ ਕਰਨਾ ਚਾਹੀਦਾ ਹੈ। ਆਉਣ ਵਾਲੇ ਸਮੇਂ 'ਚ ਜਨਤਾ ਰਾਜਨੀਤੀ 'ਚ ਹੋਛੇਪਨ ਤੇ ਬਦਲਾਖੋਰੀ ਨੂੰ ਬਰਦਾਸ਼ਤ ਨਹੀਂ ਕਰੇਗੀ।

# ਭਾਰਤ ਸਰਕਾਰ ਅਟਾਰੀ-ਵਾਹਗਾ ਵਪਾਰ ਮੁੜ ਆਰੰਭ ਕਰੇ

ਡਾ. ਕੁਲਵੰਤ ਸਿੰਘ

ਦੱਖਣੀ ਏਸ਼ੀਆ ਦੇ ਪਰਮਾਣੂ ਸਮਰੱਥਾ ਸੰਪੰਨ ਦੋ ਗੁਆਂਢੀ ਦੇਸ਼, ਭਾਰਤ ਅਤੇ ਪਾਕਿਸਤਾਨ ਜੋ ਕਿ ਅਗਸਤ 2024 'ਚ ਆਪਣੀ ਆਜ਼ਾਦੀ ਦੀ 77ਵੀਂ ਵਰ੍ਹੇਗੰਢ ਮਨਾਉਣ ਜਾ ਰਹੇ ਹਨ, ਆਪਣੇ ਗਠਨ ਤੋਂ ਲੈ ਕੇ ਹੁਣ ਤੱਕ ਲਗਾਤਾਰ ਆਪਣੀ ਸਰਹੱਦ ਅਤੇ ਜੰਮੂ-ਕਸ਼ਮੀਰ ਦੇ ਖੇਤਰ ਨੂੰ ਲੈ ਕੇ ਵਿਵਾਦਾਂ 'ਚ ਘਿਰੇ ਰਹਿੰਦੇ ਹਨ। ਆਪਸੀ ਮਤਭੇਦਾਂ, ਅਵਿਸ਼ਵਾਸ, ਫ਼ੌਜੀ ਸਮਰੱਥਾਵਾਂ ਅਤੇ ਭੂਗੋਲਿਕ ਰਾਜਨੀਤਕ ਸਥਿਤੀਆਂ ਨੇ ਦੋਵਾਂ ਦੇਸ਼ਾਂ ਵਿਚਕਾਰ ਸੰਬੰਧਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਹਾਲਾਂਕਿ ਦੋਵਾਂ ਦੇਸ਼ਾਂ ਦਰਮਿਆਨ ਅੰਤਰਰਾਸ਼ਟਰੀ ਵਪਾਰ ਸਤੰਬਰ 2019 ਤੱਕ ਹੁੰਦਾ ਰਿਹਾ ਹੈ ਪ੍ਰੰਤੂ ਇਸ ਤੋਂ ਬਾਅਦ ਇਹ ਪੂਰੀ ਤਰ੍ਹਾਂ ਬੰਦ ਹੋਣ ਕਰਕੇ ਦੋਵਾਂ ਦੇਸ਼ਾਂ ਦੇ ਵਪਾਰੀ, ਕਿਸਾਨ, ਉਦਯੋਗਪਤੀ, ਹੋਰ ਭਾਈਵਾਲ, ਖ਼ਾਸ ਕਰਕੇ ਸਰਹੱਦੀ ਭਾਈਚਾਰੇ ਦੇ ਲੋਕ ਪ੍ਰਭਾਵਿਤ ਹੋ ਰਹੇ ਹਨ।

ਪ੍ਰੰਤੂ 14 ਫਰਵਰੀ, 2019 ਨੂੰ ਅਚਾਨਕ ਹੋਏ ਪੁਲਵਾਮਾ ਹਮਲੇ 'ਚ ਸੀ.ਆਰ.ਪੀ.ਐੱਫ਼. ਦੇ 40 ਜਵਾਨ ਮਾਰੇ ਜਾਣ ਨਾਲ ਦੁਵੱਲੇ ਆਰਥਿਕ ਸੰਬੰਧ ਇਕ ਵਾਰ ਫਿਰ ਬੁਰੀ ਤਰ੍ਹਾਂ ਵਿਗੜ ਗਏ। ਹਮਲੇ ਤੋਂ ਤੁਰੰਤ ਬਾਅਦ ਭਾਰਤ ਨੇ ਅੰਤਰਰਾਸ਼ਟਰੀ ਵਪਾਰ ਵਾਸਤੇ ਪਾਕਿਸਤਾਨ ਦਾ 'ਮੋਸਟ ਫੇਵਰਡ ਨੇਸ਼ਨ' ਦਾ ਦਰਜਾ ਰੱਦ ਕਰ ਦਿੱਤਾ ਅਤੇ ਸਾਰੇ ਪਾਕਿਸਤਾਨੀ ਸਾਮਾਨ 'ਤੇ 200 ਫ਼ੀਸਦੀ ਕਸਟਮ ਡਿਊਟੀ ਲਗਾ ਦਿੱਤੀ। ਰਹਿੰਦੀ-ਖੂੰਹਦੀ ਕਸਰ ਭਾਰਤ ਵਲੋਂ ਜੰਮੂ-ਕਸ਼ਮੀਰ ਵਿਚੋਂ ਧਾਰਾ 370 ਖ਼ਤਮ ਨਾਲ ਪੂਰੀ ਹੋ ਗਈ। ਇਸ ਦੇ ਪ੍ਰਤੀਕਰਮ ਵਜੋਂ ਪਾਕਿਸਤਾਨ ਨੇ ਭਾਰਤ ਨਾਲ ਸਾਰਾ ਦੁਵੱਲਾ ਵਪਾਰ ਮੁਅੱਤਲ ਕਰ ਦਿੱਤਾ। ਦੋਵਾਂ ਦੇਸ਼ਾਂ ਦਰਮਿਆਨ ਸਾਰੇ ਆਵਾਜਾਈ ਮਾਰਗ ਬੰਦ ਕਰ ਦਿੱਤੇ ਗਏ, ਜਿਸ ਨਾਲ ਦੋਵਾਂ ਦੇਸ਼ਾਂ ਵਿਚਕਾਰ ਆਰਥਿਕ ਸੰਬੰਧ ਲਗਭਗ ਖ਼ਤਮ ਹੋ ਗਏ। ਇਸੇ ਦੌਰਾਨ ਕੋਵਿਡ-19 ਮਹਾਂਮਾਰੀ ਫੈਲ ਜਾਣ ਨਾਲ ਦੋਵਾਂ ਦੇਸ਼ਾਂ ਦਰਮਿਆਨ ਵਪਾਰਕ ਸੰਬੰਧਾਂ 'ਚ ਆਈ ਗਿਰਾਵਟ ਹੋਰ ਵਧ ਗਈ, ਜਿਸ ਕਾਰਨ ਸੰਬੰਧਿਤ ਸਾਰੇ ਭਾਈਵਾਲਾਂ, ਖ਼ਾਸ ਕਰਕੇ ਸਰਹੱਦੀ ਭਾਈਚਾਰੇ ਦੇ ਲੋਕਾਂ ਦੀਆਂ ਮੁਸ਼ਕਿਲਾਂ 'ਚ ਹੋਰ ਵਾਧਾ ਕਰ ਦਿੱਤਾ। ਜਿਥੋਂ ਤੱਕ ਭਾਰਤ-ਪਾਕਿਸਤਾਨ ਵਿਚਕਾਰ ਦੁਵੱਲੇ ਵਪਾਰਕ ਰਿਸ਼ਤਿਆਂ ਦਾ ਸੰਬੰਧ ਹੈ, ਦੋਵਾਂ ਦੇਸ਼ਾਂ ਦਰਮਿਆਨ ਹਮੇਸ਼ਾ ਤਿੰਨ-ਪੱਧਰੀ ਵਿਸ਼ਵ ਵਪਾਰ ਚਲਦਾ ਰਿਹਾ ਹੈ: ਪਹਿਲਾ, ਸਿੱਧਾ ਅੰਤਰਰਾਸ਼ਟਰੀ ਵਪਾਰ; ਦੂਸਰਾ, ਅਟਾਰੀ-ਵਾਹਗਾ ਚੈੱਕ-ਪੋਸਟ ਰਾਹੀਂ ਅਤੇ; ਤੀਸਰਾ, ਈਰਾਨ ਤੇ ਸੰਯੁਕਤ ਅਰਬ ਅਮੀਰਾਤ ਵਰਗੇ ਤੀਜੀ ਧਿਰ ਦੇ ਦੇਸ਼ਾਂ ਰਾਹੀਂ ਅਸਿੱਧਾ ਵਪਾਰ। ਅੱਜ ਵੀ ਦੋਵਾਂ ਦੇਸ਼ਾਂ ਦੇ ਵਪਾਰਕ ਭਾਈਚਾਰਿਆਂ ਨੇ ਰਾਜਨੀਤਕ ਤਣਾਅ ਅਤੇ ਕਾਨੂੰਨੀ ਗੁੰਝਲਾਂ ਤੋਂ ਬਚਣ ਵਾਸਤੇ ਇਰਾਨ ਤੇ ਸੰਯੁਕਤ ਅਰਬ ਅਮੀਰਾਤ ਵਪਾਰਕ ਤਾਣਾਬਾਣਾ ਬਣਾਇਆ ਹੋਇਆ ਹੈ, ਜਿਸ ਰਾਹੀਂ ਦੋਵਾਂ ਦੇਸ਼ਾਂ ਦਰਮਿਆਨ ਅਸਿੱਧਾ ਵਪਾਰ ਚੱਲ ਰਿਹਾ ਹੈ।





ਵੱਖ-ਵੱਖ ਦੇਸ਼ਾਂ ਦਰਮਿਆਨ ਚੱਲ ਰਹੀਆਂ ਵਪਾਰਕ ਸਰਗਰਮੀਆਂ ਦੇ ਪੱਧਰ ਦੀ ਜਾਣਕਾਰੀ 'ਵਪਾਰ-ਮੁੱਲ' ਤੋਂ ਮਿਲਦੀ ਹੈ ਜੋ ਕਿ ਦੋ ਸੰਬੰਧਿਤ ਦੇਸ਼ਾਂ ਵਿਚਕਾਰ ਕਿਸੇ ਇਕ ਨਿਰਧਾਰਿਤ ਸਾਲ ਦੌਰਾਨ ਕੀਤੇ ਗਏ ਦਰਾਮਦ ਅਤੇ ਬਰਾਮਦ ਮਾਲ ਦੇ ਕੁੱਲ ਮੁਦਰਾ ਮੁੱਲ ਦੇ ਜੋੜ ਤੋਂ ਪਤਾ ਲੱਗਦੀ ਹੈ। ਜਿਵੇਂ ਕਿ, ਸਾਲ 2005-06 'ਚ ਭਾਰਤ ਨੇ ਪਾਕਿਸਤਾਨ ਨੂੰ 3051.5 ਕਰੋੜ ਰੁਪਏ ਮੁੱਲ ਦਾ ਮਾਲ (ਦੇਸ਼ ਦੇ ਕੁੱਲ ਬਰਾਮਦ ਦਾ 1.1 ਫ਼ੀਸਦੀ ਹਿੱਸਾ) ਬਰਾਮਦ ਕੀਤਾ ਅਤੇ ਪਾਕਿਸਤਾਨ ਤੋਂ 795 ਕਰੋੜ ਰੁਪਏ ਮੁੱਲ ਦਾ ਸਾਮਾਨ (ਦੇਸ਼ ਦੇ ਕੁੱਲ ਦਰਾਮਦ ਦਾ 0.2 ਫ਼ੀਸਦੀ ਹਿੱਸਾ) ਦਰਾਮਦ ਕੀਤਾ, ਭਾਵ ਸਾਲ 2005-06 ਦੌਰਾਨ ਦੋਵਾਂ ਦੇਸ਼ਾਂ ਦਰਮਿਆਨ ਦੁਵੱਲੇ ਵਪਾਰ ਦਾ ਮੁੱਲ 3846.5 ਕਰੋੜ ਰੁਪਏ ਬਣਿਆ। ਜਦੋਂ ਕਿ 'ਵਪਾਰ-ਬਕਾਇਆ' ਭਾਰਤ ਦਾ ਬਰਾਮਦ 2256.5 ਕਰੋੜ ਰੁਪਏ ਵੱਧ ਹੋਣ ਕਾਰਨ ਇਹ ਵਪਾਰ ਦੇਸ਼ ਦੇ ਪੱਖ 'ਚ ਰਿਹਾ। ਭਾਰਤ ਤੋਂ ਪਾਕਿਸਤਾਨ ਨੂੰ ਹੋਣ ਵਾਲੀ ਬਰਾਮਦ ਸਾਲ 2010-11 ਦੌਰਾਨ ਵਧ ਕੇ 9255 ਕਰੋੜ ਰੁਪਏ (ਦੇਸ਼ ਦੀ ਕੁੱਲ ਬਰਾਮਦ ਦਾ 0.5 ਪ੍ਰਤੀਸ਼ਤ) ਦਾ ਹੋ ਗਈ, ਜਦੋਂ ਕਿ ਪਾਕਿਸਤਾਨ ਤੋਂ ਭਾਰਤ ਨੂੰ ਹੋਣ ਵਾਲਾ ਦਰਾਮਦ ਵਧ ਕੇ 1514 ਕਰੋੜ (ਕੁੱਲ ਦਰਾਮਦ ਦਾ 0.1 ਪ੍ਰਤੀਸ਼ਤ) ਹੋ ਗਈ। ਅਰਥਾਤ, ਦੋਵਾਂ ਦੇਸ਼ਾਂ ਵਿਚਕਾਰ ਵਪਾਰ-ਮੁੱਲ ਵਧ ਕੇ 10769 ਕਰੋੜ ਰੁਪਏ ਤੱਕ ਪੁੱਜ ਗਿਆ, ਪ੍ਰੰਤੂ ਵਪਾਰ-ਬਕਾਇਆ 2010-11 ਦੌਰਾਨ ਵੀ ਭਾਰਤ ਦੀ ਬਰਾਮਦ 7741 ਕਰੋੜ ਰੁਪਏ ਜ਼ਿਆਦਾ ਹੋਣ ਕਰਕੇ ਵਪਾਰ ਦੇਸ਼ ਦੇ ਪੱਖ 'ਚ ਰਿਹਾ। ਅਗਸਤ 2019 'ਚ ਦੋਵਾਂ ਦੇਸ਼ਾਂ ਦਰਮਿਆਨ ਆਪਸੀ ਸੰਬੰਧ ਤਣਾਅਪੂਰਨ ਹੋ ਜਾਣ ਕਰਕੇ ਸਾਲ 2020-21 'ਚ ਭਾਰਤ ਦੁਆਰਾ ਪਾਕਿਸਤਾਨ ਨੂੰ ਬਰਾਮਦ ਕੀਤੀਆਂ ਵਸਤੂਆਂ ਦਾ ਮੁੱਲ ਘਟ ਕੇ 3831 ਕਰੋੜ ਰੁਪਏ (ਕੁੱਲ ਬਰਾਮਦ ਦਾ 0.1 ਫ਼ੀਸਦ), ਉਸ ਤੋਂ ਦਰਾਮਦ ਕੀਤੀਆਂ ਜਾਣ ਵਾਲੀਆਂ ਵਸਤਾਂ ਦਾ ਮੁੱਲ ਸਿਰਫ਼ 18 ਕਰੋੜ ਰੁਪਏ (ਕੁੱਲ ਦਰਾਮਦ ਦਾ ਲਗਭਗ ਜ਼ੀਰੋ ਫ਼ੀਸਦੀ) ਅਤੇ ਵਪਾਰ-ਮੁੱਲ 3849 ਕਰੋੜ ਰੁਪਏ ਰਹਿ ਗਿਆ। ਸਾਲ 2021-22 ਦੌਰਾਨ ਦੋਵਾਂ ਦੇਸ਼ਾਂ ਵਿਚਕਾਰ ਵਪਾਰ-ਮੁੱਲ ਹੋਰ ਘਟ ਕੇ ਕੇਵਲ 3403 ਕਰੋੜ ਰੁਪਏ ਰਹਿ ਗਿਆ।

ਜਿਥੋਂ ਤੱਕ ਭਾਰਤ-ਪਾਕਿਸਤਾਨ ਦਰਮਿਆਨ 'ਵਪਾਰਕ ਬਣਤਰ' ਭਾਵ ਦਰਾਮਦ-ਬਰਾਮਦ ਕੀਤੀਆਂ ਜਾਣ ਵਾਲੀਆਂ ਵਸਤੂਆਂ ਦੀ ਪ੍ਰਕਿਰਤੀ ਦਾ ਸੰਬੰਧ ਹੈ, ਭਾਰਤ ਵਲੋਂ ਪ੍ਰਮੁੱਖ ਤੌਰ 'ਤੇ ਪਾਕਿਸਤਾਨ ਨੂੰ ਕੱਚੀ ਖੰਡ, ਸੋਇਆਬੀਨ, ਚਿਕਨ ਫੀਡ, ਖਾਣ ਵਾਲੀਆਂ ਸਬਜ਼ੀਆਂ, ਲਾਲ ਮਿਰਚਾਂ, ਪਲਾਸਟਿਕ ਦਾਣਾ ਅਤੇ ਧਾਗਾ, ਪਲਾਸਟਿਕ ਦੀਆਂ ਵਸਤੂਆਂ, ਕਪਾਹ, ਜੈਵਿਕ ਰਸਾਇਣ, ਪਸ਼ੂਆਂ ਦਾ ਚਾਰਾ, ਮਨੁੱਖ ਦੁਆਰਾ ਨਿਰਮਿਤ ਫਿਲਾਮੈਂਟ, ਕੌਫੀ, ਚਾਹ, ਮਸਾਲੇ, ਰੰਗ, ਤੇਲ-ਬੀਜ, ਡੇਅਰੀ ਉਤਪਾਦ, ਵੈਕਸੀਨਜ਼, ਫਾਰਮਾਸਿਊਟੀਕਲਜ਼ ਆਦਿ ਉਤਪਾਦ ਬਰਾਮਦ ਕੀਤੇ ਜਾਂਦੇ ਹਨ, ਜਿਨ੍ਹਾਂ 'ਚੋਂ ਜ਼ਿਆਦਾਤਰ ਪੰਜਾਬ ਅਤੇ ਗੁਆਂਢੀ ਸੂਬਿਆਂ 'ਚ ਉਤਪਾਦਿਤ ਹੁੰਦੇ ਹਨ, ਜਦੋਂ ਕਿ ਪਾਕਿਸਤਾਨ ਤੋਂ ਦਰਾਮਦ ਕੀਤੀਆਂ ਜਾਣ ਵਾਲੀਆਂ ਮੁੱਖ ਵਸਤੂਆਂ 'ਚ ਤਾਜ਼ੇ ਮੌਸਮੀ ਅਤੇ ਸੁੱਕੇ ਫ਼ਲ, ਸੁੱਕੀਆਂ ਖਜ਼ੂਰਾਂ, ਮੁਲੱਠੀ, ਅਨਾਰਦਾਨਾ, ਜਿਪਸਮ, ਸੀਮਿੰਟ, ਕੱਚ, ਵੂਲ, ਸੇਂਧਾ-ਲੂਣ ਅਤੇ ਜੜ੍ਹੀਆਂ-ਬੂਟੀਆਂ ਆਦਿ ਸ਼ਾਮਿਲ ਹੁੰਦੀਆਂ ਹਨ ਜਿਨ੍ਹਾਂ ਦੀ ਜ਼ਿਆਦਾਤਰ ਖਪਤ ਪੰਜਾਬ ਸਮੇਤ ਉੱਤਰੀ ਭਾਰਤ ਦੇ ਸੂਬਿਆਂ 'ਚ ਹੁੰਦੀ ਹੈ। ਇਸ ਕਰਕੇ ਅਟਾਰੀ-ਵਾਹਗਾ ਸਰਹੱਦ ਰਾਹੀਂ ਭਾਰਤ-ਪਾਕਿ ਵਪਾਰ ਦੇ ਮੁੜ ਸ਼ੁਰੂ ਹੋਣ ਨਾਲ ਪੰਜਾਬ ਅਤੇ ਗੁਆਂਢੀ ਸੂਬਿਆਂ ਦੇ ਕਿਸਾਨਾਂ ਨੂੰ ਆਪਣੀਆਂ ਸਬਜ਼ੀਆਂ ਤੇ ਫ਼ਸਲਾਂ ਅਤੇ ਖੰਡ ਮਿੱਲਾਂ ਤੇ ਹੋਰ ਉਦਯੋਗਪਤੀਆਂ ਨੂੰ ਆਪਣੇ ਉਤਪਾਦ ਬਰਾਮਦ ਕਰਨ ਨਾਲ ਮੁਨਾਫ਼ਾ ਹੋਵੇਗਾ, ਵਪਾਰੀਆਂ, ਟਰਾਂਸਪੋਟਰਾਂ ਅਤੇ ਦੋਵਾਂ ਪਾਸੇ ਚੈੱਕ ਪੋਸਟ 'ਤੇ ਕੰਮ ਕਰਨ ਵਾਲੇ ਮਜ਼ਦੂਰਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ, ਦੋਵਾਂ ਦੇਸ਼ਾਂ 'ਚ ਟਰਾਂਸਪੋਰਟ, ਹੋਟਲ, ਰੈਸਟੋਰੈਂਟ, ਰਿਪੇਅਰ ਵਰਕਸ਼ਾਪ ਅਤੇ ਟੂਰਿਜ਼ਮ ਖੇਤਰ ਆਦਿ ਨੂੰ ਉਤਸ਼ਾਹ ਮਿਲੇਗਾ। ਮੌਜੂਦਾ ਵਪਾਰ ਮਾਰਗ ਵਾਇਆ ਇਰਾਨ/ਯੂ.ਏ.ਈ. ਜਾਂ ਮੁੰਬਈ-ਕਰਾਚੀ ਰਾਹੀਂ ਹੋਣ ਦੀ ਬਜਾਏ ਅਟਾਰੀ-ਵਾਹਗਾ ਸਰਹੱਦ ਰਾਹੀਂ ਨਜ਼ਦੀਕ ਹੋਣ ਕਰਕੇ ਵਪਾਰਕ ਲਾਗਤਾਂ ਵੀ ਘਟ ਜਾਣਗੀਆਂ, ਜਿਸ ਨਾਲ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਸਸਤੀਆਂ ਵਸਤੂਆਂ ਦਾ ਲਾਭ ਮਿਲੇਗਾ ਅਤੇ ਭਾਰਤ ਨੂੰ ਮੱਧ ਏਸ਼ਿਆਈ ਦੇਸ਼ਾਂ ਨਾਲ ਵੀ ਵਪਾਰਕ ਸੰਬੰਧ ਸੁਧਾਰਨ 'ਚ ਮਦਦ ਮਿਲੇਗੀ।

ਸੰਖੇਪ 'ਚ, ਪੰਜਾਬ ਤੇ ਗੁਆਂਢੀ ਸੂਬਿਆਂ ਦੇ ਆਰਥਿਕ ਹਾਲਾਤ ਅਤੇ ਦੇਸ਼ ਦੇ ਵਪਾਰਕ ਹਿੱਤਾਂ ਨੂੰ ਮੁੱਖ ਰੱਖਦਿਆਂ ਕਿਹਾ ਜਾ ਸਕਦਾ ਹੈ ਕਿ ਭਾਵੇਂ ਭਾਰਤ ਸਰਕਾਰ ਦੇ ਪਾਕਿਸਤਾਨ ਪ੍ਰਤੀ ਹਮਲਾਵਰ ਰੁਖ ਅਤੇ ਪਾਕਿਸਤਾਨੀ ਸਰਕਾਰ ਦੇ ਅੜੀਅਲ ਰਵੱਈਏ ਕਾਰਨ ਅਟਾਰੀ-ਵਾਹਗਾ ਸਰਹੱਦ ਰਾਹੀਂ ਦੁਵੱਲਾ ਵਪਾਰ ਬੰਦ ਹੋਇਆ ਹੈ, ਪ੍ਰੰਤੂ ਫਿਰ ਵੀ ਪੰਜਾਬ-ਹਿਤੈਸ਼ੀਆਂ ਦੀ ਇਹ ਲਗਾਤਾਰ ਮੰਗ ਹੈ ਕਿ ਇਹ ਵਪਾਰ ਮੁੜ ਖੋਲ੍ਹਣ ਲਈ ਯਤਨਸ਼ੀਲ ਹੋਣੇ ਚਾਹੀਦੇ ਹਨ। ਵਪਾਰ ਦੀ ਮੁਅੱਤਲੀ ਭਾਰਤ ਨੇ ਨਹੀਂ, ਸਗੋਂ ਪਾਕਿਸਤਾਨ ਨੇ ਇਕਤਰਫ਼ਾ ਤੌਰ 'ਤੇ ਕੀਤੀ ਸੀ। ਦੂਜੇ ਪਾਸੇ ਭਾਰਤ ਹਮੇਸ਼ਾ ਇਸ ਗੱਲ 'ਤੇ ਜ਼ੋਰ ਦਿੰਦਾ ਰਿਹਾ ਹੈ ਕਿ ਉਹ ਪਾਕਿਸਤਾਨ ਨਾਲ ਆਮ ਗੁਆਂਢੀਆਂ ਵਰਗੇ ਸੰਬੰਧਾਂ ਦੀ ਇੱਛਾ ਰੱਖਦਾ ਰਿਹਾ ਹੈ ਅਤੇ ਇਸ ਲਈ ਅੱਤਵਾਦ ਅਤੇ ਦੁਸ਼ਮਣੀ ਤੋਂ ਮੁਕਤ ਮਾਹੌਲ ਬਣਾਉਣ ਦੀ ਜ਼ਿੰਮੇਵਾਰੀ ਇਸਲਾਮਾਬਾਦ 'ਤੇ ਹੈ। ਪਾਕਿਸਤਾਨ ਸਰਕਾਰ ਨੂੰ ਵੀ ਆਪਣਾ ਅੜੀਅਲ ਰਵੱਈਆ ਛੱਡ ਕੇ ਆਪਣੇ ਦੇਸ਼ ਦੇ ਹਿੱਤਾਂ ਲਈ ਵਪਾਰਕ ਸੰਬੰਧ ਬਹਾਲ ਕਰਨ ਵਾਸਤੇ ਅੱਗੇ ਆਉਣਾ ਚਾਹੀਦਾ ਹੈ।


ਰਣਜੀਤ ਸਿੰਘ ਕੁਕੀ

# ਉੱਚ ਸਿੱਖਿਆ ਵਿੱਚ ਵਿਗਾੜ

ਐਨ.ਟੀ.ਏ. ਇੰਟਰੋਡਿਊਸ ਹੋਣ ਕਰਕੇ 2022-23 'ਚ ਸਾਰੀਆਂ ਯੂਨੀਵਰਸਿਟੀਆਂ ਦੇ ਸਾਰੇ ਕੋਰਸਾਂ 'ਚ ਐਡਮਿਸ਼ਨਾਂ ਹੋਈਆਂ। ਕਾਮਨ ਯੂਨੀਵਰਸਿਟੀ ਐਂਟਰੈਂਸ ਟੈਸਟ ਅੰਡਰਗਰੈਜੂਏਟ ਅਤੇ ਪੋਸਟ ਗ੍ਰੈਜੂਏਟ ਡਿਗਰੀਆਂ ਲਈ ਸੀ ਤੇ ਪੀ.ਐਚ.ਡੀ. ਦੇ ਦਾਖਲਿਆਂ ਲਈ ਇੱਕ ਸੀ.ਯੂ.ਈ.ਟੀ. ਵੀ ਸੀ ਜੋ ਕਿ ਅਧਿਆਪਕਾਂ ਅਤੇ ਵਿਦਿਆਰਥੀਆਂ ਦੁਆਰਾ ਗੰਭੀਰ ਆਲੋਚਨਾ ਕਰਕੇ ਸਤੰਬਰ 2022 ਦੇ ਅੱਧ ਵਿੱਚ ਪੀ.ਐਚ.ਡੀ. ਦੇ ਸੀ.ਯੂ.ਈ.ਟੀ.ਦੀ ਯੋਜਨਾ ਰੱਦ ਕਰ ਦਿੱਤੀ ਗਈ ਸੀ।



ਜੇ.ਐਨ.ਯੂ. ਭਾਰਤ ਦੀ ਦੂਜੇ ਦਰਜੇ ਦੀ ਯੂਨੀਵਰਸਿਟੀ, ਜੋ ਇੱਕ ਸਾਲ ਵਿੱਚ 650 ਪੀਐਚਡੀ ਡਿਗਰੀਸ ਐਵਾਰਡ ਕਰਦੀ ਹੈ, ਨੇ ਵੀ ਮੰਨਿਆ ਕਿ ਐਨ.ਟੀ.ਏ. ਕਰਕੇ ਕੇਂਦਰੀ ਯੂਨੀਵਰਸਿਟੀਆਂ ਨੂੰ ਇਸ ਵਿੱਚ ਨੁਕਸਾਨ ਹੋਇਆ ਹੈ। ਜੇ.ਐਨ.ਯੂ. ਤਕਰੀਬਨ 50 ਸਾਲਾਂ ਤੋਂ ਆਪਣਾ ਐਂਟਰੈਂਸ ਲੈ ਰਹੀ ਸੀ ਜੋ ਕਿ ਕਦੇ ਰੱਦ ਨਹੀ ਹੋਇਆ। ਸਾਲ ਦਰ ਸਾਲ ਅਗਸਤ 14 ਤੱਕ ਸਾਰੇ ਦਾਖਲੇ ਹੋ ਜਾਂਦੇ ਸਨ। ਐਨ.ਟੀ.ਏ. ਤੋਂ ਬਾਅਦ ਜੇ.ਐਨ.ਯੂ. ਵਿੱਚ ਦਾਖਲੇ ਦੇ ਸਾਰੇ ਪੱਧਰਾਂ ਲਈ ਜੇ.ਐਨ.ਯੂ. ਦਾਖਲਾ ਪ੍ਰੀਖਿਆ ਦੀ ਵਿਆਪਕ ਮੰਗ ਸੀ। ਐਨ.ਟੀ.ਏ. ਕਰਕੇ ਪੀ.ਐਚ.ਡੀ. ਦੀ ਐਡਮਿਸ਼ਨ 'ਚ 8 ਮਹੀਨੇ ਦੀ ਦੇਰੀ ਦੇਖਦੇ ਹੋਏ ਯੂ.ਜੀ.ਸੀ. ਨੇ ਕਿਹਾ ਕਿ ਯੂਨੀਵਰਸਿਟੀਆਂ ਵਿਦਿਆਰਥੀਆਂ ਨੂੰ ਪੀ.ਐਚ.ਡੀ. ਅਧਿਐਨ ਦੇ ਕੋਰਸਾਂ ਲਈ ਦਾਖਲਾ ਆਪਣੇ ਪੱਧਰ 'ਤੇ ਦੇ ਸਕਦੀਆਂ ਹਨ। ਅਕਾਦਮਿਕ ਕੌਂਸਲ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਇਤਰਾਜ਼ਾਂ ਦੇ ਵਿਰੋਧ ਵਿੱਚ, ਐਨ.ਟੀ.ਏ. ਨੂੰ ਇੱਕ ਵਾਰ ਫਿਰ ਦਿੱਲੀ ਯੂਨੀਵਰਸਿਟੀ ਅਤੇ ਜਾਮੀਆ ਮਿਲੀਆ ਇਸਲਾਮੀਆ ਸਮੇਤ ਤਿੰਨ ਹੋਰ ਯੂਨੀਵਰਸਿਟੀਆਂ ਦੇ ਇੱਕ ਸੰਘ ਦੇ ਹਿੱਸੇ ਵਜੋਂ ਜੇ.ਐਨ.ਯੂ. ਲਈ ਪੀ.ਐਚ.ਡੀ. ਦਾਖਲਾ ਪ੍ਰੀਖਿਆ ਲਈ ਸੌਂਪਿਆ ਗਿਆ।

ਜੇ.ਐਨ.ਯੂ. ਦੀ ਟੀਚਰ ਐਸੋਸੀਏਸ਼ਨ ਮੀਟਿੰਗ ਵਿੱਚ ਵੀ.ਸੀ. ਨੇ ਕਿਹਾ ਕਿ ਸਿੱਖਿਆ ਮੰਤਰਾਲੇ ਨੇ ਸਾਰੀਆਂ ਦਾਖਲਾ ਪ੍ਰੀਖਿਆਵਾਂ ਐਨ.ਟੀ.ਏ. ਨੂੰ ਸੌਂਪ ਦਿੱਤੀਆਂ ਹਨ, ਅਤੇ ਜੇ.ਐਨ.ਯੂ. ਦੀ ਫ਼ੰਡਿੰਗ ਵੀ ਐਮ.ਓ.ਈ. ਕਰਦੀ ਹੈ। ਇਹ ਸਪੱਸ਼ਟ ਨਹੀਂ ਹੈ ਕਿ ਜੇ.ਐਨ.ਯੂ. ਦੇ ਵਾਈਸ ਚਾਂਸਲਰ 28 ਮਾਰਚ, 2024 ਦੇ ਯੂਜੀਸੀ ਦੇ ਗੈਰ-ਬਾਈਡਿੰਗ ਨੋਟਿਸ (ਜੋ ਕਿ ਇਸਦੇ ਆਪਣੇ ਨਿਯਮਾਂ ਦੇ ਬਿਲਕੁਲ ਉਲਟ ਹੈ) ਨੂੰ ਗਰਮਜੋਸ਼ੀ ਨਾਲ ਗਲੇ ਲਗਾਉਣ ਵਾਲੇ ਪਹਿਲੇ ਵਾਈਸ ਚਾਂਸਲਰਾਂ ਵਿੱਚੋਂ ਇੱਕ ਕਿਉਂ ਹਨ ਜੋ ਅਕਾਦਮਿਕ ਕੌਂਸਲ ਦੀ ਸਹਿਮਤੀ ਤੋਂ ਬਿਨਾਂ ਹੀ ਯੂ.ਜੀ.ਸੀ-ਨੈਟ ਦੇ ਜੂਨ 2024 ਦੇ ਅੰਕਾਂ ਦੇ ਅਧਾਰ 'ਤੇ ਪੀ.ਐਚ.ਡੀ. ਦੇ ਦਾਖਲੇ ਕਰਨ ਲਈ ਤਿਆਰ ਹਨ। ਯੂ.ਜੀ.ਸੀ., ਅਤੇ ਖਾਸ ਤੌਰ 'ਤੇ ਇਸ ਦੇ ਚੇਅਰਪਰਸਨ ਦੁਆਰਾ ਐਨਟੀਏ ਨੂੰ ਲੋੜੋਂ ਵੱਧ ਪ੍ਰਮੋਟ ਕਰਕੇ ਯੂਨੀਵਰਸਿਟੀਆਂ ਨੂੰ ਇਸ ਦੇ ਅਧੀਨ ਕਰ ਲਿਆ ਹੈ।



ਕੇਂਦਰੀ ਯੂਨੀਵਰਸਿਟੀਆਂ, ਜੇ ਸਾਰੀਆਂ ਨਹੀਂ, ਤਾਂ ਬਹੁਤ ਸਾਰੀਆਂ ਦੇ ਵਾਈਸ-ਚਾਂਸਲਰ ਵੀ ਨੇ ਆਪਣੇ ਅਦਾਰਿਆਂ ਦੇ ਢੰਗ, ਫਾਰਮੈਟ, ਅਤੇ ਪ੍ਰੀਖਿਆਵਾਂ ਦੀ ਅੰਦਰੂਨੀ ਸੁਰੱਖਿਆ ਦੀ ਪ੍ਰਵਾਹ ਕੀਤੇ ਬਿਨਾਂ ਯੂਜੀਸੀ ਦੇ ਚੇਅਰਪਰਸਨ ਅਤੇ ਕਮਿਸ਼ਨ ਦੁਆਰਾ ਜਾਰੀ ਹੁਕਮਾਂ ਨੂੰ ਉਨ੍ਹਾਂ ਦੀਆਂ ਯੂਨੀਵਰਸਿਟੀਆਂ ਵਿੱਚ ਲਾਗੂ ਕਰ ਲਿਆ ਹੈ।

ਜੇ ਐਨ.ਟੀ.ਏ. ਦੀ ਜਾਂਚ ਹੁੰਦੀ ਹੈ, ਪੜਤਾਲ ਕਮੇਟੀ ਨੂੰ ਯੂ.ਜੀ.ਸੀ. ਵਿਚਕਾਰ ਇਸ ਗਠਜੋੜ ਦੀ ਵੀ ਜਾਂਚ ਕਰਨੀ ਚਾਹੀਦੀ ਹੈ ਅਤੇ ਉਹਨਾਂ ਵੀ.ਸੀਜ਼ ਦੀ ਵੀ ,ਜਿਨ੍ਹਾਂ ਨੇ ਯੂਜੀਸੀ ਦੀ ਬੇਮਿਸਾਲ ਜ਼ਿੱਦ ਕਰਕ ਯੂਨੀਵਰਸਿਟੀਆਂ ਦੀ ਇਕੌਨਮੀ ਤੇ ਅਕਾਦਮਿਕ ਸਿਸਟਮ ਨੂੰ ਖ਼ਰਾਬ ਕੀਤਾ।

ਜੇਕਰ ਵਿਗੜੇ ਹੋਏ ਹਾਇਰ ਐਜੂਕੇਸ਼ਨ ਜੇਕਰ ਸਿਸਟਮ ਵਿੱਚ ਵਿਦਿਆਰਥੀਆਂ ਦੇ ਵਿਸ਼ਵਾਸ ਨੂੰ ਬਹਾਲ ਕਰਨਾ ਹੈ, ਤਾਂ ਸਰਕਾਰ ਨੂੰ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਨੂੰ ਨਿਰਦੇਸ਼ ਦੇਣਾ ਚਾਹੀਦਾ ਹੈ ਕਿ ਉਹ ਤੁਰੰਤ ਆਪਣੀਆਂ ਵਿਧਾਨਕ ਸੰਸਥਾਵਾਂ ਨੂੰ ਸਹੀ ਪ੍ਰਕਿਰਿਆ ਤਹਿਤ ਕਦਮ ਚੁੱਕਣ ਲਈ ਕਹਿਣ ਤਾਂ ਜੋ ਪੀ.ਐਚ.ਡੀ. ਦੇ ਦਾਖਲੇ ਘੱਟ ਤੋਂ ਘੱਟ ਸਮੇਂ ਵਿੱਚ ਪੂਰੇ ਕੀਤੇ ਜਾਣ।



# ਬਿਰਖਾਂ ਦਾ ਗੀਤ ਗਾਉਂਦਿਆਂ...

## ਰੁੱਖਾਂ ਕਾਰਨ ਹੀ ਧਰਤੀ ’ਤੇ ਧੜਕਦੀ ਹੈ ਮਨੁੱਖ ਦੀ ਜ਼ਿੰਦਗੀ

**ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ, ਕੁਝ ਰੁੱਖ ਲਗਦੇ ਮਾਵਾਂ**
**ਕੁਝ ਰੁੱਖ ਨੂੰਹਾਂ ਧੀਆਂ ਲੱਗਦੇ, ਕੁਝ ਰੁੱਖ ਵਾਂਗ ਭਰਾਵਾਂ**




ਕੁਦਰਤ ਦੇ ਰੰਗਾਂ ਵਿੱਚ ਰੰਗੀ ਇਸ ਧਰਤੀ ’ਤੇ ਕੁਦਰਤ ਨੇ ਕਈ ਕਲਾਕ੍ਰਿਤੀਆਂ ਅਜਿਹੀਆਂ ਬਣਾਈਆਂ ਹਨ, ਜਿਹਨਾਂ ਨੂੰ ਵੇਖ ਕੇ ਕੁਦਰਤ ਤੋਂ ਬਲਿਹਾਰੇ ਜਾਣ ਨੂੰ ਦਿਲ ਕਰਦਾ ਹੈ। ਇਸੇ ਤਰ੍ਹਾਂ ਕੁਦਰਤ ਦੀ ਇੱਕ ਸ਼ਾਹਕਾਰ ਰਚਨਾ ਹੈ ਰੁੱਖ। ਇਸ ਧਰਤੀ ’ਤੇ ਰੁੱਖਾਂ ਦੀ ਹੋਂਦ 500 ਲੱਖ ਸਾਲਾਂ ਤੋਂ ਹੈ ਪਰ ਮਨੁੱਖ ਦੀ ਹੋਂਦ ਸਿਰਫ ਡੇਢ ਲੱਖ ਸਾਲਾਂ ਤੋਂ ਹੈ, ਇਸ ਤਰ੍ਹਾਂ ਇਸ ਧਰਤੀ ਉੱਪਰ ਰੁੱਖ ਮਨੁੱਖ ਨਾਲੋਂ ਵੀ ਬਹੁਤ ਪੁਰਾਣੇ ਹਨ। ਇਹ ਰੁੱਖ ਹੀ ਹਨ ਜੋ ਕਿ ਪੰਘੂੜੇ ਤੋਂ ਲੈ ਕੇ ਅਰਥੀ ਤੱਕ ਮਨੁੱਖ ਦਾ ਸਾਥ ਦਿੰਦੇ ਹਨ।

ਮਨੁੱਖ ਨੇ ਤਰੱਕੀ ਦੇ ਨਾਂਅ ’ਤੇ ਕੁਦਰਤ ਨਾਲ ਵੱਡੀ ਪੱਧਰ ’ਤੇ ਛੇੜਛਾੜ ਕਰਕੇ ਆਪਣੀ ਕਬਰ ਖ਼ੁਦ ਪੁੱਟਣ ਵਾਲਾ ਕੰਮ ਕੀਤਾ ਹੈ। ਰੁੱਖਾਂ ਨੂੰ ਧਰਤੀ ਦੇ ਫੇਫੜੇ ਕਿਹਾ ਜਾਂਦਾ ਹੈ ਪਰ ਜਿਸ ਇਨਸਾਨ ਦੇ ਫੇਫੜੇ ਹੀ ਖ਼ਰਾਬ ਹੋ ਜਾਣ ਤਾਂ ਉਸਦੀ ਜ਼ਿੰਦਗੀ ਕਿੰਨੀ ਕੁ ਰਹਿ ਜਾਂਦੀ ਹੈ, ਇਹ ਤਾਂ ਸਭ ਨੂੰ ਪਤਾ ਹੈ। ਇੱਥੇ ਡਾ. ਸੁਰਜੀਤ ਪਾਤਰ ਦੀ ਇੱਕ ਨਜ਼ਮ ਦੀਆਂ ਹੇਠ ਲਿਖੀਆਂ ਸਤਰਾਂ ਬੜੀਆਂ ਸਾਰਥਕ ਜਾਪਦੀਆਂ ਹਨ;



**ਪੰਛੀ ਤਾਂ ਉੱਡ ਗਏ ਨੇ, ਰੁੱਖ ਵੀ ਸਲਾਹਾਂ ਕਰਦੇ**
**ਚਲੋ ਏਥੋਂ ਚੱਲੀਏ।**

ਜਦੋਂ ਵੀ ਬਰਸਾਤ ਪੈਂਦੀ ਹੈ ਤਾਂ ਰੁੱਖ ਮੀਂਹ ਦੇ ਪਾਣੀ ਨੂੰ ਸਿੱਧਾ ਧਰਤੀ ’ਤੇ ਡਿੱਗਣ ਤੋਂ ਰੋਕਦੇ ਹਨ। ਜਿਸ ਕਰਕੇ ਪਾਣੀ ਪੱਤਿਆਂ, ਟਹਿਣੀਆਂ ਤੇ ਜੜ੍ਹਾਂ ਵਿੱਚੋਂ ਹੋ ਕੇ ਧਰਤੀ ਵਿੱਚ ਸਮਾਅ ਜਾਂਦਾ ਹੈ। ਇਸ ਤਰ੍ਹਾਂ ਰੁੱਖ ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਸੋਖ ਕੇ ਧਰਤੀ ਦੇ ਹੇਠਾਂ ਦੇ ਜਲ-ਸਰੋਤਾਂ ਨੂੰ ਕਾਇਮ ਰੱਖਦੇ ਹਨ। ਰੁੱਖ ਪਹਾੜੀ ਤੇ ਮੈਦਾਨੀ ਇਲਾਕਿਆਂ ਵਿੱਚ ਬੱਦਲਾਂ ਨੂੰ ਆਪਣੇ ਕੋਲ ਖਿੱਚ ਕੇ ਮੀਂਹ ਦਾ ਕਾਰਨ ਬਣਦੇ ਹਨ।

ਰੁੱਖਾਂ ਦਾ ਇੱਕ ਵਰਗ ਕਿਲੋਮੀਟਰ ਜੰਗਲ ਆਪਣੀਆਂ ਜੜ੍ਹਾਂ ਵਿੱਚ 20,000 ਤੋਂ 30,000 ਕਿਉਬਿਕ ਮੀਟਰ ਪਾਣੀ ਰੱਖਦਾ ਹੈ। ਰੁੱਖ ਹੜ੍ਹਾਂ ਅਤੇ ਹਨੇਰੀਆਂ ਮੌਕੇ ਉਪਜਾਊ ਮਿੱਟੀ ਨੂੰ ਖੁਰਨ ਤੋਂ ਬਚਾਉਂਦੇ ਹਨ। ਜੇ ਰੁੱਖ ਨਾ ਹੋਣ ਤਾਂ ਮੀਂਹ ਅਤੇ ਹਨੇਰੀ ਚੱਲਣ ਨਾਲ ਉਪਜਾਊ ਮਿੱਟੀ ਰੁੜ ਕੇ ਦਰਿਆਵਾਂ ’ਚ ਚਲੀ ਜਾਵੇਗੀ।

ਪੁਰਾਤਨ ਸੱਭਿਅਤਾ ਦੇ ਪ੍ਰਸਿੱਧ ਸ਼ਹਿਰ ਮੋਹੰਜੋਦੜੋ ਤੇ ਹੜੱਪਾ ਰੇਤੇ ਦੀਆਂ ਹਨੇਰੀਆਂ ਨਾਲ ਦੱਬ ਕੇ ਸਮਾਪਤ ਹੋ ਗਏ ਸਨ, ਕਿਉਂਕਿ ਇਹਨਾਂ ਸ਼ਹਿਰਾਂ ’ਚ ਰੁੱਖਾਂ ਦੀ ਵੱਡੇ ਪੱਧਰ ’ਤੇ ਕਟਾਈ ਕੀਤੀ ਗਈ ਸੀ, ਜਿਸ ਕਾਰਨ ਇਹਨਾਂ ਸ਼ਹਿਰਾਂ ਵਿੱਚ ਧੜਕ ਰਹੀ ਜਿੰਦਗੀ ਰੁਕ ਗਈ ਸੀ। ਜੇ ਅੱਜ ਦਾ ਮਨੁੱਖ ਨਾ ਸੰਭਲਿਆ ਅਤੇ ਰੁੱਖਾਂ ਦਾ ਕਤਲੇਆਮ ਇਸੇ ਤਰ੍ਹਾਂ ਕਰਦਾ ਰਿਹਾ ਤਾਂ ਅੱਜ ਦੀ ਆਧੁਨਿਕ ਸੱਭਿਅਤਾ ਦੇ ਕੁਝ ਸ਼ਹਿਰਾਂ ਦੀ ਹੋਂਦ ਵੀ ਖਤਰੇ ਵਿੱਚ ਪੈ ਸਕਦੀ ਹੈ।

13 ਦਸੰਬਰ, 2021 ਨੂੰ ਸੰਸਦ ਵਿੱਚ ਵਾਤਾਵਰਣ ਮੰਤਰਾਲੇ ਦੁਆਰਾ ਪੇਸ਼ ਕੀਤੇ ਗਏ ਇੱਕ ਲਿਖਤੀ ਜਵਾਬ ਦੇ ਅਨੁਸਾਰ, ਵਿੱਤੀ ਸਾਲ 2016-17 ਤੋਂ 2020-21 ਦੇ ਵਿਚਕਾਰ ਦੇਸ਼ ਭਰ ਵਿੱਚ ਜੰਗਲਾਤ (ਸੰਰੱਖਣ) ਐਕਟ, 1980 ਦੇ ਤਹਿਤ ਲਗਾਏ ਗਏ ਕੁੱਲ ਪੌਦਿਆਂ ਵਿੱਚੋਂ, 4.84 ਕਰੋੜ ਬੂਟੇ ਲਗਾਏ ਗਏ। ਇਨ੍ਹਾਂ ਪੰਜ ਸਾਲਾਂ ਵਿੱਚ ਕੁੱਲ 20.81 ਕਰੋੜ ਬੂਟੇ ਲਾਏ ਗਏ ਸਨ, ਜਿਨ੍ਹਾਂ ਵਿੱਚੋਂ ਸਿਰਫ਼ 15.96 ਕਰੋੜ ਬੂਟੇ ਹੀ ਬਚ ਸਕੇ ਹਨ। ਇਸ ਆਧਾਰ ’ਤੇ ਜੇਕਰ ਅਸੀਂ ਰਾਸ਼ਟਰੀ ਔਸਤ ’ਤੇ ਨਜ਼ਰ ਮਾਰੀਏ ਤਾਂ ਮੁਆਵਜ਼ੇ ਵਾਲੇ ਵਣਕਰਨ ਅਧੀਨ ਲਗਾਏ ਗਏ 24 ਫੀਸਦੀ ਪੌਦੇ ਵੱਖ-ਵੱਖ ਕਾਰਨਾਂ ਕਰਕੇ ਮਰ ਜਾਂਦੇ ਹਨ।

ਪਾਰਲੀਮੈਂਟ ਵਿੱਚ ਪੇਸ਼ ਕੀਤੇ ਗਏ ਇਨ੍ਹਾਂ ਅੰਕੜਿਆਂ ਨੂੰ ਦੇਖਦਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਅਸੀਂ ਵਾਤਾਵਰਨ ਪ੍ਰਤੀ ਕਿੰਨਾ ਜ਼ਾਲਮ ਰਵੱਈਆ ਅਪਣਾਇਆ ਹੋਇਆ ਹੈ। ਹਰੇ-ਭਰੇ ਦਰੱਖਤਾਂ ਦੀ ਕਟਾਈ ਕਰਕੇ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਤੋਂ ਸਿਹਤਮੰਦ ਜੀਵਨ ਦਾ ਆਧਾਰ ਖੋਹ ਰਹੇ ਹਾਂ। ਤਰੱਕੀ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹਦਿਆਂ ਮਨੁੱਖ ਨੇ ਜੰਗਲਾਂ ਤੋਂ ਸ਼ਹਿਰਾਂ ਅਤੇ ਧਰਤੀ ਤੋਂ ਉੱਪਰ ਉੱਠ ਕੇ ਪੁਲਾੜ ਤੱਕ ਦਾ ਸਫ਼ਰ ਤੈਅ ਕੀਤਾ ਹੈ। ਪਰ ਆਕਸੀਜਨ, ਜ਼ਰੂਰੀ ਹਵਾ, ਇਸ ਸਫ਼ਰ ਵਿੱਚ ਹਮੇਸ਼ਾ ਮਨੁੱਖਾਂ ਦੇ ਨਾਲ ਰਹੀ ਹੈ, ਕਿਉਂਕਿ ਇਸ ਤੋਂ ਬਿਨਾਂ ਸਾਡੀ ਹੋਂਦ ਨਹੀਂ ਹੈ। ਰੁੱਖ ਸਾਨੂੰ ਨਾ ਸਿਰਫ਼ ਇਹ ਜ਼ਰੂਰੀ ਹਵਾ ਦਿੰਦੇ ਹਨ, ਸਗੋਂ ਸਾਨੂੰ ਜੀਵਨ ਦਾ ਤੋਹਫ਼ਾ ਵੀ ਦਿੰਦੇ ਹਨ, ਸਾਨੂੰ ਹਰ ਤਰ੍ਹਾਂ ਨਾਲ ਭਰਪੂਰ ਕਰਦੇ ਹਨ। ਦੁਨੀਆਂ ਦੇ ਕਈ ਦੇਸ਼ ਸਾਡੇ ਨਾਲੋਂ ਵੱਧ ਤਰੱਕੀ ਕਰ ਚੁੱਕੇ ਹਨ ਪਰ ਉੱਥੇ ਪ੍ਰਤੀ ਵਿਅਕਤੀ ਰੁੱਖਾਂ ਦੀ ਗਿਣਤੀ ਸਾਡੇ ਨਾਲੋਂ ਕਈ ਗੁਣਾਂ ਵੱਧ ਹੈ।ਜਦੋਂ ਕਿ ਭਾਰਤ ਵਿੱਚ ਤਿੰਨ ਸਾਲ ਪਹਿਲਾਂ ਦੇ ਅੰਕੜੇ ਦੱਸਦੇ ਹਨ ਕਿ ਪ੍ਰਤੀ ਵਿਅਕਤੀ ਸਿਰਫ 28 ਰੁੱਖ ਹਨ। ਪ੍ਰਤੀ ਵਿਅਕਤੀ ਰੁੱਖਾਂ ਦੀ ਗਿਣਤੀ ਦੇ ਮਾਮਲੇ ਵਿੱਚ ਭਾਰਤ ਦੁਨੀਆਂ ਦੇ 151 ਦੇਸ਼ਾਂ ਵਿੱਚ 125ਵੇਂ ਸਥਾਨ ’ਤੇ ਹੈ।



ਰੁੱਖ ਮਨੁੱਖਾਂ ਨੂੰ ਆਕਸੀਜਨ ਪ੍ਰਦਾਨ ਕਰਦੇ ਹਨ, ਕਾਰਬਨ ਸਟੋਰ ਕਰਦੇ ਹਨ, ਰੁੱਖ ਮਿੱਟੀ ਨੂੰ ਸਥਿਰ ਕਰਦੇ ਹਨ ਅਤੇ ਦੁਨੀਆਂ ਭਰ ਦੇ ਜੀਵ-ਜੰਤੂਆਂ ਦਾ ਇੱਕ ਵਿਸ਼ਾਲ ਕਿਸਮ ਦਾ ਪੋਸ਼ਣ ਕਰਦੇ ਹਨ। ਉਹ ਸਾਨੂੰ ਸਾਜ਼ੋ-ਸਾਮਾਨ ਅਤੇ ਰਿਹਾਇਸ਼ ਲਈ ਲੋੜੀਂਦੇ ਸਰੋਤ ਵੀ ਦਿੰਦੇ ਹਨ। ਰੁੱਖ ਪੱਤੇਦਾਰ ਛਾਂ ਅਤੇ ਨਮੀ ਪ੍ਰਦਾਨ ਕਰਕੇ ਹਵਾ, ਜ਼ਮੀਨ ਅਤੇ ਪਾਣੀ ਨੂੰ ਠੰਡਾ ਕਰਦੇ ਹਨ। ਸਾਡੇ ਘਰਾਂ ਦੇ ਨੇੜੇ ਅਤੇ ਸਾਡੇ ਭਾਈਚਾਰਿਆਂ ਵਿੱਚ ਲਗਾਏ ਗਏ ਰੁੱਖ ਤਾਪਮਾਨ ਨੂੰ ਨਿਯੰਤ੍ਰਿਤ ਕਰਦੇ ਹਨ ਅਤੇ ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਦੇ ਇੱਕ ਪ੍ਰਮੁੱਖ ਸਰੋਤ, ਜੈਵਿਕ ਇੰਧਨ ਨੂੰ ਜਲਾਉਣ ਦੁਆਰਾ ਤਿਆਰ ਏਅਰ-ਕੰਡੀਸ਼ਨਿੰਗ ਅਤੇ ਹੀਟਿੰਗ ਦੀ ਜ਼ਰੂਰਤ ਨੂੰ ਘਟਾਉਂਦੇ ਹਨ। ਰੁੱਖ ਅਣਗਿਣਤ ਪ੍ਰਜਾਤੀਆਂ ਲਈ ਆਲ੍ਹਣੇ, ਭੋਜਨ ਅਤੇ ਆਸਰਾ ਪ੍ਰਦਾਨ ਕਰਦੇ ਹਨ। ਰੁੱਖ ਸਾਰੇ ਜੰਗਲੀ ਜੀਵਾਂ ਨੂੰ ਆਸਰਾ ਅਤੇ ਪੋਸ਼ਣ ਪ੍ਰਦਾਨ ਕਰਦੇ ਹਨ।



‘ਇੰਡੀਅਨ ਫਾਰੈਸਟ ਰਿਪੋਰਟ’ ਮੁਤਾਬਕ ਸਾਲ 2021 ’ਚ ਭਾਰਤ ’ਚ 7,13,789 ਵਰਗ ਕਿਲੋਮੀਟਰ ਜੰਗਲੀ ਖੇਤਰ ਸੀ, ਜੋ ਕਿ ਪੂਰੇ ਦੇਸ਼ ਦੇ ਭੂਗੋਲਿਕ ਖੇਤਰ ਦਾ 21.72 ਫੀਸਦੀ ਸੀ। ਸਾਲ 2019 ਤੋਂ ਬਾਅਦ ਇਸ ਵਿੱਚ 1540 ਵਰਗ ਕਿਲੋਮੀਟਰ ਦਾ ਵਾਧਾ ਹੋਇਆ ਹੈ ਪਰ ਪਿਛਲੇ ਕੁਝ ਸਾਲਾਂ ਵਿਚ ਇਸ ਵਿੱਚ ਕਮੀ ਆਈ ਹੈ, ਜੋ ਚਿੰਤਾ ਦਾ ਵਿਸ਼ਾ ਹੈ।

ਰੂਸ ਵਿੱਚ ਦੁਨੀਆ ਵਿੱਚ ਸਭ ਤੋਂ ਵੱਧ ਜੰਗਲ ਹਨ। ਰੂਸ ਵਿੱਚ 815 ਮਿਲੀਅਨ ਹੈਕਟੇਅਰ ਤੋਂ ਵੱਧ ਜੰਗਲ ਹਨ, ਜੋ ਕਿ ਰੂਸ ਦੇ ਪੂਰੇ ਖੇਤਰ ਦਾ 45 ਪ੍ਰਤੀਸ਼ਤ ਹੈ। ਜੇਕਰ ਦੁਨੀਆ ਦੇ ਸਭ ਤੋਂ ਵੱਡੇ ਜੰਗਲ ਦੀ ਗੱਲ ਕਰੀਏ ਤਾਂ ਇਹ ਦੱਖਣੀ ਅਮਰੀਕਾ ਵਿੱਚ ਹੈ। ਦੱਖਣੀ ਅਮਰੀਕਾ ਦਾ ‘ਅਮੇਜ਼ਨ ਰੇਨਫੋਰੈਸਟ’ ਲਗਭਗ 65 ਲੱਖ ਵਰਗ ਕਿਲੋਮੀਟਰ ’ਚ ਫੈਲਿਆ ਹੋਇਆ ਹੈ। ਇਸ ਨੂੰ ਧਰਤੀ ਦਾ ਫੇਫੜਾ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਦੁਨੀਆ ਦੀ ਲਗਭਗ 20 ਪ੍ਰਤੀਸ਼ਤ ਆਕਸੀਜਨ ਪੈਦਾ ਕਰਦਾ ਹੈ। ਜੇਕਰ ਭਾਰਤ ਦੀ ਗੱਲ ਕਰੀਏ ਤਾਂ ਮੱਧ ਪ੍ਰਦੇਸ਼ ਵਿੱਚ ਭਾਰਤ ਵਿੱਚ ਸਭ ਤੋਂ ਵੱਧ ਜੰਗਲ ਹਨ, ਜੋ ਕਿ 77,462 ਵਰਗ ਕਿਲੋਮੀਟਰ ਵਿੱਚ ਫੈਲਿਆ ਹੋਇਆ ਹੈ।

ਚਾਹੀਦਾ ਤਾਂ ਇਹ ਹੈ ਕਿ ਹਰ ਮਨੁੱਖ ਹਰ ਸਾਲ ਘੱਟੋ ਘੱਟ ਇੱਕ ਪੌਦਾ ਜ਼ਰੂਰ ਲਗਾਵੇ। ਰੁੱਖ ਸਾਨੂੰ ਆਕਸੀਜਨ ਦਿੰਦੇ ਹਨ, ਇਸ ਲਈ ਰੁੱਖਾਂ ਦੀ ਮਹੱਤਤਾ ਨੂੰ ਸਮਝਦਿਆਂ ਪੰਜਾਬੀਆਂ ਨੂੰ ਵੱਧ ਤੋਂ ਵੱਧ ਰੁੱਖ ਲਗਾ ਕੇ ਪੰਜਾਬ ਦੀ ਧਰਤੀ ਨੂੰ ਮੁੜ ਹਰਿਆ ਭਰਿਆ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਕੁਦਰਤੀ ਸੋਮਿਆਂ ਦੀ ਵਰਤੋਂ ਕੁਦਰਤ ਦੇ ਅਸੂਲਾਂ ਅਨੁਸਾਰ ਹੀ ਕੀਤੀ ਜਾਣੀ ਚਾਹੀਦੀ ਹੈ ਅਤੇ ਕੁਦਰਤੀ ਸੋਮਿਆਂ ਦੀ ਦੁਰਵਰਤੋਂ ਜਾਂ ਦੋਹਨ ਕਦੇ ਵੀ ਨਹੀਂ ਕਰਨਾ ਚਾਹੀਦਾ। ਮਨੁੱਖ ਨੂੰ ਕੁਦਰਤ ਨਾਲ ਛੇੜਛਾੜ ਕਰਨੀ ਬੰਦ ਕਰ ਦੇਣੀ ਚਾਹੀਦੀ ਹੈ ਅਤੇ ਆਪਣਾ ਜੀਵਨ ਕੁਦਰਤ ਦੇ ਨੇਮਾਂ ਅਨੁਸਾਰ ਬਤੀਤ ਕਰਨਾ ਚਾਹੀਦਾ ਹੈ। ਕਿਸੇ ਨੇ ਸਹੀ ਕਿਹਾ ਹੈ ਕਿ ‘ਅਸੀਂ ਬਦਲਾਂਗੇ ਤਾਂ ਯੁੱਗ ਬਦਲ ਜਾਵੇਗਾ’। ਅਸਲ ਵਿੱਚ ਜੇਕਰ ਅਸੀਂ ਦੁਨੀਆਂ ਜਾਂ ਯੁੱਗ ਨੂੰ ਬਦਲਣਾ ਚਾਹੁੰਦੇ ਹਾਂ ਤਾਂ ਇਸ ਦੀ ਸ਼ੁਰੂਆਤ ਸਾਨੂੰ ਆਪਣੇ ਆਪ ਤੋਂ ਕਰਨੀ ਪਵੇਗੀ। ਜੇਕਰ ਅਸੀਂ ਆਪਣੀ ਜੀਵਨ ਸ਼ੈਲੀ ਨੂੰ ਕੁਦਰਤ ਦੇ ਅਨੁਸਾਰ ਢਾਲ ਲਵਾਂਗੇ ਤਾਂ ਵਾਤਾਵਰਨ ਆਪਣੇ ਆਪ ਸੁਰੱਖਿਅਤ ਹੋ ਜਾਵੇਗਾ।



### ਇੱਕ ਦੂਜੇ ਨੂੰ ਦਿਓ ਪੌਦਿਆਂ ਦੇ ਤੋਹਫ਼ੇ



ਬੀਤੇ ਦਿਨ ਯੂਨੀਵਰਸਿਟੀ ਦੀ ਇੱਕ ਵਿਦਿਆਰਥਣ ਨੂੰ ਉਸ ਦੀ ਸਹੇਲੀ ਵੱਲੋਂ ਉਸ ਦੇ ਜਨਮ ਦਿਨ ’ਤੇ ਫੁੱਲਾਂ ਦਾ ਇੱਕ ਪੌਦਾ ਗਮਲੇ ਸਮੇਤ ਤੋਹਫ਼ੇ ਵਜੋਂ ਦਿੱਤਾ ਗਿਆ। ਜਿਸ ਤੋਂ ਅਹਿਸਾਸ ਹੋਇਆ ਕਿ ਪੰਜਾਬ ਦੀ ਨਵੀਂ ਪੀੜ੍ਹੀ ਪੌਦਿਆਂ ਤੇ ਰੁੱਖਾਂ ਸਬੰਧੀ ਕਿੰਨੀ ਜਾਗਰੂਕ ਹੈ। ਤੋਹਫੇ ਵਿੱਚ ਇੱਕ ਦੂਜੇ ਨੂੰ ਪੌਦੇ ਦੇਣਾ ਇੱਕ ਚੰਗਾ ਰੁਝਾਨ ਹੈ ਅਤੇ ਇਸ ਰੁਝਾਨ ਨੂੰ ਹੋਰ ਵਧਾਇਆ ਜਾਣਾ ਚਾਹੀਦਾ ਹੈ। ਕੁਝ ਨੌਜਵਾਨ ਲੜਕੀਆਂ ਵੈਲੇਨਟਾਈਨ ਡੇਅ ’ਤੇ ਵੀ ਇੱਕ ਦੂਜੀ ਨੂੰ ਫੁੱਲਾਂ ਦੇ ਪੌਦੇ ਤੋਹਫੇ ਵਿੱਚ ਦਿੰਦੀਆਂ ਹਨ। ਇਸ ਤੋਂ ਇਲਾਵਾ ਲੜਕੀਆਂ ਵਿੱਚ ਇੱਕ ਦੂਜੀ ਨੂੰ ਜਨਮ ਦਿਨ ਮੌਕੇ ਗਮਲਿਆਂ ਵਿੱਚ ਲੱਗੇ ਪੌਦੇ ਤੋਹਫੇ ਦੇ ਰੂਪ ਵਿੱਚ ਦੇਣ ਦਾ ਰੁਝਾਨ ਵੱਧ ਰਿਹਾ ਹੈ, ਜਿਸ ਨੂੰ ਸ਼ੁੱਭ ਸ਼ਗਨ ਕਿਹਾ ਜਾ ਸਕਦਾ ਹੈ। ਕੁਝ ਧਾਰਮਿਕ ਸਥਾਨਾਂ ’ਤੇ ਪ੍ਰਸ਼ਾਦਿ ਦੇ ਰੂਪ ਵਿੱਚ ਪੌਦੇ ਵੰਡੇ ਜਾਂਦੇ ਹਨ। ਇਸੇ ਤਰ੍ਹਾਂ ਕਈ ਸੰਸਥਾਵਾਂ ਧਾਰਮਿਕ ਸਮਾਗਮ ਕਰਵਾਉਣ ਤੋਂ ਬਾਅਦ ਪ੍ਰਸ਼ਾਦਿ ਦੇ ਰੂਪ ਵਿੱਚ ਪੌਦੇ ਵੰਡਦੀਆਂ ਹਨ।

# ਮਾਲਵੇ 'ਚ ਜ਼ਮੀਨਦੋਜ਼ ਪਾਣੀ ਵਿੱਚ ਯੂਰੇਨੀਅਮ ਕਾਰਨ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ 'ਚ ਵਾਧਾ

## ਪੰਜਾਬ ਸਰਕਾਰ ਹਾਈਕੋਰਟ ਵਿੱਚ ਲੋਕਾਂ ਨੂੰ ਕੈਂਸਰ ਤੋਂ ਬਚਾਉਣ ਦਾ ਨਹੀਂ ਦੇ ਸਕੀ ਜਵਾਬ

## ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਪਾਈਆਂ ਝਾੜਾਂ, ਅਧਿਕਾਰੀਆਂ ਨੂੰ ਗੰਭੀਰ ਹੋਣ ਦੇ ਦਿੱਤੇ ਹੁਕਮ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਮਾਲਵਾ ਪੱਟੀ ਦੇ ਲੋਕਾਂ ਨੂੰ ਜ਼ਮੀਨ ਹੇਠਲੇ ਪਾਣੀ ਵਿੱਚ ਯੂਰੇਨੀਅਮ ਕਾਰਨ ਹੋਣ ਵਾਲੇ ਕੈਂਸਰ ਤੋਂ ਬਚਾਉਣ ਲਈ ਚੁੱਕੇ ਗਏ ਕਦਮਾਂ ਬਾਰੇ ਜਾਣਕਾਰੀ ਨਾ ਸੌਂਪਣ ਲਈ ਜੰਮ ਕੇ ਫਿਟਕਾਰ ਲਗਾਈ ਹੈ। ਹਾਈ ਕੋਰਟ ਭਾਰਤ ਸਰਕਾਰ, ਪੰਜਾਬ ਸਰਕਾਰ, ਬੀ.ਏ.ਆਰ.ਸੀ. (ਭਾਭਾ ਪ੍ਰਮਾਣੂ ਖੋਜ ਕੇਂਦਰ) ਤੇ ਆਈ.ਆਈ.ਟੀ. ਮਦਰਾਸ ਦੀ ਮੀਟਿੰਗ ਤੋਂ ਬਾਅਦ ਚੁੱਕੇ ਗਏ ਕਦਮਾਂ ਦੀ ਜਾਣਕਾਰੀ ਅਗਲੀ ਸੁਣਵਾਈ 'ਤੇ ਪੇਸ਼ ਕਰਨ ਦੇ ਹੁਕਮ ਦਿੱਤੇ ਸਨ ਪਰ ਅਦਾਲਤ ਦੇ ਹੁਕਮਾਂ ਤੋਂ ਬਾਅਦ ਵੀ ਅਦਾਲਤੀ ਰਿਪੋਰਟ ਪੇਸ਼ ਨਹੀਂ ਕੀਤੀ ਗਈ । ਅਦਾਲਤ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਹੁਕਮ ਦਿੱਤਾ ਕਿ ਉਹ ਅਗਲੀ ਸੁਣਵਾਈ 'ਤੇ ਇਸ ਸਬੰਧੀ ਅਦਾਲਤ ਵਿੱਚ ਜਵਾਬ ਦੇਣ।

ਭਾਭਾ ਪ੍ਰਮਾਣੂ ਖੋਜ ਕੇਂਦਰ (ਬੀ.ਏ.ਆਰ.ਸੀ.) ਨੇ ਬਠਿੰਡਾ, ਫ਼ਿਰੋਜ਼ਪੁਰ, ਫ਼ਰੀਦਕੋਟ ਅਤੇ ਮਾਨਸਾ ਤੋਂ ਪਾਣੀ ਦੇ 1500 ਸੈਂਪਲ ਲਏ ਸਨ। ਇਨ੍ਹਾਂ ਵਿਚੋਂ 35 ਫ਼ੀਸਦੀ ਨਮੂਨਿਆਂ ਵਿੱਚ ਯੂਰੇਨੀਅਮ ਨਿਰਧਾਰਤ ਮਾਪਦੰਡਾਂ ਤੋਂ ਵੱਧ ਪਾਇਆ ਗਿਆ ਸੀ, ਜਿਸ ਵਿੱਚ ਬਠਿੰਡਾ ਜ਼ਿਲ੍ਹਾ ਸਭ ਤੋਂ ਵੱਧ ਪ੍ਰਭਾਵਿਤ ਦੱਸਿਆ ਗਿਆ ਸੀ, ਜਿਸ 'ਤੇ ਹਾਈ ਕੋਰਟ ਨੇ ਦੋਆਬਾ ਤੇ ਮਾਝੇ ਦੇ ਹਰੇਕ ਜ਼ਿਲ੍ਹੇ ਵਿਚੋਂ ਪਾਣੀ ਦੇ ਨਮੂਨੇ ਲੈ ਕੇ ਹਾਈਕੋਰਟ ਨੂੰ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਸਨ ਪਰ ਅਦਾਲਤ ਦੇ ਹੁਕਮਾਂ ਤੋਂ ਬਾਅਦ ਵੀ ਇਹ ਰਿਪੋਰਟ ਪੇਸ਼ ਨਹੀਂ ਕੀਤੀ ਗਈ।

ਮਾਲਵੇ, ਖ਼ਾਸ ਕਰਕੇ ਬਠਿੰਡਾ ਦੇ ਆਸ-ਪਾਸ ਦੇ ਇਲਾਕਿਆਂ ਦੇ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਤੱਤਾਂ ਦੀ ਮੌਜੂਦਗੀ ਪਾਏ ਜਾਣ ਤੇ ਇੱਥੋਂ ਦੇ ਲੋਕਾਂ ਦੀ ਸਿਹਤ 'ਤੇ ਪਏ ਮਾੜੇ ਪ੍ਰਭਾਵਾਂ ਬਾਰੇ ਸਾਲ 2010 ਵਿਚ ਹਾਈ ਕੋਰਟ ਵਿੱਚ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਸੀ। ਅਦਾਲਤ ਦੇ ਹੁਕਮਾਂ 'ਤੇ ਮਾਲਵਾ ਖੇਤਰ ਵਿੱਚ ਪਾਣੀ ਵਿੱਚ ਯੂਰੇਨੀਅਮ ਦੀ ਪਰਖ ਕਰਨ ਲਈ ਭਾਭਾ ਪਰਮਾਣੂ ਖੋਜ ਕੇਂਦਰ (ਬੀ.ਏ.ਆਰ.ਸੀ.) ਨੇ ਬਠਿੰਡਾ, ਫ਼ਿਰੋਜ਼ਪੁਰ, ਫ਼ਰੀਦਕੋਟ ਅਤੇ ਮਾਨਸਾ ਤੋਂ ਪਾਣੀ ਦੇ 1500 ਸੈਂਪਲ ਲਏ ਸਨ। ਇਨ੍ਹਾਂ ਨਮੂਨਿਆਂ 'ਚੋਂ 35 ਫ਼ੀਸਦੀ ਨਮੂਨਿਆਂ ਵਸਚ ਯੂਰੇਨੀਅਮ ਨਿਰਧਾਰਿਤ ਮਾਪਦੰਡਾਂ ਤੋਂ ਵੱਧ ਪਾਇਆ ਗਿਆ, ਜਿਸ 'ਚ ਬਠਿੰਡਾ ਜ਼ਿਲ੍ਹਾ ਸਭ ਤੋਂ ਵੱਧ ਪ੍ਰਭਾਵਿਤ ਦੱਸਿਆ ਗਿਆ। ਅਦਾਲਤ ਨੇ ਉਦੋਂ ਕਿਹਾ ਸੀ ਕਿ ਸਰਕਾਰ ਮਾਲਵੇ ਦੇ ਲੋਕਾਂ ਨੂੰ ਸਾਫ਼ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਦਾ ਪ੍ਰਬੰਧ ਕਰੇ। ਨਾਲ ਹੀ ਅਦਾਲਤ ਨੇ ਕੇਂਦਰ ਤੇ ਪੰਜਾਬ ਸਰਕਾਰਾਂ ਨੂੰ ਇੱਥੇ ਧਰਤੀ ਹੇਠਲੇ ਪਾਣੀ ਵਿੱਚ ਪਾਏ ਜਾਣ ਵਾਲੇ ਯੂਰੇਨੀਅਮ ਨੂੰ ਕਿਵੇਂ ਡੀ-ਐਕਟੀਵੇਟ ਕੀਤਾ ਜਾਵੇ, ਇਹ ਦੇਖਣ ਦੇ ਹੁਕਮ ਦਿੱਤੇ ਸਨ । ਅਦਾਲਤ ਦੀ ਮਦਦ ਕਰ ਰਹੇ ਵਕੀਲ ਨੇ ਕਿਹਾ ਕਿ ਪ੍ਰਭਾਵਿਤ ਇਲਾਕੇ ਦੇ ਲੋਕਾਂ ਨੂੰ ਸਾਫ਼ ਪਾਣੀ ਨਹੀਂ ਮਿਲ ਰਿਹਾ ਹੈ। ਇਸ 'ਤੇ ਪੰਜਾਬ ਸਰਕਾਰ ਨੇ ਕਿਹਾ ਕਿ ਲੋਕਾਂ ਨੂੰ ਪਾਣੀ ਉਪਲਬਧ ਕਰਵਾਇਆ ਜਾ ਰਿਹਾ ਹੈ। ਜੇਕਰ ਅਜਿਹਾ ਕੋਈ ਮਾਮਲਾ ਅਦਾਲਤ ਦੇ ਸਹਿਯੋਗੀ ਦੇ ਧਿਆਨ ਵਿੱਚ ਹੈ ਤਾਂ ਇਸ ਸਮੱਸਿਆ ਦਾ ਹੱਲ ਕੀਤਾ ਜਾਵੇਗਾ। ਹਾਈਕੋਰਟ ਨੇ ਅਧਿਕਾਰੀਆਂ ਨੂੰ ਇਸ ਮੁੱਦੇ 'ਤੇ ਗੰਭੀਰ ਹੋਣ ਦੇ ਹੁਕਮ ਦਿੱਤੇ ਹਨ।





### ਕੈਂਸਰ ਪੱਟੀ ਬਣਿਆ ਪੰਜਾਬ ਦਾ ਮਾਲਵਾ ਇਲਾਕਾ

ਪੰਜਾਬ ਦਾ ਮਾਲਵਾ ਖੇਤਰ ਇਸ ਵੇਲ਼ੇ ਜਾਨਲੇਵਾ ਬਿਮਾਰੀ ਕੈਂਸਰ ਨਾਲ਼ ਜੂਝ ਰਿਹਾ ਹੈ। ਪੰਜਾਬ ਦੀ ਸਿਆਸਤ ਵਿੱਚ ਸਭ ਤੋਂ ਵੱਧ ਵਿਧਾਇਕ ਮਾਲਵਾ ਖੇਤਰ ਦੇ ਹੀ ਹਨ ਪਰ ਇਹਨਾਂ ਵਿੱਚੋਂ ਕਿਸੇ ਨੂੰ ਵੀ ਇਸ ਇਲਾਕੇ ਦੇ ਲੋਕਾਂ ਦੀ ਫਿਕਰ ਨਹੀਂ। ਕੈਂਸਰ ਦੇ ਸਭ ਤੋਂ ਵੱਧ ਕੇਸ ਔਰਤਾਂ ਦੇ ਜਣਨ ਅੰਗ ਤੇ ਛਾਤੀ ਦੇ ਕੈਂਸਰ ਦੇ ਹਨ। ਇਸ ਤੋਂ ਬਾਅਦ ਅੱਖਾਂ, ਦਿਮਾਗ ਜਾਂ ਹੱਡੀਆਂ ਦੇ ਕੈਂਸਰ ਦਾ ਨੰਬਰ ਆਉਂਦਾ ਹੈ। ਕੈਂਸਰ ਦੇ ਇਸ ਇਲਾਕੇ ਵਿੱਚ ਵੱਧ ਹੋਣ ਕਰਕੇ ਮਾਲਵੇ ਨੂੰ ਕੈਂਸਰ ਪੱਟੀ ਦੇ ਨਾਮ ਨਾਲ਼ ਜਾਣਿਆ ਜਾਂਦਾ ਹੈ। ਕੈਂਸਰ ਤੋਂ ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹੇ ਹਨ ਮੁਕਤਸਰ, ਤਰਨਤਾਰਨ, ਬਠਿੰਡਾ, ਮਾਨਸਾ ਤੇ ਫਰੀਦਕੋਟ। ਬਹੁਤੇ ਕੈਂਸਰ ਮਰੀਜਾਂ ਦੀ ਨਿਰਭਰਤਾ ਜਾਂ ਤਾਂ ਰਾਜਸਥਾਨ ਵਿੱਚ ਬੀਕਾਨੇਰ ਹਸਪਤਾਲ ਉੱਤੇ ਹੈ ਜਾਂ ਫਿਰ ਲੁਧਿਆਣੇ ਡੀ.ਐੱਮ.ਸੀ. ਜਾਂ ਮੁਹਾਲੀ ਮੈਕਸ ਉੱਪਰ ਜਿਹੜੇ ਕਿ ਨਿੱਜੀ ਹਸਪਤਾਲ ਹੋਣ ਕਾਰਨ ਮਰੀਜਾਂ ਦੀ ਕਾਫੀ ਛਿੱਲ ਲਾਹੁੰਦੇ ਹਨ। ਪੀ.ਜੀ.ਆਈ. ਵਰਗੇ ਸਰਕਾਰੀ ਹਸਪਤਾਲਾਂ ਵਿੱਚ ਭੀੜ ਵੱਧ ਹੋਣ ਕਰਕੇ ਬਹੁਤ ਸਾਰੇ ਮਰੀਜਾਂ ਨੂੰ ਤਰੀਕ ਹੀ ਬੜੀ ਦੇਰ ਨਾਲ਼ ਮਿਲ਼ਦੀ ਹੈ। ਇਸ ਬਿਮਾਰੀ ਦਾ ਇਲਾਜ ਮਹਿੰਗਾ ਹੋਣ ਕਰਕੇ ਬਹੁਤ ਸਾਰੀਆਂ ਅਣਆਈਆਂ ਮੌਤਾਂ ਹੋ ਰਹੀਆਂ ਹਨ। ਇਸ ਤੋਂ ਦੁਖਦਾਈ ਗੱਲ ਕੀ ਹੋਵੇਗੀ ਕਿ ਐਨੀ ਉਪਜਾਊ ਜਮੀਨ ਦੇ ਬਾਸ਼ਿੰਦੇ ਹੁੰਦਿਆਂ ਵੀ ਰੋਜਾਨਾ ਖਾਸ ਕੈਂਸਰ ਰੇਲ ਪੰਜਾਬ ਤੋਂ ਭਰਕੇ ਬੀਕਾਨੇਰ ਵੱਲ ਨੂੰ ਜਾਂਦੀ ਹੈ।

### ਮਾਲਵਾ ਖੇਤਰ ਵਿੱਚ ਕੈਂਸਰ ਹੋਣ ਦਾ ਕੀ ਕਾਰਨ ਹੈ?

ਹੁਣ ਤੱਕ ਦੀ ਜਾਂਚ ਮੁਤਾਬਕ ਮਾਲਵਾ ਖਿੱਤੇ ਵਿੱਚ ਕੈਂਸਰ ਦਾ ਮੁੱਖ ਕਾਰਨ ਧਰਤੀ ਹੇਠਲਾ ਗੰਧਲਾ ਪਾਣੀ ਹੈ ਜਿਸ ਵਿੱਚ ਆਰਸੈਨਿਕ, ਯੂਰੇਨੀਅਮ ਅਤੇ ਸਿੱਕਾ ਵਰਗੀਆਂ ਜਹਿਰੀਲੀਆਂ ਧਾਤਾਂ ਰਲ਼ੀਆਂ ਹੋਈਆਂ ਹਨ। ਇਸ ਤੋਂ ਇਲਾਵਾ ਖੇਤਾਂ ਵਿੱਚ ਵਰਤੀਆਂ ਜਾਣ ਵਾਲ਼ੀਆਂ ਸਪਰੇਆਂ, ਮਿਲਾਵਟੀ ਦੁੱਧ ਤੇ ਮਠਿਆਈਆਂ ਜਿਹਨਾਂ ਵਿੱਚ ਕਾਰਸੀਨੋਜਨ ਰਸਾਇਣ (ਜੋ ਕੈਂਸਰ ਕਰਦਾ ਹੈ), ਐਫਲੇਟੋਕਸਿਨ ਐੱਮ 1, ਲਿਵਰ ਟੋਕਸਿਨ ਮਾਈਕਰੋਕੰਟੇਨਮੈਂਟ ਦੇ ਨਮੂਨੇ ਮਿਲ਼ਦੇ ਹਨ। ਬਹੁਤ ਸਾਰੀਆਂ ਦੁੱਧ ਦੀਆਂ ਮਠਿਆਈਆਂ ਵਿੱਚ ਸਿੰਥੈਟਿਕ ਦੁੱਧ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਵੀ ਕੈਂਸਰ ਰੂਪੀ ਜਾਨਲੇਵਾ ਬਿਮਾਰੀ ਨੂੰ ਜਨਮ ਦਿੰਦਾ ਹੈ।

### ਧਰਤੀ ਹੇਠਲੇ ਪਾਣੀ ਵਿੱਚ ਜਹਿਰ ਘੋਲ਼ਿਆ ਕਿਸ ਨੇ?

ਹੁਣ ਸਵਾਲ ਇਹ ਬਣਦਾ ਹੈ ਕਿ ਧਰਤੀ ਦੇ ਪਾਣੀ ਵਿੱਚ ਜਿਹੜੀਆਂ ਧਾਤਾਂ ਮਿਲ਼ੀਆਂ ਹਨ ਉਹ ਸਨਅਤਾਂ ਵੱਲੋਂ ਨਹਿਰੀ ਪਾਣੀ ਵਿੱਚ ਸੁੱਟੇ ਗੰਦੇ ਪਾਣੀ ਤੋ ਆਈਆਂ ਹਨ। ਮਿਸਾਲ ਦੇ ਤੌਰ ਉੱਤੇ ਲੁਧਿਆਣੇ ਤੇ ਇਸਦੇ ਨਾਲ਼ ਲੱਗਦੇ ਛੋਟੇ ਸਨਅਤੀ ਇਲਾਕਿਆਂ ਦੇ ਕਾਰਖਾਨਿਆਂ ਦਾ ਗੰਧਲਾ ਪਾਣੀ ਬਿਨਾਂ ਸ਼ੁੱਧ ਕੀਤਿਆਂ ਬੁੱਢੇ ਨਾਲ਼ੇ (ਗੰਦਾ ਨਾਲ਼ਾ ਵੀ ਜਿਸ ਨੂੰ ਕਿਹਾ ਜਾਂਦਾ ਹੈ) ਵਿੱਚ ਸੁੱਟਿਆ ਜਾਂਦਾ ਹੈ। ਜਹਿਰੀਲੀਆਂ ਰਸਾਇਣਾਂ ਰਲ਼ਿਆ ਇਹ ਪਾਣੀ ਥੋੜ੍ਹਾ ਬਹੁਤ ਸਿੰਮ ਕੇ ਧਰਤੀ ਹੇਠਾਂ ਚਲਿਆ ਜਾਂਦਾ ਹੈ ਤੇ ਬਾਕੀ ਬਚਿਆ ਪਾਣੀ ਅੱਗੇ ਸਤਲੁਜ ਦਰਿਆ ਵਿੱਚ ਮਿਲ਼ ਜਾਂਦਾ ਹੈ ਤੇ ਉਸ ਨੂੰ ਵੀ ਗੰਧਲਾ ਕਰਦਾ ਹੈ। ਸਤਲੁਜ ਦਰਿਆ ਦਾ ਫੈਲਾਅ ਮਾਲਵਾ ਪੱਟੀ ਵਿੱਚ ਸਭ ਤੋਂ ਵੱਧ ਹੈ। ਇਸ ਤਰ੍ਹਾਂ ਇਹ ਪਾਣੀ ਅੱਗੇ ਜਾ ਕੇ ਲੋਕਾਂ ਨੂੰ ਬਿਨ ਮੰਗੀ ਮੌਤ ਦੇ ਰਿਹਾ ਹੈ। ਮੁਨਾਫੇ ਦੀ ਅੰਨ੍ਹੀ ਧੁੱਸ ਵਿੱਚ ਸਰਮਾਏਦਾਰ ਪਾਣੀ ਨੂੰ ਸ਼ੁੱਧ ਕਰਨ ਦੇ ਯੰਤਰ ਵੀ ਨਹੀਂ ਲਗਵਾਉਂਦੇ ਕਿਉਂ ਜੋ ਉਹਨਾਂ ਨੂੰ ਇਸਦਾ ਖਰਚਾ ਪੈਂਦਾ ਹੈ। ਇਸ ਲਈ ਉਹ ਆਪਣੇ ਪ੍ਰਦੂਸ਼ਣ ਦੇ ਨਿਕਾਸ ਵਾਸਤੇ ਇਹ ਸੌਖਾ ਪਰ ਖਤਰਨਾਕ ਰਾਹ ਲੈਂਦੇ ਹਨ ਤੇ ਇਸ ਤਰ੍ਹਾਂ ਪੰਜਾਬ ਦੇ ਪੌਣ-ਪਾਣੀ ਨੂੰ ਗੰਧਲਾ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ। ਬਹੁਤ ਸਾਰੇ ਇਲਾਕਿਆਂ ਦੇ ਸਰਮਾਏਦਾਰ ਤਾਂ ਸਿੱਧਾ ਬੋਰ ਕਰਕੇ ਜਹਿਰੀਲਾ ਪਾਣੀ ਧਰਤੀ ਹੇਠਾਂ ਸੁੱਟ ਰਹੇ ਹਨ। ਪਰ ਇਸ ਸਭ ਦੇ ਬਾਵਜੂਦ ਵੀ ਪੰਜਾਬ ਸਰਕਾਰ, ਸਥਾਨਕ ਪ੍ਰਸ਼ਾਸਨ, ਪ੍ਰਦੂਸ਼ਣ ਕੰਟਰੋਲ ਬੋਰਡ ਘੂਕ ਸੁੱਤੇ ਪਏ ਹਨ ਤੇ ਲੋਕਾਂ ਦੀ ਸਿਹਤ ਨਾਲ਼ ਖਿਲਵਾੜ ਕਰਨ ਵਾਲ਼ੇ ਇਹਨਾਂ ਮੁਜਰਮਾਂ ਉੱਤੇ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਇਸਤੋਂ ਬਿਨਾਂ ਵੱਡੇ ਪੱਧਰ ਉੱਤੇ ਹੁੰਦੀ ਜਹਿਰੀਲੇ ਕੀਟਨਾਸ਼ਕਾਂ ਦੀ ਵਰਤੋਂ ਵੀ ਕੈਂਸਰ ਜਿਹੀਆਂ ਮਾਰੂ ਬਿਮਾਰੀਆਂ ਦੇ ਫੈਲਾਅ ਵਿੱਚ ਇੱਕ ਕਾਰਨ ਦੱਸੀ ਜਾਂਦੀ ਹੈ। ਇਹ ਕੀਟਨਾਸ਼ਕ ਵੀ ਜਦੋਂ ਹੌਲ਼ੀ-ਹੌਲ਼ੀ ਸਿੰਮ ਕੇ ਧਰਤੀ ਹੇਠਾਂ ਚਲੇ ਜਾਂਦੇ ਹਨ ਤਾਂ ਹੇਠਲੇ ਪੀਣਯੋਗ ਪਾਣੀ ਨੂੰ ਦੂਸ਼ਿਤ ਕਰ ਦਿੰਦੇ ਹਨ। ਸਰਮਾਏਦਾਰਾਂ ਵੱਲੋਂ ਪਾਣੀ ਗੰਧਲਾ ਕਰਕੇ ਮੁੜ ਇਸਦੇ ਸ਼ੁੱਧੀਕਰਨ ਦੇ ਨਾਂ ਉੱਤੇ ਆਰ ਓ ਵੇਚ-ਵੇਚਕੇ ਅਰਬਾਂ-ਖਰਬਾਂ ਦਾ ਮੁਨਾਫਾ ਕਮਾਇਆ ਜਾਂਦਾ ਹੈ। ਇਸ ਢਾਂਚੇ ਵੱਲੋਂ ਦਰਿਆਵਾਂ, ਨਹਿਰਾਂ ਦੇ ਸਾਫ ਪਾਣੀ ਨੂੰ ਗੰਧਲਾ ਕਰਕੇ ਪਹਿਲਾਂ ਉਸ ਨੂੰ ਮਨੁੱਖੀ ਖਪਤ ਦੇ ਅਯੋਗ ਬਣਾਇਆ ਜਾਂਦਾ ਹੈ ਤੇ ਮਗਰੋਂ ਇਸ ਗੰਧਲੇ ਪਾਣੀ ਦੇ ਸ਼ੁੱਧੀਕਰਨ ਦੇ ਨਾਂ ਉੱਤੇ ਆਰ ਓ, ਬੋਤਲਬੰਦ ਮਿਨਰਲ ਪਾਣੀ ਆਦਿ ਦਾ ਗੋਰਖਧੰਦਾ ਕੀਤਾ ਜਾਂਦਾ ਹੈ। ਪੰਜਾਬ ਦੇ ਬਹੁਤੇ ਪਰਿਵਾਰ ਤਾਂ ਆਰਥਿਕ ਪੱਖੋਂ ਕਮਜੋਰ ਹੋਣ ਕਰਕੇ ਆਰ ਓ ਵਰਗੀਆਂ ਸਹੂਲਤਾਂ ਲੈ ਹੀ ਨਹੀਂ ਸਕਦੇ ਜਿਸ ਕਾਰਨ ਮਜਬੂਰੀ ਵੱਸ ਉਹਨਾਂ ਨੂੰ ਗੰਧਲੇ ਪਾਣੀ ਨਾਲ਼ ਹੀ ਸਾਰਨਾ ਪੈਂਦਾ ਹੈ।

### ਕੀ ਕਰ ਰਹੀ ਹੈ ਪੰਜਾਬ ਸਰਕਾਰ ?

ਮੁਹੱਲਾ ਕਲੀਨਿਕਾਂ ਦੀ ਫੋਕੀ ਇਸ਼ਤਿਹਾਰਬਾਜੀ ਨੂੰ ਜੇ ਪਾਸੇ ਰੱਖ ਦੇਈਏ ਤਾਂ ਅਸੀਂ ਵੇਖਦੇ ਹਾਂ ਕਿ ਪੰਜਾਬ ਦੇ ਲੋਕਾਂ ਦੀ ਸਿਹਤ ਲਈ ਮੌਜੂਦਾ ਭਗਵੰਤ ਮਾਨ ਸਰਕਾਰ ਬਿਲਕੁਲ ਵੀ ਸੁਹਿਰਦ ਨਹੀਂ। ਪੰਜਾਬ ਸਰਕਾਰ ਵੱਲੋਂ ਦਾਅਵਾ ਤਾਂ 500 ਮੁਹੱਲਾ ਕਲੀਨਿਕ ਖੋਲ੍ਹਣ ਦਾ ਕੀਤਾ ਗਿਆ ਪਰ ਅਸਲ ਵਿੱਚ ਤਾਂ ਸਿਰਫ 75 ਹੀ ਨਵੇਂ ਮੁਹੱਲਾ ਕਲੀਨਿਕ ਬਣਾਏ ਗਏ ਹਨ ਜਦਕਿ ਬਾਕੀ ਤਾਂ ਪੁਰਾਣੀਆਂ ਡਿਸਪੈਂਸਰੀਆਂ 'ਤੇ ਰੰਗ-ਰੋਗਨ ਕਰਕੇ ਅਤੇ ਭਗਵੰਤ ਮਾਨ ਦੀ ਫੋਟੋ ਲਾ ਕੇ ਕੀਤੀ ਲੀਪਾ-ਪੋਚੀ ਹੀ ਹੈ। ਪੰਜਾਬ ਸਰਕਾਰ ਨੇ ਮੁਹੱਲਾ ਕਲੀਨਿਕਾਂ ਦੇ ਰੰਗ-ਰੋਗਨ 'ਤੇ ਹੀ 10 ਕਰੋੜ ਰੁਪਏ ਤੇ ਮਗਰੋਂ ਇਹਨਾਂ ਦੀ ਫੋਕੀ ਇਸ਼ਤਿਹਾਰਬਾਜੀ ਉੱਤੇ 30 ਕਰੋੜ ਰੁਪਏ ਹੋਰ ਫੂਕ ਦਿੱਤੇ ਹਨ। ਇੱਕ ਪਾਸੇ ਪੰਜਾਬ ਦੇ ਲੋਕ ਛੋਟੀਆਂ-ਛੋਟੀਆਂ ਬਿਮਾਰੀਆਂ, ਜਿਹਨਾਂ ਦਾ ਇਲਾਜ ਸੰਭਵ ਹੈ, ਉਹਨਾਂ ਕਾਰਨ ਅਣਆਈਆਂ ਮੌਤਾਂ ਨੂੰ ਗਲ਼ੇ ਲਗਾ ਰਹੇ ਹਨ ਤੇ ਦੂਜੇ ਪਾਸੇ ਪੰਜਾਬ ਸਰਕਾਰ ਸਿਹਤ ਖੇਤਰ ਵਿੱਚ ਠੋਸ ਸੁਧਾਰਾਂ ਦੀ ਥਾਂ ਫੋਕੀ ਪ੍ਰਚਾਰਬਾਜੀ ਵਿੱਚ ਰੁੱਝੀ ਹੋਈ ਹੈ। ਅੱਜ ਸਿਹਤ ਤੇ ਸਾਫ ਪੌਣ-ਪਾਣੀ ਦਾ ਹੱਕ ਹਰ ਮਨੁੱਖ ਦਾ ਬੁਨਿਆਦੀ ਹੱਕ ਹੈ ਤੇ ਮੌਜੂਦਾ ਮਨੁੱਖ ਦੋਖੀ ਸਰਕਾਰਾਂ ਤੋਂ ਆਪਣੇ ਇਸ ਹੱਕ ਨੂੰ ਹਾਸਲ ਕਰਨ ਲਈ ਸਾਨੂੰ ਜੱਦੋ-ਜਹਿਦ ਛੇੜਨ ਦੀ ਲੋੜ ਹੈ। ਦੁੱਖ ਦੀ ਗੱਲ ਹੈ ਕਿ ਕਿਸੇ ਵੀ ਸਿਆਸੀ ਪਾਰਟੀ ਦੇ ਏਜੰਡੇ ਉੱਤੇ ਮਾਲੀਨ ਪਾਣੀ ਤੇ ਕੈਂਸਰ ਦਾ ਮਸਲਾ ਨਹੀਂ ਹੈ। ਆਮ ਲੋਕਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਇਸ ਮਸਲੇ ਉੱਤੇ ਗੰਭੀਰ ਵਿਚਾਰ ਚਰਚਾ ਕਰਕੇ ਜਿੱਥੇ ਸਾਮਰਾਜੀ ਖਪਤਵਾਦੀ ਸੱਭਿਆਚਾਰ ਦੇ ਮੁਕਾਬਲੇ ਲੋਕ ਪੱਖੀ ਸੱਭਿਆਚਾਰ ਉਸਾਰਨ, ਹਰੀ ਕ੍ਰਾਂਤੀ ਦਾ ਠੋਸ ਬਦਲ ਤਲਾਸ਼ਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਉੱਥੇ ਪਾਣੀ ਨੂੰ ਦੂਸ਼ਿਤ ਕਰਨ ਲਈ ਜਿੰਮੇਵਾਰ ਕਾਰਖਾਨੇਦਾਰਾਂ ਅਤੇ ਕਰਵਾਉਣ ਵਾਲੇ ਅਧਿਕਾਰੀਆਂ ਖ਼ਿਲਾਫ਼ ਸਖ਼ਤ ਸਜ਼ਾਵਾਂ ਦੀ ਮੰਗ ਵੀ ਕਰਨੀ ਚਾਹੀਦੀ ਹੈ।

# ਨੂਰਪੁਰ ਬੇਦੀ ਦੇ ਪਿੰਡਾਂ 'ਚ ਪੀਣ ਵਾਲਾ ਪਾਣੀ ਮੁੱਕਿਆ, ਸੋਕੇ ਵਰਗੇ ਹਾਲਾਤ

## ਖੇਤਾਂ ਵਿੱਚ 50 ਤੋਂ 100 ਫੁੱਟ ਡੂੰਘੇ ਟਿਊਬਵੈੱਲ ਪਾਣੀ ਚੁੱਕਣੋਂ ਅਸਮੱਰਥ

ਨੂਰਪੁਰ ਬੇਦੀ/ਏ.ਟੀ.ਨਿਊਜ਼ : ਨੂਰਪੁਰ ਬੇਦੀ ਦੇ ਪਿੰਡਾਂ ਵਿੱਚ ਬਰਸਾਤ ਦਾ ਮੌਸਮ ਸ਼ੁਰੂ ਹੋਣ ਦੇ ਬਾਵਜੂਦ ਪੀਣ ਵਾਲੇ ਪਾਣੀ ਦੀ ਗੰਭੀਰ ਸਮੱਸਿਆ ਬਣੀ ਹੋਈ ਹੈ। ਪਾਣੀ ਦਾ ਪੱਧਰ ਡੂੰਘਾ ਹੋਣ ਦਾ ਮੁੱਖ ਕਾਰਨ ਨਾਜਾਇਜ਼ ਮਾਇਨਿੰਗ ਅਤੇ ਪਾਪੂਲਰ ਦੀ ਖੇਤੀ ਨੂੰ ਦੱਸਿਆ ਜਾ ਰਿਹਾ ਹੈ। ਖੇਤਾਂ ਵਿੱਚ 50 ਤੋਂ 100 ਫੁੱਟ ਡੂੰਘੇ ਟਿਊਬਵੈੱਲ ਪਾਣੀ ਚੁੱਕਣੋਂ ਅਸਮੱਰਥ ਹਨ। ਇਸੇ ਤਰ੍ਹਾਂ ਜਲ ਸਪਲਾਈ ਘਰਾਂ ਵਿੱਚ ਪਾਣੀ ਦਾ ਪੱਧਰ ਥੱਲੇ ਜਾਣ ਕਾਰਨ ਲੋਕ ਪਾਣੀ ਦੀ ਕਿੱਲਤ ਨਾਲ ਜੂਝ ਰਹੇ ਹਨ। ਇੱਥੇ ਜੰਗਲਾਂ ਨੂੰ ਪੱਧਰਾ ਕਰਕੇ ਲਗਾਏ ਗਏ ਪਾਪੂਲਰ ਦੇ ਬੂਟੇ ਧਰਤੀ ਹੇਠਲਾ ਪਾਣੀ ਸੋਖਣ ਕਾਰਨ ਜ਼ਮੀਨ ਨੂੰ ਖੁਸ਼ਕ ਬਣਾ ਰਹੇ ਹਨ। ਇਸ ਤੋਂ ਇਲਾਵਾ ਜੰਗਲਾਤ ਵਿਭਾਗ ਵੀ ਬਾਂਸ ਤੋਂ ਬਿਨਾਂ ਕੋਈ ਹੋਰ ਬੂਟੇ ਨਹੀਂ ਲਗਾ ਰਿਹਾ। ਜਲ ਸਪਲਾਈ ਵਿਭਾਗ ਦੇ ਕਾਰਜਕਾਰੀ ਇੰਜਨੀਆਰ ਹਰਜੀਤ ਪਾਲ ਸਿੰਘ ਨੇ ਕਿਹਾ ਕਿ ਕੁਝ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਸੀ ਜਿੱਥੇ ਡੂੰਘੇ ਟਿਊਬਵੈੱਲ ਲਗਾ ਕੇ ਸਮੱਸਿਆ ਨੂੰ ਹੱਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਮੰਨਿਆ ਕਿ ਇਸ ਇਲਾਕੇ ਵਿੱਚ ਪਾਣੀ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਪਾਣੀ ਸੰਜਮ ਨਾਲ ਵਰਤਣ ਲਈ ਕਿਹਾ।



ਲੋਕਾਂ ਨੇ ਮੰਗ ਕੀਤੀ ਹੈ ਕਿ ਜੰਗਲੀ ਇਲਾਕੇ ਅਤੇ ਸੁਆਂ ਨਦੀ ਵਿੱਚੋਂ ਨਾਜਾਇਜ਼ ਮਾਈਨਿੰਗ ਬੰਦ ਕੀਤੀ ਜਾਵੇ ਨਹੀਂ ਤਾਂ ਇਲਾਕੇ ਵਿੱਚੋਂ ਪਾਣੀ ਖਤਮ ਹੋ ਜਾਵੇਗਾ ਤੇ ਸੋਕੇ ਵਰਗੇ ਹਲਾਤ ਬਣ ਜਾਣਗੇ।

ਯਾਦ ਰਹੇ ਕਿ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਅੱਜ ਮਾਰੂਥਲ ਬਣਨ ਜਾ ਰਿਹਾ ਹੈ ਅਤੇ ਪੰਜਾਬ ਦੇ ਕੁੱਲ 138 ਬਲਾਕਾਂ ਵਿੱਚੋਂ 11 ਬਲਾਕਾਂ ਦਾ ਧਰਤੀ ਹੇਠਲਾ ਪਾਣੀ ਲਗਪਗ ਖ਼ਤਮ ਹੋਣ ਦੇ ਨਜ਼ਦੀਕ ਹੈ। ਜੇਕਰ ਪੰਜਾਬ ਵਿੱਚ ਲਗਾਤਾਰ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣ ਲਈ ਲੁੜੀਂਦੇ ਪ੍ਰਬੰਧ ਨਾ ਕੀਤੇ ਗਏ ਤਾਂ ਪੰਜਾਬ ਨੂੰ ਰੇਗਿਸਤਾਨ ਬਣਨ ਤੋਂ ਕੋਈ ਨਹੀਂ ਰੋਕ ਸਕਦਾ। ਪੰਜਾਬ 'ਚ ਜ਼ਮੀਨੀ ਪਾਣੀ ਏਨਾ ਡੂੰਘਾ ਚਲਾ ਗਿਆ ਹੈ ਕਿ ਖੇਤੀ ਮੋਟਰਾਂ ਜਵਾਬ ਦੇਣ ਲੱਗੀਆਂ ਹਨ। ਧਰਤੀ 'ਚੋਂ ਪਾਣੀ ਕੱਢਣ ਵਾਸਤੇ ਕਿਸਾਨਾਂ ਨੂੰ ਖੇਤੀ ਮੋਟਰਾਂ ਦੇ ਲੋਡ ਵਧਾਉਣੇ ਪੈ ਰਹੇ ਹਨ। ਸੂਬੇ ਵਿੱਚ ਕਿੰਨੀ ਰਫ਼ਤਾਰ ਨਾਲ ਜ਼ਮੀਨੀ ਪਾਣੀ ਹੇਠਾਂ ਵੱਲ ਜਾ ਰਿਹਾ ਹੈ, ਇਸ ਦਾ ਪਤਾ ਬਿਜਲੀ ਲੋਡ ਵਧਾਉਣ ਲਈ ਪਾਵਰਕੌਮ ਕੋਲ ਪੁੱਜੀਆਂ ਅਰਜ਼ੀਆਂ ਤੋਂ ਲੱਗਦਾ ਹੈ।

# ਪਲਾਸਟਿਕ ਪ੍ਰਦੂਸ਼ਣ ਦਾ ਖ਼ਾਤਮਾ ਜ਼ਰੂਰੀ

ਡਾ. ਸਤਿੰਦਰ ਸਿੰਘ



ਮਨੁੱਖ ਦੁਆਰਾ ਕੀਤੀਆਂ ਖੋਜਾਂ ’ਚੋਂ ਪਲਾਸਟਿਕ ਇੱਕ ਅਜਿਹੀ ਖੋਜ ਹੈ ਜਿਸ ਕਾਰਨ ਵਿਸ਼ਵ ਪੱਧਰ ’ਤੇ ਫੈਲਿਆ ਪਲਾਸਟਿਕ ਪ੍ਰਦੂਸ਼ਣ ਧਰਤੀ ਉੱਪਰ ਵੱਡੀ ਤਬਾਹੀ ਅਤੇ ਸਵੱਛਤਾ ਨੂੰ ਖ਼ਤਮ ਕਰਨ ਦਾ ਕਾਰਨ ਬਣ ਰਿਹਾ ਹੈ। ਪਲਾਸਟਿਕ ਪ੍ਰਦੂਸ਼ਣ ਦੇ ਕਾਰਨ ਸਮੁੱਚੇ ਵਾਤਾਵਰਨ, ਜੰਗਲੀ ਜੀਵਨ, ਧਰਤੀ ਦੀ ਉਪਜਾਊ ਸ਼ਕਤੀ, ਸਮੁੰਦਰੀ ਵਾਤਾਵਰਨ ਅਤੇ ਮਨੁੱਖੀ ਸਿਹਤ ’ਤੇ ਬੇਹੱਦ ਮਾੜਾ ਪ੍ਰਭਾਵ ਪੈ ਰਿਹਾ ਹੈ।

ਪਲਾਸਟਿਕ ਬੈਗਜ਼ ਦੀ ਵਧਦੀ ਵਰਤੋਂ ਕਾਰਨ ਧਰਤੀ ਦੀ ਸਵੱਛਤਾ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੀ ਹੈ। ਮਨੁੱਖ ਦੇ ਸੁਚੱਜਾ ਜੀਵਨ ਜਿਊਣ ਲਈ ਉਸ ਦਾ ਆਲਾ-ਦੁਆਲਾ ਸਵੱਛ ਹੋਣਾ ਬੇਹੱਦ ਜ਼ਰੂਰੀ ਹੈ। ਸਵੱਛਤਾ ਸਿਰਫ਼ ਮਨੁੱਖ ਦੇ ਸਰੀਰਕ ਅਤੇ ਮਾਨਸਿਕ ਪੱਖ ਤੋਂ ਹੀ ਜ਼ਰੂਰੀ ਨਹੀਂ ਬਲਕਿ ਵਿਅਕਤੀਗਤ ਅਤੇ ਸਮਾਜਿਕ ਜੀਵਨ ਲਈ ਵੀ ਮਹੱਤਵਪੂਰਨ ਹੈ। ਮਹਾਤਮਾ ਗਾਂਧੀ ਨੇ ਵੀ ਇਸ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਕਿਹਾ ਸੀ ਕਿ ਸਵੱਛਤਾ ਆਜ਼ਾਦੀ ਨਾਲੋਂ ਵੱਧ ਮਹੱਤਵਪੂਰਨ ਹੈ। ਸਵੱਛਤਾ ਹਵਾ, ਪਾਣੀ ਅਤੇ ਧਰਤੀ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਦੀ ਹੈ।

ਸਵੱਛਤਾ ਦੀ ਮਹੱਤਤਾ ਨੂੰ ਸਮਝਦੇ ਹੋਏ 15 ਅਗਸਤ 2014 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨੂੰ ਸਾਫ਼-ਸੁਥਰਾ ਅਤੇ ਸਵੱਛ ਬਣਾਉਣ ਲਈ ਸਵੱਛ ਭਾਰਤ ਮੁਹਿੰਮ ਦਾ ਐਲਾਨ ਕੀਤਾ ਸੀ। ਉਸ ਤੋਂ ਬਾਅਦ ਦੋ ਅਕਤੂਬਰ 2014 ਨੂੰ ਮਹਾਤਮਾ ਗਾਂਧੀ ਦੀ 145ਵੀ ਜਯੰਤੀ ਮੌਕੇ ਜਿਸ ਵੱਡੇ ਪੱਧਰ ’ਤੇ ਸਵੱਛ ਭਾਰਤ ਮੁਹਿੰਮ ਦਾ ਆਗਾਜ਼ ਹੋਇਆ ਤਾਂ ਦੇਸ਼ ਦੇ ਸਫ਼ਾਈ ਪਸੰਦ ਕਰੋੜਾਂ ਲੋਕਾਂ ਦੇ ਮਨ ਵਿੱਚ ਆਸ ਦੀ ਕਿਰਨ ਜਾਗੀ ਸੀ। ਉਨ੍ਹਾਂ ਲੋਕਾਂ ਨੇ ਵੀ ਪ੍ਰਧਾਨ ਮੰਤਰੀ ਦੀ ਤਰ੍ਹਾਂ ਸਵੱਛ ਭਾਰਤ ਦਾ ਸੁਪਨਾ ਲਿਆ ਸੀ।

ਸਵੱਛ ਭਾਰਤ ਮੁਹਿੰਮ ਤਹਿਤ ਗਾਂਧੀ ਜੀ ਦੀ 150ਵੀ ਜਯੰਤੀ ਤੱਕ ਦੇਸ਼ ਨੂੰ ਸਵੱਛ ਕਰਨ ਦਾ ਟੀਚਾ ਸੀ। ਇਸ ਮੁਹਿੰਮ ਦੀ ਸਫਲਤਾ ਲਈ ਸਰਕਾਰੀ ਪੱਧਰ ’ਤੇ ਬਹੁਤ ਵੱਡੇ ਉਪਰਾਲੇ ਕੀਤੇ ਗਏ। ਜਾਗਰੂਕਤਾ ਤੇ ਸਫ਼ਾਈ ਮੁਹਿੰਮਾਂ, ਟਾਇਲਟ ਨਿਰਮਾਣ ਦਾ ਕੰਮ, ਸਕੂਲ ਸਵੱਛਤਾ ਮੁਹਿੰਮ ਅਤੇ ਸਵੱਛਤਾ ਮੁਕਾਬਲਿਆਂ ਰਾਹੀਂ ਲੋਕਾਂ ਨੂੰ ਸਵੱਛ ਭਾਰਤ ਮੁਹਿੰਮ ਨਾਲ ਜੋੜਨ ਦੇ ਯਤਨ ਕੀਤੇ ਗਏ ਜਿਨ੍ਹਾਂ ਵਿੱਚੋਂ ਕੁਝ ਉਪਰਾਲਿਆਂ ਦੇ ਸਾਰਥਕ ਨਤੀਜੇ ਵੀ ਨਿਕਲ ਰਹੇ ਹਨ। ਪ੍ਰੰਤੂ ਸਾਡੇ ਦੇਸ਼ ਦੇ ਹਰ ਸ਼ਹਿਰ ਦੀ ਸਵੱਛਤਾ ਅਤੇ ਵਾਤਾਵਰਨ ਦੀ ਅਸਲ ਸਥਿਤੀ ਕੀ ਹੈ, ਇਹ ਕਿਸੇ ਤੋਂ ਛੁਪੀ ਨਹੀਂ ਹੈ।

ਪਲਾਸਟਿਕ ਦੇ ਲਿਫ਼ਾਫ਼ਿਆਂ ਨੇ ਜਿੱਥੇ ਵਾਤਾਵਰਨ ਵਿੱਚ ਜ਼ਹਿਰ ਘੋਲ ਦਿੱਤਾ ਹੈ, ਉੱਥੇ ਹੀ ਸਵੱਛਤਾ ਮੁਹਿੰਮ ਦੀ ਸਫਲਤਾ ਵਿੱਚ ਵੱਡੀ ਰੁਕਾਵਟ ਬਣ ਗਏ ਹਨ। ਪਲਾਸਟਿਕ ਦੀ ਖੋਜ ਦੀ ਗੱਲ ਤਾਂ ਭਾਵੇਂ 1862 ਈਸਵੀ ਤੋਂ ਹੀ ਸ਼ੁਰੂ ਹੋ ਗਈ ਸੀ। ਪ੍ਰੰਤੂ ਇਸ ਦਾ ਮੌਜੂਦਾ ਰੂਪ 1907 ਵਿੱਚ ਬੈਲਜੀਅਮ ਮੂਲ ਦੇ ਅਮਰੀਕੀ ਵਿਗਿਆਨੀ ਲਿਉ ਹੈਡ੍ਰਿਕ ਬੈਕਲੈਂਡ ਦੀ ਖੋਜ ਨਾਲ ਹੀ ਦੁਨੀਆ ਦੇ ਸਾਹਮਣੇ ਆਇਆ ਸੀ। ਉਸ ਨੇ 1912 ਵਿੱਚ ਜਦੋਂ ਇਸ ਦੀ ਘੋਸ਼ਣਾ ਕੀਤੀ ਤਾਂ ਇਸ ਨੂੰ ਮਨੁੱਖਤਾ ਦੀ ਸਹੂਲਤ ਵੱਲ ਵੱਡਾ ਕਦਮ ਅਤੇ ਵਿਗਿਆਨ ਦੀ ਅਦਭੁਤ ਖੋਜ ਦੱਸਿਆ ਗਿਆ ਸੀ।

ਥੋੜ੍ਹੇ ਸਮੇਂ ਵਿੱਚ ਹੀ ਪਲਾਸਟਿਕ ਪੂਰੇ ਵਿਸ਼ਵ ਵਿੱਚ ਮਨੁੱਖੀ ਜੀਵਨ ਦਾ ਅਟੁੱਟ ਅੰਗ ਬਣ ਗਿਆ। ਪਲਾਸਟਿਕ ਬੈਗਜ਼, ਪਲੇਟਾਂ, ਗਲਾਸ, ਚਮਚੇ, ਛੋਟੀਆਂ ਬੋਤਲਾਂ, ਪੈਕਿੰਗ ਲਈ ਵਰਤੋਂ ਵਿੱਚ ਆਉਣ ਵਾਲਾ ਪਲਾਸਟਿਕ, ਖਿਡੌਣੇ, ਪਾਈਪਾਂ, ਫਰਨੀਚਰ ਅਤੇ ਬਰਤਨਾਂ ਆਦਿ ਦੇ ਰੂਪ ਵਿੱਚ ਪਲਾਸਟਿਕ ਹੀ ਪਲਾਸਟਿਕ ਸਾਡੇ ਬਾਜ਼ਾਰਾਂ ਅਤੇ ਘਰਾਂ ਵਿੱਚ ਦਾਖ਼ਲ ਹੋ ਗਿਆ ਹੈ। ਦੁਨੀਆਂ ਭਰ ਵਿੱਚ ਲੋਕ ਇੱਕ ਮਿੰਟ ਵਿੱਚ ਪਲਾਸਟਿਕ ਦੀਆਂ 10 ਲੱਖ ਬੋਤਲਾਂ ਖ਼ਰੀਦਦੇ ਹਨ।

ਪਲਾਸਟਿਕ ਦੇ ਆਉਣ ਨਾਲ ਸਾਡਾ ਜੀਵਨ ਆਸਾਨ ਤਾਂ ਜ਼ਰੂਰ ਹੋਇਆ ਹੈ ਪ੍ਰੰਤੂ ਇਸ ਦੇ ਭਿਅੰਕਰ ਨਤੀਜੇ ਹੁਣ ਸਾਡੇ ਸਾਹਮਣੇ ਆਉਣ ਲੱਗੇ ਹਨ। ਸਾਡੇ ਦੇਸ਼ ਵਿੱਚ ਪੋਲੀਥੀਨ ਦੇ ਲਿਫ਼ਾਫ਼ਿਆਂ ਦਾ ਚਲਨ 1960 ਦੇ ਕਰੀਬ ਸ਼ੁਰੂ ਹੋਇਆ। ਇਸ ਉੱਪਰ ਬਹਿਸ ਤਾਂ ਉਸ ਸਮੇਂ ਹੀ ਸ਼ੁਰੂ ਹੋ ਗਈ ਸੀ ਪ੍ਰੰਤੂ 1970 ਵਿੱਚ ਇਸ ਵਿਰੁੱਧ ਆਵਾਜ਼ ਵੀ ਉੱਠਣ ਲੱਗੀ ਸੀ। ਪਲਾਸਟਿਕ ਸਿਹਤ ਅਤੇ ਵਾਤਾਵਰਨ ਦੋਹਾਂ ਲਈ ਹੀ ਨੁਕਸਾਨਦੇਹ ਹੈ। ਇਸ ਦਾ ਉਤਪਾਦਨ ਪੈਟਰੋਲੀਅਮ ਤੋਂ ਪ੍ਰਾਪਤ ਰਸਾਇਣਾਂ ਤੋਂ ਹੁੰਦਾ ਹੈ। ਪਲਾਸਟਿਕ ਨੂੰ ਰੀਸਾਈਕਲ ਕਰਨਾ ਬਹੁਤ ਵੱਡੀ ਸਮੱਸਿਆ ਹੈ।

ਕੁੱਲ ਉਤਪਾਦਨ ਦਾ 91 ਪ੍ਰਤੀਸ਼ਤ ਪਲਾਸਟਿਕ ਰੀਸਾਈਕਲ ਨਹੀਂ ਕੀਤਾ ਜਾ ਸਕਦਾ। ਉੱਥੇ ਇਸ ਕਾਰਨ ਸ਼ਹਿਰਾਂ ਦੀਆਂ ਨਾਲੀਆਂ, ਨਦੀਆਂ, ਨਹਿਰਾਂ, ਦਰਿਆਵਾਂ ਤੋਂ ਲੈ ਕੇ ਸਮੁੰਦਰ ਤੱਕ ਦੀ ਬਰਬਾਦੀ ਸਾਫ਼ ਨਜ਼ਰ ਆ ਰਹੀ ਹੈ। ਸ਼ਹਿਰਾਂ ਵਿੱਚ ਪੋਲੀਥੀਨ ਬੈਗਜ਼ ਕਾਰਨ ਸੀਵਰੇਜ ਜਾਮ ਦੀ ਸਮੱਸਿਆ ਗੰਭੀਰ ਰੂਪ ਧਾਰਨ ਕਰ ਜਾਂਦੀ ਹੈ। ਪਲਾਸਟਿਕ ਦੇ ਲਿਫ਼ਾਫ਼ਿਆਂ ਵਿੱਚ ਪੈਕ ਹੁੰਦੇ ਖਾਣ ਵਾਲੇ ਪਦਾਰਥ ਅਤੇ ਹੋਰ ਕਾਰਨਾਂ ਕਰ ਕੇ ਪਲਾਸਟਿਕ ਦੇ ਕਣ ਮਨੁੱਖੀ ਸਰੀਰ ਦੇ ਅੰਦਰ ਜਾਣਾ ਸਿਹਤ ਲਈ ਬੇਹੱਦ ਖ਼ਤਰਨਾਕ ਹੈ। ਇਸ ਕਾਰਨ ਪਸ਼ੂ, ਪੰਛੀ ਅਤੇ ਜਲ ਜੀਵ ਬਿਮਾਰ ਹੋ ਕੇ ਦਮ ਤੋੜ ਰਹੇ ਹਨ। ਸਮੁੰਦਰੀ ਜਲ ਜੀਵਾਂ ਲਈ ਤਾਂ ਪਲਾਸਟਿਕ ਪਦਾਰਥ ਬਹੁਤ ਵੱਡਾ ਖ਼ਤਰਾ ਬਣ ਚੁੱਕੇ ਹਨ।

ਮਿੱਟੀ ਦੀ ਉਪਜਾਊ ਸ਼ਕਤੀ ਵੀ ਪਲਾਸਟਿਕ ਕਾਰਨ ਘਟਦੀ ਜਾ ਰਹੀ ਹੈ। ਅਸੀਂ ਇਸ ਦੇ ਭਿਅੰਕਰ ਨਤੀਜਿਆਂ ਤੋਂ ਜਾਣੂ ਜ਼ਰੂਰ ਹਾਂ ਪਰ ਇਸ ਦੀ ਵਰਤੋਂ ਕਰਨਾ ਫਿਰ ਵੀ ਨਹੀਂ ਛੱਡ ਰਹੇ। ਸਰਕਾਰ ਦੇ ਯਤਨ ਅਤੇ ਪਾਬੰਦੀ ਲਗਾਉਣ ਦੇ ਬਾਵਜੂਦ ਇਸ ਦੀ ਵਰਤੋਂ ਸ਼ਰੇਆਮ ਹੋ ਰਹੀ ਹੈ। ਜੇ ਅਸੀਂ ਇਸ ਦੀ ਵਰਤੋਂ ਬੰਦ ਨਹੀਂ ਕਰ ਸਕਦੇ ਤਾਂ ਘੱਟੋ-ਘੱਟ ਇਸ ਦੀ ਵਰਤੋਂ ਦਾ ਤਰੀਕਾ ਤਾਂ ਜ਼ਰੂਰ ਸਿੱਖ ਲਈਏ। ਇਸ ਨੂੰ ਸਾੜਨ ਤੋਂ ਪੂਰੀ ਤਰਾਂ ਗੁਰੇਜ਼ ਕੀਤਾ ਜਾਵੇ। ਨਦੀਆਂ, ਨਾਲਿਆਂ, ਸੀਵਰੇਜ ਅਤੇ ਸਮੁੰਦਰ ਵਿੱਚ ਸੁੱਟਣ ਤੋਂ ਪੂਰੀ ਤਰ੍ਹਾਂ ਬਚਿਆ ਜਾਵੇ।

ਗਿਫਟ ਪੈਕ ’ਤੇ ਪਲਾਸਟਿਕ ਦੀ ਹੁੰਦੀ ਬੇਲੋੜੀ ਵਰਤੋਂ ਤੇ ਖ਼ਰਚ ਨੂੰ ਬੰਦ ਕੀਤਾ ਜਾਵੇ। ਬਾਜ਼ਾਰ ਜਾਂਦੇ ਸਮੇਂ ਕੱਪੜੇ ਦਾ ਥੈਲਾ ਨਾਲ ਰੱਖਣ ਦੀ ਆਦਤ ਚੰਗੀ ਸ਼ੁਰੂਆਤ ਹੋ ਸਕਦੀ ਹੈ। ਘਰ ਦਾ ਕੂੜਾ-ਕਰਕਟ ਪਲਾਸਟਿਕ ਦੇ ਲਿਫ਼ਾਫ਼ੇ ਵਿੱਚ ਪਾ ਕੇ ਗਲੀ ਦੇ ਕੋਨੇ ਵਿੱਚ ਰੱਖਣ ਦੀ ਆਦਤ ਨੂੰ ਮਨੁੱਖਤਾ ਦੀ ਭਲਾਈ ਲਈ ਛੱਡਣਾ ਹੋਵੇਗਾ। ਕੇਂਦਰੀ ਟਰਾਂਸਪੋਰਟ ਮੰਤਰੀ ਵੱਲੋਂ ਸੜਕ ਨਿਰਮਾਣ ਵਿੱਚ ਪਲਾਸਟਿਕ ਦੀ ਵਰਤੋਂ ਦੇ ਐਲਾਨ ਨੂੰ ਅਮਲੀਜਾਮਾ ਪਹਿਨਾ ਕੇ ਪਲਾਸਟਿਕ ਨੂੰ ਰੀਸਾਈਕਲ ਕੀਤਾ ਜਾ ਸਕਦਾ ਹੈ। ਪਲਾਸਟਿਕ ਦੀਆਂ ਖ਼ਾਲੀ ਬੋਤਲਾਂ ਵਿੱਚ ਵਰਤੋਂ ਕੀਤੇ ਪੋਲੀਥੀਨ ਬੈਗ ਭਰ ਕੇ ਈਕੋ ਬ੍ਰਿਕਸ ਬਣਾਉਣ ਦਾ ਉਪਰਾਲਾ ਬੇਹੱਦ ਸ਼ਲਾਘਾਯੋਗ ਹੈ। ਇਨ੍ਹਾਂ ਦੀ ਵਰਤੋਂ ਬਗੀਚੇ ਦੀ ਸੁੰਦਰਤਾ, ਪਾਰਕ ਦੀ ਵਾੜ , ਸਜਾਵਟੀ ਸਾਮਾਨ ਅਤੇ ਫਰਨੀਚਰ ਬਣਾਉਣ ਲਈ ਬਹੁਤ ਹੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਸਵੱਛਤਾ ਮੁਹਿੰਮ ਨੂੰ ਸਫਲ ਬਣਾਉਣਾ ਹਰ ਨਾਗਰਿਕ ਦਾ ਮੁੱਢਲਾ ਫ਼ਰਜ਼ ਹੈ। ਇਸ ਲਈ ਆਓ, ਸਵੱਛਤਾ ਨੂੰ ਸ਼ੌਕ ਬਣਾਉਣ ਦੀ ਪਹਿਲ ਕਰਨ ਲਈ ਪਲਾਸਟਿਕ ਬੈਗਜ਼ ਦੀ ਵਰਤੋਂ ਨਾ ਕਰਨ ਦਾ ਪ੍ਰਣ ਲਈਏ ਅਤੇ ਪਲਾਸਟਿਕ ਪ੍ਰਦੂਸ਼ਣ ਨੂੰ ਘੱਟ ਕਰਨ ਵਿੱਚ ਵਡਮੁੱਲਾ ਯੋਗਦਾਨ ਪਾਈਏ।

# ਰੋਟੀ, ਕਪੜਾ ਤੇ ਮਕਾਨ ਦੀ ਸਮੱਸਿਆ ਅੱਜ ਵੀ ਉੱਥੇ ਦੀ ਉੱਥੇ

ਦਿਨੇਸ਼ ਦਮਾਥੀਆ





ਅੱਜ ਅਸੀਂ ਭਾਵੇਂ ਬਹੁਤ ਤਰੱਕੀ ਕਰ ਲਈ ਹੈ ਪਰ ਫ਼ਿਰ ਵੀ ਸਾਡੀਆਂ ਕਈ ਅਜਿਹੀਆਂ ਬੁਨਿਆਦੀ ਲੋੜਾਂ ਹਨ ਜਿਨਾਂ ਦੀ ਪੂਰਤੀ ਕਰਨਾ ਸਾਡੇ ਲਈ ਬਹੁਤ ਔਖਾ ਹੈ। ਬਹੁਤ ਸਾਰੇ ਅਜਿਹੇ ਪਰਿਵਾਰ ਹਨ ਜਿਹਨਾਂ ਦੀਆਂ ਬੁਨਿਆਦੀ ਲੋੜਾਂ ਭਾਵ ਰੋਟੀ, ਕਪੜਾ ਅਤੇ ਮਕਾਨ ਦੀ ਸੱਮਸਿਆ ਇਉਂ ਦੀ ਤਿਉਂ ਬਣੀ ਹੋਈ ਹੈ। ਵੱਧ ਰਹੀ ਮਹਿੰਗਾਈ ਦੇ ਕਰਕੇ ਕੁਝ ਲੋਕਾਂ ਲਈ ਇਹਨਾਂ ਜ਼ਰੂਰਤਾਂ ਨੂੰ ਪੂਰਾ ਕਰਨਾ ਅਸੰਭਵ ਲਗਦਾ ਹੈ। ਅੱਜ ਦੇ ਕੰਮਕਾਜੀ ਮਾਹੌਲ ਵਿੱਚ ਅਮੀਰ ਹੋਰ ਅਮੀਰ ਅਤੇ ਗ਼ਰੀਬ ਹੋਰ ਗ਼ਰੀਬ ਹੋ ਰਹੇ ਹਨ। ਇਸ ਸਭ ਦੇ ਚਲਦੇ ਬੇਰੁਜ਼ਗਾਰੀ ਦੀ ਸਮੱਸਿਆ ਵੀ ਇੱਕ ਅਹਿਮ ਭੂਮਿਕਾ ਨਿਭਾਉਂਦੀ ਹੈ ਜਿਸ ਨਾਲ ਲੋਕਾਂ ਦੀ ਆਰਥਿਕਤਾ ਡਗਮਗਾ ਰਹੀ ਹੈ। ਪੈਸੇ ਦੀ ਕੀਮਤ ਘਟਣ ਕਰਕੇ ਲੋਕ ਜਿੰਨਾਂ ਕਮਾਉਂਦੇ ਹਨ ਉਹ ਉਹਨਾਂ ਦੇ ਰੋਜ਼ਾਨਾ ਖਰਚਿਆਂ ਵਿੱਚ ਹੀ ਖਰਚ ਹੋ ਜਾਂਦਾ ਹੈ। ਵੱਧ ਰਹੀ ਆਬਾਦੀ ਕਰਕੇ ਵੀ ਆਮ ਲੋਕਾਂ ਨੂੰ ਰੋਟੀ, ਕਪੜਾ ਅਤੇ ਮਕਾਨ ਅਸਾਨੀ ਨਾਲ ਨਹੀਂ ਮਿਲਦੇ। ਇਸੇ ਕਰਕੇ ਰਹਿਣ ਯੋਗ ਜ਼ਮੀਨ ਵੀ ਦਿਨੋ-ਦਿਨ ਘਟਦੀ ਜਾ ਰਹੀ ਹੈ। ਗ਼ਰੀਬ ਲੋਕਾਂ ਦਾ ਸ਼ੋਸ਼ਣ ਹੋ ਰਿਹਾ ਹੈ। ਹਰ ਪਾਸੇ ਬੁਨਿਆਦੀ ਲੋੜਾਂ ਲਈ ਲੜਾਈ ਚਲ ਰਹੀ ਹੈ। ਲੋਕਾਂ ਵਿੱਚ ਅਪਰਾਧ ਕਰਨ ਦੀ ਸੋਚ ਵੱਧ ਰਹੀ ਹੈ। ਬਹੁਤੀ ਗ਼ਰੀਬੀ ਵਿੱਚ ਰਹਿ ਰਹੇ ਲੋਕਾਂ ਲਈ ਤਾਂ ਤਨ ਢਕਣ ਲਈ ਕਪੜਾ ਵੀ ਨਸੀਬ ਵਿੱਚ ਨਹੀਂ ਹੁੰਦਾ। ਅਮੀਰੀ ਗ਼ਰੀਬੀ ਦੇ ਚਲਦੇ ਕਿਸੇ ਕੋਲ ਰਹਿਣ ਨੂੰ ਇੱਕ ਘਰ ਵੀ ਨਹੀਂ ਤੇ ਕਿਸੇ ਕੋਲ ਅਨੇਕਾਂ ਬੰਗਲੇ ਹਨ। ਭਾਵੇਂ ਉਹ ਸਭ ਖਾਲੀ ਅਤੇ ਸੁਨਸਾਨ ਹੀ ਪਏ ਹੋਣ। ਅਮੀਰਾਂ ਵੱਲੋਂ ਅਕਸਰ ਰੋਟੀ, ਕਪੜਾ ਅਤੇ ਮਕਾਨ ਦੀ ਬੇਅਦਬੀ ਕਰਦੇ ਦੇਖਿਆ ਜਾ ਸਕਦਾ ਹੈ। ਸਰਕਾਰੀ ਗੁਦਾਮਾਂ ਵਿੱਚ ਹਜ਼ਾਰਾਂ ਲੱਖਾਂ ਟਨ ਅਨਾਜ ਖਰਾਬ ਹੋ ਜਾਂਦਾ ਹੈ ਪਰ ਇੱਕ ਗ਼ਰੀਬ ਦੀ ਪਹੁੰਚ ਵਿੱਚ ਨਹੀਂ ਹੁੰਦਾ। ਕਿਸੇ ਗ਼ਰੀਬ ਨੂੰ ਉਹ ਅਨਾਜ ਨਹੀਂ ਮਿਲਦਾ ਚਾਹੇ ਉਹ ਗੁਦਾਮਾਂ ਵਿੱਚ ਪਿਆ ਗਲ-ਸੜ ਹੀ ਕਿਉਂ ਨਾ ਜਾਵੇ। ਸਾਡੀਆਂ ਸਰਕਾਰਾਂ ਦਾ ਇਸ ਪਾਸੇ ਕੋਈ ਵੀ ਧਿਆਨ ਨਹੀਂ ਹੈ। ਲੋਕਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ ਪਰ ਜ਼ਮੀਨ ਤਾਂ ਸੀਮਤ ਹੈ ਇਸ ਲਈ ਹਰ ਕਿਸੇ ਲਈ ਆਪਣਾ ਘਰ ਹੋਣਾ ਅਸੰਭਵ ਹੋ ਰਿਹਾ ਹੈ। ਇੱਕ ਬੰਦੇ ਨੇ ਆਪਣੇ ਨਾਂ ’ਤੇ ਕਈ-ਕਈ ਪਲਾਟ ਅਤੇ ਮਕਾਨ ਖਰੀਦੇ ਹੋਏ ਹਨ। ਕੀ ਸਰਕਾਰ ਨੂੰ ਅਜਿਹੇ ਲੋਕਾਂ ’ਤੇ ਨਜ਼ਰ ਨਹੀਂ ਰੱਖਣੀ ਚਾਹੀਦੀ? ਕਿਰਾਏ ’ਤੇ ਰਹਿ ਰਹੇ ਲੋਕਾਂ ਨਾਲ ਵੀ ਮਾਲਕ ਮਕਾਨ ਲੋਕਾਂ ਰਾਹੀਂ ਕਈ ਤਰਾਂ ਦੀ ਲੁੱਟ-ਘਸੁੱਟ ਕੀਤੀ ਜਾਂਦੀ ਹੈ। ਰੇਤਾ, ਬਜਰੀ, ਸੀਮੇਂਟ, ਲੋਹਾ, ਇਟਾਂ ਅਤੇ ਮਕਾਨ ਦੀ ਉਸਾਰੀ ਲਈ ਹੋਰ ਜ਼ਰੂਰੀ ਚੀਜ਼ਾਂ ਦੀ ਕੀਮਤ ਵੀ ਆਕਾਸ਼ ਨੂੰ ਛੂਹ ਰਹੀਆਂ ਹਨ ਜਿਸ ਨਾਲ ਮਕਾਨ ਖਰੀਦਣਾ ਜਾਂ ਬਣਾਉਣਾ ਆਮ ਗ਼ਰੀਬ ਲੋਕਾਂ ਦੇ ਵੱਸ ਦੀ ਗਲ ਨਹੀਂ ਰਹੀ। ਅਮੀਰ ਲੋਕਾਂ ਦੇ ਵਿਆਹਾਂ ਅਤੇ ਹੋਰ ਸਮਾਗਮਾਂ ਵਿੱਚ ਰੋਟੀ ਦੀ ਫ਼ਿਜ਼ੂਲ ਵਿੱਚ ਬੇਅਦਬੀ ਹੁੰਦੀ ਅਸੀਂ ਆਮ ਦੇਖਦੇ ਹਾਂ ਪਰ ਇੱਕ ਗ਼ਰੀਬ ਨੂੰ ਰੋਟੀ ਮਿਲ ਸਕੇ ਇਸ ਲਈ ਸਭ ਮਜਬੂਰ ਹਨ। ਭੋਜਨ ਦੀ ਬਰਬਾਦੀ ਹੱਦ ਤੋਂ ਵੱਧ ਹੋ ਰਹੀ ਹੈ। ਇਸੇ ਤਰਾਂ ਕਪੜੇ ਦੀ ਵੀ ਦੁਨੀਆਂ ਭਰ ਵਿੱਚ ਬਹੁਤ ਬਰਬਾਦੀ ਹੋ ਰਹੀ ਹੈ। ਕਪੜੇ ਦੇ ਉਤਪਾਦਨ ਵਿੱਚ ਵੀ ਬਹੁਤ ਕਮੀ ਆਈ ਹੈ ਅਤੇ ਕਪੜਾ ਬਹੁਤ ਮਹਿੰਗਾ ਹੋ ਗਿਆ ਹੈ। ਗ਼ਰੀਬ ਲੋਕਾਂ ਲਈ ਇਹ ਵੀ ਇੱਕ ਵੱਡੀ ਸਮੱਸਿਆ ਹੈ। ਕਿਸਾਨ ਜੋ ਇਹ ਸਭ ਪੈਦਾ ਕਰਦੇ ਹਨ ਉਹ ਵੀ ਆਪਣੀਆਂ ਜ਼ਮੀਨਾਂ ਨੂੰ ਵੇਚ ਕੇ ਵਿਦੇਸ਼ਾਂ ਵਲ ਨੂੰ ਭੱਜ ਰਹੇ ਹਨ।

ਪਰ ਹੁਣ ਲੋੜ ਹੈ ਕਿ ਕਿਸਾਨ ਨੂੰ ਨਰਮੇਂ-ਕਪਾਹ ਅਤੇ ਹੋਰ ਅਨਾਜ ਵਾਲੀਆਂ ਫ਼ਸਲਾਂ ਦੀ ਕਾਸ਼ਤ ਕਰਨ ਦੀ ਤਾਂ ਜੋ ਦੇਸ਼ ਵਿੱਚ ਹਰ ਗ਼ਰੀਬ ਤੋਂ ਗ਼ਰੀਬ ਇਨਸਾਨ ਨੂੰ ਵੀ ਰੋਟੀ, ਕਪੜਾ ਅਤੇ ਮਕਾਨ ਜਿਹੀਆਂ ਸਹੂਲਤਾਂ ਮਿਲ ਸਕਣ। ਰੋਟੀ ਲਈ ਅਨਾਜ ਅਤੇ ਕਪੜੇ ਲਈ ਕਪਾਹ ਦੀ ਖੇਤੀ ਬਹੁਤ ਘੱਟਦੀ ਜਾ ਰਹੀ ਹੈ। ਇਸ ਲਈ ਇਹ ਵਸਤੂਆਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਹਨ। ਵਿਦੇਸ਼ਾਂ ਤੋਂ ਕੁਝ ਦਿਨਾਂ ਲਈ ਵਾਪਸ ਪਰਤੇ ਪਰਵਾਸੀ ਲੋਕਾਂ ਕਰਕੇ ਵੀ ਮਹਿੰਗਾਈ ਵਿੱਚ ਬਹੁਤ ਜ਼ਿਆਦਾ ਵਾਧਾ ਹੋ ਰਿਹਾ ਹੈ। ਅੰਨ ਨੂੰ ਪੈਦਾ ਕਰਨਾ ਇੱਕ ਕਿਸਾਨ ਲਈ ਬਹੁਤ ਔਖਾ ਹੈ ਇਸ ਲਈ ਸਭ ਨੂੰ ਚਾਹੀਦਾ ਹੈ ਕਿ ਇਸ ਦੀ ਬੇਅਦਬੀ ਅਤੇ ਬਰਬਾਦੀ ਨਾ ਹੋਵੇ। ਘਰ ਵੀ ਇੱਕੋ ਹੋਵੇ ਪਰ ਜ਼ਰੂਰੀ ਹੈ ਕਿ ਉਸ ਘਰ ਵਿੱਚ ਦੁਨੀਆਂ ਭਰ ਦੀਆਂ ਖੁਸ਼ੀਆਂ ਹੋਣ ਅਤੇ ਘਰ ਵਿੱਚ ਸਭ ਇੱਕ ਦੂਜੇ ਨੂੰ ਪਿਆਰ ਕਰਨ। ਹਰ ਗ਼ਰੀਬ ਅਤੇ ਲੋੜਮੰਦ ਨੂੰ ਰੋਟੀ, ਕਪੜਾ ਅਤੇ ਮਕਾਨ ਮਿਲਣਾ ਚਾਹੀਦਾ ਹੈ। ਸਰਕਾਰ ਨੂੰ ਵੀ ਗ਼ਰੀਬਾਂ ਦੀ ਇਸ ਬਾਰੇ ਮਦਦ ਕਰਨ ਦੀ ਲੋੜ ਹੈ। ਰੋਟੀ, ਕਪੜਾ ਅਤੇ ਮਕਾਨ ਜਿਹੀਆਂ ਬੁਨਿਆਦੀ ਜ਼ਰੂਰਤਾਂ ਸੰਬੰਧੀ ਸਰਕਾਰੀ ਕਾਨੂੰਨ ਬਣਨੇ ਚਾਹੀਦੇ ਹਨ।ਕਾਲਾਬਜ਼ਾਰੀ ਅਤੇ ਚੋਰਬਾਜ਼ਾਰੀ ਨੂੰ ਠੱਲ ਪਾਉਣੀ ਬਹੁਤ ਜ਼ਰੂਰੀ ਹੈ। ਅਮੀਰ ਲੋਕਾਂ ਦੁਆਰਾ ਰੋਟੀ ਅਤੇ ਕਪੜਾ ਗ਼ਰੀਬ ਲੋਕਾਂ ਅਤੇ ਜ਼ਰੂਰਤਮੰਦਾਂ ਨੂੰ ਦਾਨ ਵੀ ਕੀਤਾ ਜਾ ਸਕਦਾ ਹੈ ਤਾਂ ਜੋ ਸਭ ਲੋਕ ਆਪਣੇ ਆਪ ਨੂੰ ਇਹਨਾਂ ਬੁਨਿਆਦੀ ਜ਼ਰੂਰਤਾਂ ਤੋਂ ਵਾਂਝੇ ਨਾ ਸਮਝਣ। ਗ਼ਰੀਬ ਲੋਕਾਂ ਲਈ ਰਹਿਣ ਲਈ ਅਨਾਥ ਆਸ਼ਰਮਾਂ ਦਾ ਨਿਰਮਾਣ ਵੀ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ। ਮੁਕਦੀ ਗਲ ਤਾਂ ਇਹ ਹੈ ਕਿ ਇਨਸਾਨ ਦੀ ਮਦਦ ਕਰਨਾ ਸਭ ਤੋਂ ਵੱਡਾ ਧਰਮ ਹੁੰਦਾ ਹੈ।



# ਕੀ ਹੈ ਉੱਡਣ ਤੱਸਤਰੀਆਂ ਅਤੇ ਏਲੀਅਨ ਦਾ ਰਹੱਸ?

## ਉੱਡਣ ਤੱਸਤਰੀਆਂ ਅਤੇ ਏਲੀਅਨ ਬਾਰੇ ਵਿਸ਼ੇਸ਼ ਜਾਂਚ ਕਰ ਰਹੇ ਹਨ ਨਾਸਾ ਦੇ ਵਿਗਿਆਨੀ



## ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਦੀ ਸਹਾਇਤਾ ਨਾਲ ਲੱਭਿਆ ਜਾਵੇਗਾ ਉੱਡਣ ਤੱਸਤਰੀਆਂ ਦਾ ਰਹੱਸ

ਸਾਡੀ ਧਰਤੀ ਤੋਂ ਇਲਾਵਾ ਕਿਸੇ ਹੋਰ ਗ੍ਰਹਿ ’ਤੇ ਮਨੁੱਖੀ ਜੀਵਨ ਜਾਂ ਏਲੀਅਨ ਦੀ ਮੌਜੂਦਗੀ ਅਤੇ ਉੱਡਣ ਤੱਸਤਰੀਆਂ ਲੰਬੇ ਸਮੇਂ ਤੋਂ ਵਿਗਿਆਨੀਆਂ ਲਈ ਵੱਡਾ ਰਹੱਸ ਬਣੇ ਹੋਏ ਹਨ। ਅਸਮਾਨ ਵਿੱਚ ਉੱਡਣ ਵਾਲੀ ਇੱਕ ਅਣਪਛਾਤੀ ਵਸਤੂ ਨੂੰ ਉੱਡਣ ਤਸੱਤਰੀ ਜਾਂ ਯੂ.ਐਫ.ਓ. ਕਿਹਾ ਜਾਂਦਾ ਹੈ। ਦੁਨੀਆਂ ਦੇ ਵੱਖ- ਵੱਖ ਹਿੱਸਿਆਂ ਵਿੱਚ ਅਕਸਰ ਲੋਕ ਦਾਅਵਾ ਕਰਦੇ ਹਨ ਕਿ ਉਹਨਾਂ ਨੇ ਉੱਡਣ ਤਸੱਤਰੀ ਜਾਂ ਕਿਸੇ ਹੋਰ ਗ੍ਰਹਿ ਦਾ ਜਹਾਜ਼ ਵੇਖਿਆ ਹੈ, ਪਰ ਇਹਨਾਂ ਦਾਅਵਿਆਂ ਦੀ ਹੁਣ ਤੱਕ ਪ੍ਰਮਾਣਤਿਕਤਾ ਸਾਹਮਣੇ ਨਹੀਂ ਆਈ ਹੈ। ਸੈਂਕੜੇ ਉੱਡਣ ਤਸੱਤਰੀਆਂ ਨੂੰ ਵੇਖਣ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੀ ਅਮਰੀਕੀ ਪੁਲਾੜ ਏਜੰਸੀ ਨਾਸਾ ਨੂੰ ਸੰਕੇਤ ਮਿਲੇ ਹਨ ਕਿ ਧਰਤੀ ਦੇ ਬਾਹਰ ਏਲੀਅਨ ਮੌਜੂਦ ਹੋ ਸਕਦੇ ਹਨ।ਵਿਗਿਆਨੀਆਂ ਦੇ ਅਨੁਸਾਰ, ਅਣਪਛਾਤੀਆਂ ਉੱਡਣ ਵਾਲੀਆਂ ਤਸੱਤਰੀਆਂ ਧਰਤੀ ਦੇ ਸਭ ਤੋਂ ਵੱਡੇ ਰਹੱਸਾਂ ਵਿੱਚੋਂ ਇੱਕ ਹਨ।

ਨਾਸਾ ਦੇ ਵਿਗਿਆਨੀਆਂ ਨੇ ਅਣਆਈਡੈਂਟੀਫਾਈਡ ਫਲਾਇੰਗ ਆਬਜੈਕਟ ਬਾਰੇ ਆਪਣੀ 33 ਪੰਨਿਆਂ ਦੀ ਰਿਪੋਰਟ ਵਿੱਚ ਚਿਤਾਵਨੀ ਦਿੱਤੀ ਕਿ ਉਡਣ ਤਸੱਤਰੀਆਂ ਜਾਂ ਯੂ.ਐਫ.ਓ. ਬਾਰੇ ਨਕਾਰਾਤਮਕ ਧਾਰਨਾ ਉਨ੍ਹਾਂ ਬਾਰੇ ਜਾਣਕਾਰੀ ਇਕੱਠੀ ਕਰਨ ਵਿੱਚ ਰੁਕਾਵਟ ਬਣ ਰਹੀ ਹੈ, ਪਰ ਅਧਿਕਾਰੀਆਂ ਨੇ ਕਿਹਾ ਕਿ ਨਾਸਾ ਦੀ ਸ਼ਮੂਲੀਅਤ ਇਸ ਬਾਰੇ ਨਕਾਰਾਤਮਕਤਾ ਨੂੰ ਦੂਰ ਕਰਨ ਵਿੱਚ ਮਦਦ ਕਰੇਗੀ। ਨਾਸਾ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਹ ਮੰਨਦਾ ਹੈ ਕਿ ਏਲੀਅਨ ਧਰਤੀ ਤੋਂ ਬਾਹਰ ਕਿਤੇ ਮੌਜੂਦ ਹਨ। ਨਾਸਾ ਦੇ ਪ੍ਰਸ਼ਾਸਕ ਬਿਲ ਨੈਲਸਨ ਨੇ ਇਸ ਦਿਸ਼ਾ ਵਿੱਚ ਪਾਰਦਰਸ਼ੀ ਯਤਨਾਂ ਦਾ ਵਾਅਦਾ ਕੀਤਾ। ਨਾਸਾ ਨੇ ਕਿਹਾ ਕਿ ਅਣਪਛਾਤੇ ਫਲਾਇੰਗ ਸਾਸਰ/ਉੱਡਣ ਤਸੱਤਰੀਆਂ (ਯੂ.ਐਫ.ਓ.) ਦੇ ਅਧਿਐਨ ਲਈ ਆਧੁਨਿਕ ਉਪਗ੍ਰਹਿਆਂ ਸਮੇਤ ਨਵੀਆਂ ਵਿਗਿਆਨਕ ਤਕਨੀਕਾਂ ਦੀ ਲੋੜ ਹੋਵੇਗੀ।



ਨਾਸਾ ਨੇ ਇਹ ਸਿੱਟਾ ਯੂ.ਐਫ.ਓ. ’ਤੇ ਇੱਕ ਸਾਲ ਲੰਬੇ ਅਧਿਐਨ ਤੋਂ ਬਾਅਦ ਜਾਰੀ ਕੀਤਾ ਹੈ।ਧਰਤੀ ਦੇ ਬਾਹਰ ਏਲੀਅਨ ਹੋਣ ਦੇ ਸੰਕੇਤ ਮਿਲਣ ਤੋਂ ਬਾਅਦ ਨਾਸਾ ਦੇ ਵਿਗਿਆਨੀਆਂ ਨੇ ਵਿਸ਼ੇਸ਼ ਵਿਗਿਆਨੀਆਂ ਦੀ ਟੀਮ ਬਣਾਈ ਹੈ। ਇਸ ਵਿੱਚ 16 ਗਰੁੱਪ ਮੈਂਬਰ ਸ਼ਾਮਲ ਕੀਤੇ ਗਏ ਹਨ। ਵਿਗਿਆਨੀਆਂ ਨੇ ਕਿਹਾ ਹੈ ਕਿ ਇਨ੍ਹਾਂ ਦੁਰਲੱਭ ਘਟਨਾਵਾਂ ਦੀ ਪਛਾਣ ਕਰਨ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਸਭ ਤੋਂ ਮਹੱਤਵਪੂਰਨ ਸਾਧਨ ਹਨ।

ਵਿਗਿਆਨੀ ਦਾਅਵਾ ਕਰਦੇ ਹਨ ਕਿ ਬ੍ਰਹਿਮੰਡ ਦੀ ਸ਼ੁਰੂਆਤ ਲਗਭਗ 13.7 ਬਿਲੀਅਨ ਸਾਲ ਪਹਿਲਾਂ ‘ਬਿਗ ਬੈਂਗ’ ਤੋਂ ਹੋਈ ਸੀ। ਇਸ ਤੋਂ ਬਾਅਦ ਬ੍ਰਹਿਮੰਡ ਫੈਲਣਾ ਸ਼ੁਰੂ ਹੋਇਆ ਅਤੇ ਕਈ ਗਲੈਕਸੀਆਂ ਬਣੀਆਂ। ਸਮੇਂ ਦੇ ਨਾਲ, ਸਾਡਾ ਸੂਰਜੀ ਸਿਸਟਮ ਆਕਾਸ਼ਗੰਗਾ ਵਿੱਚ ਬਣਿਆ ਅਤੇ ਧਰਤੀ ਦਾ ਜਨਮ ਹੋਇਆ। ਧਰਤੀ ’ਤੇ ਜੀਵਨ ਦੀ ਸ਼ੁਰੂਆਤ ਲਗਭਗ 450 ਕਰੋੜ ਸਾਲ ਪਹਿਲਾਂ ਹੋਈ ਸੀ।

ਖਗੋਲ-ਵਿਗਿਆਨੀ ਇਹ ਵੀ ਮੰਨਦੇ ਹਨ ਕਿ ਬ੍ਰਹਿਮੰਡ ਦੇ ਦੂਰ-ਦੁਰਾਡੇ ਕੋਨਿਆਂ ਵਿੱਚ ਧਰਤੀ ਨਾਲੋਂ ਹਜ਼ਾਰਾਂ ਅਤੇ ਲੱਖਾਂ ਗੁਣਾ ਵੱਧ ਵਿਕਸਤ ਬੁੱਧੀਮਾਨ ਸਭਿਅਤਾਵਾਂ ਦੀ ਹੋਂਦ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਵੀ ਸੰਭਵ ਹੈ ਕਿ ਕਿਸੇ ਗ੍ਰਹਿ ’ਤੇ ਜੀਵਨ ਆਪਣੀ ਸ਼ੁਰੂਆਤੀ ਅਵਸਥਾ ਵਿੱਚ ਹੋ ਸਕਦਾ ਹੈ, ਜਿੱਥੇ ਵਿਕਾਸ ਦੀ ਪ੍ਰਕਿਰਿਆ ਅਜੇ ਵੀ ਚੱਲ ਰਹੀ ਹੈ। ਮੁੱਕਦੀ ਗੱਲ ਇਹ ਹੈ ਕਿ ਮੌਜੂਦਾ ਵਿਗਿਆਨ ਅਨੁਸਾਰ ਧਰਤੀ ਤੋਂ ਇਲਾਵਾ ਕਿਸੇ ਵੀ ਗ੍ਰਹਿ ਜਾਂ ਆਕਾਸ਼ੀ ਸਰੀਰ ’ਤੇ ਜੀਵਨ ਦੇ ਵਧਣ-ਫੁੱਲਣ ਦਾ ਕੋਈ ਕਾਰਨ ਨਹੀਂ ਹੈ।

ਦੁਨੀਆਂ ਭਰ ਦੇ ਲੱਖਾਂ ਲੋਕ ਮੰਨਦੇ ਹਨ ਕਿ ਏਲੀਅਨ ਉੱਡਣ ਤਸੱਤਰੀਆਂ ਵਿੱਚ ਧਰਤੀ ’ਤੇ ਆਉਂਦੇ ਰਹਿੰਦੇ ਹਨ ਪਰ ਅੱਜ ਤੱਕ, ਕੋਈ ਠੋਸ ਸਬੂਤ ਨਹੀਂ ਮਿਲਿਆ ਹੈ ਕਿ ਏਲੀਅਨ ਅਸਲ ਵਿੱਚ ਯੂ.ਐਫ.ਓ. ਰਾਹੀਂ ਧਰਤੀ ’ਤੇ ਆਉਂਦੇ ਹਨ ਜਾਂ ਨਹੀਂ। ਆਮ ਤੌਰ ’ਤੇ, ਵਿਗਿਆਨਕ ਭਾਈਚਾਰਾ ਉੱਡਣ ਤਸੱਤਰੀਆਂ ਦੇਖਣ ਦੇ ਦਾਅਵਿਆਂ ਵਿੱਚ ਵਿਸ਼ਵਾਸ ਨਹੀਂ ਕਰਦਾ ਹੈ ਅਤੇ ਤਾਰਿਆਂ ਵਿਚਕਾਰ ਵਿਸ਼ਾਲ ਦੂਰੀਆਂ ਦੇ ਮੱਦੇਨਜ਼ਰ ਇਸਦੀ ਸੰਭਾਵਨਾ ਨੂੰ ਰੱਦ ਕਰਦਾ ਹੈ। ਖਗੋਲ-ਵਿਗਿਆਨੀਆਂ ਦੇ ਅਜਿਹੇ ਠੰਡੇ ਪ੍ਰਤੀਕਰਮਾਂ ਦੇ ਬਾਵਜੂਦ, ਉੱਡਣ ਤਸ਼ਤਰੀਆਂ ਨੂੰ ਵੇਖਣ ਦੇ ਦਾਅਵਿਆਂ ਵਿੱਚ ਕੋਈ ਕਮੀ ਨਹੀਂ ਆਈ ਹੈ। 2017 ਵਿੱਚ ਨਿਊਯਾਰਕ ਟਾਈਮਜ਼ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕਈ ਨੇਵੀ ਪਾਇਲਟਾਂ ਨੇ ਉਡਾਣ ਦੌਰਾਨ ਯੂ.ਐਫ.ਓ. ਦੇਖੇ ਸਨ। ਪੈਂਟਾਗਨ ਨੇ ਹਾਲ ਹੀ ਵਿੱਚ ਇਸ ਘਟਨਾ ਦੀ ਵੀਡੀਓ ਜਨਤਕ ਕੀਤੀ ਹੈ। ਇਸ ਵੀਡੀਓ ’ਚ ਸਾਫ਼ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਤੇਜ਼ ਰਫ਼ਤਾਰ ਅਣਪਛਾਤੀ ਵਸਤੂਆਂ ਜਲ ਸੈਨਾ ਦੇ ਪਾਇਲਟਾਂ ਦੇ ਜਹਾਜ਼ਾਂ ਨੂੰ ਓਵਰਟੇਕ ਕਰ ਰਹੀਆਂ ਹਨ। ਹਾਲਾਂਕਿ, ਅਮਰੀਕੀ ਫੌਜ ਅਤੇ ਖੁਫੀਆ ਏਜੰਸੀਆਂ ਨੂੰ ਆਪਣੀ ਜਾਂਚ ਵਿੱਚ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਕਿ ਫੌਜੀ ਪਾਇਲਟਾਂ ਦੁਆਰਾ ਦੇਖੇ ਗਏ ਵਸਤੂਆਂ ਯੂ.ਐਫ.ਓ. ਜਾਂ ਉੱਡਣ ਤਸੱਤਰੀਆਂ ਸਨ। ਅਮਰੀਕਾ ਤੋਂ ਇਲਾਵਾ ਬਰਤਾਨੀਆ, ਜਾਪਾਨ, ਕੈਨੇਡਾ, ਚੀਨ ਆਦਿ ਦੇਸ਼ਾਂ ਅਤੇ ਭਾਰਤ ਵਿੱਚ ਵੀ ਉੱਡਣ ਤਸੱਤਰੀਆਂ ਨੂੰ ਦੇਖਣ ਦੇ ਦਾਅਵੇ ਕੀਤੇ ਗਏ ਹਨ। ਹਾਲਾਂਕਿ ਸਮੇਂ ਦੇ ਨਾਲ ਇਨ੍ਹਾਂ ਦਾਅਵਿਆਂ ਦਾ ਵੀ ਪਰਦਾਫਾਸ਼ ਹੋ ਗਿਆ। ਕਈ ਵਾਰ, ਜਦੋਂ ਬਾਅਦ ਵਿੱਚ ਉੱਡਣ ਤਸੱਤਰੀਆਂ ਦੇਖਣ ਦੇ ਦਾਅਵਿਆਂ ਦੀ ਜਾਂਚ ਕੀਤੀ ਗਈ, ਤਾਂ ਉਹਨਾਂ ਦੀ ਪਛਾਣ ਕੁਦਰਤੀ ਅਤੇ ਮਨੁੱਖ ਦੁਆਰਾ ਬਣਾਈਆਂ ਚੀਜ਼ਾਂ ਵਜੋਂ ਕੀਤੀ ਗਈ।

ਉੱਡਣ ਤਸੱਤਰੀਆਂ ਦੇਖਣ ਦੀਆਂ ਘਟਨਾਵਾਂ 1947 ਤੋਂ ਲਗਾਤਾਰ ਮੀਡੀਆ ਵਿੱਚ ਸਾਹਮਣੇ ਆ ਰਹੀਆਂ ਹਨ। ਇਸ ਦੌਰਾਨ ਸੱਤ ਦਹਾਕੇ ਬੀਤ ਚੁੱਕੇ ਹਨ ਪਰ ਅਜਿਹਾ ਲੱਗਦਾ ਹੈ ਕਿ ਯੂ.ਐਫ.ਓ. ਮਾਮਲੇ ਵਿੱਚ ਕੋਈ ਮਹੱਤਵਪੂਰਨ ਪ੍ਰਗਤੀ ਨਹੀਂ ਹੋਈ ਹੈ, ਭਾਵੇਂ ਉਹ ਮੌਜੂਦ ਹਨ ਜਾਂ ਨਹੀਂ ਇਸ ਬਾਰੇ ਅਜੇ ਤੱਕ ਸਹੀ ਢੰਗ ਨਾਲ ਖੁਲਾਸਾ ਨਹੀਂ ਕੀਤਾ ਗਿਆ ਹੈ। ਵੈਸੇ ਵੀ, ਜ਼ਿਆਦਾਤਰ ਵਿਗਿਆਨੀ ਮੰਨਦੇ ਹਨ ਕਿ ਯੂ.ਐਫ.ਓ. ਦੇ ਦਰਸ਼ਨ ਕੁਝ ਵਿਸ਼ੇਸ਼ ਕੁਦਰਤੀ ਘਟਨਾਵਾਂ ਦੇ ਕਾਰਨ ਹੁੰਦੇ ਹਨ, ਜਿਵੇਂ ਕਿ ਉਲਕਾ ਦੇ ਟੁੱਟਣ, ਬਿਜਲੀ ਨਾਲ ਤੂਫਾਨ, ਅਸਧਾਰਨ ਮਾਹੌਲ, ਸ਼ਤਾਬਦੀ ਬੱਦਲਾਂ ਦਾ ਗਠਨ, ਆਦਿ। ਕੁਝ ਮਨੁੱਖ ਦੁਆਰਾ ਬਣਾਈਆਂ ਨਕਲੀ ਵਸਤੂਆਂ ਵੀ ਉੱਡਣ ਤਸੱਤਰੀਆਂ ਦਾ ਭਰਮ ਪੈਦਾ ਕਰਦੀਆਂ ਹਨ। ਜਿਵੇਂ ਕਿ ਰਾਡਾਰ ਈਕੋ, ਵਪਾਰਕ ਅਤੇ ਫੌਜੀ ਜਹਾਜ਼, ਮੌਸਮ ਅਤੇ ਹੋਰ ਖੋਜਾਂ ਲਈ ਵਰਤੇ ਜਾਂਦੇ ਗੁਬਾਰੇ ਆਦਿ।



ਇੱਥੇ ਇਹ ਜ਼ਿਕਰਯੋਗ ਹੈ ਕਿ ਉੱਡਣ ਤਸੱਤਰੀਆਂ ਅਤੇ ਕਿਸੇ ਹੋਰ ਗ੍ਰਹਿ ’ਤੇ ਏਲੀਅਨ ਹੋਣ ਸਬੰਧੀ ਅਜੇ ਨਾਸਾ ਦੇ ਵਿਗਿਆਨੀ ਪੂਰੀ ਤਰ੍ਹਾਂ ਸਪਸ਼ਟ ਰੂਪ ਵਿੱਚ ਕੁਝ ਨਹੀਂ ਕਹਿ ਰਹੇ, ਉਹਨਾਂ ਨੇ ਸਿਰਫ਼ ਸੰਭਾਵਨਾ ਪ੍ਰਗਟ ਕੀਤੀ ਹੈ ਕਿ ਧਰਤੀ ਤੋਂ ਇਲਾਵਾ ਹੋਰ ਗ੍ਰਹਿ ’ਤੇ ਏਲੀਅਨ ਹੋ ਸਕਦੇ ਹਨ। ਇਸ ਸਬੰਧੀ ਨਾਸਾ ਦੇ ਵਿਗਿਆਨੀਆਂ ਦੀ ਟੀਮ ਲਗਾਤਾਰ ਅਧਿਐਨ ਕਰ ਰਹੀ ਹੈ। ਇਸ ਕਰਕੇ ਉੱਡਣ ਤਸੱਤਰੀਆਂ ਅਤੇ ਕਿਸੇ ਹੋਰ ਗ੍ਰਹਿ ’ਤੇ ਏਲੀਅਨ ਹੋਣ ਸਬੰਧੀ ਕੋਈ ਦਾਅਵਾ ਕਰਨਾ ਸਮੇਂ ਤੋਂ ਪਹਿਲਾਂ ਦੀ ਗੱਲ ਹੋਵੇਗੀ। ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਉੱਡਣ ਤਸੱਤਰੀਆਂ ਅਤੇ ਏਲੀਅਨ ਇਸ ਧਰਤੀ ਦੇ ਸਭ ਤੋਂ ਵੱਡੇ ਰਹੱਸਾਂ ਵਿਚੋਂ ਇੱਕ ਹਨ।



# ਫ਼ਸਲੀ ਵੰਨ ਸੁਵੰਨਤਾ ਸਮੇਂ ਦੀ ਲੋੜ

ਜਗਦੇਵ ਸ਼ਰਮਾ ਬੁਗਰਾ

ਅਨਾਜ ਦੀ ਪੈਦਾਵਾਰ ਵਧਾਉਣ ਲਈ ਤੇ ਖੇਤੀ ਉੱਨਤੀ ਲਈ ਲੁਧਿਆਣਾ ਵਿਖੇ 1962 ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ। ਹਰੀ ਕ੍ਰਾਂਤੀ ਦੇ ਨਾਂ ਹੇਠ ਵੱਧ ਝਾੜ ਦੇਣ ਵਾਲੇ ਬੀਜ ਬਾਹਰੋਂ ਦਰਾਮਦ ਕੀਤੇ ਗਏ। ਖੇਤੀ ਦਾ ਮਸ਼ੀਨੀਕਰਨ ਕੀਤਾ ਗਿਆ। ਨਤੀਜਾ, ਦੇਸ਼ ਵਿੱਚ ਅਨਾਜ ਦੀ ਪੈਦਾਵਾਰ ਵਧਣ ਲੱਗੀ ਤੇ ਦੇਸ਼ ਅੰਨ ਦੇ ਮਾਮਲੇ ਵਿਚ ਆਤਮ ਨਿਰਭਰਤਾ ਵੱਲ ਵਧਣ ਲੱਗਿਆ। 1950-51 ਵਿੱਚ ਅਨਾਜ ਦੀ ਜਿਹੜੀ ਪੈਦਾਵਾਰ 51 ਮਿਲੀਅਨ ਟਨ ਸੀ, 2020-21 ਦੌਰਾਨ 303 ਮਿਲੀਅਨ ਟਨ ’ਤੇ ਜਾ ਪਹੁੰਚੀ ਹੈ।

ਹਰੀ ਕ੍ਰਾਂਤੀ ਤੋਂ ਪਹਿਲਾਂ ਪ੍ਰੰਪਰਾਵਾਦੀ ਖੇਤੀਬਾੜੀ ਹੁੰਦੀ ਸੀ। ਓਦੋਂ ਹਰ ਕਿਸਾਨ ਪਰਿਵਾਰ ਆਪਣੇ ਪਰਿਵਾਰ ਦੇ ਗੁਜ਼ਾਰੇ ਜੋਗਾ ਅਨਾਜ ਯਾਨੀ ਕਣਕ, ਮੱਕੀ, ਚਾਵਲ ਉਗਾਉਂਦਾ ਸੀ। ਗੁੜ ਲਈ ਗੰਨਾ ਤੇ ਖੱਦਰ ਦੇ ਕੱਪੜਿਆਂ ਜੋਗੀ ਕਪਾਹ (ਨਰਮਾ ਨਹੀਂ) ਬੀਜੇ ਜਾਂਦੇ ਸਨ। ਮੂੰਗੀ, ਅਰਹਰ ਜਿਹੀਆਂ ਦਾਲਾਂ ਬੀਜੀਆਂ ਜਾਂਦੀਆਂ ਸਨ। ਤੇਲ ਦੀ ਲੋੜ ਪੂਰੀ ਕਰਨ ਲਈ ਸਰ੍ਹੋਂ, ਤੋਰੀਆ, ਮੂੰਗਫਲੀ, ਅਲਸੀ ਜਿਹੀਆਂ ਫ਼ਸਲਾਂ ਦੀ ਕਾਸ਼ਤ ਕੀਤੀ ਜਾਂਦੀ ਸੀ। ਸੌਂਫ ਵੀ ਲੋਕ ਘਰ ਦੀ ਬੀਜ ਲੈਂਦੇ ਸਨ। ਸਬਜ਼ੀਆਂ ਲਈ ਕੱਦੂ, ਬੈਂਗਣ, ਤੋਰੀਆਂ, ਕਰੇਲੇ, ਟਿੰਡੀਆਂ ਤੇ ਮਿਰਚਾਂ ਬੀਜੀਆਂ ਹੁੰਦੀਆਂ ਸਨ। ਸਿਆਲ ਦੀ ਰੁੱਤੇ ਸਰ੍ਹੋਂ ਦਾ ਸਾਗ ਮਨ ਭਾਉਂਦੀ ਸਬਜ਼ੀ ਸੀ। ਹਰ ਕਿਸਾਨ ਦੇ ਖੇਤ ਪਿਆਜ਼, ਲਹਸਨ ਵੀ ਬੀਜੇ ਹੁੰਦੇ। ਪਸ਼ੂਆਂ ਨੂੰ ਬੰਨ੍ਹਣ ਲਈ ਰੱਸੇ ਪੈੜੇ ਜਿਨ੍ਹਾਂ ਕੁ ਸਣ ਸਨੁਕੜਾ ਵੀ ਘਰ ਦਾ ਹੀ ਹੁੰਦਾ ਸੀ। ਖ਼ਰਬੂਜ਼ੇ, ਖੱਖੜੀਆਂ, ਜਾਮਣ, ਅੰਬ, ਅਮਰੂਦ, ਬੇਰ ਖੇਤਾਂ ’ਚ ਆਮ ਹੀ ਮਿਲ ਜਾਂਦੇ ਸਨ।

ਹਰੀ ਕ੍ਰਾਂਤੀ ਨਾਲ ਉਪਰੋਕਤ ਸਾਰੀਆਂ ਫ਼ਸਲਾਂ ਦੀ ਕਾਸ਼ਤ ਛੱਡ ਕੇ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਦੇ ਉੱਤਰ ਪੱਛਮੀ ਤਰਾਈ ਵਾਲੇ ਇਲਾਕੇ ਦਾ ਕਿਸਾਨ ਸਿਰਫ਼ ਕਣਕ ਤੇ ਝੋਨੇ ਦੇ ਕੁਚੱਕਰ ਵਿੱਚ ਫਸ ਕੇ ਰਹਿ ਗਿਆ ਹੈ। ਇਹ ਦੋਵੇਂ ਫ਼ਸਲਾਂ ਕਿਸਾਨ ਲਈ ਵਪਾਰਕ ਫ਼ਸਲਾਂ ਬਣ ਗਈਆਂ ਹਨ। ਪਰਿਵਾਰ, ਪਸ਼ੂਆਂ ਤੇ ਅਗਲੇ ਸਾਲ ਵਾਸਤੇ ਬੀਜ ਦੇ ਲਈ ਕਣਕ ਘਰ ਰੱਖ ਕੇ, ਬਾਕੀ ਮੰਡੀ ਵਿੱਚ ਵੇਚ ਦਿੱਤੀ ਜਾਂਦੀ ਹੈ। ਪੰਜਾਬੀਆਂ ਦਾ ਕੁੱਲ ਝੋਨਾ ਮੰਡੀ ਵਿੱਚ ਹੀ ਵਿਕਦਾ ਹੈ। ਪੰਜਾਬ ਦਾ ਬਹੁਤ ਥੋੜ੍ਹਾ ਇਲਾਕਾ (ਸਿਰਫ਼ ਹੁਸ਼ਿਆਰਪੁਰ) ਮੱਕੀ ਪੈਦਾ ਕਰਦਾ ਹੈ ਤੇ ਪੱਛਮੀ ਬਠਿੰਡਾ ਤੇ ਫਿਰੋਜ਼ਪੁਰ ਜ਼ਿਲ੍ਹੇ ਦਾ ਥੋੜ੍ਹਾ ਹਿੱਸਾ ਨਰਮਾ।



ਪੰਜਾਬ ਸਰਕਾਰ ਦੁਆਰਾ ਖੇਤੀ ਸੈਕਟਰ ਲਈ ਬਿਜਲੀ ਮੁਫ਼ਤ ਕੀਤੇ ਜਾਣ ਕਾਰਨ ਕਿਸਾਨਾਂ ਨੇ ਨਹਿਰੀ ਪਾਣੀ ਉੱਪਰ ਨਿਰਭਰਤਾ ਘਟਾ ਕੇ ਧਰਤੀ ਹੇਠੋਂ ਟਿਊਬਵੈਲਾਂ ਰਾਹੀਂ ਪਾਣੀ ਖਿੱਚਣ ਨੂੰ ਤਰਜੀਹ ਦਿੱਤੀ ਹੈ। ਜ਼ਿਆਦਾਤਰ ਨਹਿਰੀ ਖ਼ਾਲ ਕਿਸਾਨਾਂ ਨੇ ਵਾਹ ਕੇ ਖੇਤਾਂ ਵਿੱਚ ਰਲਾ ਲਏ ਹਨ। ਪੰਜਾਬ ਦੇ ਕੁੱਲ 149 ਬਲਾਕਾਂ ਵਿੱਚੋਂ 116 ਬਲਾਕ ਡਾਰਕ ਜ਼ੋਨ ਵਿੱਚ ਹਨ। ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਿੱਚ ਪਾਣੀ ਦੀ ਰਾਸ਼ਨਿੰਗ ਸ਼ੁਰੂ ਹੋ ਜਾਏਗੀ। ਦੂਜੀ ਵੱਡੀ ਸਮੱਸਿਆ ਹੈ ਪ੍ਰਦੂਸ਼ਣ। ਅਕਤੂਬਰ ਨਵੰਬਰ ਦੇ ਮਹੀਨੇ ਝੋਨੇ ਦੀ ਪਰਾਲੀ ਖੇਤਾਂ ਵਿੱਚ ਹੀ ਜਲਾ ਦਿੱਤੀ ਜਾਂਦੀ ਹੈ। ਅਪ੍ਰੈਲ ਮਈ ਵਿੱਚ ਕਣਕ ਦੇ ਜ਼ਿਆਦਾਤਰ ਨਾੜ ਦੀ ਤੂੜੀ ਬਣਾ ਲੈਣ ਤੋਂ ਬਾਅਦ ਵੀ ਰਹਿੰਦ-ਖੂੰਹਦ ਜਲਾਉਣ ਤੋਂ ਪਰਹੇਜ਼ ਨਹੀਂ ਕੀਤਾ ਜਾਂਦਾ। ਬੱਚੇ ਬੁੱਢੇ ਬਿਮਾਰਾਂ ਲਈ ਅਜਿਹਾ ਮੌਸਮ ਜਾਨਲੇਵਾ ਵੀ ਸਾਬਤ ਹੁੰਦਾ ਹੈ। ਸੜਕਾਂ ਦੇ ਨੇੜਲੇ ਖੇਤਾਂ ਦਾ ਧੂੰਆਂ ਐਕਸੀਡੈਂਟਾਂ ਦਾ ਕਾਰਨ ਵੀ ਬਣਦਾ ਹੈ। ਜ਼ਿੰਦਗੀ ਬਖ਼ਸ਼ਣ ਵਾਲੇ ਰੁੱਖ ਵੀ ਸਾੜ ਦਿੱਤੇ ਜਾਂਦੇ ਹਨ। ਵਾਤਾਵਰਨ ਦੇ ਵਿਗਾੜ ਨੇ ਪਿਛਲੇ ਸਾਲ ਹੜ੍ਹਾਂ ਨਾਲ ਅਤੇ ਇਸ ਸਾਲ ਗਰਮੀ ਨਾਲ ਲੋਕਾਂ ਦੇ ਨੱਕ ਵਿਚ ਦਮ ਕਰੀ ਰੱਖਿਆ ਹੈ। ਕਿਸਾਨਾਂ ਦੇ ਮਿੱਤਰ ਕੀੜੇ ਪੰਛੀ ਵੀ ਨਾੜ ਨਾਲ ਸੜ ਮਰਦੇ ਹਨ। ਦਿਖਾਵੇ ਖ਼ਾਤਰ ਅਫ਼ਸਰਸ਼ਾਹੀ ਕੁੱਝ ਕੁ ਕਿਸਾਨਾਂ ’ਤੇ ਕੇਸ ਦਰਜ ਕਰ ਲੈਂਦੀ ਹੈ ਤੇ ਜੁਰਮਾਨੇ ਕੀਤੇ ਜਾਂਦੇ ਹਨ। ਕਿਸਾਨ ਯੂਨੀਅਨਾਂ ਦਾ ਤਰਕ ਹੈ ਕਿ ਸੜਕਾਂ ’ਤੇ ਭੱਜੇ ਫਿਰਦੇ ਵਾਹਨ ਅਤੇ ਫੈਕਟਰੀਆਂ ਦਾ ਧੂੰਆਂ ਜ਼ਿਆਦਾ ਪ੍ਰਦੂਸ਼ਣ ਫੈਲਾਉਂਦਾ ਹੈ। ਪ੍ਰੰਤੂ ਇਹ ਤਰਕ ਆਮ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਨ ਦਾ ਅਧਿਕਾਰ ਕਦਾਚਿਤ ਨਹੀਂ ਦਿੰਦਾ।

ਤੀਜੀ ਸਮੱਸਿਆ ਖਾਦਾਂ, ਸਪਰੇਆਂ ਤੇ ਦਵਾਈਆਂ ਦੀ ਅੰਨ੍ਹੇ ਵਾਹ ਵਰਤੋਂ ਨੇ ਪੌਣ ਤੇ ਧਰਤੀ ਹੇਠਲੇ ਪਾਣੀ ਜ਼ਹਿਰੀਲੇ ਬਣਾ ਦਿੱਤੇ ਹਨ। ਬਹੁਤੀ ਜਨਤਾ ਸਾਹ ਲੈਣ ਦੀ ਬਿਮਾਰੀ ਤੋਂ ਗ੍ਰਸਤ ਹੈ। ਬਠਿੰਡਾ ਇਲਾਕੇ ਦੇ ਬਹੁਤੇ ਪਿੰਡਾਂ ਵਿੱਚ ਕੈਂਸਰ ਵਰਗੀ ਮਾਰੂ ਬਿਮਾਰੀ ਨੇ ਪੈਰ ਪਸਾਰ ਲਏ ਹਨ। ਇਸ ਬਿਮਾਰੀ ਤੋਂ ਪੀੜਤ ਲੋਕ ਰਾਜਸਥਾਨ ਵਿੱਚ ਬੀਕਾਨੇਰ ਤੋਂ ਇਲਾਜ ਕਰਵਾਉਣ ਜਾਂਦੇ ਹਨ। ਬੀਕਾਨੇਰ ਜਾਣ ਵਾਲੀ ਟ੍ਰੇਨ ਦਾ ਨਾਂ ਲੋਕਾਂ ਨੇ ਕੈਂਸਰ ਟ੍ਰੇਨ ਹੀ ਰੱਖ ਲਿਆ ਹੈ । ਇਸ ਵਰਤਾਰੇ ਨੇ ਰੰਗਲੇ ਪੰਜਾਬ ਦੀ ਧਰਤੀ ਦੀ ਜਰਖੇਜ਼ ਸ਼ਕਤੀ ਵੀ ਘੱਟ ਕਰ ਦਿੱਤੀ ਹੈ।

ਉਪਰੋਕਤ ਸਾਰੀਆਂ ਸਮੱਸਿਆਵਾਂ ਦਾ ਇੱਕੋ ਇੱਕ ਇਲਾਜ ਹੈ ਖੇਤੀ ਵਿਭਿੰਨਤਾ। ਕਿਸਾਨ ਨੂੰ ਝੋਨਾ ਕਣਕ ਦੇ ਕੁਚੱਕਰ ਵਿੱਚੋਂ ਕੱਢ ਕੇ ਹੋਰ ਫ਼ਸਲਾਂ ਬੀਜਣ ਲਈ ਉਤਸ਼ਾਹਿਤ ਕਰਨਾ। ਸਾਰੇ ਬੁੱਧੀਜੀਵੀ, ਰਾਜਨੀਤਿਕ ਲੋਕ ਅਤੇ ਖੇਤੀ ਵਿਗਿਆਨੀ ਵੀ ਇਸੇ ਗੱਲ ’ਤੇ ਜ਼ੋਰ ਦਿੰਦੇ ਹਨ । ਕਣਕ ਤੇ ਝੋਨਾ, ਕਿਉਂਕਿ ਕਿਸਾਨਾਂ ਲਈ ਵਪਾਰਕ ਫ਼ਸਲਾਂ ਬਣ ਗਈਆਂ ਹਨ, ਇਸ ਲਈ ਖੇਤੀ ਵਿਭਿੰਨਤਾ ਅਪਨਾਉਣ ਤੋਂ ਪਹਿਲਾਂ ਇਹ ਵੇਖਣਾ ਹੋਵੇਗਾ ਕਿ ਕੋਈ ਵੀ ਬਦਲ ਦਿੱਤਾ ਜਾਵੇ ਪਰ ਕਿਸਾਨ ਦੀ ਆਮਦਨ ਅਸਰ ਅੰਦਾਜ਼ ਨਹੀਂ ਹੋਣੀ ਚਾਹੀਦੀ । ਬੇਸ਼ੱਕ ਦੇਸ਼ ਵਿੱਚ ਘੱਟੋ-ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਮਾਨਤਾ ਨਹੀਂ ਹੈ ਪ੍ਰੰਤੂ ਅੱਜ ਦੇ ਦਿਨ ਜ਼ਿਆਦਾਤਰ ਕਿਸਾਨਾਂ ਨੂੰ ਇਨ੍ਹਾਂ ਦੋਵੇਂ ਫ਼ਸਲਾਂ ਦੀ ਮੰਡੀਕਰਨ ਦੀ ਕੋਈ ਸਮੱਸਿਆ ਨਹੀਂ ਆਉਂਦੀ ਅਤੇ ਐਮ.ਐਸ.ਪੀ. ’ਤੇ ਸਰਕਾਰੀ ਖ਼ਰੀਦ ਯਕੀਨੀ ਹੀ ਹੈ। ਇਸੇ ਲਈ ਕਿਸਾਨ ਇਹ ਫ਼ਸਲਾਂ ਬੀਜਣ ਨੂੰ ਤਰਜੀਹ ਦਿੰਦੇ ਹਨ। ਮੇਰੀ ਜਾਚੇ ਜੇਕਰ ਮੌਜੂਦਾ ਸਰਕਾਰਾਂ ਉਪਰੋਕਤ ਅਲਾਮਤਾਂ ਤੋਂ ਨਿਜ਼ਾਤ ਪਾਉਣਾ ਚਾਹੁੰਦੀਆਂ ਹਨ ਤਾਂ ਕਿਸਾਨ ਦੀ ਆਮਦਨ ਬਿਨਾਂ ਪ੍ਰਭਾਵਿਤ ਕੀਤਿਆਂ ਅਤੇ ਬਾਕੀ ਫ਼ਸਲਾਂ ਦੀ ਮੰਡੀਕਰਨ ਯਕੀਨੀ ਬਣਾਉਂਦਿਆਂ ਕਿਸਾਨਾਂ ਨਾਲ ਲਿਖਤ ਐਗਰੀਮੈਂਟ ਕਰਕੇ ਅਜਿਹਾ ਕਰ ਸਕਦੀਆਂ ਹਨ। ਜੇਕਰ ਕਿਸਾਨ ਨੂੰ ਕੋਈ ਨੁਕਸਾਨ ਹੁੰਦਾ ਦਿਖਾਈ ਨਾ ਦਿੰਦਾ ਹੋਵੇ, ਤਾਂ ਉਸ ਨੂੰ ਵੀ ਫ਼ਸਲੀ ਵੰਨ-ਸੁਵੰਨਤਾ ਅਪਣਾਉਣ ਵਿੱਚ ਕੋਈ ਇਤਰਾਜ਼ ਨਹੀਂ ਹੋਵੇਗਾ।

(ਬਾਕੀ ਸਫ਼ਾ 31 ’ਤੇ)

# ਰੁੱਤਾਂ ਅਤੇ ਮੌਸਮੀ ਬਦਲਾਅ ਜੀਵ ਜਗਤ ਲਈ ਖ਼ਤਰਾ

ਭੂਗੋਲਿਕ ਸਥਿਤੀ ਦੇ ਕਾਰਨ, ਧਰਤੀ ਦੇ ਉੱਤਰੀ ਤੇ ਦੱਖਣੀ ਗੋਲਾਰਧ ਵਿੱਚ ਮੌਸਮ ਬਦਲਦੇ ਰਹਿੰਦੇ ਹਨ। ਮਨੁੱਖੀ ਕਿਰਿਆਵਾਂ, ਜਿਵੇਂ ਕਿ ਵਾਯੂ ਪ੍ਰਦੂਸ਼ਣ, ਜੰਗਲਾਂ ਦੀ ਕਟਾਈ ਅਤੇ ਫਿਊਲ ਦੀ ਵਰਤੋਂ ਕਾਰਨ ਮੌਸਮ ਤਾਪਮਾਨ ਵੱਧ ਰਿਹਾ ਹੈ। ਕਾਰਬਨ ਡਾਈਆਕਸਾਈਡ ਦੀ ਮਾਤਰਾ ਦਾ ਵਧਣਾ, ਕਾਰਖ਼ਾਨਿਆਂ ਅਤੇ ਵਾਹਨਾਂ ਵਿਚੋਂ ਨਿਕਲਣ ਵਾਲੀ ਕਾਰਬਨ ਡਾਈਆਕਸਾਈਡ ਮੌਸਮ ਦੇ ਮੋੜਾਂ ਵਿੱਚ ਵਾਧਾ ਕਰ ਰਹੀ ਹੈ। ਆਮ ਕਰ ਕੇ ਪਰਾਲੀ ਅਤੇ ਨਾੜ ਨੂੰ ਅੱਗ ਲਗਾ ਦਿੱਤੀ ਜਾਂਦੀ ਹੈ। ਇਸ ਨਾਲ ਵਾਤਾਵਰਨ ਬੁਰੀ ਤਰ੍ਹਾਂ ਖ਼ਰਾਬ ਹੋ ਰਿਹਾ ਹੈ। ਪਰਾਲੀ ਤੇ ਨਾੜ ਦੀ ਅੱਗ ਨਾਲ ਸਾਡਾ ਕੀਮਤੀ ਸਰਮਾਇਆ ਰੁੱਖ ਸੜ ਜਾਂਦੇ ਹਨ। ਸਾਡੇ ਕਿਸਾਨਾਂ ਨੂੰ ਇਸ ਪ੍ਰਤੀ ਸੁਚੇਤ ਹੋਣ ਦੀ ਬਹੁਤ ਲੋੜ ਹੈ । ਅਜਿਹੇ ਕਾਰਨਾਂ ਕਰ ਕੇ ਸਾਡੇ ਵਾਤਾਵਰਨ ਵਿੱਚ ਵੱਡਾ ਵਿਗਾੜ ਸਾਹਮਣੇ ਆ ਰਿਹਾ ਹੈ।

ਸਾਰੇ ਲੋਕ ਵਾਤਾਵਰਨ ਸਬੰਧੀ ਸਮੱਸਿਆਵਾਂ ਬਾਰੇ ਅਧੂਰੇ ਜਾਂ ਗ਼ਲਤ ਜਾਣਕਾਰੀ ਰੱਖਦੇ ਹਨ। ਉਨ੍ਹਾਂ ਨੂੰ ਗਲੋਬਲ ਵਾਰਮਿੰਗ, ਕਾਰਬਨ ਫੁੱਟਪ੍ਰਿੰਟ ਤੇ ਜਲਵਾਯੂ ਤਬਦੀਲੀ ਦੇ ਅਸਰਾਂ ਬਾਰੇ ਪੂਰੀ ਜਾਣਕਾਰੀ ਨਹੀਂ ਹੁੰਦੀ। ਸਿਖਲਾਈ ਸਿਸਟਮ ਦੀ ਕਮੀ ਬਹੁਤ ਸਾਰੀਆਂ ਸਿੱਖਿਆ ਪ੍ਰਣਾਲੀਆਂ ਵਿਚ ਵਾਤਾਵਰਨ ਸੁਰੱਖਿਆ ਸਬੰਧੀ ਸਬਕਾਂ ਦੀ ਕਮੀ ਹੁੰਦੀ ਹੈ। ਇਸ ਨਾਲ ਉਨ੍ਹਾਂ ਨੂੰ ਮੌਸਮ ਤਬਦੀਲੀ ਸਬੰਧੀ ਵਿਗਿਆਨਕ ਜਾਣਕਾਰੀ ਨਹੀਂ ਮਿਲਦੀ। ਕੁਝ ਸਮਾਜਿਕ ਸਮੂਹ ਮੌਸਮ ਤਬਦੀਲੀ ਨੂੰ ਗੰਭੀਰ ਸਮੱਸਿਆ ਨਹੀਂ ਮੰਨਦੇ।

ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਵਿਗਿਆਨਕ ਮਾਮਲਾ ਹੈ ਜੋ ਉਨ੍ਹਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਨਹੀਂ ਕਰਦਾ। ਵਾਤਾਵਰਨ ਸਬੰਧੀ ਕਈ ਮਿਥਕਾਂ ਤੇ ਗ਼ਲਤ ਧਾਰਨਾਵਾਂ ਪ੍ਰਚੱਲਿਤ ਹਨ। ਇਹ ਮਿਥਕ ਲੋਕਾਂ ਨੂੰ ਵਾਤਾਵਰਨ ਸੁਰੱਖਿਆ ਲਈ ਸੁਚੇਤ ਕਰਨ ਵਿੱਚ ਰੁਕਾਵਟ ਪਾਉਂਦੇ ਹਨ। ਸਕੂਲਾਂ, ਕਾਲਜਾਂ ਤੇ ਸਮਾਜਿਕ ਸੰਸਥਾਵਾਂ ਵਿੱਚ ਵਾਤਾਵਰਨ ਸੁਰੱਖਿਆ ਸਬੰਧੀ ਅਨੇਕਾਂ ਸਿਖਲਾਈ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ। ਇਸ ਵਿੱਚ ਵਿਦਿਆਰਥੀਆਂ ਨੂੰ ਜਲਵਾਯੂ ਤਬਦੀਲੀ ਅਤੇ ਉਸਦੇ ਪ੍ਰਭਾਵਾਂ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ। ਵਾਤਾਵਰਨ ਸੁਰੱਖਿਆ ਸਬੰਧੀ ਜਾਣਕਾਰੀ ਨੂੰ ਸਭ ਲਈ ਸੌਖੀ ਬਣਾਉਣ ਲਈ ਡਿਜ਼ੀਟਲ ਪਲੇਟਫਾਰਮ, ਸਮਾਜਿਕ ਮੀਡੀਆ, ਅਤੇ ਰਵਾਇਤੀ ਮੀਡੀਆ ਨੂੰ ਵਰਤਣਾ ਹੀ ਚਾਹੀਦਾ ਹੈ। ਇਸ ਨਾਲ ਲੋਕਾਂ ਨੂੰ ਸਹੀ ਜਾਣਕਾਰੀ ਮਿਲ ਸਕੇਗੀ।

ਗਲੋਬਲ ਵਾਰਮਿੰਗ ਅਤੇ ਮੌਸਮ ਤਬਦੀਲੀ ਬਾਰੇ ਮਿਥੀ ਧਾਰਨਾ ਨੂੰ ਖੰਡਨ ਕਰਨ ਲਈ ਵਿਗਿਆਨਕ ਤੱਥਾਂ ’ਤੇ ਆਧਾਰਿਤ ਜਾਗਰੂਕਤਾ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ। ਇਹ ਮਿਥਕਾਂ ਨੂੰ ਦੂਰ ਕਰਨ ਵਿੱਚ ਮਦਦਗਾਰ ਹੋ ਸਕਦੀਆਂ ਹਨ। ਸਮਾਜਿਕ ਪੱਧਰ ’ਤੇ ਵਾਤਾਵਰਨ ਸੁਰੱਖਿਆ ਦੀ ਮਹੱਤਤਾ ਬਾਰੇ ਚੇਤਨਾ ਫੈਲਾਉਣ ਲਈ ਸਮਾਜਿਕ ਅਤੇ ਸੱਭਿਆਚਾਰਕ ਮੁਹਿੰਮਾਂ ਦੀ ਲੋੜ ਹੈ।

ਵਾਤਾਵਰਨ ਦੀ ਸੁਰੱਖਿਆ ਲਈ ਲੋਕਾਂ ਨੂੰ ਸੁਚੇਤ ਕਰਨ ਦੀ ਜ਼ਰੂਰਤ ਹੈ। ਕਿਸਾਨ ਵੀਰ ਇਸ ਮੁਹਿੰਮ ਵਿੱਚ ਵੱਡਾ ਯੋਗਦਾਨ ਪਾ ਸਕਦੇ ਹਨ। ਉਨ੍ਹਾਂ ਨੂੰ ਪਰਾਲੀ ਅਤੇ ਨਾੜ ਨੂੰ ਸਾੜਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਖੇਤਾਂ, ਸੜਕਾਂ ਕੰਢੇ ਰੁੱਖ ਲਗਾਉਣ ਲਈ ਮੁਹਿੰਮ ਦੀ ਲੋੜ ਹੈ। ਜੰਗਲਾਂ ਦੀ ਸੁਰੱਖਿਆ ਤੇ ਵਾਧੂ ਰੁੱਖ ਲਗਾਉਣ ਨਾਲ ਕਾਰਬਨ ਡਾਈਆਕਸਾਈਡ ਦੀ ਮਾਤਰਾ ਨੂੰ ਘਟਾਇਆ ਜਾ ਸਕਦਾ । ਹਰ ਸ਼ਹਿਰ ਤੇ ਪਿੰਡ ਨੂੰ ਸਵੱਛ ਤੇ ਹਰਿਆ-ਭਰਿਆ ਬਣਾਉਣ ਲਈ ਮੁਹਿੰਮ ਚਲਾਉਣੀ ਚਾਹੀਦੀ ਹੈ।



# ਚਾਨਣ ਸਖੀਏ ਨੀਂ, ਤੇਰੇ ਹਾਸੇ ਦਾ ਬਣਿਆ !

## ਦੁਨੀਆਂ ਵਿੱਚ ਹਾਸੇ ਦੇ 'ਬਰਾਂਡ ਅੰਬੈਸਡਰ' ਮੰਨੇ ਜਾਂਦੇ ਹਨ ਪੰਜਾਬੀ

**ਜਗਜੀਤ ਸਿੰਘ ਲੋਹਟਬੱਦੀ**



ਜਦੋਂ ਹਾਸਾ ਛਣਕਦਾ ਹੈ ਤਾਂ ਘੁੰਗਰੂ ਵੱਜਦੇ ਨੇ। ਪਰੀਆਂ ਗੀਤ ਗਾਉਂਦੀਆਂ ਨੇ। ਪੌਣ ਅਠਖੇਲੀਆਂ ਕਰਦੀ ਹੈ। ਬਨਸਪਤੀ ਮੌਲਦੀ ਹੈ। ਪਾਣੀ ਦੀ ਸਰਸਰਾਹਟ ਧੁਨਾਂ ਬਿਖੇਰਦੀ ਹੈ। ਸਮੁੱਚੀ ਪ੍ਰਕਿਰਤੀ ਕਿਸੇ ਅਨਾਹਦ ਰਾਗ ਵਿੱਚ ਮਸਤ ਹੋ ਕੇ ਸੰਗੀਤਕ ਤਰੰਗਾਂ ਨਾਲ ਇੱਕਮਿਕ ਹੋ ਰਹੀ ਹੁੰਦੀ ਹੈ। ਨਿੱਕੀਆਂ ਬੱਦਲੀਆਂ ਅੰਬਰ ਵਿੱਚ ਲਟਕਦੇ ਸ਼ੀਸ਼ਮਈ ਕਣਾਂ ਨੂੰ ਧਰਤੀ ਦੀ ਹਿੱਕ ਠਾਰਨ ਦਾ ਬੁਲਾਵਾ ਦਿੰਦੀਆਂ ਹਨ। ਪੂਰਾ ਬ੍ਰਹਿਮੰਡ ਜਿਵੇਂ ਪਰੀ-ਲੋਕ ਦੀਆਂ ਕਥਾ ਕਹਾਣੀਆਂ ਦੀ ਗਾਥਾ ਸੁਣਾ ਰਿਹਾ ਹੋਵੇ!

ਹਾਸਾ ਮਨੁੱਖੀ ਮਨ ਦਾ ਬੇਸ਼ਕੀਮਤੀ ਸਰਮਾਇਆ ਹੈ। ਨਿਮਰਤਾ ਦਾ ਪ੍ਰਤੀਕ। ਤੁਹਾਡੇ ਅੰਤਰੀਵ ਭਾਵ ਦਾ ਖਾਲਸ ਪ੍ਰਗਟਾਅ। ਨਫ਼ਰਤ, ਦੂਈ-ਦਵੈਸ਼ ਤੋਂ ਦੂਰ ਅੰਦਰਲਾ ਬਾਲਪਣ ਕਿਲਕਾਰੀਆਂ ਮਾਰਦਾ। ਬੰਦਾ ਜਦੋਂ ਵਜੂਦ ਵਿੱਚ ਹੱਸਦੈ ਤਾਂ ਉਹ ਕਾਦਰ ਦੀ ਕੁਦਰਤ ਨਾਲ ਅਭੇਦ ਹੋਇਆ ਹੁੰਦਾ ਹੈ। ਬਾਗ਼ ਬਗੀਚਾ ਖਿੜਿਆ ਲੱਗਦਾ ਹੈ। ਪਰਿੰਦੇ ਗੀਤ ਗਾਉਂਦੇ ਜਾਪਦੇ ਹਨ। ਉੱਡਦੀਆਂ ਤਿਤਲੀਆਂ ਦਿਲ ਨੂੰ ਛੂਹ ਕੇ ਲੰਘਦੀਆਂ ਹਨ। ਭੌਰਿਆਂ ਦਾ ਰੂਮਾਨੀ ਰੂਪ ਦ੍ਰਿਸ਼ਟੀਮਾਨ ਹੁੰਦਾ ਹੈ। ਚਾਨਣ ਦਾ ਪਸਾਰਾ ਸ੍ਰਿਸ਼ਟੀ ਨੂੰ ਕਲਾਵੇ ਵਿੱਚ ਲੈ ਲੈਂਦਾ ਹੈ। ਤਾਰੇ ਟਿਮਿਟਿਮਾਉਂਦੇ ਹਨ। ਜੁਗਨੂੰ ਨੇਰ੍ਹਿਆਂ ਨੂੰ ਲਲਕਾਰਦੇ ਹਨ। ਇਸੇ ਕਰ ਕੇ ਸ਼ਾਇਰ ਨਵਤੇਜ ਭਾਰਤੀ ਚਾਨਣ ਦੇ ਮੂਲ ਤੱਤ ਦਾ ਰਾਜ਼ ਦੱਸਦਾ ਹੈ:

ਦੀਵਾ ਮਿੱਟੀ ਦਾ, ਬੱਤੀ ਰੂੰਈਂ ਦੀ,
ਤੇਲ ਸਰਸੋਂ ਦਾ ਬਣਿਆ
ਦੱਸੀਂ ਚੰਨਾ ਵੇ, ਚਾਨਣ ਕਾਹਦਾ ਹੈ ਬਣਿਆ?
ਨਾ ਮਿੱਟੀ ਦਾ, ਨਾ ਰੂੰਈਂ ਦਾ, ਨਾ ਸਰਸੋਂ ਦਾ
ਚਾਨਣ ਸਖੀਏ ਨੀਂ, ਤੇਰੇ ਹਾਸੇ ਦਾ ਬਣਿਆ!

ਹੱਸਣਾ ਮਨੁੱਖ ਦੀ ਅਦੁੱਤੀ, ਅਲੌਕਿਕ ਅਵਸਥਾ ਹੈ, ਜਿਸ ਉੱਪਰ ਸਿਰਫ਼ ਇਨਸਾਨ ਦਾ ਏਕਾਧਿਕਾਰ ਹੈ। ਦੂਸਰੇ ਜੀਵਾਂ ਕੋਲ ਇਹ ਬੇਜੋੜ ਸ਼ਕਤੀ ਨਹੀਂ ਹੁੰਦੀ। ਮਨੁੱਖੀ ਮਨ ਦੀਆਂ ਕੋਮਲ ਭਾਵਨਾਵਾਂ ਹੱਸਣ ਨਾਲ ਹੀ ਖਿੜਦੀਆਂ ਹਨ। ਤੁਹਾਡੀ ਸ਼ਖ਼ਸੀਅਤ ਦਾ ਚਿਤਰਣ, ਤੁਹਾਡੇ ਅੰਦਰੂਨ ਦਾ ਦਰਪਣ, ਤੁਹਾਡੇ ਸੁਭਾਅ ਦਾ ਸ਼ੀਸ਼ਾ ਹੱਸਣ ਵੇਲੇ ਤੁਹਾਡੇ ਸਨਮੁੱਖ ਆ ਖਲੋਂਦਾ ਹੈ। ਤੁਹਾਡੀ ਤਹਿਜ਼ੀਬ ਦੀ, ਤੁਹਾਡੇ ਪਾਲਣ ਪੋਸ਼ਣ ਦੀ, ਤੁਹਾਡੇ ਸ਼ਿਸ਼ਟਾਚਾਰ ਦੀ ਤਸਦੀਕ, ਹਾਸਾ ਕਰਦੈ। ਬਸ ਹਾਸਾ ਨਿਰਛਲ ਹੋਵੇ! ਹੱਸਣ ਨਾਲ ਕਿਸੇ ਰੁਤਬੇ, ਕਿਸੇ ਮਾਣ-ਮਰਿਆਦਾ ਦਾ ਘਟਾਅ ਨਹੀਂ ਹੁੰਦਾ। ਹੱਸਣ ਵੇਲੇ ਸਿਰਫ਼ ਬੁੱਲ੍ਹ ਹੀ ਨਹੀਂ ਫਰਕਦੇ, ਨੈਣ ਬੋਲਦੇ ਨੇ, ਬੋਲ ਲਰਜ਼ਦੇ ਨੇ, ਤੋਰ ਮਟਕਦੀ ਹੈ, ਅੰਗ ਅੰਗ ਹੱਸਦੈ। ਸੁਪਨਿਆਂ ਦੀ ਪਰਵਾਜ਼ ਉਚੇਰੀ ਹੁੰਦੀ ਹੈ। ਬੰਦੇ ਦੇ ਜੀਵੰਤ ਹੋਣ ਦਾ ਪ੍ਰਮਾਣ ਦਿੰਦਾ ਹੈ ਹਾਸਾ। ਅਕਸਰ ਦੇਖਿਆ ਗਿਆ ਹੈ ਕਿ ਚਿੱਟਿਆਂ ਦੰਦਾਂ ਦਾ ਹਾਸਾ ਭਰਿਆ ਮੇਲਾ ਲੁੱਟ ਲੈਂਦਾ ਹੈ। ਇਹ ਵੀ ਸਚਾਈ ਹੈ ਕਿ ਹਾਸੇ ਦੇ ਸੁਖ਼ਦ ਅਹਿਸਾਸ ਨਾਲ ਕਈ ਗੁੰਝਲਦਾਰ ਮਸਲੇ ਆਪਣੇ ਆਪ ਨਜਿੱਠੇ ਜਾਂਦੇ ਹਨ। ਮੁਸਕਰਾ ਕੇ ਬੋਲੇ ਦੋ ਸ਼ਬਦ, ਮਨਾਂ ਦੀ ਕੁੜੱਤਣ ਨੂੰ ਦੂਰ ਕਰ ਦਿੰਦੇ ਹਨ। ਨਫ਼ਰਤ, ਪਿਆਰ ਵਿੱਚ ਤਬਦੀਲ ਹੋ ਜਾਂਦੀ ਹੈ ਅਤੇ ਬੇਗਾਨਗੀ, ਅਪਣੱਤ ਵਿੱਚ! ਪਾੜੇ ਮਿਟ ਜਾਂਦੇ ਹਨ, ਦੂਰੀਆਂ ਘਟ ਜਾਂਦੀਆਂ ਹਨ, ਦਿਲਾਂ ਦੇ ਟੋਏ ਟਿੱਬੇ ਭਰੇ ਜਾਂਦੇ ਹਨ। ਗੱਲ ਕੀ-ਹੱਸਣਾ ਜ਼ਿੰਦਾਦਿਲੀ ਹੈ ਅਤੇ ਜ਼ਿੰਦਾਦਿਲੀ ਹੀ ਜ਼ਿੰਦਗੀ ਹੈ।

ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਵੀ ਹਾਸਾ ਬੇਹੱਦ ਜ਼ਰੂਰੀ ਹੈ। ਹੱਸਦਿਆਂ ਦੇ ਘਰ 'ਵੱਸਦੇ' ਗਿਣੇ ਜਾਂਦੇ ਹਨ। ਦੁਨੀਆ ਭਰ ਵਿੱਚ 2005 ਤੋਂ ਮਈ ਮਹੀਨੇ ਦੇ ਪਹਿਲੇ ਐਤਵਾਰ ਵਿਸ਼ਵ ਹਾਸਾ ਦਿਵਸ ਮਨਾਇਆ ਜਾਂਦਾ ਹੈ। ਇਸ ਦੀ ਸ਼ੁਰੂਆਤ ਜਨਵਰੀ 1998 ਵਿੱਚ ਮੁੰਬਈ ਤੋਂ ਹੋਈ ਸੀ। ਤਣਾਅ ਭਰੀ ਜ਼ਿੰਦਗੀ ਤੋਂ ਕੁੱਝ ਪਲਾਂ ਦੀ ਮੁਕਤੀ ਲਈ ਹਾਸਾ, ਸੰਜੀਵਨੀ ਹੈ। ਇਸੇ ਲਈ ਅੱਜਕੱਲ੍ਹ ਯੋਗ ਵਿੱਚ ਵੀ ਹੱਸਣ ਨੂੰ ਸ਼ਾਮਲ ਕੀਤਾ ਗਿਆ ਹੈ। ਥਾਂ ਥਾਂ 'ਤੇ 'ਲਾਫਟਰ ਕਲੱਬਾਂ' ਦੇ ਹਾਸੇ ਠਣਕਦੇ ਸੁਣਾਈ ਦਿੰਦੇ ਹਨ। ਮਨੋਰੋਗ ਵਿਗਿਆਨੀਆਂ ਦੀ ਰਾਇ ਹੈ ਕਿ 95 ਫੀਸਦ ਬਿਮਾਰੀਆਂ ਮਨ ਦੀਆਂ ਹਨ। ਮਾਨਸਿਕ ਪਰੇਸ਼ਾਨੀਆਂ, ਬੇਚੈਨੀ, ਨਫ਼ਰਤ ਅਤੇ ਈਰਖਾ ਨੇ ਮਨੁੱਖ ਨੂੰ ਹਾਸੇ ਤੋਂ ਦੂਰ ਕਰ ਦਿੱਤਾ ਹੈ। ਹਾਸਾ ਡਿਪਰੈਸ਼ਨ ਵਿੱਚੋਂ ਕੱਢਣ ਦਾ ਸਾਰਥਕ ਸਾਧਨ ਮੰਨਿਆ ਗਿਆ ਹੈ। ਵਿਸ਼ਵ ਖ਼ੁਸ਼ੀ ਰਿਪੋਰਟ ਦੱਸਦੀ ਹੈ ਤੇ ਭਾਰਤ 137 ਮੁਲਕਾਂ ਵਿੱਚੋਂ 126ਵੇਂ ਸਥਾਨ 'ਤੇ ਹੈ। ਸੋ ਹਾਸਾ ਸੂਰਤ ਅਤੇ ਸੀਰਤ ਨੂੰ ਸੰਵਾਰਨ ਦਾ ਉਮਦਾ ਹਥਿਆਰ ਹੈ।

ਮਸ਼ੀਨੀ ਜ਼ਿੰਦਗੀ ਵਿੱਚ ਮਨੁੱਖ ਹੱਸਣਾ ਹੀ ਭੁੱਲ ਗਿਆ ਹੈ। ਮਾਇਆ ਅਤੇ ਮੰਡੀ ਦੀ ਦੌੜ ਵਿੱਚ ਹਾਸਾ ਕਿਤੇ ਲੱਭਦਾ ਹੀ ਨਹੀਂ। ਤੇਜ਼ ਰਫ਼ਤਾਰ ਦੇ ਗੇੜਿਆਂ ਵਿੱਚ ਗੁਆਚਣ ਕਰ ਕੇ ਕੁਦਰਤੀ ਹਾਸਾ ਅਲੋਪ ਹੀ ਹੋ ਗਿਆ ਲੱਗਦਾ। ਮਨੁੱਖ ਨੂੰ ਖ਼ੁਦ ਦੀ ਸਾਰ ਨਹੀਂ। ਆਪਣੇ ਨਾਲ ਸੰਵਾਦ ਕਰਨ ਦਾ ਸਮਾਂ ਹੀ ਨਹੀਂ। ਸ਼ੀਸ਼ੇ ਮੂਹਰੇ ਖੜ੍ਹਨ ਤੋਂ ਤ੍ਰਹਿੰਦੈ ਹਨ। ਆਪਣਾ ਹੀ ਅਕਸ ਪਛਾਣਨ ਤੋਂ ਇਨਕਾਰੀ ਹੈ। ਇਕੱਲਤਾ, ਘੁਟਣ, ਦਿਲਗੀਰੀ ਦਾ ਕਾਰਨ ਹਯਾਤੀ ਵਿੱਚੋਂ ਹਾਸੇ ਦਾ ਮਨਫੀ ਹੋਣਾ ਹੈ। ਵਿਸ਼ਵ ਪ੍ਰਸਿੱਧ ਨਾਮੀ ਲੇਖਕ ਬਰਟਰੈਂਡ ਰਸਲ ਦਾ ਮੰਨਣਾ ਹੈ ਕਿ ਸੰਸਕਾਰ ਅਤੇ ਸੱਭਿਆਚਾਰ ਆਦਮੀ ਨੇ ਖੋ ਦਿੱਤਾ ਹੈ। ਨਾ ਢੋਲ, ਨਾ ਮੰਜੀਰਾ ਵੱਜਦਾ ਹੈ। ਪੈਰ ਨੱਚਣਾ ਹੀ ਭੁੱਲ ਗਏ ਹਨ। ਕੀ ਪਾਇਆ ਤਰੱਕੀ ਦੇ ਨਾਮ ਉੱਤੇ? ਓਸ਼ੋ ਦਾ ਕਥਨ ਹੈ ਕਿ ਇਸ ਦੁਨੀਆ ਵੱਚ ਸਿਰਫ਼ ਪਾਗਲ ਹੱਸਦੇ ਹਨ; ਬਾਕੀ ਸਮਝਦਾਰਾਂ ਨੂੰ ਵਿਹਲ ਹੀ ਕਿੱਥੇ ਹੈ? ਸਿਆਣੇ ਕਹਿੰਦੇ ਹਨ ਜਦੋਂ ਤੁਸੀਂ ਹੱਸਦੇ ਹੋ ਤਾਂ ਪਰਮਾਤਮਾ ਦੀ ਪ੍ਰਾਰਥਨਾ ਕਰਨ ਦੇ ਬਰਾਬਰ ਹੈ; ਜਦੋਂ ਕਿਸੇ ਨੂੰ ਹਸਾਉਂਦੇ ਹੋ ਤਾਂ ਇਉਂ ਹੈ ਜਿਵੇਂ ਪਰਮਾਤਮਾ ਤੁਹਾਡੇ ਲਈ ਪ੍ਰਾਰਥਨਾ ਕਰ ਰਿਹਾ ਹੋਵੇ।

ਕਰੋਨਾ ਕਾਲ ਨੇ ਹਾਸਿਆਂ ਅਤੇ ਖ਼ੁਸ਼ੀਆਂ ਨੂੰ ਨਪੀੜ ਕੇ ਰੱਖ ਦਿੱਤਾ। ਮੇਲਿਆਂ ਮੁਸ਼ਾਇਬਿਆਂ ਨੂੰ, ਮਿਲਣ ਗਿਲਣ ਨੂੰ ਡੂੰਘੀ ਸੱਟ ਮਾਰੀ। ਉਦਾਸੀ ਦੇ ਆਲਮ ਵਿੱਚੋਂ ਨਿਕਲਣ ਵਾਲੇ 'ਸੇਫਟੀ ਵਾਲਵ' ਦਾ ਢੱਕਣ ਬੰਦ ਹੋ ਗਿਆ। ਇੱਕ ਦੋਸਤ ਦੀ ਯਾਦ ਆਈ: 'ਰਿਜ਼ਰਵ' ਟਾਈਪ ਦਾ ਸ਼ਖ਼ਸ ਸੀ। ਹਾਸਾ, ਮੁਸਕਾਨ ਚਿਹਰੇ ਤੋਂ ਗਾਇਬ ਰਹਿੰਦੇ ਪਰ ਜਦੋਂ ਯਾਰਾਂ ਦੋਸਤਾਂ ਦੀ ਮਹਿਫ਼ਿਲ ਵਿੱਚ ਹੁੰਦਾ ਤਾਂ ਹਾਸੇ ਦੀਆਂ ਫੁਹਾਰਾਂ ਪੈਂਦੀਆਂ। ਲੱਗਦਾ, ਇਹ ਤਾਂ ਵੱਖਰਾ ਹੀ ਪ੍ਰਾਣੀ ਹੈ। ਲੋਕੀਂ ਐਵੇਂ ਕਹਿੰਦੇ ਨੇ ਕਿ 'ਖੁਸ਼ਕੀ' ਦਾ ਮਾਰਿਆ। ਮਹਾਮਾਰੀ ਆਈ। ਸਭ ਆਪੋ ਆਪਣੇ ਖੋਲ ਵਿੱਚ ਸੀਮਿਤ ਹੋ ਗਏ। ਹਾਸੇ ਘਟੇ ਤੇ ਮਿੱਤਰ ਪਿਆਰਾ ਸੁੰਞੇਪਣ ਦਾ ਸ਼ਿਕਾਰ ਹੋ ਗਿਆ। ਪਤਾ ਹੀ ਨਹੀਂ ਲੱਗਿਆ, ਕਦੋਂ ਜਲ ਸਮਾਧੀ ਲੈ ਲਈ!

ਹੱਸਣ, ਹੱਸਣ ਦਾ ਫ਼ਰਕ ਵੀ ਹੁੰਦਾ ਹੈ ਅਤੇ ਢੁੱਕਵਾਂ ਵੇਲਾ ਵੀ। ਕਦੋਂ ਹੱਸਣਾ; ਤੁਹਾਡੀਆਂ ਖ਼ੁਸ਼ੀਆਂ ਨੂੰ ਕਈ ਗੁਣਾ ਵਧਾਉਂਦਾ ਹੈ ਅਤੇ ਕਈ ਵਾਰ ਇਸ ਦਾ ਚੁੱਭਵਾਂ ਵਾਰ ਭਾਵਨਾਵਾਂ ਨੂੰ ਆਹਤ ਕਰਦਾ ਹੈ। ਬੱਚੇ ਦਾ ਜਨਮ ਲੈਣ ਸਮੇਂ ਰੋਣਾ, ਉਸ ਦੀ ਮਾਂ ਵਾਸਤੇ ਹੱਸਣ ਦਾ ਸਬੱਬ ਬਣਦਾ ਹੈ। ਕਿੰਨਾ ਆਨੰਦਮਈ ਹੁੰਦਾ ਹੈ ਉਹ ਹਾਸਾ! ਫਿਰ ਸਾਰੀ ਉਮਰ ਉਹ ਲਾਡਲੇ ਦੀ ਅੱਖ ਦਾ ਹੰਝੂ ਵੀ ਸਹਾਰ ਨਹੀਂ ਸਕਦੀ। ਦੂਸਰਿਆਂ ਦੇ ਹਾਸੇ ਵਿੱਚ ਤੁਹਾਡੀ ਸ਼ਮੂਲੀਅਤ ਕੀਮਤੀ ਪਲਾਂ ਦਾ ਸਰਮਾਇਆ ਬਣ ਜਾਂਦੀ ਹੈ ਪਰ ਦੂਸਰਿਆਂ 'ਤੇ ਹੱਸਣ ਦੀਆਂ ਘੜੀਆਂ, ਕਦੇ ਨਾ ਕਦੇ ਅੰਦਰਲੇ ਮਨ ਨੂੰ ਜ਼ਖ਼ਮੀ ਵੀ ਕਰ ਦਿੰਦੀਆਂ ਹਨ; ਖ਼ਾਸ ਕਰ ਕੇ ਜਦੋਂ ਤੁਸੀਂ ਉਸੇ ਤਰ੍ਹਾਂ ਦੇ ਹਾਲਾਤ ਵਿੱਚੋਂ ਖ਼ੁਦ ਗੁਜ਼ਰਦੇ ਹੋ। ਕਈ ਵਾਰ ਮਸਨੂਈ ਕਿਸਮ ਦਾ ਹਾਸਾ ਤੁਹਾਡੀ ਸ਼ਖ਼ਸੀਅਤ ਨੂੰ ਹੇਠਲੇ ਪਾਏਦਾਨ 'ਤੇ ਵੀ ਲਿਆ ਖੜ੍ਹਾ ਕਰਦਾ ਹੈ। ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਗੁਰਬਾਣੀ ਨੇ ਵੀ ਖ਼ੁਸ਼ ਰਹਿਣ ਨੂੰ ਸਾਡੇ ਨਿੱਤਨੇਮ ਦੀ ਇੱਕ ਮਹੱਤਵਪੂਰਨ ਜੁਗਤੀ ਦੱਸਿਆ ਹੈ:

ਹਸੰਦਿਆ ਖੇਲੰਦਿਆ ਪੈਨੰਦਿਆ
ਖਾਵੰਦਿਆ ਵਿਚੇ ਹੋਵੈ ਮੁਕਤਿ॥

ਹੱਸਣਾ, ਦੋਸਤੀ ਦਾ ਘੇਰਾ ਵਿਸ਼ਾਲ ਕਰਦਾ ਹੈ। ਕਹਿੰਦੇ ਨੇ ਜਿੱਥੇ ਬੇਪ੍ਰਵਾਹ ਹਾਸੇ ਦੇ ਠਹਾਕੇ ਸੁਣਾਈ ਦੇਣ, ਸਮਝ ਲੈਣਾ ਦੋਸਤਾਂ ਦੀ ਮਹਿ ?ਫ਼ਿਲ ਜੰਮੀ ਹੋਈ ਹੈ। 'ਕੋਈ ਕੀ ਕਹੇਗਾ' ਵਾਲਾ ਪ੍ਰਵਚਨ ਇੱਥੇ ਲਾਗੂ ਨਹੀਂ ਹੁੰਦਾ। ਕਈ ਵਾਰ ਅਣਜਾਣਾਂ ਨਾਲ, ਸਫ਼ਰ ਕਰਦੇ ਯਾਤਰੀਆਂ ਨਾਲ, ਸਹਿਕਰਮੀਆਂ ਨਾਲ ਹਾਸਾ ਮਜ਼ਾਕ ਉਮਰ ਭਰ ਦੇ ਰਿਸ਼ਤੇ ਜੋੜ ਦਿੰਦਾ ਹੈ। ਅੱਜਕੱਲ੍ਹ ਵਿਅੰਗ, ਨਕਲਾਂ, ਚੁਟਕਲੇ ਅਸਲ ਜ਼ਿੰਦਗੀ ਵਿਚਲੇ ਗ਼ਮਗੀਨ ਪਲਾਂ ਤੋਂ ਧਿਆਨ ਲਾਂਭੇ ਕਰਾਉਣ ਹਿੱਤ ਵੱਡੀ ਭੂਮਿਕਾ ਨਿਭਾਉਂਦੇ ਹਨ। ਸਚਾਈ ਤਾਂ ਇਹ ਹੈ ਕਿ 'ਆਪ ਵੀ ਖ਼ੁਸ਼ ਅਤੇ ਦੂਜੇ ਵੀ ਖ਼ੁਸ਼' ਜ਼ਿੰਦਗੀ ਜਿਉਣ ਦੀ ਕਲਾ ਦਾ ਇੱਕ ਅਨੁਪਮ ਅਧਿਆਇ ਹੈ।

(ਬਾਕੀ ਸਫ਼ਾ 31 'ਤੇ)

# ...ਏਥੇ ਮੇਘ ਆਉਂਦੇ ਵੀ ਮੁੜ ਗਏ !

**ਅਮਨਪ੍ਰੀਤ ਸਿੰਘ**



ਕੁਦਰਤ ਅਸੀਮ ਸੁੰਦਰਤਾ ਤੇ ਵਿਭਿੰਨਤਾ ਨਾਲ ਭਰਪੂਰ ਹੈ। ਪੈਲ ਪਾਉਂਦਾ ਮੋਰ, ਕੋਇਲ ਦੀ ਕੂ-ਕੂ, ਚਿੜੀਆਂ ਤੇ ਪੰਛੀਆਂ ਦੀਆਂ ਆਵਾਜ਼ਾਂ ਦਾ ਸੰਗੀਤ ਤੇ ਦਿਲ ਟੁੰਬਣ ਵਾਲੀ ਹਰਿਆਲੀ ਦੇ ਦ੍ਰਿਸ਼ ਮਨ ਨੂੰ ਸਕੂਨ ਦਿੰਦੇ ਹਨ। ਕੁਦਰਤ ਅਨੇਕਤਾ ਵਿੱਚ ਏਕਤਾ ਦੇ ਸਰੂਪ ਵਿੱਚ ਵਿਸ਼ਵਾਸ ਕਰਦੀ ਹੈ। ਧਰਤੀ ਉੱਤੇ ਹਰ ਜੀਵ ਤੇ ਬਨਸਪਤੀ ਆਪਣੇ-ਆਪ ਵਿੱਚ ਵਿਲੱਖਣ ਹੈ ਪਰੰਤੂ ਉਹ ਕਿਸੇ ਨਾ ਕਿਸੇ ਰੂਪ ਵਿੱਚ ਕਿਸੇ ਦੂਜੇ ਉੱਤੇ ਨਿਰਭਰ ਹੈ।

ਇੱਥੇ ਕਿਸੇ ਵੀ ਕਿਸਮ ਦਾ ਅੰਸਤੁਲਨ ਵਿਨਾਸ਼ ਦਾ ਬੀਜ ਬਣ ਜਾਂਦਾ ਹੈ। ਪ੍ਰਿਥਵੀ ਉੱਪਰ ਅਨੇਕ ਤਰ੍ਹਾਂ ਦੇ ਜੀਵ-ਜੰਤੂਆਂ ਤੇ ਪੌਦਿਆਂ ਦਾ ਇਹ ਅਦਭੁੱਤ ਇਕੱਠ ਹੀ ਮਿਲ ਕੇ ਕਾਦਰ ਦੀ ਕੁਦਰਤ ਦੇ ਸੁਹੱਪਣ ਨੂੰ ਬਿਆਨ ਕਰਦਾ ਹੈ। ਇਨ੍ਹਾਂ ਜੀਵਾਂ ਵਿੱਚੋਂ ਮਨੁੱਖ ਨੂੰ ਉਸ ਦੀ ਸਿਆਣਪ ਕਾਰਨ ਹੋਮੋਸੇਪੀਅਨਜ਼ ਭਾਵ ਸਿਆਣਾ ਮਾਨਵ ਦਾ ਰੁਤਬਾ ਮਿਲਿਆ ਹੈ।

ਮਨੁੱਖ ਦੇ ਮਹਾਬਲੀ ਬਣਨ ਨੂੰ ਸਦੀਆਂ ਲੱਗ ਗਈਆਂ ਸਨ। ਦੂਜੇ ਜੀਵ-ਜੰਤੂਆਂ ਦੇ ਮੁਕਾਬਲੇ ਮਨੁੱਖ ਕੋਲ ਅਜਿਹਾ ਦਿਮਾਗ਼ ਹੈ ਜਿਸ ਦੀ ਬਦੌਲਤ ਉਹ ਮਹਾਬਲੀ ਬਣ ਗਿਆ। ਆਦਿ ਮਨੁੱਖ ਹੋਰ ਚੁਪਾਇਆਂ ਵਾਂਗ ਜੰਗਲਾਂ ਤੇ ਗੁਫਾਵਾਂ ਵਿੱਚ ਰਹਿੰਦਾ ਸੀ। ਜਦੋਂ ਉਸ ਨੇ ਮੂਹਰਲੀਆਂ ਲੱਤਾਂ ਨੂੰ ਹੱਥਾਂ-ਬਾਹਾਂ ਦੇ ਤੌਰ 'ਤੇ ਵਰਤਣਾ ਸ਼ੁਰੂ ਕੀਤਾ ਤਾਂ ਉਸ ਨੇ ਨੇਜ਼ਿਆਂ-ਭਾਲਿਆਂ ਅਤੇ ਤੀਰ-ਕਮਾਨਾਂ ਦੀ ਵਰਤੋਂ ਕਰ ਕੇ ਦੂਜੇ ਜੀਵ-ਜੰਤੂਆਂ ਦਾ ਸ਼ਿਕਾਰ ਕਰਨਾ ਸ਼ੁਰੂ ਕਰ ਦਿੱਤਾ। ਫਿਰ ਮਨੁੱਖ ਨੇ ਆਪਣੀ ਇਸ ਸਿਆਣਪ ਨੂੰ ਚਤੁਰਾਈ ਵਿੱਚ ਬਦਲ ਕੇ ਕੁਦਰਤ ਨੂੰ ਆਪਣੇ ਸੌੜੇ ਹਿੱਤਾਂ ਲਈ ਵਰਤਣ ਕਾਰਨ ਜੈਵ ਵਿਭਿੰਨਤਾ ਨੂੰ ਨੁਕਸਾਨ ਪਹੁੰਚਾਇਆ ਹੈ। ਹੁਣ ਤੱਕ ਬਹੁਤ ਸਾਰੇ ਜੀਵ-ਜੰਤੂ ਤੇ ਪੌਦੇ ਧਰਤੀ ਤੋਂ ਆਪਣੀ ਹੋਂਦ ਗੁਆ ਚੁੱਕੇ ਹਨ। ਯੁਵਲ ਨੋਹਾ ਹਰਾਰੀ ਨੇ ਆਪਣੀ ਪੁਸਤਕ ਸੇਪੀਅਨਜ਼ ਵਿੱਚ ਬਾਖ਼ੂਬੀ ਦੱਸਿਆ ਹੈ ਕਿ ਕਿਵੇਂ ਮਨੁੱਖਾਂ ਨੇ ਧਰਤੀ ਉੱਪਰ ਜੀਵ-ਜੰਤੂਆਂ ਨੂੰ ਤਬਾਹ ਕਰਨ ਵਿਚ ਆਪਣੀ ਭੂਮਿਕਾ ਨਿਭਾਈ ਹੈ।

ਮਨੁੱਖ ਦੀ ਹਉਮੈ ਤੇ ਲਾਲਚ ਕਾਰਨ ਹੁਣ ਤੱਕ ਕਈ ਨਸਲਾਂ ਦਾ ਧਰਤੀ 'ਤੇ ਕੋਈ ਖੁਰਾ-ਖੋਜ ਵੀ ਨਹੀਂ ਬਚਿਆ। ਉਹ ਜ਼ੋਰਦਾਰ ਤਰੀਕੇ ਨਾਲ ਇਸ ਤੱਥ ਦੀ ਵਕਾਲਤ ਕਰਦਾ ਹੈ ਕਿ ਵਾਤਾਵਰਨ ਵਿੱਚ ਅਸੰਤੁਲਨ ਲਈ ਨਿਰੋਲ ਮਨੁੱਖ ਹੀ ਜ਼ਿੰਮੇਵਾਰ ਹੈ ਅਤੇ ਅਜਿਹੇ ਕਦਮ ਪੁੱਟੇ ਜਾਣ ਦੀ ਲੋੜ ਹੈ ਕਿ ਧਰਤੀ ਦੀ ਜੈਵ-ਵਿਭਿੰਨਤਾ ਕਾਇਮ ਰਹੇ।

ਵਿਗਿਆਨੀ ਅਰਨਸ ਮਾਇਰ ਨੇ 1990 ਵਿਚ ਦੱਸਿਆ ਸੀ ਕਿ ਜੀਵਾਂ ਦੀਆਂ 600 ਜਾਤੀਆਂ ਹਰ ਹਫ਼ਤੇ ਲੁਪਤ ਹੋ ਰਹੀਆਂ ਹਨ। ਜੇਕਰ ਇਹ ਵਾਕਈ ਸੱਚ ਹੈ ਤਾਂ ਇਹ ਕਾਫ਼ੀ ਡਰਾਵਣਾ ਹੈ। ਕਿਸੇ ਸਮੇਂ ਦਿਓ ਕੱਦ ਡਾਇਨਾਸੋਰ ਦਾ ਵੀ ਧਰਤੀ 'ਤੇ ਰਾਜ ਰਿਹਾ ਹੈ ਤੇ ਉਹ ਕੁਦਰਤੀ ਘਟਨਾ ਕਾਰਨ ਲੁਪਤ ਹੋ ਗਏ।

ਬਦਲਾਅ ਕੁਦਰਤ ਦਾ ਨਿਯਮ ਹੈ। ਪਰ ਇਨਸਾਨੀ ਦਖ਼ਲਅੰਦਾਜ਼ੀ ਨਾਲ ਇਹ ਪ੍ਰਕਰਣ ਤੇਜ਼ ਹੋਇਆ ਹੈ। ਜ਼ਰੂਰਤਾਂ ਦੀ ਪੂਰਤੀ ਲਈ ਜੰਗਲ ਵੱਢੇ ਜਾ ਰਹੇ ਹਨ। ਹਵਾ ਤੇ ਪਾਣੀ ਦਾ ਪ੍ਰਦੂਸ਼ਣ ਵਧ ਰਿਹਾ ਹੈ। ਇਸ ਆਪਹੁਦਰੇਪਣ ਦਾ ਬੁਰਾ ਪ੍ਰਭਾਵ ਜੈਵ-ਵਿਭਿੰਨਤਾ 'ਤੇ ਪੈ ਰਿਹਾ ਹੈ।

ਵਿਗਿਆਨੀਆਂ ਵੱਲੋਂ ਨਿੱਤ ਨਵੀਆਂ ਖੋਜਾਂ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਸਾਡੀ ਜ਼ਿੰਦਗੀ ਨੂੰ ਸੁਖਾਲਾ ਕੀਤਾ ਜਾ ਸਕੇ। ਅਸੀਂ ਇਹ ਖ਼ਾਹਿਸ਼ ਪਾਲ ਲਈ ਹੈ ਕਿ ਸਾਡਾ ਹਰ ਕੰਮ ਰਿਮੋਟ ਦੇ ਬਟਨ ਨਾਲ ਹੋਣ ਲੱਗੇ। ਲਾਲਚਵੱਸ ਕੁਦਰਤੀ ਸੋਮਿਆਂ ਦੀ ਅੰਨ੍ਹੀ ਲੁੱਟ ਹੋ ਰਹੀ ਹੈ। ਵਿਕਾਸ ਦੇ ਨਾਮ 'ਤੇ ਜੀਵ-ਜੰਤੂਆਂ ਦੇ ਨਿਵਾਸ ਸਥਾਨ ਨਸ਼ਟ ਹੋ ਰਹੇ ਹਨ।

ਅਜਿਹੇ ਪ੍ਰਤੀਕੂਲ ਮਾਹੌਲ ਵਿੱਚ ਜੀਵ-ਜੰਤੂਆਂ ਤੇ ਪੌਦਿਆਂ ਦੀਆਂ ਨਸਲਾਂ ਦਾ ਖ਼ਤਮ ਹੋਣਾ ਤੈਅ ਹੈ। ਮਨੁੱਖ ਜਾਤੀ ਨੂੰ ਸੁੱਖ-ਸੁਵਿਧਾਵਾਂ ਤੇ ਪੈਸਾ ਤਾਂ ਨਜ਼ਰੀਂ ਪੈ ਰਿਹਾ ਹੈ ਪਰ ਸਿੱਕੇ ਦੇ ਦੂਜੇ ਪਾਸੇ 'ਤੇ ਮੁੱਲ ਲਏ ਖ਼ਤਰੇ ਦੀ ਚਿਤਾਵਨੀ ਨੂੰ ਜਾਣਬੁੱਝ ਕੇ ਅਣਗੌਲਿਆ ਜਾ ਰਿਹਾ ਹੈ। ਵਿਸ਼ਵ ਤਾਪਮਾਨ ਦਾ ਵਾਧਾ ਆਪਣੀ ਰਫ਼ਤਾਰ ਨਾਲ ਮੰਜ਼ਿਲ ਵੱਲ ਵਧ ਰਿਹਾ ਹੈ। ਵਿਗਿਆਨੀਆਂ ਅਨੁਸਾਰ ਜੇ ਔਸਤ ਤਾਪਮਾਨ 1.5 ਡਿਗਰੀ ਸੈਲਸੀਅਸ ਤੱਕ ਅੱਪੜਦਾ ਹੈ ਤਾਂ ਸੱਤਰ ਤੋਂ ਨੱਬੇ ਫ਼ੀਸਦੀ ਜੀਵਾਂ ਲਈ ਜਿਊਣ ਵਾਲੇ ਹਾਲਤ ਮੁਹਾਲ ਹੋ ਜਾਣਗੇ। ਮਾਹਰਾਂ ਅਨੁਸਾਰ ਧਰਤੀ ਉੱਪਰ ਮਨੁੱਖ ਦੀ ਪ੍ਰਤੀਸ਼ਤ ਮਾਤਰਾ ਸਿਰਫ਼ 0.01 ਫ਼ੀਸਦੀ ਹੈ ਪਰ ਉਸ ਨੇ 83 ਫ਼ੀਸਦੀ ਥਣਧਾਰੀਆਂ ਤੇ 50 ਫ਼ੀਸਦੀ ਪੌਦਿਆਂ ਦੀਆਂ ਪ੍ਰਜਾਤੀਆਂ ਨੂੰ ਹੁਣ ਤੱਕ ਨਸ਼ਟ ਕਰ ਦਿੱਤਾ ਹੈ।

ਮਨੁੱਖ ਨੇ ਜੰਗਲਾਂ ਵਿੱਚੋਂ ਬਾਹਰ ਨਿਕਲ ਕੇ ਜਿਸ-ਜਿਸ ਟਾਪੂ 'ਤੇ ਵੀ ਕਦਮ ਰੱਖਿਆ, ਉੱਥੇ ਦੇ ਜੀਵ-ਜੰਤੂ ਤੇ ਬਨਸਪਤੀ ਹੌਲੀ-ਹੌਲੀ ਗ਼ਾਇਬ ਹੋਣੇ ਸ਼ੁਰੂ ਹੋ ਗਏ। ਮਰਹੂਮ ਸੁਰਜੀਤ ਪਾਤਰ ਲਿਖਦੇ ਹਨ, "ਏਥੇ ਕੁਲ ਪਰਿੰਦੇ ਹੀ ਉੜ ਗਏ, ਏਥੇ ਮੇਘ ਆਉਂਦੇ ਵੀ ਮੁੜ ਗਏ, ਏਥੇ ਕਰਨ ਅਜਕਲ ਬਿਰਖ ਵੀ ਕਿਤੇ ਹੋਰ ਜਾਣ ਦੇ ਮਸ਼ਵਰੇ।"

ਸੰਨ 2018 ਦੀ ਲਿਵਿੰਗ ਪਲਾਂਟ ਰਿਪੋਰਟ ਅਨੁਸਾਰ 1974-2014 ਦੇ ਸਮੇ ਦੌਰਾਨ ਥਣਧਾਰੀਆਂ, ਪੰਛੀਆਂ, ਮੱਛੀਆਂ, ਪਾਣੀ ਵਿਚਲੇ ਜੀਵਾਂ ਤੇ ਰੀਂਗਣ ਵਾਲੇ ਜੀਵਾਂ ਦੀ ਗਿਣਤੀ ਵਿੱਚ 60 ਪ੍ਰਤੀਸ਼ਤ ਦੀ ਗਿਰਾਵਟ ਦਰਜ ਕੀਤੀ ਗਈ ਹੈ। ਮਾਹਰਾਂ ਅਨੁਸਾਰ ਜੀਵ-ਜੰਤੂਆਂ ਤੇ ਪੌਦਿਆਂ ਦੀਆਂ ਜਿੰਨੀਆਂ ਵੀ ਕਿਸਮਾਂ ਹੁਣ ਤੱਕ ਲੁਪਤ ਹੋਈਆਂ ਹਨ, ਉਨ੍ਹਾਂ ਵਿੱਚ 75 ਫ਼ੀਸਦੀ ਮਾਤਰਾ ਦੇ ਲੁਪਤ ਹੋਣ ਵਿੱਚ ਮਨੁੱਖੀ ਲਾਲਚ ਜ਼ਿੰਮੇਵਾਰ ਹੈ। ਇੱਕ ਰਿਪੋਰਟ ਅਨੁਸਾਰ ਮੌਜੂਦਾ ਸਮੇਂ ਵਿਚ ਕੁੱਲ ਜੰਗਲੀ ਜੀਵਨ ਵਿੱਚ ਥਣਧਾਰੀ ਜੀਵਾਂ ਦੀ ਮਾਤਰਾ 4 ਫ਼ੀਸਦੀ ਹੈ ਤੇ ਮਨੁੱਖਾਂ ਦੀ 86 ਫ਼ੀਸਦੀ ਤੇ ਲਗਪਗ ਦਸ ਹਜ਼ਾਰ ਸਾਲ ਪਹਿਲਾਂ ਇਹ ਮਾਤਰਾਵਾਂ ਆਪਸ ਵਿੱਚ ਉਲਟ ਹੰਦੀਆਂ ਸਨ। ਧਰਤੀ 'ਤੇ ਮੁੜ ਉਹੀ ਹਾਲਾਤ ਬਣਾਉਣ ਲਈ ਪੰਜਾਹ ਤੋਂ ਸੱਤਰ ਸਾਲ ਦਾ ਸਮਾਂ ਲੱਗੇਗਾ। ਦੂਜੇ ਪਾਸੇ ਪਲਾਸਟਿਕ ਦੀ ਵਰਤੋਂ ਅੱਜ ਰੋਜ਼ਮੱਰਾ ਦੇ ਕਈ ਕੰਮਾਂ ਵਿੱਚ ਬਹੁਤਾਤ ਵਿੱਚ ਹੋ ਰਹੀ ਹੈ। ਸਿਰਫ਼ ਇੱਕ ਵਾਰ ਵਰਤੋਂ ਵਿੱਚ ਆਉਣ ਵਾਲੀ ਪਲਾਸਟਿਕ ਨੇ ਕੂੜੇ ਦੇ ਢੇਰਾਂ ਨੂੰ ਉੱਚਾ ਕੀਤਾ ਹੈ। ਮਹਿਜ਼ ਇੱਕ ਫ਼ੀਸਦੀ ਮਾਤਰਾ ਹੀ ਦੁਬਾਰਾ ਵਰਤੋਂ ਵਿੱਚ ਆ ਰਹੀ ਹੈ, ਬਾਕੀ ਮਾਤਰਾ ਮਿੱਟੀ ਤੇ ਸਮੁੰਦਰਾਂ ਵਿੱਚ ਜਮ੍ਹਾ ਹੋ ਰਹੀ ਹੈ।

ਇਹ ਨਾ-ਗਲਣਯੋਗ ਪਦਾਰਥ ਜੈਵਿਕ ਵਿਭਿੰਨਤਾ ਲਈ ਵੱਡਾ ਖ਼ਤਰਾ ਬਣਦਾ ਜਾ ਰਿਹਾ ਹੈ। ਅਸੀਂ ਕੂੜੇ ਦੇ ਢੇਰਾਂ 'ਤੇ ਆਮ ਹੀ ਅਵਾਰਾ ਪਸ਼ੂਆਂ ਨੂੰ ਖਾਣ ਵਾਲੇ ਪਦਾਰਥਾਂ ਨਾਲ ਪਲਾਸਟਿਕ (ਪੋਲੀਥੀਨ) ਦੇ ਲਿਫ਼ਾਫ਼ੇ ਨਿਗਲਦੇ ਦੇਖਦੇ ਹਾਂ ਤੇ ਚਾਹੁੰਦੇ ਹੋਏ ਵੀ ਕੁਝ ਨਹੀਂ ਕਰ ਸਕਦੇ।

(ਬਾਕੀ ਸਫ਼ਾ 31 'ਤੇ)

# ਸਿੱਖ ਪੰਥ ’ਚ ਚੜ੍ਹਦੀ ਕਲਾ ਦਾ ਪ੍ਰਤੀਕ ‘ਰਣਸਿੰਘਾ’ ਸਾਜ਼

ਜਗਪਿੰਦਰ ਪਾਲ ਸਿੰਘ









ਰਣਸਿੰਘਾ ਸਾਜ਼ ਨੂੰ ‘ਨਰਸਿੰਗਾ’ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਇਹ ਸਾਜ਼ ਜ਼ਿਆਦਾਤਰ ਨੇਪਾਲ, ਪੰਜਾਬ, ਹਿਮਾਚਲ ਪ੍ਰਦੇਸ਼ ਦੇ ਕੁੱਲੂ-ਮਨਾਲੀ, ਕਰਨਾਟਕਾ, ਮੱਧ ਪ੍ਰਦੇਸ਼ ਅਤੇ ਰਾਜਸਥਾਨ ’ਚ ਵਰਤਿਆ ਜਾਂਦਾ ਹੈ। ਰਣਸਿੰਘਾ ਸਾਜ਼ ਦਾ ਪੂਰਵਜ਼ ਪੁਰਾਤਨ ਤੇ ਪ੍ਰਾਚੀਨ ਸਿੰਗੀ ਸਾਜ਼ ਨੂੰ ਮੰਨਿਆ ਗਿਆ ਹੈ। ਸਿੰਗੀ ਸਾਜ਼ ਹੀ ਵਿਕਸਿਤ ਹੁੰਦਾ-ਹੁੰਦਾ ਰਣਸਿੰਘਾ ਬਣਿਆ। ਕੁਝ ਵਿਦਵਾਨਾਂ ਅਨੁਸਾਰ ਨਰਸਿੰਗਾ ਦਾ ਸ਼ਾਬਦਿਕ ਅਰਥ ਮੱਝ ਦੇ ਸਿੰਗ ਤੋਂ ਹੈ। ਮੱਝ ਦਾ ਸਿੰਗ ਲੰਬਾ ਤੇ ਸ਼ੰਕੂ ਵਰਗਾ ਹੁੰਦਾ ਹੈ। ਸੰਸਕ੍ਰਿਤ ਭਾਸ਼ਾ ’ਚ ਮੱਝ ਦੇ ਸਿੰਗ ਨੂੰ ਸ਼੍ਰਿੰਗਾ ਜਾਂ ਸਰੰਗਾ ਕਿਹਾ ਜਾਂਦਾ ਹੈ। ਬਾਅਦ ’ਚ ਸ਼੍ਰਿੰਗਾ ਸ਼ਬਦ ਦੀ ਵਰਤੋਂ ਕਿਸੇ ਤੁਰ੍ਹੀ (ਟ੍ਰਮਪੈਟ) ਸਾਜ਼ ਨੂੰ ਦਰਸਾਉਣ ਲਈ ਕੀਤੀ ਜਾਣ ਲੱਗੀ। ਸਮਾਂ ਦੇ ਬਦਲਣ ਨਾਲ ਤਾਂਬੇ ਦੇ ਕਾਰੀਗਰਾਂ ਨੇ ਇਸ ਕੁਦਰਤੀ ਸਿੰਗ ਵਰਗਾ ਤਾਂਬੇ ਅਤੇ ਪਿੱਤਲ ਧਾਤੂ ਤੋਂ ਤੁਰ੍ਹੀ ਸਾਜ਼ ਬਣਾਏ।

ਭਾਰਤ ਦੇ ਵੱਖ-ਵੱਖ ਪ੍ਰਾਂਤਾਂ ’ਚ ਇਸ ਦੇ ਵੱਖੋ-ਵੱਖਰੇ ਨਾਂਅ ਹਨ, ਜਿਵੇਂ ਉੱਤਰ ਪ੍ਰਦੇਸ਼ ’ਚ ਤੁਰ੍ਹੀ, ਰਾਜਸਥਾਨ ’ਚ ਬਾਂਕੀਆ ਅਤੇ ਬਰਗੂ, ਕਰਨਾਟਕਾ ’ਚ ਬਾਂਕੇ, ਮੱਧ ਪ੍ਰਦੇਸ਼ ’ਚ ਰਣਸਿੰਗਾ, ਹਿਮਾਚਲ ਪ੍ਰਦੇਸ਼ ’ਚ ਨਰਸਿੰਗਾ ਆਦਿਕ। ਸਿੱਖ ਧਰਮ ’ਚ ਰਣਸਿੰਘਾ ਸਾਜ਼ ਦਾ ਵਿਲੱਖਣ ਅਤੇ ਮਹੱਤਵਪੂਰਨ ਸਥਾਨ ਹੈ। ਜਿੱਥੇ ਨਗਾਰੇ ਦੀਆਂ ਚੋਟਾਂ ਲਗਾ ਕੇ ਦੁਸ਼ਮਣ ਉੱਤੇ ਚੜ੍ਹਾਈ ਕੀਤੀ ਜਾਂਦੀ ਸੀ, ਉੱਥੇ ਹੀ ਰਣਸਿੰਘਾ ਸਾਜ਼ ਦੀ ਗਰਜਵੀਂ ਆਵਾਜ਼ ਯੁੱਧ ਦੇ ਮੈਦਾਨ ’ਚ ਵਿਲੱਖਣ ਮਾਹੌਲ ਦੀ ਸਿਰਜਣਾ ਕਰਦੀ ਸੀ।

ਗੁਰੂ ਕਾਲ ਤੋਂ ਹੀ ਰਣਸਿੰਘਾ ਸਾਜ਼ ਸਿੱਖ ਮਰਿਆਦਾ ’ਚ ਵਿਸ਼ੇਸ਼ ਭੂਮਿਕਾ ’ਚ ਰਿਹਾ ਹੈ। ਅੱਜ ਵੀ ਸ੍ਰੀ ਹਰਿਮੰਦਰ ਸਾਹਿਬ ਅਤੇ ਅਨੇਕਾਂ ਇਤਿਹਾਸਕ ਗੁਰਦੁਆਰਾ ਸਾਹਿਬਾਨਾਂ ’ਚ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਪ੍ਰਕਾਸ਼ ਕਰਨ ਲਈ ਲਿਆਇਆ ਜਾਂਦਾ ਹੈ ਤਾਂ ਰਣਸਿੰਘਾ ਸਾਜ਼ਾਂ ਨੂੰ ਬਹੁਤ ਸ਼ਰਧਾ ਭਾਵਨਾ ਨਾਲ ਵਜਾ ਕੇ ਇਕ ਵਿਲੱਖਣ ਮਾਹੌਲ ਦੀ ਸਿਰਜਣਾ ਕੀਤੀ ਜਾਂਦੀ ਹੈ। ਖ਼ਾਲਸੇ ਦੇ ਕੌਮੀ ਤਿਉਹਾਰ ਹੋਲੇ ਮਹੱਲੇ ਮੌਕੇ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਨਰਸਿੰਘਾ ਸਾਜ਼ ਨੂੰ ਵਜਾ ਕੇ ਚੜ੍ਹਦੀ ਕਲਾ ਦਾ ਸੁਨੇਹਾ ਦਿੱਤਾ ਜਾਂਦਾ ਹੈ। ਹਿਮਾਚਲ ਪ੍ਰਦੇਸ਼ ’ਚ ਰਣਸਿੰਗਾ ਸਾਜ਼ ਨੂੰ ਵਿਆਹ, ਧਾਰਮਿਕ ਜਲੂਸਾਂ ਅਤੇ ਸ਼ੁੱਭ ਮੌਕਿਆਂ ’ਤੇ ਵਜਾਇਆ ਜਾਂਦਾ ਹੈ।

ਨੇਪਾਲ ’ਚ ਜਦੋਂ ਬਰਾਤ ਲੜਕੀ ਵਾਲਿਆਂ ਦੇ ਘਰ ਵੱਲ ਤੁਰਦੀ ਹੈ ਤਾਂ ਇਹ ਸਾਜ਼ ਉਦੋਂ ਵਿਸ਼ੇਸ਼ ਰੂਪ ’ਚ ਵਜਾਇਆ ਜਾਂਦਾ ਹੈ। ਰਣਸਿੰਗਾ ਸਾਜ਼ ਧਾਰਮਿਕ ਆਸਥਾ ਦਾ ਵੀ ਪ੍ਰਤੀਕ ਹੈ। ਇਸ ਦਾ ਵਾਦਨ ਧਾਰਮਿਕ ਜਲੂਸਾਂ ’ਚ ਵਿਸ਼ੇਸ਼ ਤੌਰ ’ਤੇ ਕੀਤਾ ਜਾਂਦਾ ਹੈ। ਇੱਕ ਧਾਰਮਿਕ ਆਸਥਾ ਅਨੁਸਾਰ ਇਸ ’ਚੋਂ ਨਿਕਲੀ ਆਵਾਜ਼ ਦੁਸ਼ਟ ਆਤਮਾਵਾਂ ਨੂੰ ਭਜਾ ਦਿੰਦੀ ਹੈ ਅਤੇ ਪਵਿੱਤਰ ਆਤਮਾਵਾਂ ਨੂੰ ਰਾਹ ਦਿੰਦੀ ਹੈ।

ਅਜੋਕੇ ਸਮੇਂ ਇਹ ਸਾਜ਼ ਤਾਂਬੇ ਅਤੇ ਪਿੱਤਲ ਧਾਤੂ ਤੋਂ ਬਣਾਇਆ ਜਾਂਦਾ ਹੈ। ਰਣਸਿੰਘਾ ਸਾਜ਼ ਦੇ ਦੋ ਭਾਗ ਹੁੰਦੇ ਹਨ। ਇਸ ਦਾ ਉੱਪਰਲਾ ਭਾਗ ਖੁੱਲ੍ਹਾ ਅਤੇ ਹੇਠਲਾ ਭਾਗ ਤੰਗ ਹੁੰਦਾ ਹੈ। ਇਨ੍ਹਾਂ ਦੋਵਾਂ ਭਾਗਾਂ ਦਾ ਆਕਾਰ ਅੰਗਰੇਜ਼ੀ ਵਰਣਮਾਲਾ ਦੇ ਸੀ (ਸੀ) ਵਰਗਾ ਹੁੰਦਾ ਹੈ। ਬਾਅਦ ’ਚ ਦੋਵਾਂ ਭਾਗਾਂ ਨੂੰ ਇਸ ਢੰਗ ਨਾਲ ਜੋੜਿਆ ਜਾਂਦਾ ਹੈ ਕਿ ਇਸ ਦਾ ਆਕਾਰ ਅੰਗਰੇਜ਼ੀ ਵਰਣਮਾਲਾ ਦੇ ਐੱਸ ਵਰਗਾ ਹੋ ਜਾਂਦਾ ਹੈ। ਰਣਸਿੰਘਾ ਵਾਦਕ ਪਤਲੇ ਸਿਰੇ ਉੱਤੇ ਜ਼ੋਰ ਨਾਲ ਫ਼ੂਕ ਮਾਰਦਾ ਹੈ, ਜਿਸ ਨਾਲ ਆਵਾਜ਼ ਉਤਪੰਨ ਹੁੰਦੀ ਹੈ। ਇਸ ਸਾਜ਼ ਨੂੰ ਵਜਾਉਣ ਲਈ ਵਿਸ਼ੇਸ਼ ਤਕਨੀਕ ਦੀ ਵਰਤੋਂ ਕੀਤੀ ਜਾਂਦੀ ਹੈ।





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

16 ਜੁਲਾਈ ਨੂੰ ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਸ਼ਹੀਦ ਭਾਈ ਤਾਰੂ ਸਿੰਘ ਜੀ

ਬਾਬਾ ਬੰਦਾ ਸਿੰਘ ਜੀ ਬਹਾਦਰ ਅਤੇ ਉਹਨਾਂ ਦੇ ਸਿੰਘਾਂ ਦੀ ਸ਼ਹੀਦੀ ( 1716 ) ਤੋਂ ਬਾਅਦ ਸਿੰਘਾਂ 'ਤੇ ਬੜੀ ਮੁਸੀਬਤ ਦਾ ਸਮਾਂ ਸੀ। ਮੁਗਲ ਹਾਕਮਾਂ ਨੇ ਸਿੰਘਾਂ 'ਤੇ ਅਤਿਆਚਾਰ ਕਰਨ ਦੀ ਅਤਿ ਹੀ ਚੁੱਕ ਲਈ ਸੀ। ਜਬਰੀ ਧਰਮ ਪ੍ਰੀਵਰਤਣ ਦੇ ਖ਼ੂਨੀ ਇਰਾਦੇ ਹੇਠ, ਸਿੰਘਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ। ਸਿੰਘਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਹਿੰਮ ਹੀ ਚਲ ਪਈ। ਸਿੰਘਾਂ ਨੇ ਹਮੇਸ਼ਾ ਲੋਕ ਭਲਾਈ ਲਈ ਜ਼ੁਲਮ ਦੇ ਵਿਰੁੱਧ ਟਾਕਰਾ ਕਰਦੇ ਹੋਏ, ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਲਾਸਾਨੀ ਕੁਰਬਾਨੀਆਂ ਦਿੱਤੀਆਂ।

ਮੱਧ ਕਾਲੀਨ ਯੁੱਗ ਵਿੱਚ ਸਮਾਜ ਸੁਧਾਰਕਾਂ ਵੱਲੋਂ ਭਗਤੀ ਲਹਿਰ ਚਲਾਈ ਗਈ। ਸਮਾਜ ਵਿੱਚ ਝੂਠੇ ਕਰਮਕਾਂਡਾ ਵਿਰੁੱਧ ਚੇਤਨਾ ਆਈ। ਸੂਫ਼ੀ ਰੰਗ ਵਿੱਚ ਰੰਗੀ ਬਾਣੀ ਵਿੱਚ ਬੀਰ ਰਸ ਭਰਿਆ ਗਿਆ। ਕਿਸੇ ਵੀ ਅੰਦੋਲਨ ਵਿੱਚ ਜਾਨ ਪਾਉਣ ਲਈ ਬੀਰ-ਰਸ ਦੀ ਬੜੀ ਅਹਿਮੀਅਤ ਹੁੰਦੀ ਹੈ।

ਗੁਰਬਾਣੀ ਦੇ ਸ਼ਬਦ 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ' ॥ (ਅੰਗ 1412) ਤੋਂ ਧਰਮ ਦੀ ਬੁਨਿਆਦ ਨੂੰ ਪੱਕਾ ਕਰਨ ਦਾ ਉਪਦੇਸ਼ ਮਿਲਦਾ ਹੈ। ਸੱਚ ਧਰਮ ਦੇ ਮਾਰਗ 'ਤੇ ਕੁਰਬਾਨੀ ਦੇਣ ਲਈ ਤਿਆਰ ਰਹਿਣ ਦਾ ਸੰਦੇਸ਼ ਮਿਲਦਾ ਹੈ। ਇੱਕ ਪਰਮਾਤਮਾ ਵਿੱਚ ਯਕੀਨ ਰੱਖ ਕੇ ਉਸ ਦਾ ਨਾਮ ਜਪਣਾ,ਖੁਸ਼ੀ ਅਤੇ ਗਮੀ ਵਿੱਚ ਹਮੇਸ਼ਾ ਰੱਬ ਦਾ ਭਾਣਾ ਮੰਨਣਾ। ਨਾਨਕ ਪੰਥ ਦੀ ਸਮੁੱਚੀ ਬੰਦਗੀ ਵਿੱਚ ਨਿਮਰਤਾ ਨੂੰ ਪਹਿਲ ਦਿੱਤੀ ਗਈ ਹੈ। ਹਰੇਕ ਨੇ ਸੱਚੀ ਮਿਹਨਤ ਅਤੇ ਇਮਾਨਦਾਰੀ ਨਾਲ ਕ੍ਰਿਤ ਕਰਨੀ ਹੈ। ਆਪਣੀ ਮਿਹਨਤ ਦੀ ਕਮਾਈ ਦਾ ਫਲ, ਦੂਜਿਆਂ ਨਾਲ ਵੰਡ ਕੇ ਛੱਕਣਾ ਹੈ। ਜੀਵਨ ਜਾਚ ਲਈ ਸਿਧਾਂਤ ਹੈ ਕਿ 'ਕ੍ਰਿਤ ਕਰੋ, ਨਾਮੁ ਜਪੋ, ਵੰਡ ਛਕੋ।' ਬਰਾਬਰਤਾ ਦੇ ਸਮਾਜ ਵਿੱਚ ਖ ਦਗਰਜੀ ਤੋਂ ਉਪਰ ਉਠ ਕੇ ਸੇਵਾ ਕਰਨੀ ਹੈ। ਸਰਬੱਤ ਦੇ ਭਲੇ ਲਈ ਇਨਸਾਨੀ ਹੱਕਾਂ 'ਤੇ ਪਹਿਰਾ ਦੇਣਾ ਹੈ।

ਸਿੱਖ ਧਰਮ ਦੇ ਬਾਨੀ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਧਰਮਸ਼ਾਲਾ, ਸੰਗਤ, ਪੰਗਤ, ਲੰਗਰ ਅਤੇ ਪ੍ਰਚਾਰ ਲਈ ਮੰਜੀਆਂ ਆਦਿ ਸੰਸਥਾਵਾਂ ਚਲਾਈਆਂ, ਅੱਗੇ ਜਾ ਕੇ ਸਿੱਖ ਗੁਰੂਆਂ ਨੇ ਚਲਦੀਆਂ ਸੰਸਥਾਵਾਂ ਨੂੰ ਹੋਰ ਮਜ਼ਬੂਤ ਕੀਤਾ ਅਤੇ ਵਧਾਇਆ। ਧਰਮ ਯੁੱਧ ਦੇ ਦੌਰ ਵਿੱਚ ਜਿਥੇ ਰਸਦ ਅਤੇ ਮਾਇਆ ਭੇਂਟ ਕੀਤੀ ਜਾਂਦੀ ਹੈ, ਉਥੇ ਲੋੜ ਪੈਣ ਤੇ ਸੀਸ ਵੀ ਭੇਟ ਕੀਤੇ ਜਾਣ ਲੱਗੇ। ਇਸ ਤੇ ਚਲਦਿਆਂ ਸੱਖ ਇਤਿਹਾਸ ਤਸੀਹਿਆਂ, ਕੁਰਬਾਨੀਆਂ ਅਤੇ ਸ਼ਹੀਦੀਆਂ ਦੀ ਵਿਲੱਖਣ ਮਿਸਾਲ ਹੈ। ਉਸੇ ਸੰਘਰਸ਼ ਦੀ ਲੜੀ ਵਿੱਚ ਅਠਾਰਵੀਂ ਸਦੀ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਹੋਏ ਹਨ।

ਜ਼ਕਰੀਆ ਖਾਨ ਲਾਹੌਰ ਦਾ ਹਾਕਮ ਸੀ। ਉਸ ਦਾ ਭਰਾ ਸਿੱਖਾਂ ਨਾਲ ਹੋਈ ਇੱਕ ਜੰਗ ਵਿੱਚ ਮਾਰਿਆ ਗਿਆ। ਉਸ ਦਾ ਬਦਲਾ ਲੈਣ ਲਈ ਉਸ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਹਿੰਮ ਚਲਾ ਰੱਖੀ ਸੀ। ਉਸਨੇ ਸਿੱਖਾਂ ਨੂੰ ਚੁਣ ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ। ਸਿੱਖ ਆਪਣੀ ਹੋਂਦ ਨੂੰ ਬਚਾਉਣ ਲਈ ਜੰਗਲਾਂ ਬੇਲਿਆਂ, ਪਹਾੜਾਂ, ਮਾਰੂਥਲਾਂ ਆਦਿ ਦੀਆਂ ਪਨਾਹਗਾਹਾਂ ਵਿੱਚ ਚਲੇ ਗਏ। ਬਾਕੀ ਕੁਝ ਬਚੇ ਹੋਏ ਸਿੱਖ ਅਤੇ ਦੂਸਰੇ ਵਰਕਾਂ ਦੇ ਲੋਕ ਮੁਗਲਾਂ ਦੇ ਘੋਰ ਜ਼ੁਲਮ ਹੇਠ ਜੀਅ ਰਹੇ ਸਨ। ਉਹ ਗੁਰੂਆਂ ਦੀ ਸਿੱਖਿਆ ਤੇ ਚਲਦੇ ਬਿਨਾਂ ਭੇਦ, ਭਾਵ ਦੇ ਆਪਸ ਵਿੱਚ ਪਿਆਰ ਅਤੇ ਸ਼ਾਂਤਮਈ ਰਹਿ ਰਹੇ ਸਨ। ਇੱਕ ਦੂਜੇ ਦੀ ਮਦਦ ਕਰਕੇ ਖੁਸ਼ ਹੁੰਦੇ ਸਨ। ਉਹ ਜੋ ਕੁਝ ਕਮਾਉਂਦੇ,ਵਿਚੋਂ ਲੋੜਵੰਦਾਂ ਦੀ ਮਦਦ ਕਰਕੇ, ਗੁਰਬਾਣੀ ਪੜ੍ਹਦੇ ਅਤੇ ਵਿਚਾਰਦੇ ਸਾਦਾ ਜੀਵਨ ਜਿਉਂਦੇ ਸਨ।

ਅਜਿਹੇ ਸਮੇਂ ਵਿੱਚ ਭਾਈ ਤਾਰੂ ਸਿੰਘ ਜੀ ਦਾ ਜਨਮ 6 ਅਕਤੂਬਰ 1720 ਈ. ਵਿੱਚ ਪਿੰਡ ਪੂਹਲਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਮਾਤਾ ਧਰਮ ਕੌਰ ਤੇ ਪਿਤਾ ਭਾਈ ਜੋਧ ਸਿੰਘ ਦੇ ਘਰ ਹੋਇਆ। ਉਹਨਾਂ ਦੇ ਪਿਤਾ ਜੀ ਇਕ ਜੰਗ ਵਿੱਚ ਸ਼ਹੀਦ ਹੋ ਗਏ ਸਨ। ਉਹਨਾਂ ਦੀ ਛੋਟੀ ਭੈਣ ਤਾਰ ਕੌਰ ਸੀ। ਭਾਈ ਸਾਹਿਬ ਨੇ ਇੱਕ ਵਾਰ ਸਿੰਘਾਂ ਨੂੰ ਮੁਗਲਾਂ ਦੇ ਚੁੰਗਲ ਵਿਚੋਂ ਇਕ ਗਰੀਬ ਲੜਕੀ ਨੂੰ ਛੁਡਵਾਉਂਦੇ ਵੇਖ ਕੇ ਸਿੰਘ ਸੱਜਣ ਦਾ ਫੈਸਲਾ ਕੀਤਾ। ਉਹਨਾਂ ਨੇ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ। ਭਾਈ ਮਨੀ ਸਿੰਘ ਜੀ ਦੀ ਸ਼ਖਸੀਅਤ ਦਾ ਭਾਈ ਸਾਹਿਬ 'ਤੇ ਬੜਾ ਪ੍ਰਭਾਵ ਸੀ। ਉਹ ਕਿਰਸਾਨੀ ਕਰਦੇ ਅਤੇ ਮੱਕੀ ਦੀ ਕਾਸ਼ਤ ਕਰਦੇ ਸਨ। ਸਿੱਖਾਂ ਦਾ ਮੁਗਲ ਹਾਕਮ ਜਕਰੀਆ ਖਾਨ ਨਾਲ ਟਾਕਰਾ ਚੱਲ ਰਿਹਾ ਸੀ। ਉਹਨਾਂ ਦੀ ਮਾਤਾ ਜੀ ਨੇ ਆਪਣੇ ਬੱਚਿਆਂ ਨੂੰ ਗੁਰੂ ਦੀ ਸਿੱਖਿਆ 'ਤੇ ਚਲਦਿਆਂ ਲੋੜਵੰਦਾਂ ਦੀ ਸੇਵਾ ਕਰਨ ਦਾ ਕੰਮ ਸੌਂਪਿਆ ਹੋਇਆ ਸੀ। ਭਾਈ ਸਾਹਿਬ ਸੰਗਤਾਂ ਦੀ ਸੇਵਾ ਆਪ ਅੱਗੇ ਹੋ ਕੇ ਕਰਦੇ, ਬਾਹਰੋਂ ਆਈਆਂ ਸੰਗਤਾਂ ਦੀ ਸੇਵਾ ਵਿੱਚ ਹਮੇਸ਼ਾ ਤਤਪਰ ਰਹਿੰਦੇ। ਉਹ ਅਣਥੱਕ ਸੇਵਾ ਕਰਨ ਦੇ ਪਾਂਧੀ ਸਨ, ਜਿਵੇਂ ਕਿ ਸਿੰਘ ਪਨਾਹਗਾਹਾਂ ਵਿੱਚ ਚਲੇ ਗਏ ਸਨ। ਉਸੇ ਤਰਾਂ ਦੀ ਇਕ ਪਨਾਹਗਾਹ " ਬੀੜ ਬਾਬਾ ਬੁੱਢਾ ਜੀ ' ਪਿੰਡ ਪੂਹਲੇ ਦੇ ਨੇੜੇ ਸੀ।

ਭਾਈ ਸਾਹਿਬ ਖੇਤੀ ਦੇ ਕੰਮ ਵਿਚੋਂ ਸਿੰਘਾਂ ਦੀ ਸੇਵਾ ਕਰਨ ਦੀ ਜਿੰਮੇਵਾਰੀ ਲਈ ਹੋਈ ਸੀ। ਉਹਨਾਂ ਦੀ ਮਾਤਾ ਜੀ ਅਤੇ ਭੈਣ ਆਟਾ ਪੀਹ ਕੇ ਮਿੱਸੇ ਪਰਸ਼ਾਦੇ ਅਤੇ ਦੁੱਧ ਦਾ ਤਾਜ਼ਾ ਲੰਗਰ ਤਿਆਰ ਕਰਦੀਆਂ ਤੇ ਭਾਈ ਸਾਹਿਬ, ਲੰਗਰ, ਰਸਦ ਅਤੇ ਹੋਰ ਲੋੜੀਦੀਆਂ ਰੋਜਮਰਾਂ ਦੀਆਂ ਵਸਤਾਂ ਬੀੜ 'ਤੇ ਟਿਕਾਣਾ ਕਰੀ ਬੈਠੇ ਸਿੰਘਾਂ ਤਕ ਪਹੁੰਚਾਉਂਦੇ ਸਨ। ਦੇਰ ਰਾਤ ਤਕ ਭਾਈ ਸਾਹਿਬ ਨੇ ਸਿੰਘਾਂ ਨਾਲ ਚਲੰਤ ਮਾਮਲਿਆਂ 'ਤੇ ਵਾਰਤਾਲਾਪ ਕਰਨ ਦੀ ਦਿਲਚਸਪੀ ਵੀ ਸੀ। ਉਹ ਸਿੰਘਾਂ ਨਾਲ ਮੁਗਲ ਹਾਕਮਾਂ ਦੀਆਂ ਚਾਲਾਂ ਤੇ ਭਵਿੱਖ ਦੇ ਮਨਸੂਬਿਆਂ ਸਕੀਮਾਂ ਬਾਰੇ ਢੇਰ ਸਾਰੀ ਜਾਣਕਾਰੀ ਅਤੇ ਚਰਚਾ ਕਰਦੇ ਸਨ। ਆਉਣ ਵਾਲੇ ਬੁਰੇ ਸਮਿਆਂ ਬਾਰੇ ਸਿੰਘਾਂ ਨੂੰ ਸੁਚੇਤ ਵੀ ਕਰਦੇ ਸਨ। ਇਹ ਸਿਲਸਿਲਾ ਕਈ ਸਾਲ ਚਲਦਾ ਰਿਹਾ। ਭਾਈ ਸਾਹਿਬ ਜੀ ਦੀ ਉਮਰ 25 ਸਾਲ ਤਕ ਅੱਪੜ ਗਈ ਸੀ। ਇਸ ਤੋਂ ਇਲਾਵਾ ਭਾਈ ਸਾਹਿਬ ਪਿੰਡਾਂ ਵਿੱਚ ਆਉਂਦੇ ਜਾਂਦੇ ਮੁਸਾਫ਼ਰਾਂ ਦੀ ਲੰਗਰ ਨਾਲ ਸੇਵਾ ਕਰਦੇ ਸਨ। ਲੋੜਵੰਦਾਂ ਲਈ ਠਹਿਰ ਦਾ ਵੀ ਪ੍ਰਬੰਧ ਕਰ ਲੈਂਦੇ ਸਨ। ਇਸ ਕਰਕੇ ਉਹ ਇਲਾਕੇ ਵਿੱਚ ਹਰਮਨ ਪਿਆਰੇ ਹੋ ਗਏ ਸਨ। ਹਰ ਵਰਗ ਦੇ ਲੋਕ ਉਹਨਾਂ ਦੀ ਹਮਦਰਦੀ ਅਤ ਪਿਆਰ ਦਾ ਸਤਿਕਾਰ ਕਰਦੇ ਸਨ।

ਜੰਡਿਆਲਾ ਦਾ ਹਰਿ ਭਗਤ ਮੁਗਲ ਹਾਕਮਾਂ ਦਾ ਮੁਖ਼ਬਰ ਸੀ। ਉਹ ਸਿੰਘਾਂ ਨਾਲ ਈਰਖਾ ਕਰਦਾ ਸੀ। ਉਸਨੇ ਵੇਖਿਆ ਕਿ ਭਾਈ ਸਾਹਿਬ ਜੀ ਦੀ ਸੇਵਾ ਭਾਵਨਾ ਕਰਕੇ ਸਮਾਜ ਵਿੱਚ ਉਹਨਾਂ ਦੀ ਬੜੀ ਪ੍ਰਸਿੱਧੀ ਹੈ। ਉਸਨੇ ਈਰਖਾ ਵਿੱਚ ਆ ਕੇ ਭਾਈ ਸਾਹਿਬ ਜੀ ਦੀਆਂ ਸਰਗਰਮੀਆਂ ਨੂੰ ਕੁਚਲਣ ਦੀ ਠਾਣ ਲਈ। ਉਸ ਨੂੰ ਪਹਿਲਾਂ ਹੀ ਹਾਕਮਾਂ ਦੀ ਸ਼ਹਿ ਪ੍ਰਾਪਤ ਸੀ। ਉਸ ਨੇ ਗੁੱਸੇ ਵਿੱਚ ਆ ਕੇ ਮੁਗਲ ਸਰਕਾਰ ਨੂੰ ਖ਼ਬਰ ਦਿੱਤੀ ਕਿ ਪਿੰਡ ਪੂਹਲੇ ਵਿੱਚ ਇੱਕ ਸਿੱਖ ਭਾਈ ਤਾਰੂ ਸਿੰਘ ਬਾਗੀ ਰਹਿੰਦਾ ਹੈ। ਉਹ ਹਕੂਮਤ ਦੇ ਬਾਗੀ ਸਿੰਘਾਂ ਦੀ ਸੇਵਾ ਕਰਦਾ ਹੈ। ਉਹ ਦੁਰਾਚਾਰੀ ਮੁਸਾਫ਼ਰਾਂ ਨੂੰ ਪਨਾਹ ਵੀ ਦਿੰਦਾ ਹੈ। ਉਹ ਇੱਕ ਖਤਰਨਾਕ ਬਾਗੀ ਸਿੱਖ ਹੈ। ਉਸ ਦੀਆਂ ਕਾਰਵਾਈਆਂ ਦੀ ਉਸ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।

ਹਰਿਭਗਤ ਨੂੰ ਭਾਈ ਸਾਹਿਬ 'ਤੇ ਲਾਏ ਦੋਸ਼ਾਂ ਦੀ ਸੂਹ ਦੇਣ ਲਈ ਹਕੂਮਤ ਤੋਂ ਇਨਾਮ ਮਿਲਣ ਦੀ ਆਸ ਸੀ। ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਲਈ ਪਿੰਡ ਪੂਹਲੇ 'ਤੇ ਧਾਵਾ ਬੋਲ ਦਿੱਤਾ। ਭਾਈ ਸਾਹਿਬ ਨੂੰ ਲਾਹੌਰ ਲਿਆਂਦਾ ਗਿਆ। ਜੇਲ੍ਹ ਵਿੱਚ ਰਖ ਕੇ ਅਨ ਮਨੁੱਖੀ ਤਸ਼ੱਦਦ ਢਾਹਿਆ ਗਿਆ। ਕਈ ਦਿਨਾ ਤਕ ਤਸ਼ੱਦਦ ਹੁੰਦਾ ਰਿਹਾ। ਇਸਲਾਮ ਕਬੂਲ ਕਰ ਲਓ 'ਤੇ ਜੋਰ ਦਿੱਤਾ ਗਿਆ। ਇਸਲਾਮ ਕਬੂਲ ਕਰ ਲੈਣ ਤਾਂ ਜਾਨ ਬਖ਼ਸ਼ ਦਿੱਤੀ ਜਾਵੇਗੀ, ਲਿਹਾਜ਼ਾ ਕੇਸ ਕਤਲ ਕਰ



ਦਿੱਤੇ ਜਾਣਗੇ। ਇਸਲਾਮ ਕਬੂਲ ਕਰਵਾਉਣ ਲਈ ਭਾਈ ਸਾਹਿਬ ਨੂੰ ਕਈ ਲਾਲਚ ਦਿੱਤੇ ਗਏ, ਜਿਵੇਂ ਸਰਕਾਰੀ ਅਹੁਦਾ ਦੇ ਕੇ ਮਾਨ ਸਨਮਾਨ ਅਤੇ ਦੌਲਤ ਨਾਲ ਮਾਲਾ ਮਾਲ ਕਰ ਦਿੱਤਾ ਜਾਵੇਗਾ। ਇਸ ਤਰਾਂ ਅਰਾਮ ਦੀ ਜਿੰਦਗੀ ਬਿਤਾ ਸਕੋਗੇ। ਨਹੀਂ ਤਾਂ ਤਸ਼ੱਦਦ ਚਲਦਾ ਰਹੇਗਾ। ਚਰਖੜੀ 'ਤੇ ਚੜ੍ਹਾ ਕੇ ਕਤਲ ਕੀਤੇ ਜਾਉਗੇ। ਇਹ ਨਸੀਅਤ ਵੀ ਦਿੱਤੀ ਕਿ ਕਿਉਂ ਸਿੱਖੀ ਲਈ ਜਾਨ ਗੁਆ ਰਹੇ ਹੋ। ਭਾਈ ਸਾਹਿਬ ਨੇ ਕਿਹਾ ਕਿ ਮੈਂ ਆਪਣੇ ਧਰਮ ਵਿੱਚ ਰਹਿ ਕੇ ਮਰਨਾ ਚਾਹਵਾਂਗਾ। ਭਾਈ ਸਾਹਿਬ ਜੀ ਨੇ ਬੜੇ ਦ੍ਰਿੜ੍ਹ ਇਰਾਦੇ ਨਾਲ ਕਿਹਾ ਕਿ ਇਹ ਜੋ ਤੂੰ ਐਸੋ ਆਰਾਮ ਦੇ ਸੌਦੇ ਵਿਖਾ ਰਿਹਾ ਹੈ, ਇਹ ਮੈਂ ਆਪਣੀ ਜੁੱਤੀ ਦੀ ਨੋਕ 'ਤੇ ਲਿਖਦਾ ਹਾਂ। ਜੇਕਰ ਸਾਰ ਜਹਾਨ ਦੀਆਂ ਬਾਦਸ਼ਾਹੀਆਂ, ਧੰਨ ਦੌਲਤ ਮੇਰੇ ਪੈਰਾਂ ਵਿੱਚ ਰੱਖ ਦੇਵੇ, ਸਾਰਾ ਜਹਾਨ ਮੇਰਾ ਨੌਕਰ ਹੋ ਜਾਵੇ ਤਾਂ ਵੀ ਮੈਂ ਆਪਣਾ ਸਿੱਖੀ ਸਿਦਕ ਨਹੀਂ ਛੱਡਾਗਾਂ। ਇਸ ਸਿੱਖੀ ਨੂੰ ਕੇਸਾਂ ਸੁਆਸਾਂ ਨਾਲ ਨਿਭਾਵਾਂ ਗਾਂ। ਇਹਨਾਂ ਸਾਰੀਆਂ ਦੁਰਲੱਭ ਵਸਤੂਆਂ ਤੋਂ ਮੇਰਾ ਧਰਮ ਉੱਚਾ ਹੈ। ਮੈਂ ਆਪਣਾ ਵਾਲ ਵੀ ਬਾਂਕਾ ਨਹੀਂ ਕਰਨ ਦਿਆਂਗਾ। ਮੈਂ ਸ਼ਹੀਦ ਹੋਣ ਲਈ ਤਿਆਰ ਹਾਂ। ਮੇਰਾ ਪਰਮਾਤਮਾ ਮੇਰੇ ਨਾਲ ਸਹਾਈ ਹੋਵੇਗਾ।

ਜਕਰੀਆ ਖਾਨ ਨੇ ਹੰਕਾਰ ਵਿੱਚ ਆ ਕੇ ਕਿਹਾ ਕਿ ਇਸ ਵੇਲੇ ਤੇਰਾ ਪਰਮਾਤਮਾ ਮੈਂ ਹਾਂ ? ਜੋ ਤੇਰੀ ਜਾਨ ਬਖ਼ਸ਼ ਸਕਦਾ ਹੈ। ਪਰ ਮੈਂ ਤੇਰੀ ਗਲ ਮੰਨਦਾ ਹਾਂ ਕਿ ਤੇਰੇ ਕੇਸ ਕਤਲ ਨਾ ਕੀਤੇ ਜਾਣ। ਤੇਰੇ ਕੇਸ ਤੇਰੀ ਖੋਪੜੀ ਸਮੇਤ ਉਤਾਰੇ ਜਾਣ। ਇਸ ਬਾਰੇ ਤੇਰਾ ਕੀ ਖਿਆਲ ਹੈ। ਭਾਈ ਸਾਹਿਬ ਨੇ ਕਿਹਾ ਕਿ ਤੇਰੀ ਇਹ ਦਿਆਲਤਾ ਮੈਨੂੰ ਮਨਜ਼ੂਰ ਹੈ। ਮੈਨੂੰ ਭਾਵੇਂ ਕਿਸੇ ਵੀ ਤਰੀਕੇ ਨਾਲ ਸ਼ਹੀਦ ਕਰ, ਪਰ ਮੇਰੇ ਕੇਸ ਮੇਰੇ ਸੁਆਸਾਂ ਤਕ ਕਾਇਮ ਰਹਿਣ। ਹੁਣ ਜਲਦੀ ਮੈਨੂੰ ਸ਼ਹੀਦ ਕਰ, ਮੈਂ ਪਰਮਾਤਮਾ ਦਾ ਕਰਜ਼ ਉਤਾਰਾਂ। ਜਕਰੀਆ ਖਾਨ ਨੇ ਹੁਕਮ ਦਿੱਤਾ ਕਿ ਭਾਈ ਤਾਰੂ ਸਿੰਘ ਨੂੰ ਘੋੜ ਮੰਡੀ , ਨਾਖਾਸ ਚੌਂਕ ਦਿੱਲੀ ਗੇਟ ਲਾਹੌਰ ਵਿਖੇ ਲਿਜਾਇਆ ਜਾਵੇ। ਇੱਥੇ ਪਹਿਲਾਂ ਵੀ ਕਈ ਸਿੰਘ ਸ਼ਹੀਦ ਹੋਏ ਸਨ। ਜਲਾਦ ਨੂੰ ਭਾਈ ਸਾਹਿਬ ਦੀ ਖੋਪੜੀ ਉਤਾਰਨ ਦਾ ਹੁਕਮ ਹੋਇਆ। ਭਾਈ ਸਾਹਿਬ ਸ਼ਾਂਤ ਚਿੱਤ ਅਡੋਲ ਰਹੇ। ਜਪੁ ਜੀ ਸਾਹਿਬ ਦਾ ਪਾਠ ਕਰਦੇ ਰਹੇ। ਭਾਈ ਸਾਹਿਬ ਜੀ ਦੀ ਖੋਪੜੀ ਉਤਾਰ ਕੇ ਸਾਹਮਣੇ ਰਖ ਦਿੱਤੀ ਭਾਈ ਸਾਹਿਬ ਨੇ ਰੱਬ ਦਾ ਸ਼ੁਕਰ ਮਨਾਇਆ ਕਿ ਮੇਰੇ ਕੇਸ ਬਚਾ ਲਏ ਹਨ।

ਭਾਈ ਸਾਹਿਬ ਨੂੰ ਫਿਰ ਵਾਪਿਸ ਜੇਲ੍ਹ ਭੇਜਿਆ ਗਿਆ, ਤਸ਼ੱਦਦ ਜਾਰੀ ਰਿਹਾ। ਉਹਨਾਂ ਦਿਨਾਂ ਵਿੱਚ ਜਕਰੀਆ ਖਾਨ ਦੇ ਗੁਰਦੇ ਖਰਾਬ ਹੋ ਗਏ। ਉਹ ਅਤਿਅੰਤ ਦਰਦ ਵਿੱਚ ਸੀ ਕਿ ਉਸ ਦਾ ਸਾਹ ਰੁਕਣ ਲੱਗਿਆ। ਉਸਨੇ ਪਛਤਾਵਾ ਕੀਤਾ ਕਿ ਮੈਂ ਇੱਕ ਬੇਕਸੂਰ ਸੰਤ ਰੂਪੀ ਸਿੰਘ ਨੂੰ ਬੜੇ ਤਸੀਹੇ ਦਿੱਤੇ ਹਨ। ਇਹ ਮੇਰਾ ਉਹਨਾਂ ਕਰਮਾਂ ਦਾ ਫਲ ਹੈ ਕਿ ਮੈਂ ਬਿਮਾਰੀ ਭੋਗ ਰਿਹਾ ਹਾਂ। ਉਸਨੇ ਭਾਈ ਸ਼ੁਬੇਗ ਸਿੰਘ ਜੀ ਨੂੰ ਭਾਈ ਸਾਹਿਬ ਕੋਲ ਭੇਜਿਆ ਕਿ ਮੈਨੂੰ ਮਾਫ਼ ਕਰ ਦਿਉ। ਭਾਈ ਸਾਹਿਬ ਜੀ ਨੇ ਸੁਨੇਹਾ ਦਿੱਤਾ ਕਿ ਜੋ ਕੁਝ ਵਾਪਰ ਰਿਹਾ ਹੈ, ਉਸ ਪਰਮਾਤਮਾ ਦੇ ਭਾਣੇ ਵਿੱਚ ਹੈ। ਉਹ ਪਰਮਾਤਮਾ ਸਭ ਦਾ ਇਨਸਾਫ ਕਰਦਾ ਹੈ। ਜਕਰੀਆ ਖਾਨ ਦੀ ਬਿਮਾਰੀ ਕੁਝ ਕੁ ਠੀਕ ਹੋ ਗਈ ਪਰ ਉਹ 22 ਦਿਨਾਂ ਬਾਅਦ ਮਰ ਗਿਆ। ਉਸ ਦੇ ਮਰਨ ਦੀ ਖ਼ਬਰ ਜਦ ਭਾਈ ਸਾਹਿਬ ਨੂੰ ਮਿਲੀ ਤਾਂ ਉਹਨਾਂ ਸ਼ਹੀਦੀ ਪਾ ਲਈ। ਬਿਨਾ ਖੋਪੜੀ ਤੋਂ ਕੇਸਾਂ ਸੰਗ ਰਹਿਣਾ ਇੱਕ ਵਿਲੱਖਣ ਸ਼ਹੀਦੀ ਹੈ। ਸਿੱਖ ਧਰਮ ਦੀਆਂ ਸ਼ਹੀਦੀਆਂ ਨੂੰ ਅਰਦਾਸ ਵਿੱਚ ਯਾਦ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਵਾਏ, ਖੋਪੜੀਆਂ ਲੁਹਾਂਈਆਂ, ਚਰਖੜੀਆਂ 'ਤੇ ਚੜੇ, ਆਰਿਆਂ ਦੇ ਨਾਲ ਚਿਰਾਏ ਗਏ। ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖਾਂ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿੰਨਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।

ਭਾਈ ਸਾਹਿਬ ਦੀ ਵਿਰਾਸਤ ਹੈ ਕਿ 1762 ਵਿੱਚ ਭੰਗੀ ਸਿੱਖ ਸਰਦਾਰਾਂ ਨੇ ਲਾਹੌਰ ਨੂੰ ਜਿੱਤ ਲਿਆ। ਉਹਨਾਂ ਜਨਤਕ ਚੌਂਕ 'ਤੇ ਕਬਜ਼ਾ ਕਰ ਲਿਆ। ਜਿਥੇ ਸਿੰਘਾਂ ਨੂੰ ਸ਼ਹੀਦ ਕੀਤਾ ਜਾਂਦਾ ਸੀ। ਚੌਂਕ ਦੇ ਨਾਲ ਲਗਦੀ ਅਬਦੁਲਾ ਖਾਨ ਮਸਜਿਦ 'ਤੇ ਕਬਜ਼ਾ ਕਰਕੇ ਸ਼ਹੀਦ ਗੰਜ ਗੁਰਦੁਆਰੇ ਵਿੱਚ ਤਬਦੀਲ ਕਰ ਦਿੱਤਾ ਗਿਆ। ਉਸ ਅਸਥਾਨ 'ਤੇ ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਨੌਲੱਖਾ ਬਾਜ਼ਾਰ ਵਿੱਚ ਉਸ ਸਥਾਨ ਦੀ ਨਿਸ਼ਾਨਦੇਹੀ ਕਰਦਾ ਹੈ, ਜਿਥੇ ਸਿੰਘ ਦੀ ਖੋਪੜੀ ਅਤੇ ਕੇਸ ਹਟਾਏ ਗਏ ਸਨ।





# ਸਿਹਤ ਸੰਭਾਲ



## ਗਰਭਵਤੀ ਔਰਤਾਂ ਲਈ ਲਾਭਕਾਰੀ ਹਨ ਫ਼ਲ

ਮਾਂ ਬਣਨ ਦਾ ਅਹਿਸਾਸ ਆਪਣੇ ਆਪ ਵਿੱਚ ਹੀ ਬਹੁਤ ਉੱਚਾ ਅਤੇ ਸੁੱਚਾ ਹੈ। ਆਪਣੇ ਢਿੱਡ ਅੰਦਰ ਪਲ ਰਹੇ ਜੀਵ ਬਾਰੇ ਹਰ ਮਾਂ ਚਿੰਤਿਤ ਹੁੰਦੀ ਹੈ। ਸਿਹਤਮੰਦ ਬੱਚਾ ਅਤੇ ਜੱਚਾ ਵਾਸਤੇ ਖ਼ੁਰਾਕ ਦਾ ਅਹਿਮ ਰੋਲ ਹੁੰਦਾ ਹੈ। ਉਸੇ ਬਾਰੇ ਇਸ ਲੇਖ ਵਿੱਚ ਜ਼ਿਕਰ ਕਰ ਰਹੀ ਹਾਂ।

ਖੋਜਾਂ ਉੱਤੇ ਆਧਾਰਿਤ ਜਿਹੜੀਆਂ ਚੀਜ਼ਾਂ, ਖ਼ਾਸ ਕਰ ਫਲ, ਵਧੀਆ ਅਸਰ ਵਿਖਾ ਚੁੱਕੇ ਹਨ, ਉਨ੍ਹਾਂ ਦੀ ਹੀ ਗੱਲ ਕਰਾਂਗੇ।

**1. ਖਰਬੂਜਾ :-** ਖਰਬੂਜਾ ਸੁਆਦੀ ਤਾਂ ਹੁੰਦਾ ਹੀ ਹੈ, ਪਰ ਖਰਬੂਜਾ ਸਰੀਰ ਅੰਦਰੋਂ ਵਾਧੂ ਲੂਣ ਕੱਢ ਕੇ ਸੋਜਾ ਘਟਾ ਦਿੰਦਾ ਹੈ ਤੇ ਫਾਲਤੂ ਪਾਣੀ ਇਕੱਠਾ ਨਹੀਂ ਹੋਣ ਦਿੰਦਾ। ਇਹ ਸਰੀਰ ਅੰਦਰ ਲੋਹ ਕਣ ਵਧਾਉਂਦਾ ਹੈ ਅਤੇ ਬੱਚੇ ਦੀ ਗੀੜ੍ਹ ਦੀ ਹੱਡੀ ਤੰਦਰੁਸਤ ਰੱਖਣ ਵਿਚ ਵੀ ਸਹਾਈ ਹੁੰਦਾ ਹੈ।

**2. ਹਦਵਾਣਾ :** ਇਸ ਵਿੱਚ ਇਹ ਵਿਟਾਮਿਨ ਏ, ਸੀ, ਬੀ6 ਅਤੇ ਕੇ ਭਰੇ ਪਏ ਹਨ। ਵਿਟਾਮਿਨ ਕੇ ਸਦਕਾ ਲੱਤਾਂ ਵਿੱਚ ਪਈਆਂ ਖੱਲੀਆਂ ਠੀਕ ਹੋ ਜਾਂਦੀਆਂ ਹਨ ਤੇ ਕੜਵੱਲ ਵੀ ਨਹੀਂ ਪੈਂਦੇ। ਹਦਵਾਣੇ ਵਿਚਲਾ ਮੈਗਨੀਸ਼ੀਅਮ ਪੱਠਿਆਂ ਨੂੰ ਨਰਮ ਪਾ ਦਿੰਦਾ ਹੈ ਅਤੇ ਵਕਤ ਤੋਂ ਪਹਿਲਾਂ ਬੱਚੇਦਾਨੀ ਨੂੰ ਸੁੰਗੜਨ ਤੋਂ ਰੋਕਦਾ ਹੈ ਜਿਸ ਨਾਲ ਸਤਮਾਹੇ ਬੱਚੇ ਜੰਮਣ ਤੋਂ ਬਚਾਓ ਹੋ ਜਾਂਦਾ ਹੈ। ਇਸ ਦੇ ਖਾਣ ਨਾਲ ਸਵਖ਼ਤੇ ਵੇਲੇ ਦਿਲ ਕੱਚਾ ਵੀ ਨਹੀਂ ਹੁੰਦਾ, ਸਰੀਰ ਅੰਦਰ ਪਾਣੀ ਦੀ ਮਾਤਰਾ ਸਹੀ ਰਹਿੰਦੀ ਹੈ ਅਤੇ ਛਾਤੀ ਵਿੱਚ ਜਲਣ ਵੀ ਨਹੀਂ ਮਹਿਸੂਸ ਹੁੰਦੀ।

**3. ਬਲੂਬੈਰੀ, ਰਸਭਰੀ ਅਤੇ ਸਟਰਾਅਬੈਰੀ :** ਇਹ ਭਰੂਣ ਦੇ ਦਿਮਾਗ ਦੇ ਵਿਕਾਸ ਲਈ ਲਾਹੇਵੰਦ ਹਨ। ਬਲੂਬੈਰੀਆਂ ਵਿਚਲੇ ਫਾਈਬਰ, ਵਿਟਾਮਿਨ ਸੀ ਅਤੇ ਫੋਲੇਟ ਸਦਕਾ ਇਹ ਅਸਰ ਦਿਸਦੇ ਹਨ। ਐਂਥੋਸਾਇਆਨਿਨ, ਜੋ ਬਲੂਬੈਰੀਆਂ ਵਿਚ ਭਰਿਆ ਪਿਆ ਹੈ, ਵੀ ਬਹੁਤ ਚੰਗਾ ਅਸਰ ਵਿਖਾਉਂਦਾ ਹੈ।

ਇਹੋ ਜਿਹੇ ਹੀ ਅਸਰ ਬਰੌਕਲੀ, ਕੇਲਪੱਤਾ, ਪਾਲਕ, ਸਲਾਦ ਪੱਤਾ, ਗੋਭੀ ਅਤੇ ਐਸਪੈਰਾਗਸ ਖਾਣ ਨਾਲ ਵੀ ਦਿਸਦੇ ਹਨ।

**4. ਅਨਾਰ, ਨਾਸ਼ਪਾਤੀ, ਸੇਬ, ਨਿੰਬੂ :-** ਵਿਟਾਮਿਨ ਸੀ ਅਤੇ ਫਲੇਵੋਨਾਇਡ ਸਦਕਾ ਇਨ੍ਹਾਂ ਨੂੰ ਖਾਣ ਨਾਲ ਬੱਚੇਦਾਨੀ ਅੰਦਰਲੀਆਂ ਰਸੌਲੀਆਂ ਬਣਨ ਦਾ ਖ਼ਤਰਾ ਘੱਟ ਹੋ ਜਾਂਦਾ ਹੈ। ਇਸ ਦੇ ਨਾਲੋ-ਨਾਲ ਅੰਦਰੂਨੀ ਅੰਗ ਵੀ ਤੰਦਰੁਸਤ ਰਹਿੰਦੇ ਹਨ ਅਤੇ ਅੰਡਕੋਸ਼ ਦੇ ਕੈਂਸਰ ਹੋਣ ਦਾ ਖ਼ਤਰਾ ਵੀ ਘੱਟ ਹੋ ਜਾਂਦਾ ਹੈ।

ਨਿੰਬੂ ਪਾਣੀ ਰੋਜ਼ ਸਵੇਰੇ ਪੀਂਦੇ ਰਹਿਣ ਨਾਲ ਵਿਟਾਮਿਨ ਸੀ ਵੀ ਪੂਰਾ ਹੋ ਜਾਂਦਾ ਹੈ, ਬੀਮਾਰੀਆਂ ਹੋਣ ਦਾ ਖ਼ਤਰਾ ਘਟਦਾ ਹੈ, ਦਿਲ ਕੱਚਾ ਨਹੀਂ ਹੁੰਦਾ, ਹਾਜ਼ਮਾ ਠੀਕ ਰਹਿੰਦਾ ਹੈ ਅਤੇ ਕਬਜ਼ ਵੀ ਨਹੀਂ ਹੁੰਦੀ।

**5. ਤਿਲ :** ਰੈਗੂਲਰ ਤੌਰ ਉੱਤੇ ਰੋਜ਼ ਅੱਧਾ ਚਮਚ ਤਿਲ ਖਾਂਦੇ ਰਹਿਣ ਨਾਲ ਭਰੂਣ ਦੇ ਦਿਮਾਗ਼ ਉੱਤੇ ਵਧੀਆ ਅਸਰ ਪੈਂਦਾ ਹੈ ਅਤੇ ਉਸ ਦੀ ਯਾਦਾਸ਼ਤ ਵੀ ਚੰਗੀ ਹੋਣ ਦੇ ਆਸਾਰ ਵੱਧ ਜਾਂਦੇ ਹਨ।

**6. ਸੰਤਰਾ :** ਸਰੀਰ ਅੰਦਰ ਪਾਣੀ ਪੂਰਾ ਕਰਨ ਦੇ ਨਾਲੋ ਨਾਲ ਇਸ ਵਿਚਲੇ ਪੋਟਾਸ਼ੀਅਮ, ਫੋਲੇਟ ਅਤੇ ਵਿਟਾਮਿਨ ਸੀ ਵੀ ਲਾਹੇਵੰਦ ਸਾਬਤ ਹੋ ਚੁੱਕੇ ਹਨ। ਜੇ ਸਬਜ਼ੀ ਖਾਣ ਤੋਂ ਬਾਅਦ ਸੰਤਰਾ ਖਾਧਾ ਜਾਵੇ ਤਾਂ ਸਬਜ਼ੀ ਵਿਚਲੇ ਲੋਹ ਕਣ, ਸੰਤਰੇ ਵਿਚਲੇ ਵਿਟਾਮਿਨ ਸੀ ਰਾਹੀਂ ਵਧੀਆ ਹਜ਼ਮ ਹੋ ਜਾਂਦੇ ਹਨ।

**7. ਐਵੋਕੈਡੋ :** ਇਸ ਵਿੱਚ ਬਾਕੀ ਫਲਾਂ ਨਾਲੋਂ ਸਭ ਤੋਂ ਵੱਧ ਫੋਲੇਟ ਹੁੰਦਾ ਹੈ। ਇਸ ਦੇ ਨਾਲੋ-ਨਾਲ ਮੈਗਨੀਸ਼ੀਅਮ, ਵਿਟਾਮਿਨ ਸੀ, ਬੀ, ਕੇ, ਫਾਈਬਰ ਅਤੇ ਕੋਲੀਨ ਵੀ ਹੈ। ਲੱਤਾਂ ਵਿਚਲੇ ਕੜਵੱਲ ਇਸ ਨੂੰ ਖਾਣ ਨਾਲ ਠੀਕ ਹੋ ਜਾਂਦੇ ਹਨ। ਕੋਲੀਨ ਭਰੂਣ ਦੇ ਦਿਮਾਗ਼ ਲਈ ਕਾਫ਼ੀ ਫ਼ਾਇਦੇਮੰਦ ਸਾਬਤ ਹੋ ਚੁੱਕਿਆ ਹੈ।

**8. ਅੰਬ :** ਇੱਕ ਅੰਬ ਵਿਚਲਾ ਵਿਟਾਮਿਨ ਸੀ ਸਰੀਰ ਦੀ ਰੋਜ਼ਾਨਾ ਦੀ ਲੋੜੀਂਦੀ ਮਾਤਰਾ ਪੂਰੀ ਕਰ ਦਿੰਦਾ ਹੈ। ਵਿਟਾਮਿਨ ਸੀ ਅੰਤੜੀਆਂ ਅਤੇ ਸਾਹ ਦੀਆਂ ਬੀਮਾਰੀਆਂ ਹੋਣ ਤੋਂ ਰੋਕਣ ਵਿੱਚ ਮਦਦ ਕਰਦਾ ਹੈ।

**9. ਕੇਲਾ :** ਪੋਟਾਸ਼ੀਅਮ, ਪੈਕਟਿਨ, ਵਿਟਾਮਿਨ ਬੀ6, ਅਤੇ ਫਾਈਬਰ ਭਰਪੂਰ ਹੋਣ ਦੇ ਨਾਲ-ਨਾਲ ਇੱਕ ਸੰਪੂਰਨ ਖ਼ੁਰਾਕ ਵਜੋਂ ਜਾਣਿਆ ਜਾਂਦਾ ਹੈ। ਵਿਟਾਮਿਨ ਬੀ6 ਜਿੱਥੇ ਵਾਲਾਂ ਲਈ ਵਧੀਆ ਹੈ, ਉੱਥੇ ਦਿਲ ਕੱਚਾ ਅਤੇ ਉਲਟੀ ਵੀ ਠੀਕ ਕਰਦਾ ਹੈ। ਜੇ ਇੱਕ ਕੇਲਾ ਰੋਜ਼ ਖਾਧਾ ਜਾਵੇ ਤਾਂ ਕਬਜ਼ ਨਹੀਂ ਹੁੰਦੀ, ਪਰ ਜ਼ਿਆਦਾ ਖਾਣ ਨਾਲ ਅਫ਼ਾਰਾ ਹੋ ਸਕਦਾ ਹੈ।



ਕਬਜ਼ ਦੀ ਦਿੱਕਤ ਬਹੁਤੀਆਂ ਗਰਭਵਤੀ ਔਰਤਾਂ ਨੂੰ ਹੋ ਜਾਂਦੀ ਹੈ। ਇਸ ਦੇ ਕਾਰਨ ਹਨ : 1. ਬੱਚੇਦਾਨੀ ਦੇ ਵਧੇ ਆਕਾਰ ਸਦਕਾ ਅੰਤੜੀਆਂ ਦਾ ਦੱਬਿਆ ਜਾਣਾ

2. ਬਹੁਤ ਤਣਾਓ ਰਹਿਣਾ
3. ਘਬਰਾਹਟ ਹੁੰਦੀ ਰਹਿਣੀ
4. ਘੱਟ ਫਾਈਬਰ ਵਾਲੀ ਖ਼ੁਰਾਕ ਖਾਣੀ
5. ਆਇਰਨ ਦੀਆਂ ਗੋਲੀਆਂ ਖਾਣ ਸਦਕਾ

**10. ਸੇਬ :** ਇਸ ਵਿੱਚ ਵੀ ਫਾਈਬਰ, ਵਿਟਾਮਿਨ ਸੀ, ਪੋਟਾਸ਼ੀਅਮ ਤੇ ਪੈਕਟਿਨ ਭਰਿਆ ਗਿਆ ਹੈ। ਪੈਕਟਿਨ ਚੰਗੇ ਕੀਟਾਣੂਆਂ ਦੀ ਗਿਣਤੀ ਅੰਤੜੀਆਂ ਵਿੱਚ ਵਧਾ ਦਿੰਦਾ ਹੈ।

**11. ਫਲਾਂ ਦਾ ਰਸ :** ਜੂਸ ਪੀਣ ਦੀ ਸਲਾਹ ਆਮ ਹੀ ਘਰ ਵਿੱਚੋਂ ਮਿਲਦੀ ਰਹਿੰਦੀ ਹੈ। ਜੂਸ ਵਿੱਚ ਬਹੁਤੇ ਵਧੀਆ ਅੰਸ਼ ਨਦਾਰਦ ਹੁੰਦੇ ਹਨ। ਇਸੇ ਲਈ ਨਿਰਾ ਮਿੱਠਾ ਪਾਣੀ ਪੀਣ ਨਾਲੋਂ ਫਲ ਖਾਣੇ ਹੀ ਬਿਹਤਰ ਹਨ। ਇੰਝ ਹੀ ਸੁੱਕੇ ਫਲ ਜਿਵੇਂ ਅੰਜੀਰ ਆਦਿ, ਵਿੱਚ ਲੋੜੋਂ ਵੱਧ ਮਿੱਠਾ ਹੁੰਦਾ ਹੈ, ਜੋ ਸਹੀ ਨਹੀਂ ਹੁੰਦਾ।

**12. ਪਾਣੀ :** ਰੋਜ਼ 8-12 ਗਿਲਾਸ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਲੂਣ ਵੀ ਸਿਰਫ਼ ਆਇਓਡੀਨ ਵਾਲਾ ਹੀ ਖਾਣਾ ਚਾਹੀਦਾ ਹੈ, ਪਹਾੜੀ ਲੂਣ ਨਹੀਂ! ਆਇਓਡੀਨ ਦੀ ਕਮੀ ਨਾਲ ਮੰਦਬੁੱਧ ਬੱਚਾ ਪੈਦਾ ਹੋਣ ਦੇ ਆਸਾਰ ਵੱਧ ਜਾਂਦੇ ਹਨ।

## ਨਰੋਏ ਜਿਗਰ ਲਈ ਸਰਗਰਮ ਜੀਵਨ ਤੇ ਨਰੋਈ ਖ਼ੁਰਾਕ ਲੋੜੀਂਦੀ

**ਲਲਿਤ ਗੁਪਤਾ**

ਜਿਗਰ ਮਨੁੱਖੀ ਸਰੀਰ ਦੇ ਸਭ ਤੋਂ ਮਹੱਤਵਪੂਰਨ ਅੰਗਾਂ ਵਿੱਚੋਂ ਇੱਕ ਹੈ। ਇਹ ਪੌਸ਼ਟਿਕ ਤੱਤਾਂ ਦੀ ਪ੍ਰੋਸੈਸਿੰਗ, ਜ਼ਹਿਰੀਲੇ ਪਦਾਰਥਾਂ ਨੂੰ ਫਿਲਟਰ ਕਰਨ ਅਤੇ ਬਾਈਲ ਰਸ ਪੈਦਾ ਕਰਨ ਲਈ ਜ਼ਿੰਮੇਵਾਰ ਹੈ। ਬਾਇਲ ਇੱਕ ਤਰਲ ਪਦਾਰਥ ਹੈ ਜੋ ਜਿਗਰ ਦੁਆਰਾ ਬਣਾਇਆ ਅਤੇ ਛੱਡਿਆ ਜਾਂਦਾ ਹੈ ਅਤੇ ਪਿੱਤੇ ਦੀ ਥੈਲੀ ਵਿੱਚ ਸਟੋਰ ਕੀਤਾ ਜਾਂਦਾ ਹੈ। ਬਾਇਲ ਪਾਚਨ ਵਿੱਚ ਮਦਦ ਕਰਦਾ ਹੈ। ਇਹ ਚਰਬੀ ਨੂੰ ਫੈਟੀ ਐਸਿਡ ਵਿੱਚ ਬਦਲਦਾ ਹੈ ਜੋ ਪਾਚਨ ਟ੍ਰੈਕ ਦੁਆਰਾ ਸਰੀਰ ਦੇ ਦੂਜੇ ਹਿੱਸੇ ਵਿੱਚ ਪਹੁੰਚਦਾ ਹੈ।

ਜਿਗਰ ਮਨੁੱਖੀ ਸਰੀਰ ਵਿੱਚ ਇੱਕ ਬਹੁਤ ਮਹੱਤਵਪੂਰਨ ਅੰਗ ਹੈ। ਜੇਕਰ ਲੀਵਰ ’ਚ ਇਨਫੈਕਸ਼ਨ ਹੈ ਤਾਂ ਇਹ ਗੰਭੀਰ ਬੀਮਾਰੀ ਹੈ। ਜਿਗਰ ਵਿੱਚ ਸੋਜ ਦਾ ਸਪੱਸ਼ਟ ਮਤਲਬ ਹੈ ਕਿ ਜਿਗਰ ਦੇ ਟਿਸ਼ੂ ਅੰਦਰੋਂ ਖਰਾਬ ਹੋ ਜਾਂਦੇ ਹਨ । ਜਿਸ ਕਾਰਨ ਇਸ ਵਿੱਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਹੋਣ ਲੱਗਦੀਆਂ ਹਨ। ਇੱਕ ਵਾਰ ਜਿਗਰ ਵਿੱਚ ਲਾਗ ਲੱਗ ਜਾਂਦੀ ਹੈ ਇਹ ਹੌਲੀ-ਹੌਲੀ ਲੀਵਰ ਨੂੰ ਖਰਾਬ ਕਰਨਾ ਸ਼ੁਰੂ ਕਰ ਦਿੰਦੀ ਹੈ। ਹੁਣ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਜਿਗਰ ਦੀ ਲਾਗ ਦਾ ਪਤਾ ਕਿਵੇਂ ਲਗਾਇਆ ਜਾਵੇ। ਯਾਨੀ ਇਸ ਦੇ ਸ਼ੁਰੂਆਤੀ ਲੱਛਣਾਂ ਨੂੰ ਕਿਵੇਂ ਪਛਾਣਿਆ ਜਾਵੇ।

**ਜਿਗਰ ਦੀ ਇਨਫੈਕਸ਼ਨ ਦਾ ਕੀ ਹੈ ਕਾਰਨ ?**

ਜਿਗਰ ਦੀ ਲਾਗ ਦਾ ਸਭ ਤੋਂ ਵੱਡਾ ਕਾਰਨ ਵਾਇਰਸ ਅਤੇ ਪੈਰਾਸਾਈਟ ਇਨਫੈਕਸ਼ਨ ਹੈ ਜੋ ਲੀਵਰ ਨੂੰ ਡੂੰਘਾ ਨੁਕਸਾਨ ਪਹੁੰਚਾਉਂਦਾ ਹੈ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਜਿਗਰ ਦੇ ਸੈੱਲਾਂ ਰਾਹੀਂ ਸ਼ਰੀਰ ਦੇ ਦੂਜੇ ਹਿੱਸਿਆਂ ਤੱਕ ਪਹੁੰਚਦਾ ਹੈ।

ਗੰਦਾ ਭੋਜਨ ਜਾਂ ਗੰਦਾ ਪਾਣੀ ਲੀਵਰ ਨੂੰ ਖਰਾਬ ਕਰਨ ਦਾ ਸਭ ਤੋਂ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਬਿਨਾਂ ਢਕਿਆ ਭੋਜਨ ਅਤੇ ਪਾਣੀ ਪੀਣ ਨਾਲ ਸਾਡੇ ਸਰੀਰ ਵਿੱਚ ਕਈ ਗੰਭੀਰ ਤਰ੍ਹਾਂ ਦੀਆਂ ਬਿਮਾਰੀਆਂ ਪੈਦਾ ਹੁੰਦੀਆਂ ਹਨ। ਇਹ ਰੋਗ ਲਾਗ ਵਾਲੇ ਵਿਅਕਤੀ ਦੇ ਸੰਪਰਕ ਵਿੱਚ ਆਉਣ ਨਾਲ ਵੀ ਫੈਲਦਾ ਹੈ। ਜਿਸ ਵਿਅਕਤੀ ਨੂੰ ਜਿਗਰ ਦੀ ਲਾਗ ਹੁੰਦੀ ਹੈ ਉਸਦੇ ਮਲ ਅਤੇ ਪਿਸ਼ਾਬ ਰਾਹੀਂ ਵੀ ਇਹ ਦੂਜਿਆਂ ਵਿੱਚ ਫੈਲ ਸਕਦਾ ਹੈ। ਹੈਪੇਟਾਈਟਸ ਏ, ਹੈਪੇਟਾਈਟਸ ਬੀ, ਹੈਪੇਟਾਈਟਸ ਸੀ ਆਦਿ ਤੋਂ ਬਾਅਦ ਲੀਵਰ ਖਰਾਬ ਹੋਣ ਦੇ ਚਾਂਸ ਜ਼ਿਆਦਾ ਹੋ ਜਾਂਦੇ ਹਨ। ਹੈਪੀਟਾਈਟਸ ਬੀ ਅਤੇ ਹੈਪੀ ਟਾਈਟਸ ਸੀ ਤੋਂ ਬਾਅਦ ਲੀਵਰ ਦਾ ਕੈਂਸਰ ਹੋਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ। ਜਿਗਰ ਦਾ ਕੈਂਸਰ ਜਿਸਨੂੰ ਕਿ ਹੈਪੇਟਿਕ ਕੈਂਸਰ ਜਾਂ ਪ੍ਰਾਇਮਰੀ ਹੈਪੇਟਿਕ ਕੈਂਸਰ ਵੀ ਕਿਹਾ ਜਾਂਦਾ ਹੈ। ਜਿਹੜਾ ਕੈਂਸਰ ਕਿਸੇ ਹੋਰ ਸਰੀਰਕ ਅੰਗ ਤੋਂ ਜਿਗਰ ਨੂੰ ਹੋਵੇ ਉਸਨੂੰ ਲਿਵਰ ਮੈਟਾਸਟੇਸਿਸ ਕਿਹਾ ਜਾਂਦਾ ਹੈ। ਜਿਸ ਨਾਲ ਸਰੀਰ ਦੀ ਪ੍ਰਤੀ ਰੱਖਿਅਕ ਪ੍ਰਣਾਲੀ ਇਮਿਊਨ ਸਿਸਟਮ ਕਮਜ਼ੋਰ ਹੋ ਜਾਂਦਾ ਹੈ ਤੇ ਸਰੀਰ ਬਿਮਾਰੀਆਂ ਨਾਲ ਲੜ ਨਹੀਂ ਪਾਉਂਦਾ। ਇਸ ਤੋਂ ਇਲਾਵਾ ਬਾਇਲ ਡਕਟ ਨਾਲ ਸੰਬੰਧਿਤ ਬਿਮਾਰੀਆਂ ਦੇ ਕਾਰਨ ਵੀ ਸਰੀਰ ਵਿੱਚ ਲੀਵਰ ਵਰਗਾ ਮੁੱਖ ਅੰਗ ਸਹੀ ਤਰੀਕੇ ਨਾਲ ਕੰਮ ਕਰਨਾ ਬੰਦ ਕਰ ਦਿੰਦਾ ਹੈ।



**ਜਿਗਰ ਦੀ ਲਾਗ ਦੇ ਕੀ ਹਨ ਲੱਛਣ ?**

ਜਿਗਰ ਦੀ ਲਾਗ ਦੇ ਸ਼ੁਰੂਆਤੀ ਪੜਾਅ ਵਿੱਚ ਪੇਟ ਵਿੱਚ ਗੰਭੀਰ ਦਰਦ ਹੁੰਦਾ ਹੈ। ਇਸ ਤੋਂ ਇਲਾਵਾ ਕੁਝ ਲੋਕਾਂ ’ਚ ਪੇਟ ’ਚ ਸੋਜ ਦੀ ਸਮੱਸਿਆ ਵੀ ਦੇਖੀ ਜਾ ਸਕਦੀ ਹੈ। ਜਿਗਰ ਨਾਲ ਸਬੰਧਤ ਸਮੱਸਿਆਵਾਂ ਦੇ ਮਾਮਲੇ ਵਿੱਚ ਪੀਲੀਆ ਹੋ ਸਕਦਾ ਹੈ। ਇਸ ਸਥਿਤੀ ਵਿੱਚ ਮਰੀਜ਼ ਨੂੰ ਤੁਰੰਤ ਇਲਾਜ ਦੀ ਲੋੜ ਹੁੰਦੀ ਹੈ।

ਲਿਵਰ ਇਨਫੈਕਸ਼ਨ ਦੇ ਮਾਮਲੇ ’ਚ ਚਮੜੀ ’ਤੇ ਧੱਫੜ ਅਤੇ ਸਕਿਨ ਇਨਫੈਕਸ਼ਨ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਜੇਕਰ ਪਿਸ਼ਾਬ ਦਾ ਰੰਗ ਬਦਲਦਾ ਹੈ ਤਾਂ ਵੀ ਲੀਵਰ ਇਨਫੈਕਸ਼ਨ ਦਾ ਖ਼ਤਰਾ ਹੋ ਸਕਦਾ ਹੈ। ਲੀਵਰ ਇਨਫੈਕਸ਼ਨ ਤੋਂ ਪੀੜਤ ਮਰੀਜ਼ਾਂ ਦੀ ਭੁੱਖ ਘੱਟ ਲੱਗ ਜਾਂਦੀ ਹੈ। ਇਸ ਤੋਂ ਇਲਾਵਾ ਜਿਗਰ ਦੀ ਲਾਗ ਕਾਰਨ ਕੁਝ ਲੋਕਾਂ ਨੂੰ ਉਲਟੀਆਂ ਅਤੇ ਮਤਲੀ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

**ਜਿਗਰ ਦੀ ਇਨਫੈਕਸ਼ਨ ਨੂੰ ਰੋਕਣ ਲਈ ਸੁਝਾਅ :** ਜਿਗਰ ਦੀ ਲਾਗ ਨੂੰ ਰੋਕਣ ਲਈ ਮਰੀਜ਼ਾਂ ਨੂੰ ਆਪਣੀ ਜੀਵਨ ਸ਼ੈਲੀ ਨੂੰ ਬਦਲਣ ਦੀ ਲੋੜ ਹੁੰਦੀ ਹੈ।

ਸ਼ਰਾਬ ਅਤੇ ਸਿਗਰਟਨੋਸ਼ੀ ਤੋਂ ਦੂਰੀ ਬਣਾ ਕੇ ਰੱਖੋ। ਭੋਜਨ ਵਿੱਚ ਘੱਟ ਤੋਂ ਘੱਟ ਤੇਲ ਅਤੇ ਮਸਾਲਿਆਂ ਦਾ ਸੇਵਨ ਕਰੋ। ਬਹੁਤ ਸਾਰਾ ਭਾਵ ਖ਼ੂਬ ਪਾਣੀ ਪੀਓ। ਚੀਨੀ ਅਤੇ ਨਮਕ ਦਾ ਸੇਵਨ ਵੀ ਘੱਟ ਕੀਤਾ ਜਾਵੇ ਤਾਂ ਲਾਹੇਵੰਦ ਰਹੇਗਾ। ਭਾਰ ਨੂੰ ਕੰਟਰੋਲ ਵਿੱਚ ਰੱਖੋ।

**ਸਵੇਰ ਦੀ ਸੈਰ ਅਤੇ ਕਸਰਤ ਕਰੋ।**

ਲੀਵਰ ਇੰਨਫੈਕਸ਼ਨ ਦੇ ਮਾਮਲੇ ਵਿੱਚ ਸੰਤ੍ਰਿਪਤ ਅਤੇ ਟ੍ਰਾਂਸ ਫੈਟ ਵਾਲੇ ਪ੍ਰੋਸੈਸਡ ਭੋਜਨਾਂ ਦਾ ਸੇਵਨ ਕਰਨ ਤੋਂ ਬਚੋ ਜਿਵੇਂ ਕਿ ਰੈੱਡ ਮੀਟ, ਮੱਖਣ, ਪਨੀਰ, ਤਲੇ ਹੋਏ ਭੋਜਨ, ਮਿੱਠੀਆਂ ਚੀਜ਼ਾਂ, ਕੈਂਡੀ, ਕੇਕ, ਕੁਕੀਜ਼, ਸੋਡਾ ਅਤੇ ਜੂਸ। ਹਾਲਾਂਕਿ ਇਸ ਸਥਿਤੀ ਵਿੱਚ ਤੁਸੀਂ ਹਰੀਆਂ ਪੱਤੇਦਾਰ ਸਬਜ਼ੀਆਂ, ਜੈਤੂਨ ਦਾ ਤੇਲ, ਮੇਵੇ ਅਤੇ ਬੀਜ, ਓਟਸ ਅਤੇ ਨਾਰੀਅਲ ਪਾਣੀ ਲੈ ਸਕਦੇ ਹੋ। ਇਸ ਤੋਂ ਇਲਾਵਾ ਇਸ ਸਥਿਤੀ ’ਚ ਗ੍ਰੀਨ ਟੀ ਪੀਣਾ ਵੀ ਫਾਇਦੇਮੰਦ ਹੋ ਸਕਦਾ ਹੈ। ਇਸ ਤੋਂ ਇਲਾਵਾ ਤੁਹਾਨੂੰ ਰੋਜ਼ਾਨਾ ਯੋਗਾ ਕਰਨਾ ਚਾਹੀਦਾ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਇਲਾਵਾ ਸ਼ਰਾਬ ਦੇ ਸੇਵਨ ਤੋਂ ਬਚੋ। ਨਾਲ ਹੀ ਕਿਤੇ ਵੀ ਕੁਝ ਵੀ ਖਾਣ-ਪੀਣ ਤੋਂ ਪਰਹੇਜ਼ ਕਰੋ। ਸਿਗਰਟਨੋਸ਼ੀ ਨਾ ਕਰੋ ਅਤੇ ਇੱਕ ਸਿਹਤਮੰਦ ਭੋਜਨ ਖਾਓ। ਨਾਲ ਹੀ ਜਿਗਰ ਨੂੰ ਸਿਹਤਮੰਦ ਰੱਖਣ ਲਈ ਇੱਕ ਸਰਗਰਮ ਜੀਵਨ ਸ਼ੈਲੀ ਐਕਟਿਵ ਲਾਈਫ ਸਟਾਈਲ ਦੀ ਪਾਲਣਾ ਕਰੋ ਅਤੇ ਇੱਕ ਸਿਹਤਮੰਦ ਖੁਰਾਕ ਹੈਲਧੀ ਡਾਇਟ ਲਓ।

**ਲੀਵਰ ਨੂੰ ਠੀਕ ਕਰਨ ਦੇ ਘਰੇਲੂ ਨੁਸਖੇ-**

ਲੀਵਰ ਦੀ ਸੋਜ ਘੱਟ ਕਰਨ ਦੇ ਲਈ ਰੋਜ਼ਾਨਾ ਗਾਜਰ ਦਾ ਜੂਸ ਪੀਓ । ਇਸ ਤੋਂ ਇਲਾਵਾ ਗਾਜਰ ਦੇ ਜੂਸ ਵਿੱਚ ਪਾਲਕ ਦਾ ਜੂਸ ਮਿਲਾ ਕੇ ਵੀ ਪੀ ਸਕਦੇ ਹੋ।

ਲੀਵਰ ਦੀ ਸੋਜ ਘੱਟ ਕਰਨ ਲਈ ਰੋਜ਼ਾਨਾ 1 ਗਿਲਾਸ ਪਾਣੀ ਵਿੱਚ 1 ਚਮਚਾ ਸੇਬ ਦਾ ਸਿਰਕਾ, 1 ਚਮਚਾ ਸ਼ਹਿਦ ਮਿਲਾ ਕੇ ਪੀਓ।

(ਬਾਕੀ ਸਫ਼ਾ 31 ’ਤੇ)


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
AMBEST
FUEL CARDS
NO CREDIT - NO PROBLEM
BEST CUSTOMER SERVICE
QUIKQ
WEX
TOGETHER WE SAVE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
YOU BREAK DOWN
WE SHOW UP
24-HOUR ROADSIDE ASSISTANCE
ROAD SQUAD CONNECT
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

# ਨਵੀਂ ਇਬਾਰਤ

ਪ੍ਰਤਾਪ 'ਪਾਰਸ' ਗੁਰਦਾਸਪੁਰੀ

ਹਿੰਦ-ਪਾਕਿ ਸਰਹੱਦ ਦੇ ਨਜ਼ਦੀਕ ਪਾਕਿਸਤਾਨੀ ਦਹਿਸ਼ਤਗਰਦਾਂ ਵੱਲੋਂ ਭਾਰਤ ਦੀ ਸਰਹੱਦ ਪਾਰ ਕਰਕੇ ਲਗਾਤਾਰ ਦੋ-ਤਿੰਨ ਹਮਲੇ ਕਰਨ ਤੋਂ ਬਾਅਦ ਇਲਾਕੇ ਵਿੱਚ ਹਰ ਇੱਕ ਆਉਣ-ਜਾਣ ਵਾਲੇ 'ਤੇ ਖ਼ਾਸ ਨਜ਼ਰ ਰੱਖੀ ਜਾ ਰਹੀ ਸੀ ਅਤੇ ਸਰਹੱਦ ਦੇ ਨਜ਼ਦੀਕ ਰਹਿਣ ਵਾਲੇ ਲੋਕਾਂ ਦੇ ਘਰਾਂ ਦੀ ਤਲਾਸ਼ੀ ਲਈ ਜਾ ਰਹੀ ਸੀ। ਖ਼ਾਸ ਕਰਕੇ ਬਾਹਰਲੇ ਸੂਬਿਆਂ ਤੋਂ ਆ ਕੇ ਇੱਥੇ ਵੱਸੇ ਲੋਕਾਂ ਦੀ ਅਤੇ ਇੱਕ ਖ਼ਾਸ ਵਰਗ ਦੇ ਲੋਕਾਂ ਦੀ ਜ਼ਿਆਦਾ ਬਾਰੀਕੀ ਨਾਲ ਤਸਦੀਕ ਕੀਤੀ ਜਾ ਰਹੀ ਸੀ। ਹਰ ਪਾਸੇ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਸੀ। ਪੁਲਿਸ ਦੀ ਇੱਕ ਟੁਕੜੀ ਘਰਾਂ ਦੀ ਤਲਾਸ਼ੀ ਕਰਦੀ-ਕਰਦੀ ਮੇਰੀ ਬੰਬੀ ਦੇ ਨਜ਼ਦੀਕ ਕਈ ਸਾਲਾਂ ਤੋਂ ਰਹਿ ਰਹੇ ਗੁੱਜਰ ਨਿਜ਼ਾਮੁਦੀਨ ਦੇ ਡੇਰੇ 'ਤੇ ਆ ਗਈ। ਨਿਜ਼ਾਮੁਦੀਨ ਬਹੁਤ ਹੀ ਨੇਕ ਦਿਲ ਇਨਸਾਨ ਸੀ। ਉਹ ਮੇਰੇ ਖੇਤੀਬਾੜੀ ਦੇ ਕਈ ਕੰਮ ਨਾਲ ਹੋ ਕੇ ਕਰਵਾ ਦਿੰਦਾ। ਮੈਂ ਵੀ ਉਸ ਭਲੇ ਪੁਰਸ਼ ਕੋਲੋਂ ਕਦੇ ਝੋਨੇ ਦੀ ਪਰਾਲੀ ਦਾ ਕੋਈ ਪੈਸਾ ਨਾ ਵਸੂਲਿਆ ਅਤੇ ਨਾ ਹੀ ਕਦੇ ਉਸ ਨੂੰ ਪਸ਼ੂਆਂ ਨੂੰ ਬੰਬੀ ਤੋਂ ਪਾਣੀ ਪਿਆਉਣੋਂ ਰੋਕਿਆ। ਸਾਡੀ ਇਹ ਸਾਂਝ ਮੇਰੇ ਪਿਤਾ ਜੀ ਵੇਲੇ ਤੋਂ ਚੱਲਦੀ ਆ ਰਹੀ ਸੀ। ਕੁੱਲ ਮਿਲਾ ਕੇ ਨਿਜ਼ਾਮੁਦੀਨ ਇੱਕ ਕਿਰਦਾਰ ਵਾਲਾ ਆਦਮੀ ਸੀ।

ਪੁਲਿਸ ਨੇ ਆਉਣ ਸਾਰ ਆਪਣੀ ਭਾਸ਼ਾ ਵਿੱਚ ਕਿਹਾ, "ਓਏ ਮੈਹਰ, ਬਾਹਰ ਨਿਕਲੋ, ਸਾਨੂੰ ਵਖ਼ਤ ਪਾ ਕੇ ਆਪ ਕਿਵੇਂ ਲੰਮੀਆਂ ਤਾਣ ਕੇ ਸੁੱਤੇ ਪਏ ਓ।"

"ਆਓ ਹਜ਼ੂਰ, ਤਾਬਿਆਦਾਰ ਹਾਂ ਸਰਕਾਰ ਦੇ, ਬੈਠੋ ਜੀ।" ਗੋਰਾ ਨਿਛੋਹ ਰੰਗ, ਲਾਲ ਰੰਗ ਦੀ ਦਾੜ੍ਹੀ ਅਤੇ ਭਰਵੇਂ ਜੁੱਸੇ ਵਾਲੇ ਛੇ ਫੁੱਟ ਦੇ ਕਰੀਬ ਲੰਮੇ ਨਿਜ਼ਾਮੁਦੀਨ ਗੁੱਜਰ ਨੇ ਦੋਵੇਂ ਹੱਥ ਜੋੜ ਕੇ ਆਪਣੀ ਹਲੀਮੀ ਦਾ ਪ੍ਰਮਾਣ ਦਿੱਤਾ ਤੇ ਵਿਹੜੇ ਵਿੱਚ ਡੱਠਿਆ ਕਾਫ਼ੀ ਵੱਡਾ ਜਿਹਾ ਹੱਥ ਨਾਲ ਬੁਣਿਆ ਮੰਜਾ ਮੁਲਾਜ਼ਮਾਂ ਦੇ ਬੈਠਣ ਲਈ ਅਗਾਂਹ ਨੂੰ ਖਿੱਚ ਦਿੱਤਾ।

"ਸਰ ਪਤਾ ਲੱਗਾ ਹੈ ਕਿ ਸਾਡੇ ਵਾਲੇ ਪਾਸੇ ਹਮਲਾ ਕਰਨ ਵਾਲੇ ਉਹ ਗੁਆਂਢੀ ਮੁਲਕ ਦੇ ਦਹਿਸ਼ਤਗਰਦ ਇਨ੍ਹਾਂ ਗੁੱਜਰਾਂ ਦੇ ਡੇਰਿਆਂ ਵਿੱਚ ਹੀ ਠਹਿਰੇ ਸਨ, ਹੁਣ ਬੜੇ ਸ਼ਰੀਫ਼ ਬਣਦੇ ਪਏ ਨੇ ਇਹ। ਸਰ ਇਨ੍ਹਾਂ ਦਾ ਕੋਈ ਇਤਬਾਰ ਨਹੀਂ। ਇਹ ਬਹੁਤ ਬੇਇਤਬਾਰੇ ਬੰਦੇ ਹੁੰਦੇ ਨੇ। ਇਹ ਕਦੇ ਸੱਚ ਨਹੀਂ ਬੋਲਦੇ।" ਥਾਣੇਦਾਰ ਦੇ ਨਾਲ ਆਏ ਸੇਵਾਮੁਕਤੀ ਨੇੜੇ ਲੱਗੇ ਇੱਕ ਸਿਪਾਹੀ ਨੇ ਆਪਣੀ ਸਮਝ ਮੁਤਾਬਿਕ ਥਾਣੇਦਾਰ ਨੂੰ ਗਾਈਡ ਕਰਦਿਆਂ ਆਪਣਾ ਤਜਰਬਾ ਦੱਸਣ ਦੀ ਕੋਸ਼ਿਸ਼ ਕੀਤੀ।

"ਲਿਖ ਇਨ੍ਹਾਂ ਦੇ ਘਰ ਦੇ ਸਾਰੇ ਜੀਆਂ ਦੇ ਨਾਮ ਫਿਰ, ਅਫਸਰਾਂ ਵੱਲੋਂ ਆਏ ਹੋਏ ਪ੍ਰੋਫਾਰਮੇ ਮੁਤਾਬਿਕ।"

ਉਸ ਦਾ ਨਾਮ, ਪਤਾ ਅਤੇ ਘਰ ਦੇ ਜੀਆਂ ਦੇ ਨਾਮ ਲਿਖਣ ਤੋਂ ਬਾਅਦ ਥਾਣੇਦਾਰ ਬੋਲਿਆ, "ਹਾਂ ਬਈ ਮੈਹਰ, ਤੁਹਾਨੂੰ ਕੀ ਬਿਮਾਰੀ ਏ, ਤੁਸੀਂ ਖਾਂਦੇ ਭਾਰਤ ਦਾ ਹੋ ਤੇ ਕੰਮ ਪਾਕਿਸਤਾਨ ਲਈ ਕਰਦੇ ਹੋ। ਤੁਹਾਨੂੰ ਸ਼ਰਮ ਨਹੀਂ ਆਉਂਦੀ ਥੋੜ੍ਹੀ-ਬਹੁਤੀ? ਜਦੋਂ ਅਸੀਂ ਤੁਹਾਨੂੰ ਆਪਣੇ ਦੇਸ਼ ਵਿੱਚ ਰੱਖ ਹੀ ਲਿਆ, ਹੁਣ ਤਾਂ ਸਾਡੇ ਹੋ ਜਾਓ!" ਥਾਣੇਦਾਰ ਨੇ ਇੱਕ ਕਿਸਮ ਦਾ ਮੈਹਰ ਨਿਜ਼ਾਮੁਦੀਨ ਨੂੰ ਨਿਹੋਰਾ ਜਿਹਾ ਹੀ ਮਾਰਿਆ।

"ਅਸੀਂ ਕੀ ਗਵਾਇਆ, ਕੀ ਪਾਇਆ, ਇਸ ਮੁਲਕ ਦੀ ਧਰਤੀ ਲਈ ਅਤੇ ਅਸੀਂ ਕਿੰਨੇ ਕੁ ਵਫ਼ਾਦਾਰ ਹਾਂ ਉਸ ਦੇਸ਼ ਲਈ ਜਿਸ ਦੇਸ਼ ਲਈ ਅਸੀਂ ਏਨਾ ਕੁਝ ਕੁਰਬਾਨ ਕਰਕੇ ਵੀ ਉਸ ਦੇਸ਼ ਦੇ ਨਹੀਂ ਹੋ ਸਕੇ, ਇਹ ਅਸੀਂ ਜਾਂ ਸਾਡਾ ਖ਼ੁਦਾ ਜਾਣਦਾ ਹੈ ਮੋਤੀਆਂ ਆਲਿਓ।" ਮੈਹਰ ਨਿਜ਼ਾਮੁਦੀਨ ਨੇ ਅੱਖਾਂ ਵਿੱਚ ਗਲੇਡੂ ਭਰਦੇ ਨੇ ਥਾਣੇਦਾਰ ਨੂੰ ਐਸਾ ਜੁਆਬ ਦਿੱਤਾ ਕਿ ਥਾਣੇਦਾਰ ਉਸ ਦੇ ਅੰਦਰ ਦੇ ਦਰਦ ਨੂੰ ਸੁਣਨ ਤੋਂ ਬਿਨਾਂ ਅਗਾਂਹ ਪੈਰ ਹੀ ਨਾ ਪੁੱਟ ਸਕਿਆ। ਉਸ ਨੇ ਮੈਹਰ ਨੂੰ ਆਪਣੀਆਂ ਅੱਖਾਂ ਵਿੱਚ ਭਰੇ ਗਲੇਡੂਆਂ ਦੀ ਵਿਥਿਆ ਵਿਸਥਾਰ ਸਹਿਤ ਦੱਸਣ ਲਈ ਕਿਹਾ।



ਮੈਹਰ ਨਿਜ਼ਾਮੁਦੀਨ ਨੇ ਭਰੀਆਂ ਅੱਖਾਂ ਮੋਢੇ 'ਤੇ ਰੱਖੇ ਪਰਨੇ ਨਾਲ ਸਾਫ਼ ਕਰਦਿਆਂ ਥਾਣੇਦਾਰ ਨੂੰ ਕੁਰਸੀ 'ਤੇ ਬਿਠਾ ਅਤੇ ਆਪ ਜ਼ਮੀਨ 'ਤੇ ਹੀ ਬੈਠਦਿਆਂ ਆਪਣੀ ਦਰਦ ਭਰੀ ਕਹਾਣੀ ਦੱਸਣੀ ਸ਼ੁਰੂ ਕਰ ਦਿੱਤੀ।

"ਮਾਈਬਾਪ, ਮੈਂ ਉਦੋਂ ਮਸਾਂ ਹੀ 8-9 ਸਾਲ ਦਾ ਹੋਵਾਂਗਾ ਜਦੋਂ ਸੰਨ ਸੰਤਾਲੀ ਵਿੱਚ ਭਾਰਤ ਪਾਕਿਸਤਾਨ ਦੀ ਵੰਡ ਹੋਈ ਸੀ। ਮੇਰਾ ਦਾਦਾ ਮਿਹਰਦੀਨ ਇੱਕ ਨਾਮੀ ਪਹਿਲਵਾਨ ਸੀ। ਮੇਰੇ ਵਾਲਦ ਸਾਹਿਬ ਹੋਰੀਂ ਬੁਰਛਿਆਂ ਵਰਗੇ ਚਾਰ ਭਰਾ ਸਨ। ਸਾਡੀ ਇਸ ਇਲਾਕੇ ਵਿੱਚ ਚੰਗੀ ਪੈਂਠ ਸੀ। ਦੂਰ-ਦੂਰ ਤੱਕ ਮੇਰੇ ਦਾਦੇ ਦੀ ਪਹਿਲਵਾਨੀ ਦੀਆਂ ਧੁੰਮਾਂ ਪਈਆਂ ਹੋਈਆਂ ਸਨ। ਦੇਸ਼ ਦੀ ਵੰਡ ਹੁੰਦੇ ਹੀ ਇਕਦਮ ਹਾਲਾਤ ਬਦਲ ਗਏ ਅਤੇ ਪਤਾ ਹੀ ਨਾ ਲੱਗਾ ਕਦੋਂ ਮੇਰੇ ਦਾਦੇ ਦੇ ਪੈਰੀਂ ਪੈਣ ਵਾਲੇ ਅਤੇ ਉਸ ਨੂੰ ਉਸਤਾਦ ਮੰਨਣ ਵਾਲੇ ਲੋਕ ਉਸ ਦੀ ਜਾਨ ਦੇ ਵੈਰੀ ਬਣ ਗਏ। ਸਾਨੂੰ ਸੱਜਿਓਂ-ਖੱਬਿਓਂ ਸੁਨੇਹੇ ਮਿਲਣ ਲੱਗ ਪਏ ਕਿ ਤੁਸੀਂ ਇੱਥੋਂ ਚਲੇ ਜਾਓ ਨਹੀਂ ਤਾਂ ਤੁਹਾਨੂੰ ਵੱਢ ਦਿੱਤਾ ਜਾਵੇਗਾ। ਮੇਰੇ ਅੱਬਾ ਹੋਰਾਂ ਨੇ ਮੇਰੇ ਦਾਦੇ ਨੂੰ ਬਹੁਤ ਜ਼ੋਰ ਲਾਇਆ ਕਿ ਅੱਬੂ ਅਸੀਂ ਇਹ ਦੇਸ਼ ਛੱਡ ਜਾਈਏ ਤੇ ਪਾਕਿਸਤਾਨ ਚਲੇ ਜਾਈਏ ਕਿਉਂਕਿ ਸਾਡਾ ਇੱਥੇ ਰਹਿਣਾ ਹੁਣ ਮਹਿਫ਼ੂਜ਼ ਨਹੀਂ ਹੈ। ਲੋਕਾਂ ਦੇ ਸਿਰ 'ਤੇ ਫ਼ਿਰਕਾਪ੍ਰਸਤੀ ਦਾ ਜਨੂੰਨ ਸਵਾਰ ਹੋਇਆ ਪਿਆ ਹੈ। ਮੇਰੇ ਦਾਦੇ ਦਾ ਕਹਿਣਾ ਸੀ ਕਿ ਪੁੱਤਰਾ ਇਸ ਦੇਸ਼ ਦੀ ਮਿੱਟੀ ਵਿੱਚੋਂ ਮੈਨੂੰ ਏਨੀ ਸ਼ਕਤੀ ਮਿਲੀ ਹੈ ਕਿ ਪੂਰੇ ਇਲਾਕੇ ਵਿੱਚ ਮਿਹਰਦੀਨ ਮਿਹਰਦੀਨ ਹੋਈ ਏ, ਮੈਂ ਜਿਉਂਦੇ ਜੀਅ ਇਸ ਮਿੱਟੀ ਨੂੰ ਨਹੀਂ ਛੱਡਾਂਗਾ, ਅਗਰ ਮੇਰੇ ਟੋਟੇ ਕਰ ਕੇ ਕੋਈ ਪਾਕਿਸਤਾਨ ਸੁੱਟ ਆਵੇ ਉਹ ਗੱਲ ਵੱਖਰੀ ਏ, ਮੈਂ ਇਸ ਮਿੱਟੀ ਦਾ ਕਰਜ਼ ਕਦੇ ਨਹੀਂ ਉਤਾਰ ਸਕਦਾ। ਨਾਲੇ ਇਹ ਮੇਰੇ ਪੁਰਖਿਆਂ ਦੀ ਜਨਮ ਭੋਇੰ ਹੈ। ਬਾਕੀ ਪੁੱਤਰੋ, ਮੈਨੂੰ ਇਹ ਵੀ ਭਰੋਸਾ ਏ ਕਿ ਹਿੰਦੂ ਸਿੱਖ ਮੁਸਲਮਾਨ ਏਕਤਾ ਇੰਨੀ ਛੇਤੀ ਨਹੀਂ ਟੁੱਟ ਸਕਦੀ। ਸਾਡੀਆਂ ਆਪਸ ਵਿੱਚ ਪਰਿਵਾਰਕ ਸਾਂਝਾਂ ਕਿੰਨੀਆਂ ਪੀੜ੍ਹੀਆਂ ਨੇ ਤੁਸੀਂ ਨਹੀਂ ਜਾਣਦੇ। ਇੱਥੇ ਆਪਸੀ ਪਿਆਰ ਵਿੱਚ ਗੜੁੱਚ ਹੋਇਆ ਮੇਰਾ ਦਾਦਾ ਲੋਕਾਂ ਦੇ ਦਿਲਾਂ 'ਚ ਫੈਲ ਚੁੱਕੀ ਨਫ਼ਰਤ ਦੀ ਗਹਿਰਾਈ ਨਹੀਂ ਨਾਪ ਸਕਿਆ। ਅਖ਼ੀਰ ਮੇਰੇ ਦਾਦੇ ਦੀ ਜ਼ਿੱਦ ਅੱਗੇ ਸਭ ਹਾਰ ਗਏ ਤੇ ਭਾਰਤ ਹੀ ਰਹਿਣ ਦਾ ਫ਼ੈਸਲਾ ਪਾਸ ਹੋ ਗਿਆ। ਛੋਟੇ-ਮੋਟੇ ਧਾੜਵੀ ਤਾਂ ਮੇਰੇ ਵਡੇਰਿਆਂ ਨੇ ਹਵਾ ਦੇ ਫੰਬਿਆਂ ਵਾਂਗ ਉਡਾ ਦਿੱਤੇ ਜਿਸ ਦੀ ਚਰਚਾ ਸਾਰੇ ਪਾਸੇ ਹੋਣ ਲੱਗੀ ਕਿ ਨਿਜ਼ਾਮੁਦੀਨ ਅੜ ਗਿਆ ਹੈ ਉਹ ਭਾਰਤ ਛੱਡ ਕੇ ਨਹੀਂ ਜਾ ਰਿਹਾ।

ਇੱਕ ਮਨਹੂਸ ਰਾਤ ਸਾਡੇ ਪਰਿਵਾਰ 'ਤੇ ਕਹਿਰ ਦੀ ਰਾਤ ਹੋ ਗੁਜ਼ਰੀ। ਸਾਡੇ ਭਾਈਚਾਰੇ ਨਾਲ ਸਬੰਧਿਤ ਕੁਝ ਲੋਕ ਮੇਰੇ ਦਾਦੇ ਕੋਲ ਆ ਕੇ ਕਹਿਣ ਲੱਗੇ, 'ਅੱਬੂ, ਅਸੀਂ ਇਹ ਦੇਸ਼ ਛੱਡ ਕੇ ਆਪਣੇ ਨਵੇਂ ਮਿਲੇ ਦੇਸ਼ ਪਾਕਿਸਤਾਨ ਜਾਣਾ ਚਾਹੁੰਦੇ ਹਾਂ। ਸਾਨੂੰ ਨਾਲ ਹੋ ਸਰਹੱਦ ਪਾਰ ਕਰਵਾ ਦਿਓ। ਮੇਰੇ ਦਾਦੇ ਨੇ ਪਹਿਲਾਂ ਤਾਂ ਉਨ੍ਹਾਂ ਨੂੰ ਬਹੁਤ ਸਮਝਾਇਆ ਕਿ ਕਮਲਿਓ ਇਹ ਵੀ ਸਾਡਾ ਹੀ ਦੇਸ਼ ਏ। ਦੇਸ਼ ਦੇ ਹਾਕਮਾਂ ਨੇ ਫ਼ੈਸਲਾ ਕਰ ਦਿੱਤਾ ਹੈ ਕਿ ਜੇਕਰ ਕੋਈ ਮੁਸਲਮਾਨ ਭਾਰਤ ਦੇਸ਼ ਵਿੱਚ ਰਹਿਣਾ ਚਾਹੁੰਦਾ ਹੈ ਉਸ ਦੀ ਪੂਰੀ ਹਿਫ਼ਾਜ਼ਤ ਕੀਤੀ ਜਾਵੇਗੀ ਤੇ ਬਣਦਾ ਮਾਣ-ਸਤਿਕਾਰ ਵੀ ਮਿਲੇਗਾ। ਹੁਣ ਤੁਸੀਂ ਦੱਸੋ ਕਿਉਂ ਜਾਣਾ ਹੈ?' ਪਰ ਉਹ ਬਜ਼ਿਦ ਰਹੇ ਕਿ ਅੱਬੂ ਸਾਨੂੰ ਬਹੁਤ ਡਰ ਲੱਗ ਰਿਹਾ ਹੈ, ਕੁਝ ਧਾੜਵੀਆਂ ਨੇ ਸਾਨੂੰ ਘਰੋਂ ਬਾਹਰ ਕੱਢ ਕੇ ਸਾਡੇ ਘਰਾਂ 'ਤੇ ਕਬਜ਼ਾ ਵੀ ਕਰ ਲਿਆ ਹੈ। ਅਸੀਂ ਬੜੀ ਮੁਸ਼ਕਿਲ ਆਪਣੀਆਂ ਜਾਨਾਂ ਬਚਾ ਕੇ ਤੁਹਾਡੇ ਤੱਕ ਆਏ ਹਾਂ।

ਮੇਰੇ ਦਾਦੇ ਨੇ ਮੇਰੇ ਅੱਬੂ ਹੋਰਾਂ ਨੂੰ ਡਾਂਗਾਂ-ਸੋਟੇ ਦੇ ਕੇ ਆਪਣੇ ਨਾਲ ਤਿਆਰ ਕੀਤਾ ਤੇ ਉਨ੍ਹਾਂ ਲੋਕਾਂ ਨੂੰ ਰਾਤੋ-ਰਾਤ ਨੇੜੇ ਪੈਂਦੀ ਸਰਹੱਦ ਰਾਹੀਂ ਬਾਰਡਰ ਪਾਰ ਕਰਵਾ ਦਿੱਤਾ। ਘਰ ਮੁੜ ਕੇ ਮੇਰੇ ਦਾਦੇ ਹੋਰਾਂ ਡਾਂਗਾਂ-ਸੋਟੇ ਅਜੇ ਸੁੱਟੇ ਹੀ ਸਨ ਕਿ ਪਹਿਲਾਂ ਤੋਂ ਘਾਤ ਲਾ ਕੇ ਬੈਠੇ ਹਜੂਮ ਨੇ ਸਾਡੇ ਡੇਰੇ 'ਤੇ ਹਮਲਾ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਮੇਰੇ ਅੱਬੂ ਹੋਰੀਂ ਕੁਝ ਸੰਭਲਦੇ, ਸਾਰੀ ਭੀੜ ਸਾਡੇ ਘਰ ਵਿੱਚ ਦਾਖ਼ਲ ਹੋ ਗਈ ਤੇ ਛਵੀਆਂ ਕਿਰਪਾਨਾਂ ਨਾਲ ਮੇਰੇ ਦਾਦੇ ਅਤੇ ਅੱਬੂ ਹੋਰਾਂ 'ਤੇ ਵਾਰ ਕਰਨੇ ਸ਼ੁਰੂ ਕਰ ਦਿੱਤੇ। ਬੇਸ਼ੱਕ ਉਨ੍ਹਾਂ ਨੇ ਭੀੜ ਦਾ ਮੁਕਾਬਲਾ ਕਰਨਾ ਚਾਹਿਆ ਪਰ ਖਾਲੀ ਹੱਥ ਹੋਣ ਕਰਕੇ ਮਾਰ ਖਾ ਗਏ। ਅਖ਼ੀਰ ਇੱਕੋ ਰਾਤ ਵਿੱਚ ਸਾਡੇ ਪਰਿਵਾਰ ਦੇ ਪੰਜ ਜੀਆਂ ਨੂੰ ਕਤਲ ਕਰ ਦਿੱਤਾ ਗਿਆ। ਮੈਂ ਛੋਟਾ ਸੀ। ਬਾਕੀ ਘਰ ਵਿੱਚ ਔਰਤਾਂ ਹੀ ਸਨ। ਸਾਡੀ ਕਿਤੇ ਕੋਈ ਅਪੀਲ ਦਲੀਲ ਨਾ ਸੁਣੀ ਗਈ। ਅਖ਼ੀਰ ਸਬਰ ਦਾ ਘੁੱਟ ਭਰ ਕੇ ਰਹਿ ਗਏ। ਸਾਨੂੰ ਯਤੀਮ ਹੋਇਆਂ ਵੇਖ ਕੁਝ ਭਲੇ ਲੋਕਾਂ ਦੀ ਮਿਲੀ ਦਿਲੀ ਹਮਦਰਦੀ ਕਰਕੇ ਅਸੀਂ ਇੱਥੇ ਹੀ ਰੁਕ ਗਏ। ਇਸ ਤੋਂ ਬਾਅਦ ਜਦੋਂ ਸੰਨ 1971 ਦੀ ਜੰਗ ਲੱਗੀ ਤਾਂ ਜੰਗ ਵਿੱਚ ਜ਼ਖ਼ਮੀ ਹੋਏ ਭਾਰਤੀ ਫ਼ੌਜੀ ਜਵਾਨਾਂ ਲਈ ਫ਼ੌਜ ਵੱਲੋਂ ਲਾਏ ਗਏ ਖ਼ੂਨਦਾਨ ਕੈਂਪ ਵਿੱਚ ਮੈਂ ਤੇ ਮੇਰੇ ਭਾਈਚਾਰੇ ਦੇ ਲੋਕਾਂ ਨੇ ਵੱਧ-ਚੜ੍ਹ ਕੇ ਖ਼ੂਨ ਦਾਨ ਕੀਤਾ।

ਹੁਣ ਤੁਸੀਂ ਦੱਸੋ ਥਾਣੇਦਾਰ ਸਾਹਿਬ, ਜਿਸ ਮਿੱਟੀ ਦੇ ਮੋਹ ਕਰਕੇ ਮੇਰੇ ਪੁਰਖਿਆਂ ਨੇ ਆਪਣੀਆਂ ਜਾਨਾਂ ਤੱਕ ਦੇ ਦਿੱਤੀਆਂ, ਜਿਸ ਦੇਸ਼ ਦੇ ਫ਼ੌਜੀ ਜਵਾਨਾਂ ਦੀਆਂ ਰਗਾਂ ਵਿੱਚ ਸਾਡਾ ਆਪਣਾ ਖ਼ੂਨ ਦੌੜ ਰਿਹਾ ਹੋਵੇ, ਉਸ ਦੇਸ਼ ਦੀ ਮਿੱਟੀ ਨਾਲ, ਉਸ ਦੇਸ਼ ਨਾਲ ਅਸੀਂ ਕਿਵੇਂ ਗਦਾਰੀ ਕਰ ਸਕਦੇ ਹਾਂ? ਸਾਨੂੰ ਹਮੇਸ਼ਾਂ ਇਹ ਹੀ ਦੁੱਖ ਰਹਿੰਦਾ ਹੈ ਕਿ ਜਿਸ ਦੇਸ਼ ਪਿੱਛੇ ਅਸੀਂ ਆਪਣੇ ਛੱਡ ਦਿੱਤੇ, ਆਪਣੇ ਗਵਾ ਦਿੱਤੇ ਉਸ ਦੇਸ਼ ਦੇ ਲੋਕਾਂ ਅਤੇ ਉਸ ਹਾਕਮਾਂ ਨੇ ਸਾਨੂੰ ਆਪਣਾ ਹੀ ਨਹੀਂ ਮੰਨਿਆ। ਅੱਜ ਵੀ ਸਾਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਿਆ ਜਾਂਦਾ ਹੈ। ਤੁਸੀਂ ਆਪਣੇ ਦਿਲ 'ਤੇ ਹੱਥ ਰੱਖ ਕੇ ਦੱਸੋ ਇਸ ਤੋਂ ਵੱਡਾ ਦੇਸ਼ ਭਗਤੀ ਦਾ ਸਬੂਤ ਹੋਰ ਕੀ ਹੋ ਸਕਦਾ ਹੈ?"

ਮੈਹਰ ਨਿਜ਼ਾਮੁਦੀਨ ਦੀ ਇਹ ਦਰਦ ਭਰੀ ਕਹਾਣੀ ਸੁਣ ਕੇ ਥਾਣੇਦਾਰ ਨੇ ਵੀ ਜੇਬ 'ਚੋਂ ਰੁਮਾਲ ਕੱਢ ਆਪਣੀਆਂ ਸਿੱਲ੍ਹੀਆਂ ਅੱਖਾਂ ਸਾਫ਼ ਕੀਤੀਆਂ ਅਤੇ ਆਪਣਾ ਮੋਬਾਈਲ ਨੰਬਰ ਦਿੰਦਿਆਂ ਕਿਹਾ, "ਨਿਜ਼ਾਮੁਦੀਨ, ਮੇਰੇ ਵਡੇਰੇ ਵੀ ਕੁਝ ਅਜਿਹਾ ਹੀ ਦਰਦ ਹੰਢਾ ਕੇ ਭਾਰਤ ਆਏ ਸਨ। ਚੱਲ ਉੱਠ ਪਾ ਜੱਫੀ ਤੇ ਮੇਰਾ ਦਰਦ ਵੰਡ ਭਰਾ ਬਣ ਜਾ। ਆਪਾਂ ਚਲਦੇ ਸਾਹਾਂ ਤੀਕ ਆਪਸ ਵਿੱਚ ਭਰਾਵਾਂ ਵਾਂਗ ਮਿਲਦੇ ਰਹਾਂਗੇ।"

ਮੈਹਰ ਨਿਜ਼ਾਮੁਦੀਨ ਅਤੇ ਥਾਣੇਦਾਰ ਨੂੰ ਗਲਵੱਕੜੀ ਪਾਈ ਵੇਖ ਮੈਂ ਪਿੱਛੇ ਖੜ੍ਹੇ ਨੇ ਇੰਝ ਮਹਿਸੂਸ ਕੀਤਾ ਜਿਵੇਂ ਹਿੰਦੋਸਤਾਨ ਅਤੇ ਪਾਕਿਸਤਾਨ ਆਪਣੇ ਪਿਛਲੇ ਸਾਰੇ ਵੈਰ-ਵਿਰੋਧ ਭੁਲਾ ਕੇ ਇੱਕ ਕਲਾਵੇ ਵਿੱਚ ਇੱਕਠੇ ਹੋ ਗਏ ਹੋਣ ਤੇ ਭਾਰਤ ਪਾਕਿਸਤਾਨ ਦੀ ਜ਼ੀਰੋ ਲਾਈਨ 'ਤੇ ਮੁਹੱਬਤ ਦੀ ਇਬਾਰਤ ਨਵੇਂ ਸਿਰਿਓਂ ਲਿਖੀ ਜਾ ਰਹੀ ਹੋਵੇ।

ਮਿੰਨੀ ਕਹਾਣੀ

ਚਰਨਜੀਤ ਕੌਰ

# ਹਰੀਆਂ ਚੂੜੀਆਂ

ਪੰਮੀ ਸੋਹਣੀ ਸੁਨੱਖੀ, ਸਲੀਕੇ ਵਾਲੀ ਅਤੇ ਘਰ ਦੇ ਹਰ ਕੰਮ ਵਿੱਚ ਮਾਹਿਰ ਰੀਝਾਂ ਨਾਲ ਮਾਪਿਆਂ ਦੀ ਪਾਲੀ ਕੁੜੀ ਸੀ। ਉਨ੍ਹਾਂ ਨੇ ਉਸ ਦਾ ਵਿਆਹ ਵੀ ਬੜੇ ਸੋਹਣੇ ਸੁਭਾਅ ਚੂੜੀਆਂ ਦੇ ਚੰਗੇ ਕਾਰੋਬਾਰੀ ਨਾਲ ਕੀਤਾ। ਪੰਮੀ ਆਪ ਵੀ ਚੂੜੀਆਂ ਪਾਉਣ ਦੀ ਬਹੁਤ ਸ਼ੌਕੀਨ ਸੀ। ਹਰੇ ਰੰਗ ਦੀਆਂ ਚੂੜੀਆਂ ਤਾਂ ਉਸ ਦੀ ਜਾਨ ਸਨ। ਸਹੁਰੇ ਪਰਿਵਾਰ ਵਿੱਚ ਵੀ ਉਸ ਨੂੰ ਸਾਰੇ ਬਹੁਤ ਪਿਆਰ ਕਰਦੇ ਸਨ। ਹਸੂੰ-ਹਸੂੰ ਕਰਦੀ ਘਰ ਦੇ ਸਾਰੇ ਕੰਮ ਕਰਦੀ। ਸੱਸ ਸਹੁਰੇ ਦੀ ਹਰ ਚੀਜ਼ ਦਾ ਧਿਆਨ ਰੱਖਦੀ। ਕਿਸੇ ਨੂੰ ਵੀ ਸ਼ਿਕਾਇਤ ਦਾ ਮੌਕਾ ਹੀ ਨਾ ਦਿੰਦੀ। ਰਾਤ ਨੂੰ ਰੋਟੀ ਖਾ ਕੇ ਪਤੀ ਨਾਲ ਸੈਰ ਕਰਨ ਜਾਂਦੀ। ਜੋੜੀ ਇੰਨੀ ਸੋਹਣੀ ਲੱਗਦੀ ਕਿ ਮੁਹੱਲੇ ਦੀਆਂ ਕੁੜੀਆਂ ਜੋੜੀ ਨੂੰ ਦੇਖਣ ਲਈ ਇਕੱਠੀਆਂ ਹੋ ਕੇ ਖੜ੍ਹ ਜਾਂਦੀਆਂ ਤੇ ਰੀਝ ਨਾਲ ਜਾਂਦਿਆਂ ਨੂੰ ਦੇਖਦੀਆਂ। ਸਾਲ ਬਾਅਦ ਹੀ ਉਨ੍ਹਾਂ ਦੇ ਘਰ ਬੱਚੀ ਦਾ ਜਨਮ ਹੋ ਗਿਆ। ਸਾਰਾ ਟੱਬਰ ਬਹੁਤ ਖ਼ੁਸ਼। ਪਿਆਰ ਨਾਲ ਉਸ ਦਾ ਪਤੀ ਬੱਚੀ ਨੂੰ ਰਾਣੀ ਬੁਲਾਉਂਦਾ। ਸਮਾਂ ਬੀਤਦਾ ਗਿਆ। ਜਲਦੀ ਹੀ ਉਸ ਦੇ ਪੈਰ ਫਿਰ ਭਾਰੀ ਹੋ ਗਏ। ਕਰਵਾ ਚੌਥ ਦਾ ਤਿਉਹਾਰ ਸੀ। ਚੂੜੀਆਂ ਦਾ ਕਾਰੋਬਾਰੀ ਹੋਣ ਕਾਰਨ ਉਸ ਦਾ ਪਤੀ ਚੂੜੀਆਂ ਥੋਕ ਵਿੱਚ ਲੈਣ ਲਈ ਗਿਆ। ਜਾਣ ਲੱਗਿਆਂ ਉਸ ਨੇ ਪਤੀ ਨੂੰ ਆਪਣੇ ਲਈ ਹਰੇ ਰੰਗ ਦੀਆਂ ਸਭ ਤੋਂ ਸੋਹਣੀਆਂ ਚੂੜੀਆਂ ਲਿਆਉਣ ਲਈ ਕਿਹਾ। ਸ਼ਾਮ ਹੋ ਗਈ। ਉਹ ਪਤੀ ਦਾ ਇੰਤਜ਼ਾਰ ਕਰ ਰਹੀ ਸੀ ਕਿ ਅਚਾਨਕ ਬਾਜ਼ਾਰ ਦੇ ਦੋਸਤ ਉਨ੍ਹਾਂ ਦੇ ਘਰ ਆਏ। ਕਾਰ ਦੀ ਟੈਂਪੂ ਨਾਲ ਟੱਕਰ ਹੋਣ ਕਾਰਨ ਹੋਈ ਉਸ ਦੇ ਪਤੀ ਦੀ ਮੌਤ ਦੀ ਖ਼ਬਰ ਉਸ ਨੂੰ ਦਿੱਤੀ ਜਿਸ ਨੂੰ ਸੁਣਦੇ ਹੀ ਉਹ ਬੇਹੋਸ਼ ਹੋ ਗਈ। ਮੁਹੱਲੇ ਵਾਲਿਆਂ ਨੇ ਉਸ ਨੂੰ ਹੋਸ਼ ਵਿੱਚ ਲਿਆਂਦਾ। ਉਸ ਉੱਤੇ ਤਾਂ ਜਿਵੇਂ ਮੁਸੀਬਤਾਂ ਦਾ ਪਹਾੜ ਹੀ ਟੁੱਟ ਪਿਆ। ਉਹ ਆਪਣੀ ਬੱਚੀ ਦੀ ਦੇਖਭਾਲ ਕਰਦੀ ਸੱਸ ਸਹੁਰੇ ਦਾ ਖਿਆਲ ਰੱਖਦੀ। ਉਸਦਾ ਹਸੂੰ ਹਸੂੰ ਕਰਦਾ ਚਿਹਰਾ ਮੁਰਝਾ ਗਿਆ।

ਸਾਰੇ ਘਰ ਵਿੱਚ ਚੁੱਪ ਛਾ ਗਈ। ਘਰ ਦੇ ਕੰਮ ਤੋਂ ਵਿਹਲੀ ਹੋ ਕੇ ਉਹ ਆਪਣੀ ਬੱਚੀ ਨੂੰ ਲੈ ਕੇ ਆਪਣੇ ਕਮਰੇ ਵਿੱਚ ਚਲੀ ਜਾਂਦੀ ਤੇ ਰੋਂਦੀ ਰਹਿੰਦੀ। ਸੱਸ-ਸਹੁਰੇ ਤੋਂ ਉਸ ਦੀ ਹਾਲਤ ਦੇਖੀ ਨਾ ਜਾਂਦੀ। ਉਨ੍ਹਾਂ ਦੇ ਗੁਆਂਢ ਵਿੱਚ ਇੱਕ ਔਰਤ ਰਹਿੰਦੀ ਸੀ ਜਿਸ ਨੂੰ ਸਾਰੇ ਭੂਆ ਕਹਿ ਕੇ ਬੁਲਾਉਂਦੇ ਸਨ। ਉਹ ਉਨ੍ਹਾਂ ਦੇ ਘਰ ਆਈ ਤੇ ਉਸ ਦੇ ਸੱਸ-ਸਹੁਰੇ ਨੂੰ ਪੰਮੀ ਦੇ ਦੂਜੇ ਵਿਆਹ ਬਾਰੇ ਗੱਲ ਕੀਤੀ ਕਿ ਉਸ ਦੀ ਭਰਜਾਈ ਮਰ ਗਈ ਹੈ ਤੇ ਉਸ ਦਾ ਭਰਾ ਇਕੱਲਾ ਹੈ। ਕੋਈ ਬੱਚਾ ਵੀ ਨਹੀਂ ਹੈ, ਜੇ ਚਾਹੋ ਤਾਂ ਮੈਂ ਅੱਗੇ ਗਲ ਤੋਰਾਂ। ਪੰਮੀ ਦੇ ਸੱਸ-ਸਹੁਰੇ ਤੋਂ ਉਸ ਦੀ ਇਹ ਹਾਲਤ ਦੇਖੀ ਨਹੀਂ ਜਾਂਦੀ ਸੀ। ਗੱਲ ਅੱਗੇ ਤੁਰ ਪਈ ਤੇ ਸਿਰੇ ਚੜ੍ਹ ਗਈ। ਇੱਕ ਹਫ਼ਤੇ ਦੇ ਵਿੱਚ ਵਿੱਚ ਹੀ ਪੰਮੀ ਦਾ ਵਿਆਹ ਹੋ ਗਿਆ। ਉਹ ਆਪਣੀ ਬੱਚੀ ਨੂੰ ਲੈ ਕੇ ਆਪਣੇ ਸਹੁਰੇ ਘਰ ਆ ਗਈ। ਉਸ ਦਾ ਦੂਸਰਾ ਪਤੀ ਵੀ ਸੁਭਾਅ ਪੱਖੋਂ ਬਹੁਤ ਹੀ ਚੰਗਾ ਸੀ। ਪੰਮੀ ਦੇ ਮਨ ਵਿੱਚ ਅੱਗੇ ਪੜ੍ਹਨ ਦੀ ਇੱਛਾ ਪੈਦਾ ਹੋਈ। ਉਸ ਨੇ ਆਪਣੇ ਪਤੀ ਅੱਗੇ ਆਪਣੀ ਇੱਛਾ ਦੱਸੀ। ਉਸ ਨੇ ਖ਼ੁਸ਼ ਹੋ ਕੇ ਪੂਰਾ ਸਾਥ ਦੇਣ ਲਈ ਕਿਹਾ। ਪੰਮੀ ਨੇ ਅੱਗੇ ਪੜ੍ਹਨਾ ਸ਼ੁਰੂ ਕਰ ਦਿੱਤਾ। ਉਸ ਦਾ ਪਤੀ ਬੱਚੀ ਨੂੰ ਇੰਨਾ ਪਿਆਰ ਕਰਦਾ ਕਿ ਹਰ ਵੇਲੇ ਉਸ ਨੂੰ ਗੋਦੀ ਚੁੱਕੀ ਫਿਰਦਾ ਤੇ ਪੰਮੀ ਦਾ ਵੀ ਬਹੁਤ ਧਿਆਨ ਰੱਖਦਾ ਤਾਂ ਜੋ ਉਸ ਦੀ ਪੜ੍ਹਾਈ ਵਿੱਚ ਕੋਈ ਵਿਘਨ ਨਾ ਪਵੇ। ਦੂਜਾ ਬੱਚਾ ਹੋਣ ਵਿੱਚ ਹਾਲੇ ਕੁਝ ਮਹੀਨੇ ਸਨ। ਉਹ ਚੁੱਪ ਰਹਿੰਦੀ। ਉਸ ਦੇ ਚਿਹਰੇ 'ਤੇ ਹਰ ਵੇਲੇ ਉਦਾਸੀ ਛਾਈ ਰਹਿੰਦੀ ਤੇ ਯਾਦਾਂ ਵਿੱਚ ਗੁਆਚੀ ਰਹਿੰਦੀ। ਉਸਦਾ ਪਤੀ ਹਰ ਸੰਭਵ ਕੋਸ਼ਿਸ਼ ਕਰਦਾ ਕਿ ਉਹ ਖ਼ੁਸ਼ ਰਹੇ, ਪਰ ਉਹ ਪੁਰਾਣੀਆਂ ਯਾਦਾਂ ਵਿੱਚ ਹੀ ਉਲਝੀ ਰਹਿੰਦੀ। ਸਮੇਂ ਦੇ ਨਾਲ ਉਸ ਦੀ ਦੂਜੀ ਕੁੜੀ ਹੋਈ, ਪਰ ਉਸ ਨੇ ਪੜ੍ਹਨਾ ਨਾ ਛੱਡਿਆ। ਉਹ ਦੋਵਾਂ ਕੁੜੀਆਂ ਨਾਲ ਘਰ ਦੇ ਕੰਮਾਂ ਵਿੱਚ ਉਲਝ ਗਈ। ਉਸ ਦਾ ਪਤੀ ਹਰ ਕੰਮ ਵਿੱਚ ਉਸ ਦਾ ਹੱਥ ਵਟਾਉਂਦਾ। ਸਮਾਂ ਆਪਣੀ ਚਾਲੇ ਨਿਕਲ ਰਿਹਾ ਸੀ। ਉਸ ਨੇ ਐਮ.ਏ. ਪੂਰੀ ਕਰ ਲਈ। ਉਸ ਨੇ ਬੈਂਕ ਦੇ ਪੇਪਰਾਂ ਦੀ ਤਿਆਰੀ ਸ਼ੁਰੂ ਕਰ ਦਿੱਤੀ। ਵੱਡੀ ਕੁੜੀ ਸਕੂਲ ਜਾਣ ਲੱਗੀ। ਉਸ ਨੇ ਰਾਣੀ ਨੂੰ ਮੇਰੇ ਕੋਲ ਟਿਊਸ਼ਨ ਲਾ ਦਿੱਤਾ। ਜਦੋਂ ਉਹ ਰਾਣੀ ਨੂੰ ਲੈਣ ਆਉਂਦੀ ਤਾਂ ਮੇਰੇ ਮਾਤਾ ਜੀ ਕੋਲ ਬੈਠੀ ਰਹਿੰਦੀ ਕਿਉਂਕਿ ਉਨ੍ਹਾਂ ਦਾ ਘਰ ਸਾਡੇ ਘਰ ਦੇ ਨਾਲ ਹੀ ਸੀ ਤੇ ਇੱਕ ਦੂਜੇ ਦੇ ਅਸੀਂ ਚੰਗੀ ਤਰਾਂ ਵਾਕਿਫ਼ ਸਾਂ। ਉਹ ਮੇਰੇ ਮਾਤਾ ਜੀ ਨਾਲ ਸਾਰੀ ਗੱਲ ਕਰ ਲੈਂਦੀ ਤੇ ਪਹਿਲੇ ਪਤੀ ਨੂੰ ਯਾਦ ਕਰ ਕਰ ਰੋਂਦੀ ਰਹਿੰਦੀ। ਉਸ ਦੀ ਹਰ ਗੱਲ ਪਹਿਲੇ ਪਤੀ 'ਤੇ ਆ ਕੇ ਖ਼ਤਮ ਹੁੰਦੀ। ਇੱਕ ਦਿਨ ਮੇਰੇ ਮਾਤਾ ਜੀ ਨੇ ਉਸ ਨੂੰ ਸਮਝਾਇਆ ਤੇ ਕਿਹਾ ਕਿ ਉਸ ਪਤੀ ਨਾਲ ਤੂੰ ਕਿੰਨਾ ਸਮਾਂ ਰਹੀ ਹੈ? ਉਸ ਨੇ ਦੱਸਿਆ ਕਿ ਸਵਾ ਸਾਲ। ਉਹ ਕਹਿਣ ਲੱਗੇ, "ਇੱਥੇ ਤੈਨੂੰ ਇੰਨੇ ਸਾਲ ਹੋ ਗਏ ਹਨ। ਤੇਰਾ ਇਹ ਪਤੀ ਤੇਰੀਆਂ ਬੱਚੀਆਂ ਨੂੰ ਇੰਨਾ ਪਿਆਰ ਦਿੰਦਾ ਹੈ ਜਿੰਨਾ ਆਪਣਾ ਪਿਤਾ ਦਿੰਦਾ ਹੈ ਤੇ ਤੂੰ ਹਰ ਵੇਲੇ ਉਸੇ ਨੂੰ ਯਾਦ ਕਰ ਕੇ ਰੋਂਦੀ ਰਹਿੰਦੀ ਹੈ। ਇਹ ਵਿਚਾਰਾ ਹਰ ਵੇਲੇ ਤੈਨੂੰ ਖ਼ੁਸ਼ ਰੱਖਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਤੂੰ ਇਸ ਦੀ ਸੁਖ ਮੰਗਿਆ ਕਰ ਕਿ ਤੇਰੀਆਂ ਬੱਚੀਆਂ ਦੇ ਸਿਰ 'ਤੇ ਪਿਤਾ ਦਾ ਸਾਇਆ ਬਣਿਆ ਰਹੇ। ਉਨ੍ਹਾਂ ਨੇ ਉਸ ਨੂੰ ਹਰ ਰੋਜ਼ ਸਮਝਾਉਣਾ ਸ਼ੁਰੂ ਕਰ ਦਿੱਤਾ ਤੇ ਹੌਲੀ-ਹੌਲੀ ਉਸ ਦੇ ਚਿਹਰੇ 'ਤੇ ਥੋੜ੍ਹੀ ਰੌਣਕ ਆ ਗਈ। ਪਹਿਲਾਂ ਜਦੋਂ ਵੀ ਉਸ ਦਾ ਪਤੀ ਰਾਤ ਨੂੰ ਸੈਰ ਕਰਨ ਜਾਣ ਲਈ ਕਹਿੰਦਾ ਸੀ ਤਾਂ ਉਹ ਮਨ੍ਹਾਂ ਕਰ ਦਿੰਦੀ ਕਿ ਮੈਂ ਪੜ੍ਹਨਾ ਹੈ। ਹੁਣ ਉਸ ਨਾਲ ਸੈਰ ਕਰਨ ਜਾਣ ਲੱਗੀ। ਉਸ ਨਾਲ ਬੈਠ ਕੇ ਰੋਟੀ ਖਾਣ ਲੱਗ ਪਈ। ਉਸ ਨੂੰ ਖ਼ੁਸ਼ ਦੇਖ ਕੇ ਉਸ ਦਾ ਪਤੀ ਵੀ ਖ਼ੁਸ਼ ਹੁੰਦਾ। ਸਮਾਂ ਬਹੁਤ ਸੋਹਣਾ ਨਿਕਲਣ ਲੱਗਾ। ਉਸ ਨੇ ਬੈਂਕ ਦੇ ਪੇਪਰ ਪਾਸ ਕਰ ਲਏ ਤੇ ਉਸ ਨੂੰ ਬੈਂਕ ਵਿੱਚ ਨੌਕਰੀ ਮਿਲ ਗਈ। ਇੱਕ ਦਿਨ ਉਸ ਨੂੰ ਬੈਂਕ ਛੁੱਟੀ ਸੀ। ਉਹ ਸਾਡੇ ਘਰ ਆਈ ਤੇ ਮਾਤਾ ਜੀ ਨੂੰ ਮਿਲਣ ਗਈ। ਉਨ੍ਹਾਂ ਨੂੰ ਕਿਹਾ, "ਤੁਸੀਂ ਮੇਰਾ ਘਰ ਸੰਵਾਰਿਆ ਹੈ।

(ਬਾਕੀ ਸਫ਼ਾ 31 'ਤੇ)

# ਮੇਰੀ ਕਲਮ

## .ਗ਼ਜ਼ਲ
ਪ੍ਰੋ .ਪਰਮਜੀਤ ਸਿੰਘ ਨਿੱਕੇ ਘੁੰਮਣ

ਮਨ ਦੀਆਂ ਬਾਤਾਂ ਕਿਹੜਾ ਇੱਥੇ ਪੜ੍ਹਦਾ ਏ ?
ਜਿਹੜਾ ਕੁਝ ਨਹੀਂ ਕਹਿੰਦਾ, ਅੰਦਰੇ ਸੜਦਾ ਏ।
ਕਾਮਯਾਬ ਹੈ ਉਹੀ, ਸਹੇ ਮੁਸੀਬਤ ਜੋ
ਹੁੰਦਾ ਦੁੱਧ ਹੈ ਚੰਗਾ, ਜਿਹੜਾ ਕੜ੍ਹਦਾ ਏ।
ਲੋੜ ਵੇਲੇ ਨਾ ਬਹੁੜੇ, ਕਾਹਦਾ ਦਿਲਬਰ ਹੈ ?
ਹੈ ਬੰਦਾ ਉਹੀ, ਔਖ ਵੇਲੇ ਜੋ ਖੜ੍ਹਦਾ ਏ।
ਕਿਸਮਤ 'ਤੇ ਨਾ ਰੱਖੀਂ ਟੇਕ ਤੂੰ ਭਲਿਆ ਵੇ
ਕਿਸਮਤ ਵਾਲਾ ਚੰਨ ਤਾਂ ਲਹਿੰਦਾ ਚੜ੍ਹਦਾ ਏ।
ਚੰਗਾ ਬੰਦਾ ਗ਼ਲਤੀ ਆਪਣੀ ਮੰਨ ਜਾਂਦੈ
ਹੁੰਦਾ ਏ ਜੋ ਮਾੜਾ, ਰਹਿੰਦਾ ਲੜਦਾ ਏ।

## ਪਾਣੀਆਂ ਨੂੰ ਪੁਕਾਰ
ਸ਼ੇਖਰ ਤਲਵੰਡੀ



ਮੁੱਢੋਂ ਪਾਈ ਬੰਦੇ ਨਾਲ, ਸਾਂਝ ਤੂੰ ਨਿਭਾਈਂ ਵੇ।
ਪਾਣੀਆਂ ਤੂੰ ਸਾਨੂੰ 'ਕੱਲੇ ਛੱਡ ਕੇ ਨਾ ਜਾਈਂ ਵੇ।
ਤੇਰੇ ਕੰਢੇ ਆਦਮ ਨੇ, ਪਹਿਲੀ ਝੁੱਗੀ ਪਾਈ ਸੀ।
ਵਹਿਆ ਤੂੰ ਨੂਰ ਬਣ, ਦੁਨੀਆਂ ਤਿਹਾਈ ਸੀ।
ਕਲ਼ ਕਲ਼ ਆਪਣੀ ਤੂੰ, ਫੇਰ ਤੋਂ ਸੁਣਾਈਂ ਵੇ।
ਪਾਣੀਆਂ ਤੂੰ ਸਾਨੂੰ 'ਕੱਲੇ ਛੱਡ ਕੇ ਨਾ ਜਾਈਂ ਵੇ।
ਬਾਲ ਦੀਵੇ ਲੋਕ ਤੇਰੀ, ਆਰਤੀ ਉਤਾਰਦੇ।
ਦੇ ਦੇ ਕੇ ਜ਼ਹਿਰ ਉਹੀ, ਪਾਪੀ ਤੈਨੂੰ ਮਾਰਦੇ।
ਸਾਹ ਪਾਉਣਿਆਂ ! ਤੂੰ ਸਾਹ, ਆਪਣੇ ਬਚਾਈਂ ਵੇ।
ਪਾਣੀਆਂ ਤੂੰ ਸਾਨੂੰ 'ਕੱਲੇ ਛੱਡ ਕੇ ਨਾ ਜਾਈਂ ਵੇ।
ਬੇਘਰ ਕੀਤਾ ਤੈਨੂੰ, ਧਰਤ ਨਿਚੋੜ ਕੇ।
ਗੁੰਮ ਸਿਰਨਾਵਾਂ ਮੈਂ, ਲਿਆਵਾਂ ਕਿੱਥੋਂ ਮੋੜ ਕੇ।
ਆਉਣਾ ਏ ਮਨਾਉਣ ਜ਼ਰਾ, ਪਤਾ ਤੂੰ ਲਿਖਾਈਂ ਵੇ।
ਪਾਣੀਆਂ ਤੂੰ ਸਾਨੂੰ 'ਕੱਲੇ ਛੱਡ ਕੇ ਨਾ ਜਾਈਂ ਵੇ।
ਬਣ ਜਾਵੀਂ ਨਾ ਸਫ਼ਾ, ਇਤਿਹਾਸ ਦੀ ਕਿਤਾਬ ਦਾ।
ਜੇ ਤੂੰ ਨਾ ਹੋਇਆ, ਕੀ ਬਣੂ ਪੰਜ ਆਬ ਦਾ।
ਵਗੀਂ ਵਹਿਣ ਆਪਣੇ, ਅੱਖਾਂ 'ਚੋਂ ਨਾ ਆਈਂ ਵੇ।
ਪਾਣੀਆਂ ਤੂੰ ਸਾਨੂੰ 'ਕੱਲੇ ਛੱਡ ਕੇ ਨਾ ਜਾਈਂ ਵੇ।

## ਕਾਂ ਵਾਲੜੀ
ਗੁਰਿੰਦਰ ਸਿੰਘ ਸੰਧੂਆਂ

ਨਵੀਂ ਕਹਾਣੀ ਕਾਂ ਵਾਲੜੀ ਤੁਸੀਂ ਭਰਾਵੋ ਸੁਣ ਲਓ।
ਡੂੰਘੇ ਹੋਗੇ ਨੀਰ ਵੀਰਨੋ ਨਵਾਂ ਤਰੀਕਾ ਚੁਣ ਲਓ।
ਜਲਾਂ ਬਾਝੋਂ ਪੰਛੀ ਤੜਫ਼ਣ ਹੋਗੀ ਅਜਬ ਕਹਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ, ਤੜਫ਼ੂ ਜਿੰਦ ਨਿਮਾਣੀ।
ਜਲ ਦੇ ਵੈਰੀ ਤੁਸੀਂ ਬਣ ਗਏ ਕਹਿ ਕਹਿ ਥੱਕੇ ਗਿਆਨੀ।
ਖਿੱਚੀ ਜਾਂਦੇ ਧਰਤ 'ਚੋਂ ਪਾਣੀ ਲੱਗਦੀ ਨਹੀਂ ਦੁਆਨੀ।
ਇੱਕ ਦਿਨ ਤੈਨੂੰ ਹਰਨਾ ਪੈਣਾ ਜੇ ਨਾ ਗੱਲ ਪਛਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫ਼ੂ ਜਿੰਦ ਨਿਮਾਣੀ।
ਫਸਲੀ ਚੱਕਰ ਵਿਗੜਿਆ ਸਾਡਾ ਝੋਰਾ ਏਸੇ ਗੱਲ ਦਾ।
ਵਿੱਚ ਦੇਸ਼ ਦੇ ਕੰਮ ਨੀ ਕਰਦੇ ਹੋਇਆ ਵਿਦੇਸ਼ੀ ਵੱਲ ਦਾ।
ਪਸ਼ੂ ਜੀਵ ਤਾਂ ਵਿੱਚ ਇਸ਼ਾਰੇ ਦੱਸਦੇ ਜਗਤ ਪ੍ਰਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫ਼ੂ ਜਿੰਦ ਨਿਮਾਣੀ।
ਵਿੱਚ ਘੜੇ ਦੇ ਕੰਕਰ ਪਾ ਕੇ ਪਾਣੀ ਬਾਹਰ ਨ ਆਵੇ।
ਭੁੱਖ ਦੇ ਨਾਲ ਸਤਾਇਆ ਪੰਛੀ ਲਾੜੀ ਮੌਤ ਵਿਹਾਵੇ।
ਬੜਾ ਕੀਮਤੀ ਸੋਮਾ ਸਾਡਾ ਮੁੱਕਦਾ ਜਾਵੇ ਪਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫ਼ੂ ਜਿੰਦ ਨਿਮਾਣੀ।
ਪੀਰ ਪੈਗੰਬਰ ਪਹਿਲੇ ਸਮਿਆਂ ਤੀਰਥ ਨਾਵਣ ਜਾਂਦੇ।
ਸੌ ਰੋਗਾਂ ਦੀ ਇੱਕ ਸੀ ਦਾਰੂ ਜੜੀ ਬੂਟੀਆਂ ਖਾਂਦੇ।
ਜਲ ਜੀਵਨ ਆਧਾਰ ਜਗਤ 'ਤੇ ਵਰਤਣ ਚਾਰੇ ਖਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫ਼ੂ ਜਿੰਦ ਨਿਮਾਣੀ।
ਪੰਜ ਤੱਤ ਤੋਂ ਬੁੱਤ ਸਾਜਿਆ ਇਹ ਮਿੱਟੀ ਦੀ ਢੇਰੀ।
ਮਾਨਸ ਜਨਮ ਅਮੋਲਕ ਹੀਰਾ ਮੁੜ ਨੀ ਪਾਉਣੀ ਫੇਰੀ।
ਹਵਾ ਪਾਣੀ ਜਦੋਂ ਵਿਗੜਦੇ ਉਲਝ ਜਾਂਵਦੀ ਤਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫ਼ੂ ਜਿੰਦ ਨਿਮਾਣੀ।
ਆਖ਼ਰ ਦੇ ਵਿੱਚ ਅਰਜ਼ ਹਮਾਰੀ ਹੱਥ ਅਕਲ ਨੂੰ ਮਾਰੋ।
ਹੋਸ਼ ਟਿਕਾਣੇ ਰੱਖ ਕੇ ਭਾਈ ਸਾਰੇ ਗੱਲ ਵਿਚਾਰੋ।
ਬਿਨ ਪਾਣੀ ਦੇ ਤੜਫ਼ਦੀ ਵੇਖੀਂ ਜਲ ਦੀ ਸੁੰਦਰ ਰਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫ਼ੂ ਜਿੰਦ ਨਿਮਾਣੀ।
ਆਓ ਸਾਰੇ 'ਕੱਠੇ ਹੋ ਕੇ ਆਪਾਂ ਜਲ ਬਚਾਈਏ।
ਇੱਕ ਬੰਦੇ ਦਾ ਕੰਮ ਨਾ ਵੀਰੋ ਸਮਝੀਏ ਸਮਝਾਈਏ।
ਗੱਲ ਪਤੇ ਦੀ ਸੰਧੂਆਂ ਆਖੇ ਸੱਚੀ ਝੂਠ ਨਾ ਜਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫ਼ੂ ਜਿੰਦ ਨਿਮਾਣੀ।

## ਬੇਪਰਵਾਹੀਆਂ ਤੇਰੀਆਂ
ਪ੍ਰੋ. ਨਵ ਸੰਗੀਤ ਸਿੰਘ



ਕੈਸੀਆਂ ਬੇਪਰਵਾਹੀਆਂ ਤੇਰੀਆਂ, ਕੈਸੀਆਂ ਬੇਪਰਵਾਹੀਆਂ।
ਕਿਸੇ ਨੂੰ ਦੇਵੇਂ ਤਾਜ ਤਖ਼ਤ, ਤੇ ਕਿਸੇ ਨੂੰ ਟੰਗੇਂ ਫਾਹੀਆਂ।
ਸਾਰੀ ਦੁਨੀਆ ਤੇਰੇ ਵੱਸ ਹੈ, ਤੂੰ ਹੈਂ ਵੱਸੋਂ ਬਾਹਰ।
ਕਿਸੇ ਨੂੰ ਗੁਪਤ ਰਖੇਂਦਾ ਦਾਤਿਆ, ਕਿਸੇ ਨੂੰ ਕਰਦੈਂ ਜ਼ਾਹਰ।
ਤੇਰੇ ਭਾਣੇ ਵਿੱਚ ਸੂਰਜ ਚੰਦ ਨੇ, ਤੇਰੇ ਭਾਣੇ ਲੋਕਾਈ।
ਸੁਖੀ ਰਹਿੰਦਾ ਉਹ ਬੰਦਾ, ਜੋ ਚੱਲਦਾ 'ਹੁਕਮ ਰਜਾਈ'।
ਭਉ ਤੇ ਭਾਉ ਰੱਖਦਾ ਜਿਹੜਾ, ਉਸੇ ਨੂੰ ਰੱਬ ਮਿਲਦਾ।
ਟੇਕ ਰੱਖੀਏ ਇੱਕੋ 'ਤੇ, ਉਸੇ ਦਾ ਹਿਰਦਾ ਖਿਲਦਾ।
ਦਿਲ ਨਾ ਕਿਸੇ ਦਾ ਤੋੜੋ, ਦਿਲ ਹੁੰਦਾ ਹੈ ਘਰ ਰੱਬ ਦਾ।
'ਉਹੀ' ਰੱਖੇ, 'ਉਹੀ' ਮਾਰੇ, 'ਉਹ' ਹੈ ਮਾਲਕ ਸਭ ਦ ?ਾ।

## ਅੱਜ ਦੇ ਲੀਡਰ
ਗੁਰਤੇਜ ਸਿੰਘ ਖੁਡਾਲ

ਹਾਲ ਦੇਖ ਲਓ, ਅੱਜ ਦੇ ਲੀਡਰਾਂ ਦਾ,
ਇੱਕ ਦੂਜੇ ਨੂੰ ਮਿਹਣੇ ਮਾਰ ਰਹੇ ਨੇ,
ਲੋਕਾਂ ਲਈ ਕੋਈ ਕੰਮ ਨਹੀਂ ਕਰਦੇ,
ਬਸ ਗੱਲ਼ੀ ਬਾਤੀਂ ਸਾਰ ਰਹੇ ਨੇ,
ਇੱਕ ਦੂਜੇ ਦੇ ਫਰੋਲ ਕੇ ਪੋਤੜੇ,
ਫੋਕੀ ਵਾਹ ਵਾਹ ਕਰਾ ਰਹੇ ਨੇ,
ਮੁੱਦਿਆਂ ਦੀ ਇਹ ਗੱਲ ਨਹੀਂ ਕਰਦੇ,
ਬਸ ਐਵੇ ਹੀ ਵਕਤ ਲੰਘਾ ਰਹੇ ਨੇ
ਕੁਰਸੀ ਲਈ ਹੁੰਦੇ ਤਰਲੋ ਮੱਛੀ,
ਦਲ ਬਦਲ ਕੇ ਜਸ਼ਨ ਮਨਾ ਰਹੇ ਨੇ,
ਜਿੱਧਰ ਇਨ੍ਹਾਂ ਨੂੰ ਕੁਰਸੀ ਦਿਸਦੀ,
ਬਸ ਓਹੀ ਰਾਹ ਇਹ ਪੈ ਜਾਂਦੇ ਨੇ,
'ਖੁਡਾਲ' ਪਾਰਟੀ ਖੂਹ ਵਿੱਚ ਜਾਵੇ,
ਗਿਰਗਿਟ ਵਾਂਗੂ ਰੰਗ ਵਟਾ ਜਾਂਦੇ ਨੇ



## ਚੁਭਵੇਂ ਤੀਰ
ਰਾਬਿੰਦਰ ਸਿੰਘ ਰੱਬੀ

ਹੁਣ ਮੈਂ ਤੇਰੇ ਬੋਲਾਂ ਵਿੱਚੋਂ
ਕੱਢਦਾ ਰਹਿੰਦਾ ਹਾਂ–
ਤਿੱਖੀਆਂ ਸੂਲਾਂ ਦਾ ਰਸ,
ਜੋ ਗਾਹੇ-ਬਗਾਹੇ ਖੁਭਦਾ ਜਾਂਦਾ ਏ
ਮੇਰੇ ਜਿਸਮ ਅੰਦਰ
ਮੈਂ ਤਾਂ ਫੂਹੀ-ਫੂਹੀ ਵਿਲਕਦੇ ਹਾਉਕਿਆਂ ਨੂੰ
ਇੱਕ ਡੋਰ 'ਚ ਲਪੇਟਣ ਦਾ ਹੌਲਾ ਜਿਹਾ
ਕੀਤਾ ਸੀ ਉਪਾਅ
ਪਰ
ਪਤਾ ਹੀ ਨਾ ਲੱਗਾ ਕਿ ਉਹ ਸੂਲਾਂ ਵਿੰਨ੍ਹੇ ਹਾਉਕੇ
ਮਨ ਦੀਆਂ ਸਿਸਕੀਆਂ ਨੂੰ ਕਦੋਂ ਮਾਰ ਬੈਠੇ
ਤੇ ਮੈਂ ਹੁਣ ਵੀ ਕੱਢਦਾ ਰਹਿੰਦਾ ਹਾਂ
ਤੇਰੇ ਬੋਲਾਂ ਵਿੱਚੋਂ ਤਿੱਖੀਆਂ ਸੂਲਾਂ ਦਾ ਰਸ।

## ਮਜਬੂਰੀ
ਭੁਪਿੰਦਰ ਸਿੰਘ ਭਿੰਦਾ

ਸੱਜਣ ਗੱਲ ਕਰਦੇ ਨੀ, ਕੀ ਹੈ ਮਜਬੂਰੀ,
ਦਿਲ 'ਚ ਵਸਾ ਕੇ ਕਿਉਂ, ਰੱਖਦੇ ਨੇ ਦੂਰੀ।
ਮਸਲੇ ਦਾ ਹੱਲ, ਮਿਹਨਤ ਨਾਲ ਹੁੰਦਾ ਹੈ,
ਸੌਖੀ ਨਹੀਂ ਹੁੰਦੀ, ਪੱਗ ਬੰਨਣੀ ਸੰਧੂਰੀ।
ਬਾਬਲ ਦਾ ਦੇਸ਼ ਛੱਡਕੇ, ਤੇਰੇ ਲੜ ਲਗੀ,
ਦੁਨੀਆਂ ਤੋਂ ਵਧਕੇ ਸਾਥ, ਦੋਵਾਂ ਦਾ ਜ਼ਰੂਰੀ।
ਪੇਕੇ ਘਰ ਧੀ ਰਾਣੀ, ਸਹੁਰੇ ਘਰ ਵਹੁਟੀ,
ਇਹ ਗੱਲ ਕਿਸ ਨੇ ਤੋਰੀ, ਪਾਤੀ ਭਸੂੜੀ।
ਗੁਝਾ ਇਹ ਭੇਤ ਧੀ ਦਾ, ਕੋਈ ਨਾ ਸਮਝੇ,
ਮਮਤਾ ਕਿਉਂ ਮਿਲਦੀ, ਦੋਹਾਂ ਪਾਸਿਓਂ ਅਧੂਰੀ।
ਹਕ ਬਰਾਬਰ ਰੱਖੀ, ਬਹੁਤਾ ਨਾ ਮੰਗਦੀ,
ਲਾਵਾਂ ਜੋ ਚਾਰ ਲਈਆਂ, ਇਹੀ ਗੱਲ ਪੂਰੀ॥



## ਤੋਹਮਤਾਂ ਦੇ ਕਟੋਰੇ
ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਤੋਹਮਤਾਂ ਦੇ ਭਰੇ ਕਟੋਰੇ, ਪੀਣੇ ਪੈਂਦੇ ਨਿੱਤ ਨਿੱਤ,
ਦੂਸ਼ਣ ਕਈ ਭੈੜੇ ਲੋਕੀਂ, ਲਾਂਵਦੇ ਨੇ ਨਿੱਠ ਨਿੱਠ।
ਉੱਠਦੀਆਂ ਨੇ ਉਂਗਲਾਂ, ਮੇਰੇ ਉੱਤੇ ਉਨ੍ਹਾਂ ਦੀਆਂ,
ਜਿਹੜੇ ਹੁੰਦੇ ਖ਼ੁਦ ਹੀ, ਪੈਰ ਪੈਰ ਰੋਜ਼ ਠਿੱਠ।
ਨਾ ਕੋਈ ਸਾਡੀ ਕੰਧ ਸਾਂਝੀ, ਨਾ ਕੋਈ ਐਸਾ ਵੱਟ ਬੰਨਾ,
ਰੱਖਦੇ ਨੇ ਖ਼ਾਰ ਫਿਰ ਵੀ, ਹਰ ਦਮ ਢਿੱਡ ਵਿੱਚ।
ਚੋਪੜਵੀਆਂ ਗੱਲਾਂ ਕਈ, ਸੁਣੀਆਂ ਨੇ ਮੂੰਹ ਉੱਤੇ,
ਮੂੰਹੋਂ ਨਿਕਲੇ ਰਾਮ ਰਾਮ, ਛੁਰੀ ਖੋਭਣ ਵਿੱਚ ਪਿੱਠ।
ਸੂਰਤਾਂ ਨੇ ਬੜੀਆਂ, ਲੱਗਦੀਆਂ ਸ਼ਰੀਫ ਜਿਹੀਆਂ,
ਸੀਰਤ ਅਸਲੀ ਨਿੱਖਰੇ ਤਾਂ, ਰੂਹ ਦਿਸੇ ਪੂਰੀ ਜਿੱਚ।
ਦੰਦ ਕੱਢ ਦੰਦੀਆਂ, ਦਿਖਾਉਣ ਵਾਲੇ ਬੜੇ ਦਿਸਣ,
ਦੰਦੀਆਂ ਦੇ ਜ਼ਖ਼ਮ ਵੀ ਮੈਂ, ਥੱਕ ਗਿਆਂ ਨਿੱਤ ਡਿੱਠ।
ਧੁੱਪ ਵਿੱਚ ਬਣ ਕੇ, ਦੀਵਾਰ ਵਾਂਗੂੰ ਖੜ੍ਹਾ ਹਾਂ ਮੈਂ,
ਹਾਲੇ ਹੈ ਪਰਛਾਵਾਂ ਮੇਰਾ, ਲੰਮੇਰਾ ਕਈਆਂ ਨਾਲੋਂ ਗਿੱਠ।
ਬੌਣੀਆਂ ਨੇ ਸ਼ਖ਼ਸੀਅਤਾਂ, ਕੱਦ ਭਾਵੇਂ ਸਿੰਬਲਾਂ ਦੇ,
ਰੱਬਾ ਬਚਾਈਂ ਹੱਥ ਦੇ ਕੇ, ਮਤੇ ਮੈਂ ਹੋ ਜਾਵਾਂ ਭਿੱਟ।
ਤੋਹਮਤਾਂ ਦੇ ਭਰੇ ਕਟੋਰੇ, ਪੀਣੇ ਪੈਂਦੇ ਨਿੱਤ ਨਿੱਤ,
ਦੂਸ਼ਣ ਕਈ ਭੈੜੇ ਲੋਕੀਂ, ਲਾਂਵਦੇ ਨੇ ਨਿੱਠ ਨਿੱਠ।

## ਰੁੱਖ ਧਰਤੀ 'ਤੇ ਸੁਰਗ ਬਣਾਉਂਦੇ
ਅਮਰਪ੍ਰੀਤ ਸਿੰਘ ਝੀਤਾ

ਜੇ ਮੈਂ ਦਿੰਦਾ ਡੇਟਾ ਹੁੰਦਾ,
ਮੈਨੂੰ ਹਰ ਘਰ ਲੋਕ ਲਗਾਉਂਦੇ।
ਪਰ ਮੈਂ ਦਿੰਦਾ ਸਾਫ਼ ਹਵਾ ਹਾਂ,
ਤਾਂ ਹੀ ਮੁੱਲ ਭੋਰਾ ਨਾ ਪਾਉਂਦੇ।
ਜੇ ਪੱਤ ਮੇਰੇ ਵਿਕਦੇ ਹੁੰਦੇ,
ਫਿਰ ਥਾਂ ਥਾਂ ਕਾਹਤੋਂ ਰੁਲਦੇ,
ਬੈਂਕਾਂ ਵਿੱਚ ਫਿਰ ਸਾਂਭੇ ਹੁੰਦੇ,
ਜਿਉਂ ਨੋਟ ਜਮ੍ਹਾਂ ਲੋਕ ਕਰਾਉਂਦੇ।
ਕਾਹਲ ਬੰਦੇ ਦੀ ਉਸ ਨੂੰ ਖਾਵੇ,
ਜਿਉਂ ਘੁਣ ਮੈਨੂੰ ਹੈ ਖਾਂਦਾ,
ਛਾਵੇਂ ਬਹਿ ਕੇ ਸੁਣ ਪੱਤਿਆਂ ਨੂੰ,
ਤੈਨੂੰ ਕੋਈ ਗੀਤ ਸੁਣਾਉਂਦੇ।
ਹੁੰਦੇ ਪੈਰ ਚੱਲਣ ਨੂੰ ਮੇਰੇ,
ਜਾਂ ਹੁੰਦਾ ਖੰਭਾਂ ਦਾ ਜੋੜਾ,
ਤੁਰ ਜਾਂਦਾ ਜਾਂ ਉੱਡ ਜਾਂਦਾ ਮੈਂ,
ਜਦ ਅੱਗ ਲਾਉਣ ਲੋਕੀਂ ਆਉਂਦੇ।
ਲੋੜ ਪਵੇ ਤਾਂ ਮੈਨੂੰ ਵਰਤੇਂ,
ਫਿਰ ਹੋਰ ਨਵਾਂ ਕਿਉਂ ਨਾ ਲਾਉਂਦੇ,
'ਅਮਰ' ਕਦੇ ਵੀ ਇਹ ਨਾ ਭੁੱਲਣਾ,
ਰੁੱਖ ਧਰਤੀ 'ਤੇ ਸੁਰਗ ਬਣਾਉਂਦੇ।








ਪੈਰਿਸ ਉਲੰਪਿਕ 2024 ਲਈ ਕਾਊਂਟਡਾਊਨ ਸ਼ੁਰੂ ਹੋ ਗਿਆ ਹੈ। ਖੇਡਾਂ ਦਾ ਇਹ ਮਹਾਕੁੰਭ 26 ਜੁਲਾਈ ਤੋਂ ਸ਼ੁਰੂ ਹੋਵੇਗਾ। ਸਮਰ ਉਲੰਪਿਕ 17 ਦਿਨਾਂ ਲਈ ਆਯੋਜਿਤ ਕੀਤੇ ਜਾਣਗੇ। 11 ਅਗਸਤ ਤੱਕ ਹੋਣ ਵਾਲੇ ਇਸ ਸਮਾਗਮ ਦਾ ਪ੍ਰਸ਼ੰਸਕ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਪੈਰਿਸ ਵਿੱਚ 100 ਸਾਲ ਬਾਅਦ ਉਲੰਪਿਕ ਖੇਡਾਂ ਦੀ ਵਾਪਸੀ ਹੋ ਰਹੀ ਹੈ।

ਪੈਰਿਸ ਵਿੱਚ ਇੱਕ ਵਾਰ ਫਿਰ ਇੱਕ ਉਲੰਪਿਕ ਪਿੰਡ ਬਣਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਪੈਰਿਸ ਨੇ 1924 ਅਤੇ 1900 ਵਿੱਚ ਉਲੰਪਿਕ ਦੀ ਮੇਜ਼ਬਾਨੀ ਕੀਤੀ ਸੀ। ਇਸ ਵਾਰ ਉਲੰਪਿਕ ਵਿੱਚ 206 ਦੇਸ਼ਾਂ ਦੇ 10500 ਐਥਲੀਟ ਹਿੱਸਾ ਲੈਣਗੇ। ਸਾਰੇ ਐਥਲੀਟ 329 ਮੈਡਲ ਮੁਕਾਬਲਿਆਂ ਵਿੱਚ ਹਿੱਸਾ ਲੈਣਗੇ। ਭਾਰਤੀ ਟੀਮ 'ਚ ਕਰੀਬ 120 ਐਥਲੀਟ ਵੀ ਹੋਣਗੇ।

**ਪੈਰਿਸ ਉਲੰਪਿਕ ਲਈ ਟਿਕਟਾਂ ਖਰੀਦਣ ਲਈ ਲੋਕਾਂ 'ਚ ਮੁਕਾਬਲਾ**

17 ਦਿਨਾਂ ਤੱਕ ਚੱਲਣ ਵਾਲੇ ਇਸ ਟੂਰਨਾਮੈਂਟ ਵਿੱਚ 206 ਦੇਸ਼ਾਂ ਦੇ ਸਟਾਰ ਖਿਡਾਰੀ ਆਪਣੀ ਕਿਸਮਤ ਅਜ਼ਮਾਉਂਦੇ ਨਜ਼ਰ ਆਉਣਗੇ। ਪੈਰਿਸ ਉਲੰਪਿਕ ਵਿੱਚ ਭਾਰਤ ਦੇ 100 ਤੋਂ ਵੱਧ ਅਥਲੀਟ ਹਿੱਸਾ ਲੈਣਗੇ। ਇਸ ਸਾਲ ਉਲੰਪਿਕ 'ਚ ਬ੍ਰੇਕਿੰਗ ਜਾਂ ਬ੍ਰੇਕਡਾਂਸਿੰਗ ਨੂੰ ਪੇਸ਼ ਕੀਤਾ ਜਾਵੇਗਾ। ਸਪੋਰਟ ਕਲਾਈਬਿੰਗ, ਸਕੇਟਬੋਰਡਿੰਗ ਅਤੇ ਸਰਫਿੰਗ ਨੂੰ ਵੀ ਪਹਿਲੀ ਵਾਰ ਸ਼ਾਮਲ ਕੀਤਾ ਗਿਆ ਹੈ। ਇਸ ਦੌਰਾਨ ਪੈਰਿਸ ਉਲੰਪਿਕ ਲਈ ਟਿਕਟਾਂ ਦੀ ਵਿਕਰੀ ਵੀ ਸ਼ੁਰੂ ਹੋ ਗਈ ਹੈ ਅਤੇ ਹੁਣ ਤੱਕ ਲੋਕਾਂ ਵਿੱਚ ਪੈਰਿਸ ਉਲੰਪਿਕ ਲਈ ਟਿਕਟਾਂ ਖਰੀਦਣ ਦਾ ਕ੍ਰੇਜ਼ ਦੇਖਣ ਨੂੰ ਮਿਲ ਰਿਹਾ ਹੈ।

ਦਰਅਸਲ, ਪੈਰਿਸ ਉਲੰਪਿਕ ਦੀ ਸ਼ੁਰੂਆਤ ਨੇ ਟਿਕਟਾਂ ਦੀ ਵਿਕਰੀ ਵਿੱਚ ਇੱਕ ਵੱਡੀ ਪ੍ਰਾਪਤੀ ਦੇਖੀ, ਜਿਸ ਨੇ 1996 ਦੀਆਂ ਅਟਲਾਂਟਾ ਖੇਡਾਂ ਦਾ ਰਿਕਾਰਡ ਤੋੜ ਦਿੱਤਾ। ਉਲੰਪਿਕ ਲਈ ਮੌਜੂਦਾ ਵਿਕਰੀ ਅੰਕੜਾ 8.6 ਮਿਲੀਅਨ ਤੱਕ ਪਹੁੰਚ ਗਿਆ ਹੈ, ਅਟਲਾਂਟਾ ਖੇਡਾਂ ਦੇ 8.3 ਮਿਲੀਅਨ ਦੇ 28 ਸਾਲ ਪੁਰਾਣੇ ਰਿਕਾਰਡ ਨੂੰ ਪਾਰ ਕਰ ਗਿਆ ਹੈ। ਇਸ ਤੋਂ ਇਲਾਵਾ, ਪੈਰਾਲੰਪਿਕ ਲਈ ਟਿਕਟਾਂ ਦੀ ਵਿਕਰੀ 10 ਲੱਖ ਤੋਂ ਵੱਧ ਗਈ ਹੈ।



2024 ਖੇਡਾਂ ਦੇ ਆਯੋਜਕ ਟੋਨੀ ਇਸਟਾਂਗੁਆਇਟ ਨੇ ਇਹ ਅੰਕੜੇ ਸਾਂਝੇ ਕੀਤੇ ਅਤੇ ਇਹ ਵੀ ਕਿਹਾ ਕਿ ਇਹ ਆਉਣ ਵਾਲੇ ਸਮਾਗਮ ਲਈ ਬਹੁਤ ਮਹੱਤਵਪੂਰਨ ਹੈ। ਟੋਨੀ ਨੇ ਦੱਸਿਆ ਕਿ ਇਹ 1996 ਦੀਆਂ ਅਟਲਾਂਟਾ ਖੇਡਾਂ ਵਿੱਚ 8.3 ਮਿਲੀਅਨ ਟਿਕਟਾਂ ਦਾ ਰਿਕਾਰਡ ਹੈ, ਅਤੇ ਅਸੀਂ ਕੁਝ ਸਮਾਂ ਪਹਿਲਾਂ ਇਸ ਅੰਕੜੇ ਨੂੰ ਪਾਰ ਕਰ ਲਿਆ ਸੀ।

## ਉਲੰਪਿਕ 'ਚ ਭਾਰਤ ਨੂੰ ਟਾਪ-10 ਖਿਡਾਰੀਆਂ ਤੋਂ ਤਗ਼ਮਿਆਂ ਦੀ ਆਸ



ਉਲੰਪਿਕ 2024 ਦੀ ਸ਼ੁਰੂਆਤ 26 ਜੁਲਾਈ ਨੂੰ ਫਰਾਂਸ ਦੀ ਰਾਜਧਾਨੀ ਪੈਰਿਸ 'ਚ ਹੋ ਰਹੀ ਹੈ ਜਿਸ ਵਿੱਚ 100 ਤੋਂ ਵੱਧ ਭਾਰਤੀ ਐਥਲੀਟ ਦੁਨੀਆ ਦੇ ਸਭ ਤੋਂ ਵੱਡੇ ਖੇਡ ਮੰਚ ਦੇ ਪੋਡੀਅਮ ਤੱਕ ਪਹੁੰਚਣ ਲਈ ਆਪਣੀ ਕਾਬਲੀਅਤ ਦਿਖਾਉਣਗੇ। ਨੀਰਜ ਚੋਪੜਾ ਦੇਸ਼ ਦੀਆਂ ਤਗਮੇ ਦੀਆਂ ਉਮੀਦਾਂ 'ਚ ਮੋਹਰੀ ਭਾਰਤੀ ਨਾਵਾਂ ਦੀ ਸੂਚੀ 'ਚ ਸਭ ਤੋਂ ਅੱਗੇ ਖੜ੍ਹੇ ਨਜ਼ਰ ਆਉਂਦੇ ਹਨ।

ਜੈਵਲਿਨ ਥ੍ਰੋਅਰ ਨੀਰਜ ਚੋਪੜਾ ਨੇ ਟੋਕੀਓ ਉਲੰਪਿਕ 'ਚ ਗੋਲਡ ਮੈਡਲ ਜਿੱਤ ਕੇ ਇਤਿਹਾਸ ਰਚਿਆ ਸੀ। ਇਸ ਤੋਂ ਇਲਾਵਾ ਭਾਰਤ ਦੀ 21 ਮੈਂਬਰੀ ਨਿਸ਼ਾਨੇਬਾਜ਼ੀ ਦਲ, ਸਾਤਵਿਕਸਾਈਰਾਜ ਰੈਂਕੀਰੈੱਡੀ ਤੇ ਚਿਰਾਗ ਸ਼ੈਟੀ ਦੀ ਪੁਰਸ਼ ਡਬਲ ਬੈਡਮਿੰਟਨ ਜੋੜੀ ਦੇ ਨਾਲ-ਨਾਲ ਦੋ ਵਾਰ ਦੀ ਮੁੱਕੇਬਾਜ਼ੀ ਵਿਸ਼ਵ ਚੈਂਪੀਅਨ ਨਿਖਤ ਜ਼ਰੀਨ ਤੇ ਪੁਰਸ਼ ਹਾਕੀ ਟੀਮ ਤੋਂ ਵੀ ਮੈਡਲ ਦੀਆਂ ਉਮੀਦਾਂ ਜੁੜੀਆਂ ਹੋਈਆਂ ਹਨ। ਆਓ ਜਾਣਦੇ ਹਾਂ ਪੈਰਿਸ ਜਾਣ ਵਾਲੇ ਭਾਰਤੀ ਦਲ ਦੇ ਚੋਟੀ ਦੇ 10 ਦਾਅਵੇਦਾਰਾਂ ਬਾਰੇ ਜੋ ਭਾਰਤ ਲਈ ਉਲੰਪਿਕ ਮੈਡਲ ਜਿੱਤ ਸਕਦੇ ਹਨ।

**ਨੀਰਜ ਚੋਪੜਾ (ਜੈਵਲਿਨ ਥਰੋਅ)**

ਭਾਰਤ ਦਾ ਸਟਾਰ ਜੈਵਲਿਨ ਥ੍ਰੋਅਰ ਨੀਰਜ ਚੋਪੜਾ ਲਗਾਤਾਰ ਦੂਜਾ ਉਲੰਪਿਕ ਗੋਲਡ ਮੈਡਲ ਜਿੱਤ ਕੇ ਇਤਿਹਾਸ ਰਚਣਾ ਚਾਹੇਗਾ। ਜੇਕਰ ਉਹ ਅਜਿਹਾ ਕਰਨ 'ਚ ਕਾਮਯਾਬ ਹੋ ਜਾਂਦਾ ਹੈ ਤਾਂ ਨੀਰਜ ਲਗਾਤਾਰ ਦੋ ਵਾਰ ਗੋਲਡ ਮੈਡਲ ਜਿੱਤਣ ਵਾਲਾ ਪਹਿਲਾ ਭਾਰਤੀ ਅਥਲੀਟ ਬਣ ਜਾਵੇਗਾ। ਨੀਰਜ ਚੋਪੜਾ ਨੇ ਆਖਰੀ ਵਾਰ 18 ਜੂਨ ਨੂੰ ਫਿਨਲੈਂਡ ਦੇ ਤੁਰਕੂ 'ਚ ਪਾਵੋ ਨੂਰਮੀ ਖੇਡਾਂ 'ਚ ਹਿੱਸਾ ਲਿਆ ਸੀ। 85.97 ਮੀਟਰ ਦੀ ਸਰਵੋਤਮ ਥਰੋਅ ਨਾਲ ਉਨ੍ਹਾਂ ਉੱਥੇ ਗੋਲਡ ਮੈਡਲ ਜਿੱਤਿਆ।

**ਮੈਨਜ਼ ਹਾਕੀ ਟੀਮ**

ਉਲੰਪਿਕ 'ਚ ਭਾਰਤੀ ਹਾਕੀ ਨੇ ਕੁੱਲ ਅੱਠ ਵਾਰ (1928, 1932, 1936, 1948, 1952, 1956, 1964 ਤੇ 1980) ਗੋਲਡ ਮੈਡਲ ਜਿੱਤਿਆ ਹੈ। ਉੱਥੇ ਹੀ ਇੱਕ ਵਾਰ (1960) ਸਿਲਵਰ ਮੈਡਲ 'ਤੇ ਕਬਜ਼ਾ ਜਮਾਇਆ ਹੈ। ਉਲੰਪਿਕ 'ਚ ਭਾਰਤ ਨੇ ਤਿੰਨ ਵਾਰ (1968, 1972 ਤੇ 2020 'ਚ) ਬ੍ਰੌਨਜ਼ ਮੈਡਲ ਜਿੱਤਿਆ ਹੈ। ਪੈਰਿਸ ਉਲੰਪਿਕ 'ਚ ਭਾਰਤ ਗੋਲਡ ਮੈਡਲ ਜਿੱਤ ਕੇ ਆਪਣਾ ਦਬਦਬਾ ਮੁੜ ਕਾਇਮ ਰੱਖਣਾ ਚਾਹੇਗਾ।

**ਲਵਲੀਨਾ ਬੋਰਗੋਹੇਨ (ਬਾਕਸਿੰਗ)**

ਲਵਲੀਨਾ ਨੇ ਉਲੰਪਿਕ 2020 'ਚ ਬ੍ਰੌਨਜ਼ ਮੈਡਲ ਜਿੱਤਿਆ ਸੀ। ਹਾਲ ਹੀ 'ਚ ਉਸਨੇ ਚੈੱਕ ਗਣਰਾਜ 'ਚ ਗ੍ਰਾਂ ਪ੍ਰੀ ਟੂਰਨਾਮੈਂਟ 'ਚ ਹਿੱਸਾ ਲਿਆ ਸੀ। ਇੱਥੇ ਉਹ ਦੋ ਮੈਚ ਹਾਰ ਗਈ ਤੇ ਇੱਕ ਵਾਰ ਜਿੱਤੀ। ਲਵਲੀਨਾ ਨੇ ਗ੍ਰਾਂ ਪ੍ਰੀ ਟੂਰਨਾਮੈਂਟ 'ਚ ਸਿਲਵਰ ਮੈਡਲ ਜਿੱਤਿਆ। ਨਿਖਤ ਦੇ ਨਾਲ ਉਹ ਵੀ ਇੱਕ ਮਹੀਨੇ ਦੇ ਟ੍ਰੇਨਿੰਗ ਕੈਂਪ ਲਈ ਜਰਮਨੀ ਦੇ ਸਾਰਬ੍ਰੂਕੇਨ 'ਚ ਹੈ। ਕੈਂਪ 22 ਜੁਲਾਈ ਨੂੰ ਖਤਮ ਹੋਣ ਤੋਂ ਬਾਅਦ ਲਵਲੀਨਾ ਆਪਣੇ ਦੂਜੇ ਉਲੰਪਿਕ ਮੈਡਲ ਦੀ ਤਲਾਸ਼ 'ਚ ਪੈਰਿਸ ਜਾਵੇਗੀ।

**ਵਿਨੇਸ਼ ਫੋਗਾਟ (ਕੁਸ਼ਤੀ)**

ਕੁਸ਼ਤੀ ਚੈਂਪੀਅਨ ਵਿਨੇਸ਼ ਫੋਗਾਟ ਜਲਦ ਹੀ ਸਪੇਨ ਗ੍ਰਾਂ ਪ੍ਰੀ 'ਚ ਹਿੱਸਾ ਲੈਣ ਲਈ ਮੈਦਾਨ 'ਚ ਉਤਰੇਗੀ। ਸਪੇਨ 'ਚ ਹੋਣ ਵਾਲੇ ਸਮਾਗਮ ਤੋਂ ਬਾਅਦ ਉਹ ਉਲੰਪਿਕ ਦੀ ਤਿਆਰੀ ਲਈ 20 ਦਿਨਾਂ ਦੀ ਸਿਖਲਾਈ ਲਈ ਫਰਾਂਸ ਜਾਵੇਗੀ। ਵਿਨੇਸ਼ ਫੋਗਾਟ ਨੇ ਵੀ 2020 ਉਲੰਪਿਕ ਲਈ ਕੁਆਲੀਫਾਈ ਕੀਤਾ ਸੀ। ਹਾਲਾਂਕਿ ਕੋਈ ਮੈਡਲ ਨਹੀਂ ਜਿੱਤ ਸਕੀ ਸੀ।

**ਪੀ.ਵੀ. ਸਿੰਧੂ (ਬੈਡਮਿੰਟਨ)**

ਭਾਰਤ ਨੂੰ 2016 ਰੀਓ ਸਮਰ ਉਲੰਪਿਕ 'ਚ ਸਿਲਵਰ ਮੈਡਲ ਤੇ 2020 ਟੋਕੀਓ ਉਲੰਪਿਕ 'ਚ ਬ੍ਰੌਨਜ਼ ਮੈਡਲ ਜਿੱਤਣ ਵਾਲੀ ਪੀ.ਵੀ. ਸਿੰਧੂ ਤੋਂ ਇੱਕ ਹੋਰ ਮੈਡਲ ਦੀ ਉਮੀਦ ਹੋਵੇਗੀ। ਜੇਕਰ ਉਹ ਪੈਰਿਸ 'ਚ ਉਲੰਪਿਕ ਮੈਡਲ ਜਿੱਤਦੀ ਹੈ ਤਾਂ ਉਹ ਭਾਰਤ ਦੀ ਸਭ ਤੋਂ ਸਫਲ ਐਥਲੀਟ ਬਣ ਜਾਵੇਗੀ। ਪੀ.ਵੀ. ਸਿੰਧੂ ਇਸ ਸਮੇਂ ਜਰਮਨੀ ਦੇ ਸਾਰਬਰੁਕਨ 'ਚ ਆਪਣੇ ਕੋਚ ਆਗੁਸ ਡਵੀ ਸੈਂਟੋਸੋ ਤੇ ਉਸਦੀ ਟੀਮ ਨਾਲ ਸਿਖਲਾਈ ਲੈ ਰਹੀ ਹੈ।

**ਨਿਖਤ ਜ਼ਰੀਨ (ਬਾਕਸਿੰਗ)**

ਦੋ ਵਾਰ ਦੀ ਵਿਸ਼ਵ ਚੈਂਪੀਅਨ ਨਿਖਤ ਜ਼ਰੀਨ ਵੀ ਪੈਰਿਸ ਉਲੰਪਿਕ 'ਚ ਤਿਰੰਗਾ ਲਹਿਰਾਉਣਾ ਚਾਹੇਗੀ। ਇਹ ਉਸ ਦਾ ਪਹਿਲਾ ਉਲੰਪਿਕ ਹੋਵੇਗਾ। ਉਸਨੇ ਆਖਰੀ ਵਾਰ ਮਈ 'ਚ ਐਲੋਰਡਾ ਕੱਪ 'ਚ ਖੇਡਿਆ ਸੀ ਜਿੱਥੇ ਉਸਨੇ ਗੋਲ਼ਡ ਮੈਡਲ ਜਿੱਤਿਆ ਸੀ। ਮੌਜੂਦ ਸਮੇਂ ਨਿਖਤ ਸਾਰਬ੍ਰੂਕੇਨ, ਜਰਮਨੀ 'ਚ ਉਲੰਪਿਕ ਸੈਂਟਰ (ਬਾਕੀ ਸਫ਼ਾ 31 'ਤੇ)

## 4 ਵਾਰ ਯੂਰੋ ਕੱਪ ਜਿੱਤਣ ਵਾਲਾ ਪਹਿਲਾ ਦੇਸ਼ ਬਣਿਆ ਸਪੇਨ

### ਫਾਈਨਲ ਵਿੱਚ ਇੰਗਲੈਂਡ ਨੂੰ 2-1 ਨਾਲ ਹਰਾਇਆ



ਬਰਲਿਨ/ਏ.ਟੀ.ਨਿਊਜ਼ : ਯੂਰੋ ਕੱਪ 2024 ਦਾ ਫਾਈਨਲ ਜਰਮਨੀ ਦੇ ਬਰਲਿਨ ਵਿੱਚ ਸਪੇਨ ਅਤੇ ਇੰਗਲੈਂਡ ਵਿਚਾਲੇ ਖੇਡਿਆ ਗਿਆ। ਦੋਵਾਂ ਟੀਮਾਂ ਵਿਚਾਲੇ ਰੋਮਾਂਚਕ ਮੈਚ ਖੇਡਿਆ ਗਿਆ ਪਰ ਅੰਤ ਵਿੱਚ ਸਪੇਨ ਜਿੱਤ ਗਿਆ। ਸਪੇਨ ਨੇ ਫਾਈਨਲ ਮੈਚ 2-1 ਨਾਲ ਜਿੱਤਿਆ। 12 ਸਾਲ ਦੇ ਲੰਬੇ ਸਮੇਂ ਬਾਅਦ ਸਪੇਨ ਨੇ ਯੂਰੋ ਚੈਂਪੀਅਨਸ਼ਿਪ ਜਿੱਤੀ। ਸਪੇਨ ਨੇ ਚੌਥੀ ਵਾਰ ਯੂਰੋ ਕੱਪ ਦਾ ਖਿਤਾਬ ਜਿੱਤਿਆ ਹੈ। ਅੱਜ ਤੱਕ ਕਿਸੇ ਹੋਰ ਟੀਮ ਨੇ ਇੰਨੀ ਵਾਰ ਯੂਰੋ ਕੱਪ ਨਹੀਂ ਜਿੱਤਿਆ ਹੈ।

2020 ਯੂਰੋ ਕੱਪ ਦੇ ਫਾਈਨਲ 'ਚ ਹਾਰਨ ਤੋਂ ਬਾਅਦ ਇੰਗਲੈਂਡ ਨੂੰ ਹੁਣ 2024 ਦੇ ਯੂਰੋ ਕੱਪ ਦੇ ਫਾਈਨਲ 'ਚ ਵੀ ਹਾਰ ਦਾ ਸਾਹਮਣਾ ਕਰਨਾ ਪਿਆ। ਇੰਗਲੈਂਡ ਹੁਣ ਤੱਕ ਯੂਰੋ ਚੈਂਪੀਅਨਸ਼ਿਪ ਜਿੱਤਣ ਵਿੱਚ ਨਾਕਾਮ ਰਿਹਾ ਹੈ, ਸਪੇਨ ਨੇ 47ਵੇਂ ਮਿੰਟ ਵਿੱਚ ਪਹਿਲਾ ਗੋਲ ਕੀਤਾ।

ਸਪੇਨ ਅਤੇ ਇੰਗਲੈਂਡ ਵਿਚਾਲੇ ਯੂਰੋ ਕੱਪ 2024 ਦੇ ਫਾਈਨਲ ਦਾ ਪਹਿਲਾ ਅੱਧ ਬਹੁਤ ਹੌਲੀ ਰਿਹਾ। ਦੋਵੇਂ ਟੀਮਾਂ ਗੋਲ ਕਰਨ ਵਿੱਚ ਨਾਕਾਮ ਰਹੀਆਂ ਪਰ ਦੂਜੇ ਹਾਫ ਦੀ ਸ਼ੁਰੂਆਤ 'ਚ ਸਪੇਨ ਨੇ ਲੀਡ ਲੈ ਲਈ। ਮੈਚ ਦੇ 47ਵੇਂ ਮਿੰਟ ਵਿੱਚ ਨਿਕੋ ਵਿਲੀਅਮਜ਼ ਨੇ ਸ਼ਾਨਦਾਰ ਗੋਲ ਕਰਕੇ ਸਪੇਨ ਨੂੰ ਬੜ੍ਹਤ ਦਿਵਾਈ। ਬਾਰਸੀਲੋਨਾ ਲਈ ਖੇਡਣ ਵਾਲੇ ਨੌਜਵਾਨ ਸਟਾਰ ਲਾਮਿਨ ਯਾਮਲ ਨੇ ਨਿਕੋ ਨੂੰ ਸ਼ਾਨਦਾਰ ਸਹਾਇਤਾ ਦਿੱਤੀ। ਇਸ ਤੋਂ ਬਾਅਦ ਨਿਕੋ ਨੇ ਪਹਿਲੇ ਟੱਚ 'ਤੇ ਉਲਟੇ ਪੈਰ ਨਾਲ ਗੇਂਦ ਨੂੰ ਹੇਠਾਂ ਵੱਲ ਰੱਖ ਕੇ ਸ਼ਾਨਦਾਰ ਗੋਲ ਕੀਤਾ।

# ਪੰਜਾਬੀ ਸਿਨੇਮੇ ਦਾ ਬਦਲਿਆ ਮੁਹਾਂਦਰਾ

## ਮਲਟੀਪਲੈਕਸ ਤੇ ਵੱਡੀਆਂ ਕੰਪਨੀਆਂ ਨੇ ਲਈ ਸਿੰਗਲ ਸਕਰੀਨ ਦੀ ਜਗ੍ਹਾ

ਕੁਲਦੀਪ ਸਿੰਘ ਸਾਹਿਲ



ਤਕਨੀਕ ਦੇ ਦੌਰ ’ਚ ਅੱਜ ਮਨੋਰੰਜਨ ਦੇ ਅਹਿਮ ਸਾਧਨ ਸਿਨੇਮੇ ਵਿੱਚ ਸਿੰਗਲ ਸਕਰੀਨ ਦੀ ਜਗ੍ਹਾ ਮਲਟੀਪਲੈਕਸ ਤੇ ਵੱਡੀਆਂ ਕੰਪਨੀਆਂ ਨੇ ਲੈ ਲਈ ਹੈ, ਜਿੱਥੇ ਫਿਲਮਾਂ ਦੀ ਗਿਣਤੀ ’ਚ ਕਈ ਗੁਣਾ ਵਾਧਾ ਹੋਇਆ ਹੈ। ਹਰ ਮਹੀਨੇ ਕਈ-ਕਈ ਫਿਲਮਾਂ ਰਿਲੀਜ਼ ਹੁੰਦੀਆਂ ਹਨ, ਜਿਨ੍ਹਾਂ ਨੂੰ ਲੋਕ ਮਨਾਂ ’ਚ ਵਸਾਉਣ ਲਈ ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਹੀ ਫਿਲਮ ਦੀ ਟੀਮ ਵੱਲੋਂ ਅੱਡੀ-ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ। ਸੜਕਾਂ ’ਤੇ ਰਾਹਗੀਰਾਂ ਦੇ ਧਿਆਨ ਖਿੱਚਣ ਲਈ ਵੱਡੇ ਫਲੈਕਸ ਲਾਏ ਜਾਂਦੇ ਹਨ, ਫਿਲਮ ਦੀ ਟੀਮ ਵੱਲੋਂ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਨੂੰ ਫਿਲਮਾਂ ਦੇਖਣ ਲਈ ਭਰਮਾਇਆ ਜਾ ਰਿਹਾ ਹੈ। ਅਜਿਹਾ ਨਹੀਂ ਹੈ ਕਿ ਹਿੰਦੀ ਫਿਲਮਾਂ ਵਾਲੇ ਹੀ ਅਜਿਹਾ ਕਰ ਰਹੇ ਹਨ ਬਲਕਿ ਪੰਜਾਬੀ ਫਿਲਮ ਇੰਡਸਟਰੀ ਵਿੱਚ ਪ੍ਰਮੋਸ਼ਨ ’ਤੇ ਪੂਰਾ ਜ਼ੋਰ ਲਾਇਆ ਜਾਂਦਾ ਹੈ। ਪੰਜਾਬੀ ਫਿਲਮ ‘ਇਸ਼ਕ-ਏ-ਪੰਜਾਬ’ ਉਰਫ਼ ‘ਮਿਰਜ਼ਾ ਸਾਹਿਬਾ’ 29 ਮਾਰਚ 1935 ਵਿੱਚ ਨਿਰੰਜਣ ਟਾਕੀਜ਼ ਲਾਹੌਰ ਵਿਖੇ ਰਿਲੀਜ਼ ਤੋਂ ਬਾਅਦ ਸ਼ੁਰੂ ਹੋਇਆ। ਪੰਜਾਬੀ ਸਿਨੇਮੇ ਦਾ ਇਹ ਸਫ਼ਰ 90ਵੇਂ ਸਾਲ ’ਚ ਪ੍ਰਵੇਸ਼ ਕਰ ਗਿਆ ਹੈ। ਇਨ੍ਹਾਂ ਸਾਲਾਂ ਦੇ ਸਫ਼ਰ ਦੌਰਾਨ ਪੰਜਾਬੀ ਸਿਨੇਮੇ ਨੇ ਕਈ ਉਤਰਾਅ-ਚੜ੍ਹਾਅ ਵੇਖੇ ਹਨ। ਅੱਜ ਲਗਪਗ ਹਰ ਹਫ਼ਤੇ ਇੱਕ ਜਾਂ ਕਈ-ਕਈ ਪੰਜਾਬੀ ਫਿਲਮਾਂ ਰਿਲੀਜ਼ ਹੋ ਰਹੀਆਂ ਹਨ। ਅਜੋਕੇ ਪੰਜਾਬੀ ਸਿਨੇਮੇ ਦੇ ਹਾਲਾਤ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦੇ ਹਨ। ਪਿਛਲੇ ਤਿੰਨ-ਚਾਰ ਸਾਲਾਂ ਤੋਂ ਪੰਜਾਬੀ ਫਿਲਮਾਂ ਦੀ ਗਿਣਤੀ ’ਚ ਲਗਾਤਾਰ ਵਾਧਾ ਹੋ ਰਿਹਾ ਹੈ। ਸਫਲ ਫਿਲਮਾਂ ਨਾਲੋਂ ਅਸਫਲ ਫਿਲਮਾਂ ਦੀ ਗਿਣਤੀ ਕਿਤੇ ਜ਼ਿਆਦਾ ਹੈ। ਵਿਸ਼ੇ ਤੇ ਕਹਾਣੀਆਂ ਪੱਖੋਂ ਤਕਨੀਕੀ ਦੌਰ ’ਚ ਸਿਨੇਮਾਘਰ ਦਰਸ਼ਕਾਂ ਤੋਂ ਸੱਖਣੇ ਹੋ ਰਹੇ ਹਨ। ਵਿਸ਼ੇ ਅਤੇ ਕਹਾਣੀਆਂ ਤੋਂ ਭਟਕ ਰਹੇ ਪੰਜਾਬੀ ਸਿਨੇਮੇ ਨੂੰ ਦੇਖਦਿਆਂ ਜਦੋਂ ਸੂਝਵਾਨ ਦਰਸ਼ਕਾਂ, ਉੱਘੇ ਸਾਹਿਤਕਾਰਾਂ, ਗੀਤਕਾਰਾਂ ਤੇ ਰੰਗਮੰਚ ਅਤੇ ਫਿਲਮ ਨਿਰਮਾਣ ਨਾਲ ਜੁੜੀਆਂ ਸ਼ਖ਼ਸੀਅਤਾਂ ਨਾਲ ਗੱਲਬਾਤ ਕੀਤੀ ਤਾਂ ਬਹੁਤ ਸਾਰੇ ਸਵਾਲ ਉੱਭਰ ਕੇ ਸਾਹਮਣੇ ਆਏ।

**ਮਾੜੇ ਦੌਰ ’ਚੋਂ ਲੰਘ ਰਿਹੈ ਸਿਨੇਮਾ : ਰਤਨ ਔਲਖ**

ਪੰਜਾਬੀ ਸਿਨੇਮਾ ਦੇ ਲੇਖਕ, ਨਿਰਦੇਸ਼ਕ ਤੇ ਅਦਾਕਾਰ ਰਤਨ ਔਲਖ ਦਾ ਕਹਿਣਾ ਹੈ ਕਿ ਪੰਜਾਬੀ ਸਿਨੇਮਾ ਨੂੰ ਅੱਜ ਦੇ ਦੌਰ ’ਚ ਬਹੁਤ ਅੱਗੇ ਵਧਣ ਚਾਹੀਦਾ ਸੀ ਕਿਉਂਕਿ ਪੰਜਾਬੀ ਦਰਸ਼ਕ ਸਾਰੀ ਦੁਨੀਆ ’ਚ ਹਨ ਤੇ ਟਿਕਟ ’ਤੇ ਪੈਸਾ ਵੀ ਖ਼ਰਚ ਸਕਦੇ ਹਨ ਪਰ ਪੰਜਾਬੀ ਸਿਨੇਮਾ ਪੁਰਾਣੇ ਪੱਧਰ ਤੋਂ ਥੱਲੇ ਜਾ ਰਿਹਾ ਹੈ, ਜਿਸ ਦਾ ਵੱਡਾ ਕਾਰਨ ਚੰਗੀ ਕਹਾਣੀ ਤੇ ਪਟਕਥਾ ਦੀ ਘਾਟ ਤੇ ਜ਼ਿਆਦਾ ਫਿਲਮਾਂ ਬਣਾਉਣ ਦੀ ਹੋੜ। ਕਹਾਣੀ ਦੇ ਨਾਂ ’ਤੇ ਭੂਤ ਪ੍ਰੇਤ, ਬੇਲੋੜੀ ਮਾਰਧਾੜ ਅਤੇ ਸਮਾਜ ਤੇ ਸੱਭਿਆਚਾਰ ਤੋਂ ਦੂਰ ਦੀ ਗੱਲ ਕੀਤੀ ਜਾਣ ਕਾਰਨ ਦਰਸ਼ਕਾਂ ਦਾ ਫਿਲਮਾਂ ਤੋਂ ਮੋਹ ਭੰਗ ਹੋ ਰਿਹਾ ਹੈ। ਜਦੋਂ ਵੀ ਚੰਗੀ ਪੰਜਾਬੀ ਫਿਲਮ ਆਈ ਹੈ ਤਾਂ ਦਰਸ਼ਕਾਂ ਨੇ ਰੱਜ ਕੇ ਪਿਆਰ ਦਿੱਤਾ ਹੈ ਪਰ ਇਹ ਮੌਕਾ ਸਾਲ ’ਚ ਕਦੇ-ਕਦਾਈਂ ਹੀ ਆਉਂਦਾ ਹੈ। ਚੰਗੀ ਫਿਲਮ ਬਣਾਉਣ ਲਈ ਸਭ ਤੋਂ ਪਹਿਲਾਂ ਚੰਗੀ ਕਹਾਣੀ, ਪਟਕਥਾ ਤੇ ਸੰਵਾਦਾਂ ਦੀ ਲੋੜ ਹੁੰਦੀ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਾਲ ’ਚ ਸਿਰਫ਼ 52 ਹਫਤੇ ਹੀ ਹੁੰਦੇ ਹਨ। ਕਈ ਵਾਰ ਫਿਲਮਾਂ ਦੀ ਭਰਮਾਰ ਹੀ ਚੰਗੀ ਫਿਲਮ ਨੂੰ ਖਾ ਜਾਂਦੀ ਹੈ।

**ਵਿਸ਼ੇ ’ਤੇ ਕਹਾਣੀਆਂ ਵਿੱਚ ਭਟਕਾਅ : ਹਰਜਿੰਦਰ ਸਿੰਘ**

ਉੱਘੇ ਗੀਤਕਾਰ ਤੇ ਸਾਹਿਤਕਾਰ ਹਰਜਿੰਦਰ ਸਿੰਘ ਸਾਈਂ ਸੁਕੇਤੜੀ ਦਾ ਕਹਿਣਾ ਹੈ ਕਿ ਪੰਜਾਬ ਕੋਲ ਸਾਹਿਤ ਦਾ ਖ਼ਜ਼ਾਨਾ ਹੈ। ਸਾਡਾ ਪੰਜਾਬੀ ਸਾਹਿਤ ਅੱਜ ਵੀ ਅਮੀਰ ਹੈ। ਇਸ ਦੀ ਹਰ ਵੰਨਗੀ ’ਤੇ ਫਿਲਮ ਬਣਾਈ ਜਾ ਸਕਦੀ ਹੈ। ਸਾਡੀ ਧਰਤੀ ਸੂਰਬੀਰ ਯੋਧਿਆਂ ਦੀ ਧਰਤੀ ਹੈ। ਫੇਰ ਸਾਡੇ ਕੋਲ ਚੰਗੀਆਂ ਕਹਾਣੀਆਂ ਦੀ ਘਾਟ ਕਿਵੇਂ ਹੋ ਸਕਦੀ ਹੈ? ਅਸੀਂ ਇੱਕੋਂ ਕਹਾਣੀ ਨੂੰ ਤੋਰ-ਮਰੋੜ ਕੇ ਫਿਲਮਾਂ ਬਣਾ ਰਹੇ ਹਾਂ। ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਇਤਿਹਾਸ, ਸਮਾਜਿਕ ਕਾਰਜਾਂ, ਕਿਸੇ ਵਿਅਕਤੀ ਵਿਸ਼ੇਸ਼ ਦੇ ਜੀਵਨ ਤੇ ਉਸਾਰੂ ਸੋਚ ਨਾਲ ਜੋੜਨ ਤੇ ਜਾਣੂ ਕਰਵਾਉਣ ਦੀਆਂ ਵੱਡੀਆਂ ਸੰਭਾਵਨਾਵਾਂ ਪੰਜਾਬੀ ਸਿਨੇਮੇ ਕੋਲ ਹਨ। ਅਜੋਕੇ ਸਮੇਂ ’ਚ ਲੋਕ ਹਲਕੇ ਵਿਸ਼ੇ ਤੇ ਕਹਾਣੀਆਂ ਦੀਆਂ ਫਿਲਮਾਂ ਨੂੰ ਦੇਖ ਕੇ ਤੰਗ ਆ ਗਏ ਹਨ।

**ਮਨੋਰੰਜਨ ਦਾ ਅਹਿਮ ਸਾਧਨ ਸਿਨੇਮਾ : ਬਲਕਾਰ ਸਿੱਧੂ**

ਰੰਗਮੰਚ ਤੇ ਲੋਕ ਨਾਚਾਂ ਦੇ ਮਕਬੂਲ ਕਲਾਕਾਰ ਬਲਕਾਰ ਸਿੱਧੂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਫਿਲਮਾਂ ਸਿਰਫ਼ ਮਨੋਰੰਜਨ ਲਈ ਹੀ ਬਣਦੀਆਂ ਹਨ। ਸਿਨੇਮੇ ਦਾ ਮੁੱਢਲਾ ਕੰਮ ਲੋਕਾਂ ਦਾ ਮਨੋਰੰਜਨ ਕਰਨਾ ਹੈ। ਸਮੇਂ-ਸਮੇਂ ਦੇ ਨਾਲ ਫਿਲਮਾਂ ਦੇ ਵਿਸ਼ੇ ਬਦਲਦੇ ਰਹਿੰਦੇ ਨੇ। ਫਿਲਮਾਂ ਭਾਵੇਂ ਬਾਲੀਵੁੱਡ ਹੋਣ, ਪਾਲੀਵੁੱਡ ਜਾਂ ਹਾਲੀਵੁੱਡ ਦੀਆਂ ਹੋਣ। ਸਿਨੇਮਾ ਕਈ ਕਲਾਵਾਂ ਦਾ ਸੁਮੇਲ ਹੈ। ਇਸ ’ਚ ਵੰਨ-ਸੁਵੰਨੇ ਵਿਸ਼ੇ ਹੋਣੇ ਚਾਹੀਦੇ ਹਨ। ਇਹ ਵੇਲਾ ਸੋਚਣ ਤੇ ਸੰਭਲਣ ਦਾ ਹੈ ਕਿਉਂਕਿ ਫਿਲਮਾਂ ਦੀ ਗਿਣਤੀ ਵਧਾਉਣ ਦੇ ਚੱਕਰ ’ਚ ਕੁਆਲਿਟੀ ਖ਼ਤਮ ਹੁੰਦੀ ਜਾ ਰਹੀ ਹੈ। ਜਿੱਥੋਂ ਤਕ ਪੰਜਾਬੀ ਫਿਲਮਾਂ ’ਚ ਵਿਸ਼ੇ ਦਾ ਸਵਾਲ ਹੈ, ਅਕਸਰ ਪੰਜਾਬੀ ਫਿਲਮ ਦੇ ਨਿਰਮਾਣ ਲਈ ਬਾਲੀਵੁੱਡ ਵਿੱਚ ਬਣਦੀਆਂ ਫਿਲਮਾਂ ਦੀ ਨਕਲ ਕੀਤੀ ਜਾਂਦੀ ਹੈ। ਬਾਲੀਵੁੱਡ ਵਾਲੇ ਉਲਟਾ ਸਾਡੇ ਸੱਭਿਆਚਾਰ ਦਾ ਥੋੜ੍ਹਾ ਜਿਹਾ ਜਾਗ ਲਾ ਕੇ ਆਪਣੀਆਂ ਫਿਲਮਾਂ ਹਿੱਟ ਕਰ ਲੈਂਦੇ ਹਨ ਤੇ ਅਸੀਂ ਜ਼ਿਆਦਾ ਜਾਗ ਲਗਾ ਕੇ ਸਭ ਕੁਝ ਖੱਟਾ ਕਰ ਲੈਂਦੇ ਹਾਂ।

ਪੰਜਾਬ ਕੋਲ ਸਾਹਿਤ ਦਾ ਖ਼ਜ਼ਾਨਾ ਹੈ, ਵੱਖੋ-ਵੱਖਰੀਆਂ ਵੰਨਗੀਆਂ ਰਾਹੀਂ ਏਨਾ ਸਾਹਿਤ ਰਚਿਆ ਪਿਆ ਹੈ। ਫਿਰ ਸਾਡੇ ਕੋਲ ਚੰਗੀਆਂ ਕਹਾਣੀਆਂ ਦੀ ਘਾਟ ਕਿਵੇਂ ਹੋ ਸਕਦੀ ਹੈ। ਸਿਨੇਮਾ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਇਸ ਕੋਲ ਯੁੱਗ ਬਦਲਣ ਦੀ ਅਥਾਹ ਸ਼ਕਤੀ ਹੈ।

# ਪੰਜਾਬੀ ਰਹਿਤਲ ਨਾਲ ਜੁੜੀ ਅਦਾਕਾਰਾ ਗੁਰਪ੍ਰੀਤ ਕੌਰ ਭੰਗੂ

ਰਜਨੀ ਭਗਾਣੀਆ

ਪੰਜਾਬੀ ਅਦਾਕਾਰੀ ਦੇ ਖੇਤਰ ਵਿੱਚ ਗੁਰਪ੍ਰੀਤ ਕੌਰ ਭੰਗੂ ਅਜਿਹਾ ਨਾਂ ਹੈ ਜਿਸ ਦੇ ਬਿਨਾਂ ਅੱਜ ਪੰਜਾਬ ਦੀ ਕੋਈ ਵੀ ਪਰਿਵਾਰਕ ਪੰਜਾਬੀ ਫਿਲਮ ਪੂਰੀ ਨਹੀਂ ਹੁੰਦੀ। ਉਸ ਨੂੰ ਅਦਾਕਾਰੀ ਵਿਰਾਸਤ ਵਿੱਚ ਨਹੀਂ ਮਿਲੀ ਬਲਕਿ ਉਸ ਨੇ ਆਪਣੇ ਜਨੂੰਨ ਨਾਲ ਇਸ ਦਾ ਸਿਖਰ ਹਾਸਲ ਕੀਤਾ ਹੈ। ਆਪਣੀ ਅਦਾਕਾਰੀ ਦੀ ਬਦੌਲਤ ਅੱਜ ਉਹ ਪੰਜਾਬੀ ਦਰਸ਼ਕਾਂ ਦੀ ਅਜਿਹੀ ਚਹੇਤੀ ਕਲਾਕਾਰ ਬਣ ਗਈ ਹੈ ਜਿਸ ਨੂੰ ਮਾਂ, ਬੂਆ ਤੇ ਤਾਈ-ਚਾਚੀ ਦੇ ਕਿਰਦਾਰ ਵਿੱਚ ਬਹੁਤ ਪਸੰਦ ਕੀਤਾ ਜਾਂਦਾ ਹੈ। ਇਸ ਮੁਕਾਮ ’ਤੇ ਪਹੁੰਚਣ ਲਈ ਉਸ ਨੇ ਸਖ਼ਤ ਮਿਹਨਤ ਦਾ ਪੱਲਾ ਫੜਿਆ ਹੈ। ਘਰੇਲੂ ਜ਼ਿੰਮੇਵਾਰੀਆਂ ਦੇ ਨਾਲ ਨਾਲ ਜਿੱਥੇ ਉਸ ਨੇ ਆਪਣੀ ਅਧਿਆਪਕ ਵਜੋਂ ਡਿਊਟੀ ਨੂੰ ਬਾਖ਼ੂਬੀ ਨਿਭਾਇਆ ਹੈ, ਉੱਥੇ ਪੰਜਾਬੀ ਰੰਗਮੰਚ ਤੇ ਪੰਜਾਬੀ ਸਿਨੇਮਾ ਵਿੱਚ ਅਮਿੱਟ ਛਾਪ ਛੱਡੀ ਹੈ। ਗੁਰਪ੍ਰੀਤ ਕੌਰ ਭੰਗੂ ਨੇ ਆਰਟ ਸੈਂਟਰ ਸਮਰਾਲਾ, ਲੋਕ ਕਲਾ ਮੰਚ ਮੰਡੀ ਮੁੱਲਾਂਪੁਰ, ਸੁਚੇਤਕ ਰੰਗ ਮੰਚ ਮੋਹਾਲੀ ਆਦਿ ਨਾਟਕ ਟੀਮਾਂ ਨਾਲ ਭਾਅ ਜੀ ਗੁਰਸ਼ਰਨ ਸਿੰਘ, ਪ੍ਰੋ. ਅਜਮੇਰ ਸਿੰਘ ਔਲਖ, ਦਵਿੰਦਰ ਦਮਨ ਅਤੇ ਪਾਲੀ ਭੁਪਿੰਦਰ ਦੇ ਲਿਖੇ ਨਾਟਕਾਂ ਵਿੱਚ ਕੰਮ ਕੀਤਾ। ‘ਛਿਪਣ ਤੋਂ ਪਹਿਲਾਂ’, ‘ਮਿੱਟੀ ਨਾ ਹੋਵੇ ਮਤਰੇਈ’, ‘ਇਨ੍ਹਾਂ ਦੀ ਆਵਾਜ਼’, ‘ਜਦੋਂ ਮੈਂ ਸਿਰਫ਼ ਔਰਤ ਹੁੰਦੀ ਹਾਂ’, ‘ਸੁੱਕੀ ਕੁੱਖ’, ‘ਜਦੋਂ ਬੋਹਲ ਰੋਂਦੇ ਹਨ’, ‘ਮਿੱਟੀ ਰੁਦਨ ਕਰੇ’ ਆਦਿ ਨਾਟਕਾਂ ਵਿੱਚ ਯਾਦਗਾਰੀ ਭੂਮਿਕਾਵਾਂ ਨਿਭਾ ਕੇ ਦਰਸ਼ਕਾਂ



’ਤੇ ਗਹਿਰੀ ਛਾਪ ਛੱਡੀ। ਇਸ ਤੋਂ ਇਲਾਵਾ ਉਸ ਨੇ ਗੁਰਦਿਆਲ ਸਿੰਘ ਅਤੇ ਵਰਿਆਮ ਸੰਧੂ ਦੀਆਂ ਲਿਖਤਾਂ ’ਤੇ ਬਣੀਆਂ ਫਿਲਮਾਂ ਜਿਵੇਂ ‘ਅੰਨੇ ਘੋੜੇ ਦਾ ਦਾਨ’ ਅਤੇ ‘ਚੌਥੀ ਕੂਟ’ ’ਚ ਵੀ ਯਾਦਗਾਰੀ ਭੂਮਿਕਾਵਾਂ ਨਿਭਾਈਆਂ। ਇਸੇ ਤਰ੍ਹਾਂ ਉਸ ਨੇ ‘ਤਰਕ ਦੀ ਸਾਣ ’ਤੇ’ ਅਤੇ ‘ਕੱਚ ਦੀਆਂ ਵੰਗਾਂ’ ਸੀਰੀਅਲਾਂ ਵਿੱਚ ਅਤੇ ਅਨੇਕਾਂ ਟੈਲੀ-ਫਿਲਮਾਂ ਵਿੱਚ ਯਾਦਗਾਰੀ ਭੂਮਿਕਾ ਨਿਭਾਈਆਂ।

ਉਸ ਦਾ ਜਨਮ 13 ਮਈ 1959 ਨੂੰ ਪਿਤਾ ਸੁਖਦੇਵ ਸਿੰਘ ਤੇ ਮਾਤਾ ਸੁਰਜੀਤ ਕੌਰ ਦੇ ਘਰ ਪਿੰਡ ਬੁਰਜ ਕਾਹਨ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ ਵਿਖੇ ਕਿਸਾਨ ਪਰਿਵਾਰ ਵਿੱਚ ਹੋਇਆ। ਉਸ ਨੇ ਆਪਣੀ ਮੁੱਢਲੀ ਸਿੱਖਿਆ ਤੋਂ ਬਾਅਦ ਬੀ.ਪੀ.ਐੱਡ ਦੀ ਡਿਗਰੀ ਫਿਜ਼ੀਕਲ ਕਾਲਜ, ਪਟਿਆਲਾ ਤੋਂ ਤੇ ਪੋਸਟ ਗ੍ਰੈਜੂਏਸ਼ਨ ਰਾਜਿੰਦਰਾ ਕਾਲਜ, ਬਠਿੰਡਾ ਤੋਂ ਪੂਰੀ ਕੀਤੀ। ਉਸ ਨੂੰ ਬਚਪਨ ਤੋਂ ਹੀ ਅਦਾਕਾਰੀ ਦਾ ਸ਼ੌਕ ਰਿਹਾ ਹੈ ਜਿਸ ਕਾਰਨ ਉਹ ਆਪਣੇ ਸਕੂਲ ਦੀ ਬਾਲ ਸਭਾ ਵਿੱਚ ਆਪਣੇ ਸਾਥੀ ਵਿਦਿਆਰਥੀਆਂ ਦਾ ਗੀਤ ਗਾ ਕੇ ਜਾਂ ਚੁਟਕੁਲੇ ਆਦਿ ਸੁਣਾ ਕੇ ਮਨੋਰੰਜਨ ਕਰਦੀ ਰਹਿੰਦੀ ਸੀ। ਆਪਣੇ ਇਸ ਸ਼ੌਕ ਕਾਰਨ ਉਸ ਨੂੰ ਸਕੂਲ ਤੇ ਕਾਲਜ ਦੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਹਿੱਸਾ ਲੈਣਾ ਚੰਗਾ ਲੱਗਦਾ ਸੀ। ਇਹੀ ਕਾਰਨ ਸੀ ਕਿ ਉਸ ਨੇ ਆਪਣੀ ਪੜ੍ਹਾਈ ਦੇ ਨਾਲ ਨਾਲ ਆਪਣੇ ਅਦਾਕਾਰੀ ਦੇ ਜਨੂੰਨ ਨੂੰ ਵੀ ਜਾਰੀ ਰੱਖਿਆ। ਉਸ ਦਾ ਵਿਆਹ ਲੇਖਕ ਤੇ ਪੱਤਰਕਾਰ ਸਵਰਨ ਸਿੰਘ ਭੰਗੂ ਨਾਲ ਹੋਇਆ ਜਿਸ ਨੇ ਉਸ ਦੇ ਅਦਾਕਾਰੀ ਦੇ ਸਫ਼ਰ ਵਿੱਚ ਭਰਪੂਰ ਸਹਿਯੋਗ ਦਿੱਤਾ। ਪਤੀ ਨੇ ਹੀ ਉਸ ਨੂੰ ਇਸ ਰਾਹ ਵੱਲ ਤੋਰਿਆ ਤੇ ਉਸ ਨੇ ਪਹਿਲੀ ਵਾਰ ਉਸ ਨਾਲ ਮਿਲ ਕੇ ਥੀਏਟਰ ਕਰਨਾ ਸ਼ੁਰੂ ਕਰ ਦਿੱਤਾ। ਉਹ ਆਪਣੇ ਉਸਤਾਦ ਗੁਰਸ਼ਰਨ ਸਿੰਘ ਤੋਂ ਬਹੁਤ ਪ੍ਰਭਾਵਿਤ ਰਹੀ ਤੇ ਉਨ੍ਹਾਂ ਕੋਲੋਂ ਅਦਾਕਾਰੀ ਦੀਆਂ ਬਾਰੀਕੀਆਂ ਸਿੱਖੀਆਂ। ਉਸ ਨੇ ਪਿੰਡਾਂ ਵਿੱਚ ਵੀ ਨਾਟਕ ਕੀਤੇ। ਉਸ ਦਾ ਸੁਫ਼ਨਾ ਸੀ ਕਿ ਬਹੁਤ ਨਾਟਕ ਕਰਾਂ ਤੇ ਰੰਗਮੰਚ ਵਿੱਚ ਨਾਮ ਕਮਾਵਾਂ। ਫਿਰ ਬਿਲਕੁਲ ਇਵੇਂ ਹੀ ਹੋਇਆ ਅਤੇ ਉਹ ਵੱਡੇ-ਵੱਡੇ ਨਾਟਕਾਂ ਦਾ ਹਿੱਸਾ ਬਣੀ। ਜੇਕਰ ਗੁਰਪ੍ਰੀਤ ਭੰਗੂ ਵੱਲੋਂ ਨਿਭਾਏ ਕਿਰਦਾਰਾਂ ਦੀ ਗੱਲ ਕਰੀਏ ਤਾਂ ਉਹ ਕਿਰਦਾਰ ਜਿਸ ਨੇ ਉਸ ਨੂੰ ਬਹੁਤ ਮਾਣ ਮਹਿਸੂਸ ਕਰਾਇਆ, ਉਹ ਸੀ ਸ਼ਹੀਦ ਭਗਤ ਸਿੰਘ ਦੀ ਮਾਂ ਦਾ ਕਿਰਦਾਰ। ਪੰਜਾਬ ਦੇ ਨਾਲ ਨਾਲ ਉਸ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਜਿਵੇਂ ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ ਆਦਿ ਥਾਵਾਂ ’ਤੇ ਬਹੁਤ ਸਾਰੇ ਨਾਟਕ ਖੇਡੇ।

**(ਬਾਕੀ ਸਫ਼ਾ 31 ’ਤੇ)**

# ਦਿਲਜੀਤ ਦੋਸਾਂਝ ਨੇ ‘ਔਰਾ’ ਸਾਫ਼-ਸੁਥਰਾ ਰੱਖਣ ਦੇ ਦਿੱਤੇ ਸੁਝਾਅ

ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਨੇ ਆਪਣਾ ਔਰਾ ਸਾਫ-ਸੁਥਰਾ ਰੱਖਣ ਅਤੇ ਖ਼ੁਦ ਨੂੰ ਅਣਚਾਹੇ ਵਿਚਾਰਾਂ ਤੋਂ ਬਚਾਅ ਕੇ ਰੱਖਣ ਦੇ ਸੁਝਾਅ ਸਾਂਝੇ ਕੀਤੇ ਹਨ, ਜਿਨ੍ਹਾਂ ਵਿੱਚ ਉਸ ਨੇ ਪਹਾੜ ’ਤੇ ਸੈਰ ਕਰਨ ਅਤੇ ਆਪਣੀ ਫ਼ਿਲਮ ‘ਜੱਟ ਐਂਡ ਜੂਲੀਅਟ-3’ ਵੇਖਣ ਦਾ ਸੁਝਾਅ ਦਿੱਤਾ ਹੈ। ਇਸ ਸਬੰਧੀ ਦਿਲਜੀਤ ਨੇ ਇੰਸਟਾਗ੍ਰਾਮ ’ਤੇ ਇੱਕ ਰੀਲ ਸਾਂਝੀ ਕੀਤੀ ਹੈ ਜਿਸ ਵਿੱਚ



ਉਹ ਪਹਾੜ ’ਤੇ ਚੜ੍ਹ ਰਿਹਾ ਹੈ, ਇੱਕ ਝਰਨੇ ਦੇ ਸਾਹਮਣੇ ਪੋਜ਼ ਦੇ ਰਿਹਾ ਹੈ ਅਤੇ ਨਦੀ ਵਿੱਚੋਂ ਪਾਣੀ ਪੀ ਰਿਹਾ ਹੈ। ਇਸ ਵੀਡੀਓ ਦਾ ਵਾਇਸ ਓਵਰ ਦਿਲਜੀਤ ਨੇ ਬੜੇ ਮਨੋਰੰਜਕ ਤਰੀਕੇ ਨਾਲ ਦਿੱਤਾ ਹੈ। ਇਸ ਵਿੱਚ ਦਿਲਜੀਤ ਕਹਿ ਰਿਹਾ ਹੈ, “ਕੀ ਤੁਸੀਂ ਕਦੇ ਮਹਿਸੂਸ ਕੀਤਾ ਹੈ ਕਿ ਦੁਨੀਆਂ ’ਚ ਕੰਮ ਕਰਦੇ ਹੋਏ, ਲੋਕਾਂ ਨਾਲ ਮਿਲਦੇ ਹੋਏ ਅਤੇ ਨਾ ਚਾਹੁੰਦੇ ਹੋਏ ਵੀ ਕਈ ਵਿਚਾਰ ਅਸੀਂ ਆਪਣੇ ਅੰਦਰ ਹੀ ਰੱਖ ਲੈਂਦੇ ਹਾਂ, ਜੋ ਸ਼ਾਇਦ ਸਾਡੇ ਨਹੀਂ ਹੁੰਦੇ, ਜਿਨ੍ਹਾਂ ਦੇ ਸਾਡੀ ਜ਼ਿੰਦਗੀ ’ਚ ਕੋਈ ਮਾਅਨੇ ਨਹੀਂ ਹੁੰਦੇ ਤੇ ਬਾਅਦ ’ਚ ਉਹ ਸਾਨੂੰ ਪ੍ਰੇਸ਼ਾਨ ਕਰਦੇ ਹਨ।” ਦਿਲਜੀਤ ਨੇ ਸਲਾਹ ਦਿੱਤੀ ਕਿ ਜੇ ਕਿਸੇ ਨੂੰ ਅਜਿਹੇ ਅਣਚਾਹੇ ਵਿਚਾਰ ਪ੍ਰੇਸ਼ਾਨ ਕਰ ਰਹੇ ਹਨ ਤਾਂ ਉਸ ਨੂੰ ਪਹਾੜਾਂ ’ਤੇ ਘੁੰਮਣ ਜਾਣਾ ਚਾਹੀਦਾ ਹੈ। ਇਸ ਤਰੀਕੇ ਕੁਦਰਤ ਦੀ ਗੋਦ ’ਚ ਬੈਠ ਕੇ ਅਸੀਂ ਆਪਣੇ ਅੰਦਰ ਝਾਤੀ ਮਾਰ ਸਕਦੇ ਹਾਂ। ਅਦਾਕਾਰ ਨੇ ਸ਼ਾਂਤੀ ਨਾਲ ਖ਼ੁਸ਼ੀ ਦੇ ਛੋਟੇ ਛੋਟੇ ਪਲਾਂ ਨੂੰ ਯਾਦ ਕਰਨ ਅਤੇ ਪਰਮਾਤਮਾ ਦਾ ਧੰਨਵਾਦ ਕਰਨ ਦੀ ਸਲਾਹ ਦਿੱਤੀ। ਮਜ਼ਾਹੀਆ ਲਹਿਜ਼ੇ ਵਿੱਚ ਦਿਲਜੀਤ ਨੇ ਅੱਗੇ ਕਿਹਾ, “ਮੈਟਾਵਰਸ (ਵਰਚੁਅਲ ਦੁਨੀਆਂ) ਦੇ ਚੱਕਰ ’ਚ ਕਿਤੇ ਉਹ ਨਾ ਰਹਿ ਜਾਵੇ, ਜਿਸ ਨੂੰ ਮਾਣਨ ਆਏ ਸੀ, ਚਿੰਤਾ ਨਾ ਕਰੋ ਜੇ ਪਹਾੜ ਦੂਰ ਹਨ ਤਾਂ ‘ਜੱਟ ਐਂਡ ਜੂਲੀਅਟ-3’ ਦੇਖ ਕੇ ਆਓ’ ਸਾਰੀ ਜ਼ਿੰਦਗੀ ਦਾ ਮਕਸਦ ਮਿਲ ਜਾਏਗਾ।”

## ਟਰੰਪ 'ਤੇ ਹਮਲਾ :

ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਅੰਤਰਰਾਸ਼ਟਰੀ ਰਾਜਨੀਤੀ ਨੂੰ ਵੀ ਪ੍ਰਭਾਵਿਤ ਕਰਦੀ ਹੈ। ਰਾਸ਼ਟਰਪਤੀ ਦੀ ਚੋਣ ਦਾ ਅਸਰ ਅਮਰੀਕਾ ਵਿੱਚ ਬਹੁਤ ਗਹਿਰਾਈ ਤੱਕ ਪੈਂਦਾ ਹੈ। ਇਹੀ ਕਾਰਨ ਹੈ ਕਿ ਰਾਸ਼ਟਰਪਤੀ ਦੀ ਚੋਣ ਤੋਂ ਕਈ ਮਹੀਨੇ ਪਹਿਲਾਂ ਹੀ ਅਮਰੀਕਾ ਵਿੱਚ ਚੋਣ ਮੁਹਿੰਮ ਸ਼ੁਰੂ ਹੋ ਜਾਂਦੀ ਹੈ। ਇਸ ਸਮੇਂ ਵੀ ਮੌਜੂਦਾ ਘਟਨਾ ਕਾਰਨ ਅਮਰੀਕੀ ਰਾਸ਼ਟਰਪਤੀ ਦੀ ਚੋਣ ਮੁਹਿੰਮ ਪੂਰੀ ਤਰ੍ਹਾਂ ਭੱਖ ਗਈ ਹੈ, ਜਿਸ ਦੇ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਤੇਜ਼ ਹੋਣ ਦੀ ਸੰਭਾਵਨਾ ਹੈ।

ਅਮਰੀਕਾ ਵਿੱਚ ਰਾਸ਼ਟਰਪਤੀ ਦੀ ਚੋਣ ਲਈ 100 ਦਿਨਾਂ ਤੋਂ ਘੱਟ ਸਮਾਂ ਰਹਿ ਗਿਆ ਹੈ, ਜਿਸ ਕਾਰਨ ਰਾਸ਼ਟਰਪਤੀ ਚੋਣ ਲਈ ਚੋਣ ਪ੍ਰਚਾਰ ਤੇਜ਼ ਹੋਣਾ ਸੁਭਾਵਿਕ ਹੈ, ਪਰ ਸਾਬਕਾ ਟਰੰਪ 'ਤੇ ਹਮਲੇ ਦੀ ਘਟਨਾ ਨੇ ਚੋਣ ਪ੍ਰਚਾਰ ਦਾ ਰੁਖ ਇੱਕ ਵਾਰ ਦਾ ਬਦਲ ਕੇ ਰੱਖ ਦਿੱਤਾ ਹੈ। ਅਮਰੀਕਾ ਵਿੱਚ ਟਰੰਪ ਦੇ ਹੱਕ ਵਿੱਚ ਹਮਦਰਦੀ ਦੀ ਲਹਿਰ ਫੈਲਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਦੂਜੇ ਪਾਸੇ ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਕਾਤਲ ਦੇ ਮੌਕੇ 'ਤੇ ਹੀ ਮਾਰੇ ਜਾਣ 'ਤੇ ਵੀ ਸਵਾਲ ਖੜੇ ਹੋ ਰਹੇ ਹਨ। ਕਈ ਆਗੂ ਕਹਿ ਰਹੇ ਹਨ ਕਿ ਜੇ ਕਾਤਲ ਜਿਉਂਦਾ ਫੜਿਆ ਜਾਂਦਾ ਤਾਂ ਉਸ ਤੋਂ ਇਸ ਘਟਨਾ ਬਾਰੇ ਪੂਰੀ ਜਾਣਕਾਰੀ ਮਿਲ ਸਕਦੀ ਸੀ। ਉਸ ਤੋਂ ਇਹ ਵੀ ਪਤਾ ਚੱਲ ਜਾਣਾ ਸੀ ਕਿ ਉਸ ਨੂੰ ਟਰੰਪ 'ਤੇ ਹਮਲਾ ਕਰਨ ਲਈ ਕਿਸ ਨੇ ਹਾਇਰ ਕੀਤਾ ਸੀ ਅਤੇ ਘਟਨਾ ਦੇ ਪਰਦੇ ਪਿੱਛੇ ਅਸਲ ਦੋਸ਼ੀ ਕੌਣ ਹੈ, ਇਸ ਦਾ ਖ਼ੁਲਾਸਾ ਵੀ ਹੋ ਜਾਣਾ ਸੀ ਪਰ ਕਾਤਲ ਦੇ ਮੌਕੇ 'ਤੇ ਹੀ ਮਾਰੇ ਜਾਣ ਨਾਲ ਇਹ ਸਭ ਕੁਝ ਹੁਣ ਇਸ ਸਮੇਂ ਇੱਕ ਰਹੱਸ ਬਣਿਆ ਹੋਇਆ ਹੈ।

***

## ਭਾਰਤ-ਪਾਕਿ ਬਟਵਾਰੇ ਦੇ 77 ਸਾਲ ਬਾਅਦ

ਕਬਜ਼ੇ ਨੂੰ ਖ਼ਤਮ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ਅਤੇ ਛੱਪੜ ਦਾ ਨਿਰਮਾਣ ਕਰਵਾਇਆ ਸੀ।

ਉਨ੍ਹਾਂ ਦੱਸਿਆ ਕਿ 1947 ਵਿੱਚ ਭਾਰਤ ਦੀ ਵੰਡ ਤੋਂ ਬਾਅਦ ਇਸ ਛੱਪੜ ਨੂੰ ਬੰਦ ਕਰ ਦਿੱਤਾ ਗਿਆ ਅਤੇ ਬਾਅਦ ਵਿੱਚ ਸਥਾਨਕ ਲੋਕਾਂ ਨੇ ਇਸ ਦੀ ਜ਼ਮੀਨ 'ਤੇ ਕਬਜ਼ਾ ਕਰ ਲਿਆ। ਮੁਹੰਮਦ ਇਕਬਾਲ ਨੇ ਦੱਸਿਆ ਕਿ ਮਾਫੀਆ ਤੋਂ ਮੁਕਤ ਕਰਵਾਈ ਗਈ ਜ਼ਮੀਨ ਔਕਾਫ ਵਿਭਾਗ ਨੂੰ ਸੌਂਪ ਦਿੱਤੀ ਜਾਵੇਗੀ, ਜੋ ਅੱਗੇ ਇਸ ਨੂੰ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਦੇ ਹਵਾਲੇ ਕਰ ਦੇਵੇਗਾ। ਉਨ੍ਹਾਂ ਕਿਹਾ ਕਿ ਨਾਜਾਇਜ਼ ਕਬਜ਼ਿਆਂ ਵਿੱਚ ਸ਼ਾਮਲ ਪਾਏ ਜਾਣ ਵਾਲੇ ਔਕਾਫ਼ ਵਿਭਾਗ ਦੇ ਮੁਲਾਜ਼ਮਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਜ਼ਮੀਨ ਸੌਂਪਣ ਲਈ ਸਿੱਖ ਭਾਈਚਾਰੇ ਨੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ।

***

## ਹੋਸਟਨ ਦੇ ਡਿਪਟੀ ਦੀ ਇੱਕ ਹਮਲੇ 'ਚ ਮੌਤ,

ਪੁਲਿਸ ਅਫਸਰਾਂ ਨਾਲ ਗੱਲ ਕਰ ਰਿਹਾ ਸੀ ਤਾਂ ਉਸ ਉੱਪਰ ਘਾਤ ਲਾ ਕੇ ਹਮਲਾ ਕੀਤਾ ਗਿਆ, ਜਿਸ ਹਮਲੇ ਵਿੱਚ ਉਹ ਗੰਭੀਰ ਜ਼ਖਮੀ ਹੋ ਗਿਆ। ਉਸ ਦੇ ਕਈ ਗੋਲੀਆਂ ਵੱਜੀਆਂ।

28 ਸਾਲਾ ਐਸਕੁਏਡਾ ਨੂੰ ਇੱਕ ਹਸਪਤਾਲ ਲਿਜਾਇਆ ਗਿਆ, ਜਿਥੇ ਉਹ ਦਮ ਤੋੜ ਗਿਆ। ਐਸਕੁਏਡਾ ਪਿਛਲੇ 5 ਸਾਲਾਂ ਤੋਂ ਸ਼ੈਰਿਫ ਦਫ਼ਤਰ ਵਿਖੇ ਤਾਇਨਾਤ ਸੀ। ਹੈਰਿਸ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਪਲਮਰ ਨੂੰ ਸਭ ਤੋਂ ਵਧ ਖਤਰਨਾਕ ਲੋੜੀਂਦੇ ਭਗੌੜਿਆਂ ਦੀ ਸੂਚੀ ਵਿੱਚ ਸ਼ਾਮਿਲ ਕਰਨ ਉਪਰੰਤ ਕੁਝ ਘੰਟਿਆਂ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸ ਵਿਰੁੱਧ ਕੈਪੀਟਲ ਮਰਡਰ ਦੇ ਦੋਸ਼ ਆਇਦ ਕੀਤੇ ਗਏ ਹਨ।

***

## ਨੀਦਰਲੈਂਡਸ 'ਚ 1 ਸਾਲ ਦੌਰਾਨ ਪ੍ਰਵਾਸੀ

ਹੇਗ, ਆਈਂਡਹੋਵੇਨ ਅਤੇ ਰਾਟਰਡੈਮ ਦੀਆਂ ਆਈ.ਟੀ. ਕੰਪਨੀਆਂ ਵਿੱਚ ਭਾਰਤੀਆਂ ਦੀ ਗਿਣਤੀ ਵਧੇਰੇ ਹੈ।

**ਬ੍ਰਿਟੇਨ ਤੋਂ ਬਾਅਦ ਸਭ ਤੋਂ ਜ਼ਿਆਦਾ ਭਾਰਤੀ ਨੀਦਰਲੈਂਡਸ ਵਿੱਚ**

ਯੂਰੋਪ ਵਿੱਚ ਸਭ ਤੋਂ ਜ਼ਿਆਦਾ ਭਾਰਤੀ ਬ੍ਰਿਟੇਨ ਵਿੱਚ ਹਨ। ਬ੍ਰਿਟੇਨ ਵਿੱਚ ਕਰੀਬ 18 ਲੱਖ ਭਾਰਤੀ ਹਨ। ਦੂਜੇ ਨੰਬਰ 'ਤੇ ਨੀਦਰਲੈਂਡਸ ਹੈ, ਜਿਥੇ ਕਰੀਬ ਢਾਈ ਲੱਖ ਭਾਰਤੀ ਰਹਿੰਦੇ ਹਨ। ਬ੍ਰਿਟੇਨ ਦਾ ਵੀਜ਼ਾ ਨਾ ਮਿਲਣ ਕਾਰਨ ਪ੍ਰਵਾਸੀ ਭਾਰਤੀਆਂ ਦੀ ਪਸੰਦ ਨੀਦਰਲੈਂਡਸ ਹੁੰਦਾ ਹੈ। ਯੂਰੋਪ ਦੇ ਹੋਰ ਦੇਸ਼ ਫਰਾਂਸ, ਜਰਮਨੀ ਅਤੇ ਇਟਲੀ ਵਿੱਚ ਭਾਸ਼ਾ ਦੀ ਸਮੱਸਿਆ ਦੇ ਕਾਰਨ ਭਾਰਤੀ ਨੀਦਰਲੈਂਡਸ ਦਾ ਰੁਖ ਕਰਦੇ ਹਨ।

***

## ਨੂਰਪੁਰ ਬੇਦੀ ਦੇ ਪਿੰਡਾਂ 'ਚ ਪੀਣ ਵਾਲਾ ਪਾਣੀ ਮੁੱਕਿਆ,

**ਪੰਜਾਬ ਦਾ ਰੋਗਗ੍ਰਸਤ ਸਿਹਤ ਢਾਂਚਾ**

ਪੰਜਾਬ ਦੇ ਸਰਕਾਰੀ ਸਿਹਤ ਢਾਂਚੇ ਦੀ ਜੇਕਰ ਗੱਲ ਕਰੀਏ ਤਾਂ ਇੱਥੇ ਸਿਹਤ ਕੇਂਦਰਾਂ ਦੀਆਂ ਕਈ ਤਰ੍ਹਾਂ ਦੀਆਂ ਕਿਸਮਾਂ ਹਨ। ਜਿਵੇਂ ਪਿੰਡਾਂ ਦੀਆਂ ਡਿਸਪੈਂਸਰੀਆਂ ਹਨ ਜਿਹਨਾਂ ਨੂੰ ਉੱਪ-ਸਿਹਤ ਕੇਂਦਰ ਕਿਹਾ ਜਾਂਦਾ ਹੈ। 5000 ਦੀ ਅਬਾਦੀ ਪਿੱਛੇ ਇੱਕ ਸਿਹਤ ਉੱਪ ਕੇਂਦਰ ਹੁੰਦਾ ਹੈ ਜਿਹਨਾਂ ਵਿੱਚ ਦੋ ਸਿਹਤ ਕਾਮੇ ਹੁੰਦੇ ਹਨ। ਪੰਜਾਬ 'ਚ ਇਹਨਾਂ ਦੀ ਗਿਣਤੀ 2950 ਹੈ। ਇਸਤੋਂ ਬਾਅਦ ਸਬਸਿਡਰੀ ਸਿਹਤ ਕੇਂਦਰ ਹੁੰਦੇ ਹਨ ਜਿਹਨਾਂ ਵਿੱਚ ਇੱਕ ਡਾਕਟਰ ਵੀ ਹੁੰਦਾ ਹੈ, ਪੰਜਾਬ 'ਚ ਇਹਨਾਂ ਦੀ ਗਿਣਤੀ 1336 ਹੈ। ਇਸਤੋਂ ਬਾਅਦ ਕਰੀਬ 30,000 ਪਿੱਛੇ 1 ਮੁੱਢਲਾ ਸਿਹਤ ਕੇਂਦਰ ਹੁੰਦਾ ਜਿਹਨਾਂ ਵਿੱਚ 2-3 ਡਾਕਟਰ ਹੁੰਦੇ ਹਨ ਜੋ ਕਿ ਪੰਜਾਬ ਵਿੱਚ 432 ਹਨ। ਉਸਤੋਂ ਬਾਅਦ 80,000 ਪੇਂਡੂ ਜਾਂ 1,20,000 ਸ਼ਹਿਰੀ ਅਬਾਦੀ ਪਿੱਛੇ 1 ਦੇ ਹਿਸਾਬ ਨਾਲ ਨਾਗਰਿਕ ਸਿਹਤ ਕੇਂਦਰ ਹੁੰਦੇ ਹਨ ਜਿਹਨਾਂ ਵਿੱਚ ਚਾਰ ਮਾਹਰ ਡਾਕਟਰ, 2-3 ਆਮ ਡਾਕਟਰ, ਅਪ੍ਰੇਸ਼ਨ ਥੀਏਟਰ ਤੇ ਘੱਟੋ-ਘੱਟ 25 ਬਿਸਤਰੇ ਹੁੰਦੇ ਹਨ। ਇਹਨਾਂ ਤੋਂ ਉੱਪਰ ਜ਼ਿਲ੍ਹਾ ਹਸਪਤਾਲ ਤੇ ਮੈਡੀਕਲ ਕਾਲਜ ਹੁੰਦੇ ਹਨ।

ਪਰ ਉੱਪਰ ਦਰਜ ਸਹੂਲਤਾਂ ਸਿਰਫ ਕਾਗਜ਼ਾਂ ਵਿੱਚ ਹੀ ਰਹਿ ਗਈਆਂ ਹਨ। ਇਸ ਵੇਲੇ ਪੰਜਾਬ ਦਾ ਸਿਹਤ ਢਾਂਚਾ ਆਪ ਬੁਰੀ ਤਰ੍ਹਾਂ ਬਿਮਾਰ ਹੋਇਆ ਪਿਆ ਹੈ। ਪੰਜਾਬ ਦੇ ਮੁੱਢਲੇ ਸਿਹਤ ਕੇਂਦਰਾਂ ਵਿੱਚ ਡਾਕਟਰਾਂ ਅਤੇ ਦਵਾਈਆਂ ਦੀ ਭਾਰੀ ਘਾਟ ਹੈ। ਇੱਕ ਆਰ.ਟੀ.ਆਈ. ਮੁਤਾਬਕ 150 ਤੋਂ ਵੱਧ ਮੁੱਢਲੇ ਸਿਹਤ ਕੇਂਦਰਾਂ ਵਿੱਚ ਲਗਭਗ 600 ਮਾਹਿਰ ਡਾਕਟਰ ਹੋਣੇ ਚਾਹੀਦੇ ਸਨ ਜਾਣੀ ਇੱਕ ਸਿਹਤ ਕੇਂਦਰ ਵਿੱਚ ਘੱਟੋ-ਘੱਟ 4 ਡਾਕਟਰ ਹੋਣੇ ਚਾਹੀਦੇ ਸਨ ਪਰ ਅਫਸੋਸ ਸਿਰਫ 5 ਮੁੱਢਲੇ ਸਿਹਤ ਕੇਂਦਰਾਂ ਵਿੱਚ ਹੀ ਚਾਰ-ਚਾਰ ਡਾਕਟਰ ਹਨ ਬਾਕੀ ਸਾਰੇ ਸਰਕਾਰੀ ਮੁੱਢਲੇ ਸਿਹਤ ਕੇਂਦਰਾਂ ਦਾ ਮੰਦਾ ਹਾਲ ਹੈ। ਸਰਕਾਰੀ ਸਿਹਤ ਕੇਂਦਰਾਂ ਵਿੱਚ 30 ਫੀਸਦੀ ਡਾਕਟਰ ਅਤੇ 15 ਫੀਸਦੀ ਸਿਹਤ ਅਫਸਰਾਂ ਦੀ ਘਾਟ ਹੈ। ਇਸਤੋਂ ਬਿਨਾਂ ਦਵਾਈਆਂ ਦੀ ਸਰਕਾਰੀ ਹਸਪਤਾਲਾਂ ਵਿੱਚ ਵੱਡੀ ਘਾਟ ਹੈ। ਅਕਸਰ ਡਾਕਟਰ ਪਰਚੀ 'ਤੇ ਦਵਾਈ ਲਿਖ ਕੇ ਦੇ ਦਿੰਦੇ ਹਨ ਜਿਹੜੀ ਮਰੀਜ਼ਾਂ ਨੂੰ ਬਾਹਰੋਂ ਮਹਿੰਗੇ ਮੁੱਲ ਲੈਣੀ ਪੈਂਦੀ ਹੈ। ਮਹਿੰਗੇ ਇਲਾਜ ਤੇ ਅੰਧਵਿਸ਼ਵਾਸ ਦੇ ਚਲਦਿਆਂ ਬਿਮਾਰੀਆਂ ਤੋਂ ਬਚਾਅ ਲਈ ਆਮ ਲੋਕਾਂ ਦਾ ਇੱਕ ਹਿੱਸਾ ਡੇਰਿਆਂ ਆਦਿ 'ਤੇ ਹਥੌਲਾ ਆਦਿ ਵੀ ਕਰਾਉਂਦਾ ਹੈ ਜਿਸ ਦਾ ਖਮਿਆਜ਼ਾ ਅਕਸਰ ਬਿਮਾਰੀਆਂ ਦੇ ਵਧਣ ਵਿੱਚ ਨਿੱਕਲਦਾ ਹੈ। ਕੈਂਸਰ ਦੇ ਮਰੀਜਾਂ ਲਈ ਵਿਸ਼ੇਸ਼ ਹਸਪਤਾਲਾਂ ਦੀ ਵੱਡੇ ਪੱਧਰ 'ਤੇ ਕਮੀ ਹੈ।

***

## ਕੀ ਜਥੇਦਾਰ ਅਕਾਲੀ ਸੰਕਟ

ਇਹ ਬਹੁਤ ਵੱਡਾ ਭਰਮ ਹੋਵੇਗਾ। ਅਕਾਲੀ ਲੀਡਰਸ਼ਿਪ ਦੀ ਇਹ ਇਤਿਹਾਸਕ ਅਗਨ ਪਰੀਖਿਆ ਹੈ। ਅਕਾਲੀ ਆਗੂ ਜੇ ਪਹਿਲਾਂ ਵਾਂਗ ਅਕਾਲ ਤਖ਼ਤ ਨੂੰ ਵਰਤਣਗੇ ਤਾਂ ਸਿੱਖ ਪੰਥ ਦਾ ਰੋਸ ਸਹਿਣਾ ਪਵੇਗਾ।

ਅਕਾਲੀ ਆਗੂਆਂ ਨੂੰ ਸਮਝਣਾ ਚਾਹੀਦਾ ਹੈ ਕਿ ਜੇਕਰ ਅਕਾਲ ਤਖ਼ਤ ਨੂੰ ਖ਼ਾਲਸਾ ਪੰਥ ਦੀ ਪ੍ਰਭੂਸੱਤਾ ਲਈ ਫੈਸਲੇ ਕਰੋਗੇ- ਸਿੱਖਾਂ ਪੰਥ ਤੇ ਪੰਜਾਬ ਨੂੰ ਇਕਮੁਠ ਰਖੋਗੇ ਤਾਂ ਅਕਾਲੀ ਦਲ ਦੀ ਚੜ੍ਹਦੀਕਲਾ ਹੋਵੇਗੀ। ਤਖ਼ਤੋ ਤਾਜ ਪੰਥ ਦੇ ਪੈਰਾਂ ਵਿੱਚ ਰੁਲਣਗੇ। ਸ਼ਰਤ ਨਵਾਬ ਕਪੂਰ ਸਿੰਘ ਦੀਆਂ ਪੈੜਾਂ ਵਿੱਚ ਪੈਰ ਧਰਨਾ ਪਵੇਗਾ। ਨਵਾਬੀ, ਸੱਤਾ ਜੁੱਤੀ ਦੀ ਨੋਕ ਉੱਪਰ ਰਖਣੀ ਹੋਵੇਗੀ। ਸ਼੍ਰੋਮਣੀ ਅਕਾਲੀ ਦਲ ਨੂੰ ਧਰਮ ਨਿਰਪੱਖ ਅਖੌਤੀ ਬੁੱਧੀਜੀਵੀਆਂ ਤੇ ਕਾਮਰੇਡ ਬੁੱਧੀਜੀਵੀਆਂ ਦੀ ਭੈੜੀ ਸੰਗਤ ਦਾ ਸੰਗ ਤਿਆਗ ਕੇ ਸਿੱਖ ਬੁਧੀਜੀਵੀਆਂ ਨਾਲ ਸਾਂਝ ਪਾਉਣੀ ਚਾਹੀਦੀ ਹੈ ਤਾਂ ਜੋ ਗਗਨ ਦਮਾਮਿਆਂ ਦੀ ਗੂੰਜ ਵਿੱਚ ਅਕਾਲੀ ਦਲ ਨੂੰ ਪ੍ਰਗਟ ਕੀਤਾ ਜਾ ਸਕੇ। ਯਾਦ ਰਖੋ ਨੈਰੇਟਿਵ, ਠੋਸ ਏਜੰਡਾ, ਸੰਗਠਨ, ਨੀਤੀ ਆਪਣੇ ਭਾਈਚਾਰੇ ਪ੍ਰਤੀ ਇਮਾਨਦਾਰੀ ਹੀ ਅਕਾਲੀ ਦਲ ਦੀ ਮਜਬੂਤੀ ਦਾ ਆਧਾਰ ਹੈ।

ਪ੍ਰਭੂਸੱਤਾ ਦਾ ਮਤਲਬ ਹੈ ਕਿ ਪੰਥ ਆਜ਼ਾਦ ਪ੍ਰਭੂਸੱਤਾ ਦਾ ਮਾਲਕ ਹੈ ਤੇ ਕਿਸੇ ਸੱਭਿਆਚਾਰ ਅਧੀਨ ਨਹੀਂ ਹੈ। ਗੁਰੂ ਗਰੰਥ ਸਾਹਿਬ ਹੀ ਉਸਦਾ ਸੱਚਾ ਪਾਤਸ਼ਾਹ ਹੈ। ਸੋ ਅਕਾਲੀ ਲੀਡਰਸ਼ਿਪ ਨੂੰ ਇਹ ਆਸ ਨਹੀਂ ਰੱਖਣੀ ਚਾਹੀਦੀ ਕਿ ਖ਼ਾਲਸਾ ਪੰਥ ਉਸਦੀ ਅਧੀਨਗੀ ਕਬੂਲੇਗਾ। ਜੇ ਕੋਈ ਲੀਡਰਸ਼ਿਪ ਅਜਿਹਾ ਕਰਨ ਦੀ ਕੋਸ਼ਿਸ਼ ਕਰੇਗੀ, ਖ਼ਾਲਸਾ ਪੰਥ ਦੀ ਰੂਹਾਨੀ ਸ਼ਾਨ ਨੂੰ ਚੈਲਿੰਜ ਕਰੇਗੀ ਉਸ ਦੇ ਨਤੀਜੇ ਇਹੀ ਨਿਕਲਣਗੇ ਜੋ ਅਕਾਲੀ ਸੰਕਟ ਦੇ ਨਿਕਲੇ ਹਨ। ਦੂਜਾ ਕਾਰਜ ਹੈ ਕਿ ਜੇ ਲੜ ਰਹੇ ਅਕਾਲੀ ਧੜੇ ਜਾਂ ਜੱਥੇ ਅਕਾਲ ਤਖ਼ਤ ਕੋਲ ਆਪਣਾ ਨਿਬੇੜਾ ਕਰਨ ਲਈ ਆਉਣ ਤਾਂ ਤਖ਼ਤ 'ਤੇ ਬੈਠੇ ਸੇਵਾਦਾਰ ਪੂਰੀ ਤਰ੍ਹਾਂ ਨਿਰਪੱਖ ਹੋ ਕੇ ਸਿਖ ਪੰਥ ਦੇ ਹਕ ਵਿੱਚ ਫ਼ੈਸਲਾ ਦੇਵੇ। ਸ਼੍ਰੋਮਣੀ ਅਕਾਲੀ ਦਲ ਬਚਾਉਣਾ ਅਤਿਅੰਤ ਜਰੂਰੀ ਹੈ ਜਿਸ ਦੀ ਨੀਂਹ ਸਾਡੇ ਪੁਰਖਿਆਂ ਨੇ ਰਖੀ ਸੀ। ਅਕਾਲੀ ਦਲ ਸੱਤਾ ਲਈ ਨਹੀਂ ਸਿੱਖ ਪੰਥ ਦੀ ਪਹਿਰੇਦਾਰੀ ਲਈ ਹੈ। ਪਹਿਰੇਦਾਰੀ ਵਿਚੋਂ ਸੱਤਾ ਮਿਲਣੀ ਪਾਵਨ ਹੈ ਤੇ ਇਹ ਜਿੰਮੇਵਾਰੀ ਗੁਰਮਤਿ ਆਦਰਸ਼ ਨੀਤੀ ਤਹਿਤ ਨਿਭਾਈ ਜਾਵੇ। ਅਕਾਲ ਤਖਤ ਸਾਹਿਬ ਤੇ ਬਾਕੀ ਜਥੇਦਾਰਾਂ ਦੀ ਜਿੰਮੇਵਾਰੀ ਹੈ ਕਿ ਉਹ ਸਿੱਖ ਪੰਥ ਵੱਲੋਂ ਇਤਿਹਾਸਕ ਜਿੰਮੇਵਾਰੀ ਨਿਭਾਉਣ ਜਿਸਦਾ ਪੰਥ ਮਾਣ ਕਰ ਸਕੇ।

ਕੌਣ ਕੌਣ ਸ਼ਾਮਲ ਹੋਏ

ਇਥੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਅਗਵਾਈ ਹੇਠ ਕਰੀਬ ਤਿੰਨ ਘੰਟੇ ਤੱਕ ਚੱਲੀ ਇਕੱਤਰਤਾ 'ਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਅਤੇ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰੇ ਗਿਆਨੀ ਮੰਗਲ ਸਿੰਘ ਸ਼ਾਮਿਲ ਸਨ।

***

## ਸ਼੍ਰੋਮਣੀ ਕਮੇਟੀ ਦੇ ਵਫ਼ਦ

ਖਾੜਕੂਵਾਦ ਦੌਰਾਨ 10 ਸਾਲ ਜੇਲ੍ਹ ਵਿੱਚ ਰਹੇ ਅਤੇ ਤਿੰਨ ਵਾਰ ਐੱਨ.ਐਸ.ਏ. ਦਾ ਸਾਹਮਣਾ ਕੀਤਾ। ਟਿੰਮਾ ਸ੍ਰੀ ਗੰਗਾਨਗਰ ਚੈਂਬਰ ਆਫ ਇੰਡਸਟਰੀ ਐਂਡ ਕਾਮਰਸ ਨਾਲ ਜੁੜੇ ਹੋਏ ਹਨ। ਉਹ ਹਰਬਲ ਉਤਪਾਦਾਂ ਦਾ ਕਾਰੋਬਾਰ ਚਲਾਉਂਦੇ ਹਨ।

ਕੀ ਦੋਸ਼ ਨੇ ਟਿੰਮਾ ਉੱਪਰ ?

ਸ੍ਰੀ ਗੰਗਾਨਗਰ ਦੇ ਗੁਲਾਬ ਬਾਗ ਦੇ ਵਸਨੀਕ ਲਖਵਿੰਦਰ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਹੈ ਕਿ ਟਿੰਮਾ ਨੇ 5 ਜੁਲਾਈ ਦੀ ਦੁਪਹਿਰ ਨੂੰ ਗੁਰਦੁਆਰਾ ਬਾਬਾ ਦੀਪ ਸਿੰਘ ਵਿਖੇ ਆਪਣੇ ਦਫ਼ਤਰ ਵਿੱਚ ਬੈਠ ਕੇ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਪਾਈ ਸੀ। ਟਿੰਮਾ ਖ਼ਿਲਾਫ਼ ਦਰਜ ਕੀਤੀ ਗਈ ਐੱਫ.ਆਈ.ਆਰ. ਵਿੱਚ ਇਲਜ਼ਾਮ ਲਾਇਆ ਹੈ ਕਿ ਉਨ੍ਹਾਂ ਨੇ ਭੜਕਾਊ ਦੇਸ਼ ਵਿਰੋਧੀ ਬਿਆਨ ਦਿੱਤੇ ਅਤੇ ਖ਼ਾਲਿਸਤਾਨ ਦੀ ਮੰਗ ਕਰਨ ਵਾਲਿਆਂ ਦਾ ਸਮਰਥਨ ਕੀਤਾ। ਉਨ੍ਹਾਂ ਨੇ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਤੇ ਵਾਰਿਸ ਪੰਜਾਬ ਦੇ ਮੁਖੀ ਅਤੇ ਵੱਖਵਾਦੀ ਸਿੱਖ ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਦੀ ਵਡਿਆਈ ਵਾਲੀ ਵੀਡੀਓ ਸੋਸ਼ਲ ਮੀਡੀਆ 'ਤੇ ਅਪਲੋਡ ਕੀਤੀ ਤੇ ਲੋਕਾਂ ਨੂੰ ਦੇਸ਼ ਅਤੇ ਸਰਕਾਰ ਵਿਰੁੱਧ ਭੜਕਾਇਆ।

ਇਸ ਐੱਫ਼.ਆਈ.ਆਰ. ਵਿੱਚ ਇਲਜ਼ਾਮ ਲਾਇਆ ਗਿਆ ਹੈ ਕਿ ਜੇਕਰ ਟਿੰਮਾ ਖ਼ਾਲਿਸਤਾਨ ਦੀ ਮੰਗ ਕਰਨਾ ਜਾਰੀ ਰੱਖਦੇ ਹਨ, ਤਾਂ ਜਨਤਕ ਰੋਹ ਭੜਕ ਸਕਦਾ ਹੈ ਤੇ ਨਤੀਜੇ ਵੱਜੋਂ ਕੋਈ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ। ਤੇਜਿੰਦਰਪਾਲ ਸਿੰਘ ਟਿੰਮਾ ਖ਼ਿਲਾਫ਼ ਇਹ ਇਲਜ਼ਾਮ ਵੀ ਹੈ ਕਿ ਉਨ੍ਹਾਂ ਦੇ ਖ਼ਾਲਿਸਤਾਨ ਦੀ ਮੰਗ ਕਰਨ ਵਾਲੇ ਵਿਅਕਤੀਆਂ ਨਾਲ ਸਬੰਧ ਹਨ ਅਤੇ ਉਹ ਉਨ੍ਹਾਂ ਨਾਲ ਆਪਣੀਆਂ ਫੋਟੋਆਂ ਅਤੇ ਵੀਡੀਓਜ਼ ਸ਼ੇਅਰ ਕਰਦੇ ਰਹੇ ਹਨ। ਐੱਫ਼.ਆਈ.ਆਰ. ਵਿੱਚ ਪਿਛਲੇ ਸਮੇਂ ਵਿੱਚ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਟਿੰਮਾ ਦੀ ਬਹਿਸ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਸ ਵਿੱਚ ਕਿਹਾ ਹੈ ਕਿ ਮੁਲਜ਼ਮ, ਤੇਜਿੰਦਰ ਪਾਲ ਸਿੰਘ ਟਿੰਮਾ ਨੇ ਵੀ ਸ਼੍ਰੀਗੰਗਾਨਗਰ ਦੇ ਕੁਲੈਕਟਰ ਦਫ਼ਤਰ ਵਿੱਚ ਕੁਲੈਕਟਰ ਦਾ ਅਪਮਾਨ ਕਰਨ ਲਈ ਧਮਕੀ ਭਰੀ ਭਾਸ਼ਾ ਦੀ ਵਰਤੋਂ ਕੀਤੀ ਸੀ।

ਟਿੰਮਾ 'ਤੇ ਨਵੇਂ ਅਪਰਾਧਿਕ ਕਾਨੂੰਨ ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਦੀਆਂ ਧਾਰਾਵਾਂ 152 (ਭਾਰਤ ਦੀ ਪ੍ਰਭੂਸੱਤਾ, ਏਕਤਾ ਅਤੇ ਅਖੰਡਤਾ ਨੂੰ ਖ਼ਤਰੇ ਵਿੱਚ ਪਾਉਣ ਵਾਲੀਆਂ ਕਾਰਵਾਈਆਂ) ਅਤੇ 197 (1) (ਸੀ) (ਦੋਸ਼, ਰਾਸ਼ਟਰੀ ਏਕਤਾ ਲਈ ਨੁਕਸਾਨਦੇਹ) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇਜਿੰਦਰ ਪਾਲ ਸਿੰਘ ਟਿੰਮਾ ਦੀ ਹਮਾਇਤ ਵਿੱਚ ਆਏ ਸਨ ਤੇ ਉਨ੍ਹਾਂ ਨੇ ਕਥਿਤ ਦੇਸ਼ ਧ੍ਰੋਹ ਦੀ ਐੱਫ.ਆਈ.ਆਰ. ਦਰਜ ਕਰਨ ਦੀ ਨਿਖੇਧੀ ਕੀਤੀ ਸੀ। ਤੇਜਿੰਦਰ ਪਾਲ ਸਿੰਘ ਟਿੰਮਾ ਸ੍ਰੀ ਗੰਗਾਨਗਰ ਦੇ ਗੁਰਦੁਆਰਾ ਬਾਬਾ ਦੀਪ ਸਿੰਘ ਦੇ ਪ੍ਰਧਾਨ ਹਨ।

ਦੂਜੇ ਪਾਸੇ ਟਿੰਮਾ ਨੇ ਇਲਜ਼ਾਮ ਲਾਇਆ ਕਿ ਉਨ੍ਹਾਂ ਖ਼ਿਲਾਫ਼ ਐੱਫ਼.ਆਈ.ਆਰ. ਉਨ੍ਹਾਂ ਦੇ ਵਿਰੋਧੀ ਲਖਵਿੰਦਰ ਸਿੰਘ ਦੀ ਸ਼ਿਕਾਇਤ 'ਤੇ ਆਧਾਰਤ ਹੈ, ਜਿਸ ਨੂੰ ਅਕਾਲ ਤਖ਼ਤ ਵੱਲੋਂ ਧਰਮ ਤੋਂ ਛੇਕਿਆ ਜਾ ਚੁੱਕਾ ਹੈ। ਉਨ੍ਹਾਂ ਨੇ ਇਹ ਵੀ ਦਾਅਵਾ ਕੀਤਾ ਕਿ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਰਾਜਸਥਾਨ ਵਿੱਚ ਸਿੱਖ ਅਧਿਕਾਰਾਂ 'ਤੇ ਕੇਂਦਰਿਤ ਉਨ੍ਹਾਂ ਦੀ ਸਰਗਰਮੀ ਨੂੰ ਸਹਾਰਦਾ ਨਹੀਂ ਹੈ।

***

## ਰਾਜਪਾਲ ਹੀ ਰਹੇਗਾ ਪੰਜਾਬ ਦੀਆਂ

'ਪੰਜਾਬ ਯੂਨੀਵਰਸਿਟੀ ਲਾਅਜ਼ (ਸੋਧ) ਬਿੱਲ 2023' ਵਾਪਸ ਹੁਣ ਉਚੇਰੀ ਸਿੱਖਿਆ ਵਿਭਾਗ ਕੋਲ ਆ ਗਿਆ ਹੈ ਅਤੇ ਇਸ ਬਿੱਲ ਨੂੰ ਪ੍ਰਵਾਨਗੀ ਮਿਲਣ ਨਾਲ ਰਾਜਪਾਲ ਦੀਆਂ ਤਾਕਤਾਂ 'ਚ ਕਟੌਤੀ ਹੋਣੀ ਸੀ। ਉਚੇਰੀ ਸਿੱਖਿਆ ਵਿਭਾਗ ਦੇ ਅਧਿਕਾਰਤ ਸੂਤਰਾਂ ਮੁਤਾਬਕ ਰਾਸ਼ਟਰਪਤੀ ਨੇ ਬਿੱਲ 'ਚ ਕੀਤੀਆਂ ਸੋਧਾਂ ਨੂੰ ਮਨਜ਼ੂਰੀ ਨਹੀਂ ਦਿੱਤੀ ਹੈ। ਰਾਸ਼ਟਰਪਤੀ ਵੱਲੋਂ ਮਨਜ਼ੂਰੀ ਨਾ ਮਿਲਣ ਮਗਰੋਂ ਹੁਣ ਰਾਜ ਸੰਚਾਲਿਤ ਯੂਨੀਵਰਸਿਟੀਆਂ ਦੇ ਚਾਂਸਲਰ ਰਾਜਪਾਲ ਹੀ ਬਣੇ ਰਹਿਣਗੇ। ਦੱਸਣਯੋਗ ਹੈ ਕਿ ਇਹ ਬਿੱਲ ਕਾਫ਼ੀ ਸਮਾਂ ਤਾਂ ਪੈਂਡਿੰਗ ਹੀ ਪਏ ਰਹੇ ਸਨ ਕਿਉਂਕਿ ਰਾਜਪਾਲ ਨੇ ਜੂਨ 2023 ਦੇ ਸੈਸ਼ਨ ਨੂੰ ਗ਼ੈਰਕਾਨੂੰਨੀ ਐਲਾਨ ਦਿੱਤਾ ਸੀ। ਸੁਪਰੀਮ ਕੋਰਟ ਨੇ ਮਗਰੋਂ ਜੂਨ 2023 ਦੇ ਸੈਸ਼ਨ ਨੂੰ ਸੰਵਿਧਾਨਿਕ ਤੌਰ 'ਤੇ ਜਾਇਜ਼ ਕਰਾਰ ਦਿੰਦਿਆਂ ਰਾਜਪਾਲ ਨੂੰ ਇਸ ਸੈਸ਼ਨ ਵਿੱਚ ਪਾਸ ਬਿੱਲਾਂ 'ਤੇ ਫ਼ੈਸਲਾ ਲੈਣ ਲਈ ਕਿਹਾ ਸੀ। ਉਪਰੰਤ ਰਾਜਪਾਲ ਨੇ 'ਪੰਜਾਬ ਐਫੀਲੀਏਟਿਡ ਕਾਲਜ (ਸੇਵਾ ਦੀ ਸੁਰੱਖਿਆ) ਸੋਧ ਬਿੱਲ' ਨੂੰ ਮਨਜ਼ੂਰੀ ਦੇ ਦਿੱਤੀ ਸੀ।

**ਚਾਰ ਹੋਰ ਰਾਜਾਂ ਵੱਲੋਂ ਪਾਸ ਅਜਿਹੇ ਬਿੱਲ ਵੀ ਨਹੀਂ ਲੱਗੇ ਕਿਸੇ ਤਣ-ਪੱਤਣ**

ਪੰਜਾਬ ਤੋਂ ਪਹਿਲਾਂ ਪੱਛਮੀ ਬੰਗਾਲ, ਕੇਰਲ, ਰਾਜਸਥਾਨ, ਮਹਾਰਾਸ਼ਟਰ ਅਤੇ ਤਾਮਿਲਨਾਡੂ ਦੀਆਂ ਸਰਕਾਰਾਂ ਵੱਲੋਂ ਵੀ ਆਪੋ-ਆਪਣੇ ਸੂਬੇ ਦੀਆਂ ਸਰਕਾਰੀ ਯੂਨੀਵਰਸਿਟੀਆਂ ਸਬੰਧੀ ਅਜਿਹੇ ਹੀ ਬਿੱਲ ਪਾਸ ਕੀਤੇ ਗਏ ਸਨ। ਇਨ੍ਹਾਂ ਬਾਕੀ ਸੂਬਿਆਂ ਦੇ ਅਜਿਹੇ ਬਿੱਲ ਵੀ ਕਿਸੇ ਤਣ-ਪੱਤਣ ਨਹੀਂ ਲੱਗੇ। ਪੰਜਾਬ ਸਰਕਾਰ ਨੇ ਇਹ ਬਿੱਲ ਪੰਜਾਬ ਵਿਧਾਨ ਸਭਾ 'ਚ ਲਿਆਉਣ ਦਾ ਫ਼ੈਸਲਾ ਉਦੋਂ ਲਿਆ ਸੀ ਜਦੋਂ ਰਾਜਪਾਲ ਨੇ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਦਾ ਉਪ ਕੁਲਪਤੀ ਨਿਯੁਕਤ ਕਰਨ ਵਿੱਚ ਅੜਿੱਕਾ ਖੜ੍ਹਾ ਕਰ ਦਿੱਤਾ ਸੀ।

***

## ਅਮਰੀਕਾ 'ਚ ਹਰਮੀਤ ਢਿੱਲੋਂ ਵੱਲੋਂ ਰਿਪਬਲਿਕਨ

ਜਿੱਥੇ ਸਾਰੇ ਲੋਕ ਆਪਣੇ ਵਿਸ਼ਵਾਸ ਅਨੁਸਾਰ ਪੂਜਾ/ਅਰਦਾਸ ਕਰਨ ਲਈ ਸੁਤੰਤਰ ਹਾਂ। ਅਸੀਂ ਆਪਣੇ ਲਈ ਤੁਹਾਡੇ ਆਸ਼ੀਰਵਾਦ ਅਤੇ ਮਾਰਗਦਰਸ਼ਨ ਦੀ ਆਸ ਰੱਖਦੇ ਹਾਂ। ਕਿਰਪਾ ਕਰ ਕੇ ਲੋਕਾਂ ਨੂੰ ਆਉਣ ਵਾਲੀਆਂ ਚੋਣਾਂ ਦੇ ਮਤਦਾਨ ਕਰਦੇ ਸਮੇਂ ਬੁੱਧੀ ਬਖ਼ਸ਼ੋ ਅਤੇ ਨਿਮਰਤਾ, ਇਮਾਨਦਾਰੀ, ਹੁਨਰ ਅਤੇ ਇਮਾਨਦਾਰੀ ਨਾਲ ਚੋਣਾਂ ਕਰਵਾਉਣ ਵਾਲੇ ਸਾਰੇ ਲੋਕਾਂ ਨੂੰ ਆਸ਼ੀਰਵਾਦ ਦਿਓ।

55 ਸਾਲਾ ਹਰਮੀਤ ਢਿੱਲੋਂ ਦਾ ਜਨਮ ਚੰਡੀਗੜ੍ਹ ਦੇ ਇੱਕ ਸਿੱਖ ਪਰਿਵਾਰ ਵਿੱਚ ਹੋਇਆ ਸੀ ਅਤੇ ਅਮਰੀਕਾ ਵਿੱਚ ਸੈਟਲ ਹੋ ਗਈ ਸੀ। ਉਸ ਕੋਲ ਬੌਧਿਕ ਸੰਪੱਤੀ, ਨਾਗਰਿਕ ਅਧਿਕਾਰ, ਰੁਜ਼ਗਾਰ ਭੇਦਭਾਵ ਅਤੇ ਹੋਰ ਮਾਮਲਿਆਂ ਵਿੱਚ ਵਿਆਪਕ ਤਜਰਬਾ ਹੈ ਤੇ ਉਸਦੀ ਆਪਣੀ ਲਾਅ ਫਰਮ ਹੈ। ਉਹ ਕਦੇ ਟਰੰਪ ਦੀ ਅਟਾਰਨੀ ਅਤੇ ਵੂਮੈਨ ਫਾਰ ਟਰੰਪ ਸੰਗਠਨ ਦੀ ਸਹਿ-ਚੇਅਰ ਸੀ।

***

## ਸ਼ਿਵ ਸੈਨਾ ਟਕਸਾਲੀ ਦੇ ਆਗੂ ਸੁਧੀਰ ਸੂਰੀ

ਡਰਾ ਧਮਕਾ ਕੇ ਚਾਰ ਲੈਪਟਾਪ ਤੇ 20 ਕੀਮਤੀ ਮੋਬਾਈਲ ਫੋਨ, ਡੀ. ਵੀ. ਆਰ. ਵੀ ਜਬਰਨ ਲੈ ਗਏ ਸਨ ਤੇ ਆਪਣੇ ਦਫਤਰ 'ਚ ਸੱਦ ਕੇ ਉਸ ਪਾਸੋਂ 6 ਲੱਖ ਦੀ ਫਿਰੌਤੀ ਵਸੂਲ ਕੀਤੀ ਸੀ ਤੇ 15 ਲੱਖ ਵਸੂਲ ਕਰਨ ਲਈ ਡਰਾਇਆ ਧਮਕਾਇਆ। ਸੀ. ਪੀ. ਸ: ਢਿੱਲੋਂ ਨੇ ਪੁਲਿਸ ਗੰਨਮੈਨ ਲੈ ਕੇ ਫਿਰੌਤੀਆਂ ਵਸੂਲਣ ਕਾਰਨ ਪੁਲਿਸ ਦੇ ਕਟਿਹਰੇ 'ਚ ਆਉਣ ਤੋਂ ਬਚਾਅ ਕਰਦਿਆਂ ਕਿਹਾ ਕਿ ਇਹ ਪਤਾ ਲੱਗਾ ਕਿ ਦੋਵਾਂ ਆਗੂਆਂ ਨੂੰ ਗੰਨਮੈਨਾਂ ਨੇ ਵਰਜਿਆ ਵੀ ਸੀ ਕਿ ਉਹ ਕਾਨੂੰਨ ਨੂੰ ਆਪਣੇ ਹੱਥ 'ਚ ਨਾ ਲੈਣ ਪਰ ਇਨ੍ਹਾਂ ਨੇ ਸੁਰੱਖਿਆ ਕਰਮਚਾਰੀਆਂ ਦੀ ਗਲ ਨਹੀਂ ਮੰਨੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਹੋਰ ਵਿਅਕਤੀਆਂ ਖ਼ਿਲਾਫ਼ ਵੀ ਕਾਰਵਾਈ ਕੀਤੀ ਜਾ ਰਹੀ ਹੈ ।

ਇਥੇ ਜਿਕਰਯੋਗ ਹੈ ਕਿ ਇਹ ਦੋਵੇ ਗਾਹੇ ਬਗਾਹੇ ਸਿੱਖ ਭਾਈਚਾਰੇ ਵਿਰੁੱਧ ਨਫਰਤ ਫੈਲਾਉਂਦੇ ਰਹੇ ਹਨ।

***

## ਗਦਰੀ ਬਾਬਿਆਂ ਨੂੰ ਸਮਰਪਿਤ ਇੰਡੋ

ਪ੍ਰਿੰਸੀਪਲ ਦਲਜੀਤ ਸਿੰਘ ਨੇ ਕਿਹਾ ਕਿ ਪੰਜਾਬੀ ਬੋਲੀ ਨਹੀ ਮਰਦੀ, ਪਰ ਪੰਜਾਬੀ ਮਰ ਰਿਹਾ। ਡਾ. ਅਰਜਨ ਸਿੰਘ ਜੋਸ਼ਨ ਨੇ ਰਣਜੀਤ ਗਿੱਲ ਦੇ ਕਾਵਿ ਸੰਗ੍ਰਹਿ 'ਮਿੱਟੀ ਦਾ ਮੋਹ' ਸਬੰਧੀ ਬੋਲਦਿਆਂ ਕਿਹਾ ਕਿ ਸ਼ਾਇਰ ਰਣਜੀਤ ਗਿੱਲ ਪੁਰਾਤਨ ਤੇ ਅਜੋਕੀ ਸ਼ਾਇਰੀ ਦਾ ਐਸਾ ਸ਼ਾਇਰ ਹੈ, ਜਿਸ ਦੀਆਂ ਕਵਿਤਾਵਾਂ ਵਿੱਚੋਂ ਇਨਕਲਾਬੀ ਅਤੇ ਮਿੱਟੀ ਪ੍ਰਤੀ ਮੋਹ ਡੁੱਲ ਡੁੱਲ ਪੈਂਦਾ ਹੈ। ਸੰਸਥਾ ਦੇ ਸੈਕਟਰੀ ਹੈਰੀ ਮਾਨ ਨੇ ਸੰਖੇਪ ਵਿੱਚ ਦੋਵੇਂ ਕਿਤਾਬਾਂ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਸਾਧੂ ਸਿੰਘ ਸੰਘਾ ਅਤੇ ਸ਼ਾਇਰ ਰਣਜੀਤ ਗਿੱਲ ਨੇ ਵੀ ਆਪਣੇ ਬੋਲ੍ਹਾ ਨਾਲ ਹਾਜ਼ਰੀਨ ਨੂੰ ਕੀਲਿਆ। ਸ਼੍ਰੋਮਣੀ ਕਮੇਟੀ ਮੈਂਬਰ ਸ. ਜੁਗਰਾਜ ਸਿੰਘ ਦੌਧਰ ਨੇ ਮਾਂ ਬੋਲੀ ਵਿੱਚ ਘੁਸੇੜੇ ਜਾ ਰਹੇ ਹਿੰਦੀ ਭਾਸ਼ਾ ਦੇ ਸ਼ਬਦਾਂ 'ਤੇ ਚਿੰਤਾ ਜ਼ਾਹਰ ਕੀਤੀ।

ਮਹਿੰਦਰ ਸਿੰਘ ਸੰਧਾਵਾਲੀਆ ਅਤੇ ਸੁਰਿੰਦਰ ਮੰਡਾਲੀ ਨੇ ਪੰਜਾਬੀ ਮਾਂ ਬੋਲੀ ਵਿੱਚ ਆ ਰਹੇ ਨਿਘਾਰ ਅਤੇ ਇਸ ਦੇ ਪ੍ਰਸਾਰ ਸਬੰਧੀ ਲੇਖਾ ਜੋਖਾ ਕੀਤਾ। ਹੋਰ ਬੁਲਾਰਿਆ ਵਿੱਚ ਸਕੂਲ ਟਰੱਸਟੀ ਨੈਂਨਦੀਪ ਸਿੰਘ ਚੰਨ, ਪ੍ਰੋ. ਗੁਰਮਿੰਦਰ ਸਿੰਘ ਸੰਘਾ, ਰਜਿੰਦਰ ਸਿੰਘ ਆਦਿ ਨੇ ਆਪਣੇ ਵਿਚਾਰ ਰੱਖੇ। ਦੋਵੇਂ ਪੁਸਤਕਾਂ ਵਿਸ਼ਵ ਪੰਜਾਬੀ ਸਹਿਤ ਅਕਾਦਮੀ ਵੱਲੋਂ ਪਰਲੀਜ਼ ਕੀਤੀਆਂ ਗਈਆਂ। ਇਸ ਮੌਕੇ ਇੰਡੋ ਯੂ. ਐਸ. ਹੈਰੀਟੇਜ ਫਰਿਜਨੋ ਦੇ ਸਮੂਹ ਮੈਂਬਰ ਮੌਜੂਦ ਰਹੇ। ਇਸ ਮੌਕੇ ਪੰਜਾਬੀ ਭਾਈਚਾਰੇ ਦੀਆਂ ਸਿਰਕੱਢ ਸਖ਼ਸ਼ੀਅਤਾਂ ਪ੍ਰੋ. ਗੁਰਮਿੰਦਰ ਸਿੰਘ ਸੰਘਾ, ਨੈਂਨਦੀਪ ਸਿੰਘ ਚੰਨ ਅਤੇ ਸ਼ਾਇਰ ਹਰਜਿੰਦਰ ਕੰਗ ਨੂੰ ਉਹਨਾਂ ਦੀਆਂ ਸੇਵਾਵਾਂ ਬਦਲੇ ਸੰਸਥਾ ਵੱਲੋਂ ਸਨਮਾਨ ਚਿੰਨ ਦੇਕੇ ਸਨਮਾਨਿਆ ਗਿਆ।

ਕਵੀ ਦਰਬਾਰ ਦੀ ਸ਼ੁਰੂਆਤ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਨੇ ਪੰਜਾਬੀ ਮਾਂ ਬੋਲੀ ਨੂੰ ਸਮੱਰਪਿਤ ਸ਼ੇਅਰਾਂ ਨਾਲ ਕੀਤੀ। ਸ਼ਾਇਰ ਸੁੱਖੀ ਧਾਲੀਵਾਲ ਨੇ ਆਪਣੇ ਸ਼ੇਅਰਾਂ ਅਤੇ ਕਵਿਤਾਵਾਂ ਨਾਲ ਹਾਜ਼ਰੀ ਭਰੀ। ਕੁੰਦਨ ਸਿੰਘ ਧਾਮੀ ਨੇ ਹਾਸਰਸ ਕਵਿਤਾ ਪੜੀ। ਸਾਧੂ ਸਿੰਘ ਸੰਘਾ ਨੇ ਇਨਕਲਾਬੀ ਕਵਿਤਾ ਅਜ਼ਾਦੀ ਪੜਕੇ ਵਾਹ ਵਾਹ ਖੱਟੀ। ਉਪਰੰਤ ਗਾਇਕੀ ਦੇ ਦੌਰ ਵਿੱਚ ਗਾਇਕ ਜੀ. ਐਸ. ਪੀਟਰ, ਪੱਪੀ ਭਦੌੜ, ਕਮਲਜੀਤ ਬੈਨੀਪਾਲ, ਅਤੇ ਗੁਰਦੀਪ ਕੁੱਸਾ ਨੇ ਆਪਣੇ ਗੀਤ ਪੇਸ਼ ਕੀਤੇ।

## ਹਰੀਆਂ ਚੂੜੀਆਂ

ਤੁਸੀਂ ਉਹ ਕੰਮ ਕੀਤਾ ਜੋ ਇੱਕ ਮਾਂ ਕਰਦੀ ਹੈ। ਤੁਸੀਂ ਮੇਰੀ ਮਾਂ ਹੋ।" ਤੇ ਗਲੇ ਲੱਗ ਕੇ ਬਹੁਤ ਰੋਈ। ਉਨ੍ਹਾਂ ਨੇ ਪਿਆਰ ਕੀਤਾ ਤੇ ਕਿਹਾ, "ਅੱਜ ਮੇਰਾ ਵੀ ਮਨ ਹਲਕਾ ਹੋ ਗਿਆ ਹੈ।" ਕੁੜੀਆਂ ਵੱਡੀਆਂ ਹੋਣ ਲੱਗੀਆਂ। ਮੈਂ ਵੀ ਵਿਆਹ ਕੇ ਦੂਜੇ ਸ਼ਹਿਰ ਚਲੀ ਗਈ। ਮੇਰੇ ਮਾਤਾ ਜੀ ਵੀ ਬਜ਼ੁਰਗ ਹੋ ਗਏ ਸਨ। ਮੇਰੇ ਭਰਾ ਨੇ ਨਵੀਂ ਬਣੀ ਕਲੋਨੀ ਵਿੱਚ ਕੋਠੀ ਬਣਾ ਲਈ ਸੀ। ਹੁਣ ਮੇਰਾ ਵੀ ਮਿਲਣਾ ਘੱਟ ਹੋ ਗਿਆ। ਦੋਵੇਂ ਕੁੜੀਆਂ ਵਿੱਚ ਬਹੁਤਾ ਫ਼ਰਕ ਨਹੀਂ ਸੀ। ਪੜ੍ਹਾਈ ਵਿੱਚ ਵੀ ਬਹੁਤ ਹੁਸ਼ਿਆਰ ਸਨ। ਪੜ੍ਹਲਿਖ ਕੇ ਦੋਨੋਂ ਕੁੜੀਆਂ ਨੌਕਰੀ ਲੱਗ ਗਈਆਂ। ਇੱਕ ਬੈਂਕ ਵਿੱਚ ਤੇ ਇੱਕ ਅਧਿਆਪਕ ਬਣ ਗਈ। ਪਿਤਾ ਨੇ ਦੋਵੇਂ ਕੁੜੀਆਂ ਦਾ ਵਿਆਹ ਕਰ ਦਿੱਤਾ। ਸਮਾਂ ਆਪਣੀ ਚਾਲੇ ਚੱਲ ਰਿਹਾ ਸੀ। ਪੰਮੀ ਵੀ ਸੇਵਾਮੁਕਤ ਹੋ ਗਏ। ਇੱਕ ਦਿਨ ਮੈਂ ਪੇਕੇ ਗਈ ਤਾਂ ਮਾਤਾ ਜੀ ਨੇ ਦੱਸਿਆ ਕਿ ਪੰਮੀ ਆਈ ਸੀ, ਉਸ ਨੂੰ ਪਹਿਲੀ ਵਾਰ ਹਰੀਆਂ ਕੱਚ ਦੀਆਂ ਚੂੜੀਆਂ ਪਾਈਆਂ ਦੇਖੀਆਂ ਤੇ ਉਸ ਨੂੰ ਪੁੱਛਿਆ ਕਿ ਬਹੁਤ ਸੋਹਣੀਆਂ ਚੂੜੀਆਂ ਪਾਈਆਂ ਹੋਈਆਂ ਹਨ। ਉਸ ਨੇ ਦੱਸਿਆ, "ਮੈਨੂੰ ਹਰੀਆਂ ਚੂੜੀਆਂ ਬਹੁਤ ਪਸੰਦ ਸਨ। ਅੱਜ ਮੈਂ ਆਪਣੇ ਪਤੀ ਨੂੰ ਕਿਹਾ ਕਿ ਮੈਂ ਹਰੀਆਂ ਚੂੜੀਆਂ ਚੜ੍ਹਵਾਉਣੀਆਂ ਹਨ ਮੇਰੇ ਨਾਲ ਚੱਲੋ। ਮੈਂ ਉਨ੍ਹਾਂ ਨਾਲ ਜਾ ਕੇ ਚੂੜੀਆਂ ਪੁਆ ਕੇ ਆਈ ਹਾਂ ਤੇ ਤੁਹਾਨੂੰ ਦਿਖਾਉਣ ਆਈ ਹਾਂ।" ਮਾਤਾ ਜੀ ਨੇ ਮੈਨੂੰ ਕਿਹਾ, "ਮੈਂ ਪੰਮੀ ਦੇ ਚਿਹਰੇ 'ਤੇ ਇੱਕ ਅਨੋਖੀ ਚਮਕ ਦੇਖੀ ਜਿਸ ਨੂੰ ਦੇਖ ਕੇ ਮੈਨੂੰ ਅਹਿਸਾਸ ਹੋਇਆ ਕਿ ਸਮੇਂ ਦੇ ਨਾਲ ਉਹ ਪੁਰਾਣੀਆਂ ਯਾਦਾਂ ਵਿੱਚੋਂ ਨਿਕਲ ਕੇ ਅੱਗੇ ਵਧ ਚੁੱਕੀ ਹੈ।"

***

## ਪੰਜਾਬ ਸਰਕਾਰ ਦਾ ਮੁਲਾਜ਼ਮਾਂ

ਪੈਦਾ ਕੀਤਾ ਜਾਂਦਾ ਅਤੇ ਫਿਰ ਉਨ੍ਹਾਂ ਨੂੰ ਜਵਾਬਦੇਹ ਬਣਾਇਆ ਜਾਂਦਾ, ਪਰ ਹੋਇਆ ਇਸ ਦੇ ਉਲਟ ਕਿ ਸਰਕਾਰ ਬਣਦੇ ਸਾਰ ਮੰਤਰੀਆਂ ਅਤੇ ਵਿਧਾਇਕਾਂ (ਐਮ.ਐਲ.ਏਜ਼) ਨੇ ਬਿਨਾਂ ਕੋਈ ਸਹੂਲਤਾਂ ਪ੍ਰਦਾਨ ਕਰਨ ਦੇ ਇਨ੍ਹਾਂ ਅਦਾਰਿਆਂ ਅਤੇ ਮੁਲਾਜ਼ਮਾਂ ਦੀ ਚੈਕਿੰਗ ਅਤੇ ਛਾਪੇਮਾਰੀ ਸ਼ੁਰੂ ਕਰ ਦਿੱਤੀ ਅਤੇ ਬਹੁਤ ਥਾਵਾਂ 'ਤੇ ਅਣਸੁਖਾਵੇਂ ਹਾਲਾਤ ਵੀ ਪੈਦਾ ਹੋਏ। ਸਮੇਂ ਦੀ ਨਜ਼ਾਕਤ ਅਤੇ ਮਸਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਆਮ ਆਦਮੀ ਪਾਰਟੀ ਦੀ ਉਚੇਰੀ ਲੀਡਰਸ਼ਿਪ ਨੇ ਸਮੇਂ ਸਿਰ ਦਖ਼ਲ ਦੇ ਕੇ ਛਾਪੇਮਾਰੀ ਬੰਦ ਕਰਵਾਈ। ਇੱਥੇ ਇਹ ਦੱਸਣਾ ਬਣਦਾ ਹੈ ਕਿ ਹੁਣ ਤੱਕ ਮੌਜੂਦਾ ਪੰਜਾਬ ਸਰਕਾਰ ਦਾ ਮੁਲਾਜ਼ਮਾਂ ਅਤੇ ਉਨ੍ਹਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਪ੍ਰਤੀ ਵਿਵਹਾਰ, ਕਾਰਵਾਈਆਂ ਅਤੇ ਨੀਤੀਆਂ ਲਗਭਗ ਪਿਛਲੀਆਂ ਸਰਕਾਰਾਂ ਵਾਲੀਆਂ ਹੀ ਨਹੀਂ, ਸਗੋਂ ਉਨ੍ਹਾਂ ਤੋਂ ਵੀ ਵਧੇਰੇ ਮੁਲਾਜ਼ਮ ਵਿਰੋਧੀ ਹਨ; ਕਿਉਂਕਿ ਕੁਝ ਵਰਤਾਰੇ, ਸਰਕਾਰ ਦਾ ਵਤੀਰਾ (ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਜਥੇਬੰਦੀਆਂ ਨਾਲ ਗੱਲਬਾਤ ਨਾ ਕਰਨਾ) ਅਤੇ ਪਹੁੰਚ, ਇਸ ਵੱਲ ਸਪੱਸ਼ਟ ਇਸ਼ਾਰਾ ਕਰਦੇ ਹਨ, ਭਾਵੇਂ ਟੈਲੀਵਿਜ਼ਨ ਮੀਡੀਆ 'ਚ ਜ਼ਬਰਦਸਤ ਪ੍ਰਾਪੇਗੰਡੇ ਰਾਹੀਂ ਕਿਹਾ ਕੁਝ ਵੀ ਜਾ ਰਿਹਾ ਹੋਵੇ। ਹੁਣ ਵੀ ਮੁਲਾਜ਼ਮਾਂ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਵਲੋਂ ਆਪਣੀਆਂ ਮੰਗਾਂ ਦੀ ਪੂਰਤੀ ਲਈ ਪੰਜਾਬ 'ਚ ਧਰਨੇ, ਮੁਜ਼ਾਹਰੇ ਅਤੇ ਜਦੋਜਹਿਦਾਂ ਜਾਰੀ ਹਨ, ਭਾਵੇਂ ਸ਼ਹਿਰ ਬਦਲ ਗਏ ਹਨ।

ਇੱਥੇ ਮੁਲਾਜ਼ਮਾਂ ਦੇ ਕੁਝ ਵਿਚਾਰਨਯੋਗ ਮੁੱਦਿਆਂ 'ਤੇ ਚਰਚਾ ਕਰਦੇ ਹਾਂ-ਸਭ ਤੋਂ ਪਹਿਲਾਂ, 15 ਜਨਵਰੀ, 2015 ਨੂੰ ਜਾਰੀ ਪੱਤਰ, ਜਿਸ ਨੂੰ ਮਾਣਯੋਗ ਹਾਈ ਕੋਰਟ ਨੇ ਕਿਸੇ ਕੇਸ 'ਚ ਖਾਰਜ ਕਰ ਦਿੱਤਾ ਹੈ ਪਰ ਸਰਕਾਰ ਨੇ ਆਪਣੇ ਚੋਣ ਵਾਅਦੇ ਮੁਤਾਬਿਕ ਇਸ ਨੂੰ ਖ਼ਤਮ ਨਹੀਂ ਕੀਤਾ, ਸਗੋਂ ਹੁਣ ਵੀ ਮੁਲਾਜ਼ਮ ਇਸ ਦੀਆਂ ਸ਼ਰਤਾਂ ਹੇਠ ਨੌਕਰੀਆਂ ਕਰ ਰਹੇ ਹਨ। ਦੋ ਸਾਲ ਬੀਤ ਜਾਣ ਤੋਂ ਬਾਅਦ ਵੀ ਸਰਕਾਰ ਨੇ ਵਾਅਦੇ ਮੁਤਾਬਿਕ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਨਹੀਂ ਕੀਤੀ ਅਤੇ ਇਸ ਮਸਲੇ 'ਤੇ ਟਾਲ-ਮਟੋਲ ਦੀ ਨੀਤੀ ਹੀ ਅਪਣਾ ਰੱਖੀ ਹੈ। ਦੂਜਾ, ਸਰਕਾਰ ਦੁਆਰਾ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਤਰੀਕਾ ਵੀ ਚੋਣ ਵਾਅਦਿਆਂ ਨਾਲ ਮੇਲ ਨਹੀਂ ਖਾਂਦਾ, ਕਿਉਂਕਿ ਸਰਕਾਰ ਠੇਕੇ 'ਤੇ ਰੱਖੇ ਮੁਲਾਜ਼ਮਾਂ ਨੂੰ ਬਿਨਾਂ ਕਿਸੇ ਤਨਖ਼ਾਹ ਸਕੇਲ ਅਤੇ ਹੋਰ ਸਹੂਲਤਾਂ ਤੋਂ, ਕੇਵਲ ਕੁਝ ਤਨਖ਼ਾਹ ਵਧਾ ਕੇ ਅਤੇ ਨਾਲ ਕੁਝ ਪ੍ਰਤੀਸ਼ਤ ਸਾਲਾਨਾ ਵਿੱਤੀ ਵਾਧਾ ਦੇ ਕੇ ਪੱਕੀਆਂ ਨੌਕਰੀਆਂ ਗ਼ਰਦਾਨ ਰਹੀ ਹੈ। ਇਹ ਗੁੰਮਰਾਹਕੁਨ ਤਾਂ ਹੈ ਹੀ, ਨਾਲ ਹੀ ਇਹ ਸਰਕਾਰੀ ਨੌਕਰੀਆਂ ਦੇ ਭਵਿੱਖ ਲਈ ਬਹੁਤ ਹੀ ਖ਼ਤਰਨਾਕ ਅਤੇ ਮਾਰੂ ਨੀਤੀਆਂ ਵਾਲਾ ਫ਼ੈਸਲਾ ਸਾਬਤ ਹੋਵੇਗਾ; ਕਿਉਂਕਿ ਇਸ ਤਰ੍ਹਾਂ ਦਾ ਵਰਤਾਰਾ ਗ਼ਲਤ ਪਿਰਤਾਂ ਪਾਵੇਗਾ। ਸਰਕਾਰ ਦਾ ਇਹ ਫ਼ੈਸਲਾ ਪੰਜਾਬੀ ਦੀ ਇੱਕ ਕਹਾਵਤ ਕਿ ਗੱਲ 'ਸਹੇ ਦੀ ਨਹੀਂ ਪਹੇ ਦੀ ਹੈ' ਵਾਂਗ ਸਾਬਤ ਹੋਵੇਗਾ; ਕਿਉਂਕਿ ਆਉਣ ਵਾਲੀਆਂ ਸਰਕਾਰਾਂ ਵੀ ਇਸੇ ਰਾਹ ਤੁਰਨਗੀਆ। ਅਗਲਾ, ਸਰਕਾਰ ਭੱਤਿਆਂ ਨੂੰ ਤਰਕਸੰਗਤ ਬਣਾਉਣ ਦੇ ਬਹਾਨੇ ਭੱਤਿਆਂ 'ਚ ਕਟੌਤੀਆਂ ਕਰਨ ਦੀ ਮਨਸ਼ਾ ਨਾਲ ਕੰਮ ਕਰ ਰਹੀ ਹੈ। ਹੁਣ ਤੱਕ ਇਹ ਸਰਕਾਰ ਵੀ ਪਿਛਲੀਆਂ ਸਰਕਾਰਾਂ ਦੀ ਤਰਜ਼ 'ਤੇ ਡੀ.ਏ. ਦੀਆਂ ਕਿਸ਼ਤਾਂ ਸਮੇਂ ਸਿਰ ਜਾਰੀ ਕਰਨ 'ਚ ਨਾਕਾਮ ਰਹੀ ਹੈ। ਇਵੇਂ ਹੀ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਵੀ ਸਹੀ ਢੰਗ ਨਾਲ ਲਾਗੂ ਨਹੀਂ ਕੀਤਾ ਗਿਆ ਅਤੇ 6 ਸਾਲਾਂ ਦਾ ਸਮਾਂ ਲੰਘ ਜਾਣ ਦੇ ਬਾਵਜੂਦ ਤਨਖ਼ਾਹਾਂ ਦੇ ਬਕਾਏ ਵੀ ਨਹੀਂ ਦਿੱਤੇ ਗਏ। ਪਿਛਲੇ ਸਮੇਂ 'ਚ ਇੱਕ ਖ਼ਾਸ ਵਰਗ ਦੇ ਮੁਲਾਜ਼ਮਾਂ ਨੂੰ ਸਭ ਤੋਂ ਵੱਧ ਰਿਸ਼ਵਤਖੋਰ ਕਿਹਾ ਗਿਆ ਅਤੇ ਇਸ ਵਰਗ ਦੇ ਕੇਡਰ ਨੂੰ ਜ਼ਿਲ੍ਹੇ ਤੋਂ ਬਦਲ ਕੇ ਸੂਬੇ ਦਾ ਕੇਡਰ ਬਣਾ ਦਿੱਤਾ ਗਿਆ ਤਾਂ ਕਿ ਇਸ ਵਰਗ ਦੇ ਮੁਲਾਜ਼ਮਾਂ ਦੀਆਂ ਬਦਲੀਆਂ ਦੂਰ-ਦੁਰਾਡੇ ਕਰਕੇ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਅਤੇ ਤੰਗ ਪ੍ਰੇਸ਼ਾਨ ਕੀਤਾ ਜਾ ਸਕੇ। ਇਵੇਂ ਹੀ ਮੁਲਾਜ਼ਮਾਂ ਦੇ ਹੋਰਨਾਂ ਵਰਗਾਂ ਨਾਲ ਵੀ ਸਰਕਾਰ ਦੇ ਸੁਖਾਵੇਂ ਸਬੰਧ ਨਹੀਂ ਹਨ। ਇਹ ਵੇਖਿਆ ਗਿਆ ਹੈ ਕਿ ਮੁਲਾਜ਼ਮਾਂ ਅਤੇ ਉਨ੍ਹਾਂ ਦੀਆਂ ਯੂਨੀਅਨਾਂ ਦੀਆਂ ਮੰਗਾਂ ਨੂੰ ਸਹਿਜ ਅਤੇ ਸੁਹਿਰਦਤਾ ਨਾਲ ਸੁਣਨ ਅਤੇ ਹੱਲ ਕਰਨ ਦੀ ਬਜਾਏ, ਸਰਕਾਰ ਵਲੋਂ ਮੁਲਾਜ਼ਮਾਂ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਦੇ ਜਮਹੂਰੀ ਹੱਕਾਂ ਨੂੰ ਐਸਮਾ ਵਰਗੇ ਸਖ਼ਤ ਅਤੇ ਮਾਰੂ ਕਾਨੂੰਨ ਲਾਗੂ ਕਰਕੇ ਕੁਚਲਣ ਅਤੇ ਮੁਲਾਜ਼ਮਾਂ ਵਲੋਂ ਕੀਤੇ ਜਾਂਦੇ ਵਿਰੋਧ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਡਰਾਉਣ-ਧਮਕਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਤਰ੍ਹਾਂ ਟਕਰਾਓ ਵਾਲੀ ਨੀਤੀ ਅਪਨਾਉਣਾ ਸਰਕਾਰ ਦੀ ਮੁਲਾਜ਼ਮਾਂ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਪ੍ਰਤੀ ਨਾਂਹ-ਪੱਖੀ ਪਹੁੰਚ ਨੂੰ ਜੱਗ ਜ਼ਾਹਿਰ ਕਰਦੀ ਹੈ। ਉਪਰੋਕਤ ਵਿਸ਼ਲੇਸ਼ਣ ਅਤੇ ਤੱਥ ਇਹ ਸਾਹਮਣੇ ਲਿਆਉਂਦੇ ਹਨ ਕਿ ਹੁਣ ਤੱਕ, ਮੁਲਾਜ਼ਮਾਂ ਤੇ ਮੁਲਾਜ਼ਮ ਜਥੇਬੰਦੀਆਂ ਪ੍ਰਤੀ ਪੰਜਾਬ ਸਰਕਾਰ ਦਾ ਰਵੱਈਆ ਪਿਛਲੀਆਂ ਸਰਕਾਰਾਂ ਵਾਲਾ ਹੀ ਨਹੀਂ, ਸਗੋਂ ਉਨ੍ਹਾਂ ਤੋਂ ਵੀ ਮਾੜਾ ਹੈ।

***

## ਫ਼ਸਲੀ ਵੰਨ ਸੁਵੰਨਤਾ

ਨਕਲੀ ਬੀਜ ਖਾਦਾਂ ਦਵਾਈਆਂ ਅਤੇ ਦਫ਼ਤਰਾਂ ਵਿਚਲਾ ਭ੍ਰਿਸ਼ਟਾਚਾਰ ਵੀ ਖੇਤੀ ਵਿਭਿੰਨਤਾ ਦੇ ਰਾਹ ਦੀਆਂ ਰੁਕਾਵਟਾਂ ਹਨ। ਖੇਤੀ ਵਿਭਿੰਨਤਾ ਦੇ ਨਾਲ-ਨਾਲ ਫੂਡ ਪ੍ਰੋਸੈਸਿੰਗ ਇਕਾਈਆਂ ਦੀ ਸਥਾਪਨਾ, ਸਹਾਇਕ ਖੇਤੀ ਧੰਦੇ, ਬਾਗ਼ਵਾਨੀ ਆਦਿਕ ਨੂੰ ਉਤਸ਼ਾਹਿਤ ਕੀਤਾ ਜਾਵੇ।

ਖੇਤੀ ਦੀ ਵੰਨ-ਸੁਵੰਨਤਾ ਇਕੱਲੇ ਧਰਤੀ ਹੇਠਲੇ ਪਾਣੀ ਦੀ ਬੱਚਤ ਨਹੀਂ ਕਰੇਗੀ , ਸਗੋਂ ਪਰਾਲੀ ਸੜਨ ਕਾਰਨ ਪੈਦਾ ਹੋਣ ਵਾਲੇ ਪ੍ਰਦੂਸ਼ਣ ਤੋਂ ਵੀ ਨਿਜਾਤ ਦਿਵਾਏਗੀ। ਮੁਕਾਬਲਤਨ ਝੋਨੇ ਕਣਕ ਦੇ, ਬਾਕੀ ਫ਼ਸਲਾਂ ਲਈ ਖਾਦਾਂ ਦਵਾਈਆਂ ਦੀ ਵਰਤੋਂ ਦੀ ਘੱਟ ਲੋੜ ਪਵੇਗੀ ਜਿਸ ਨਾਲ ਖੇਤੀ ਖਰਚਾ ਘਟੇਗਾ ਅਤੇ ਜ਼ਿੰਦਗੀਆਂ ਨੂੰ ਸ਼ੁੱਧ ਪੌਣ-ਪਾਣੀ ਉਪਲੱਬਧ ਹੋਵੇਗਾ। ਰੁੱਖ ਪੰਛੀ, ਕੀੜੇ-ਮਕੌੜੇ ਉਜਾੜੇ ਤੋਂ ਬਚੇ ਰਹਿ ਜਾਣਗੇ। ਭਗਵੰਤ ਮਾਨ ਸਰਕਾਰ ਭਾਵੇਂ ਕੱਸੀਆਂ, ਖ਼ਾਲਾਂ ਦੀ ਸਫ਼ਾਈ ਕਰਵਾ ਕੇ ਟੇਲਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਦੇ ਉਪਰਾਲੇ ਕਰ ਰਹੀ ਹੈ ਪਰ ਨਹਿਰੀ ਪਾਣੀ ਦੀ ਬਾਰਾਂ ਮਹੀਨੇ ਤੀਹ ਦਿਨ ਆਮਦ ਨੂੰ ਯਕੀਨੀ ਬਣਾਉਣਾ ਵੀ ਬੜਾ ਜ਼ਰੂਰੀ ਹੈ।

ਅੰਤ ਵਿੱਚ ਸਿੱਟੇ ਵਜੋਂ ਕਹਿ ਸਕਦੇ ਹਾਂ ਕਿ ਸਰਕਾਰਾਂ ਅਤੇ ਕਿਸਾਨ ਯੂਨੀਅਨਾਂ ਮਿਲ ਕੇ ਬੈਠਣ, ਬੁੱਧੀਜੀਵੀਆਂ, ਵਾਤਾਵਰਨ ਪ੍ਰੇਮੀਆਂ ਅਤੇ ਖੇਤੀ ਵਿਗਿਆਨੀਆਂ ਦੇ ਸਹਿਯੋਗ ਨਾਲ ਸਮੱਸਿਆ ਦਾ ਹੱਲ ਲੱਭਣ ਕਿਉਂਕਿ ਅੱਜ ਦੇ ਵਿਗਿਆਨਕ ਯੁੱਗ ਵਿੱਚ ਅਸੰਭਵ ਕੁਝ ਵੀ ਨਹੀਂ ਹੈ।

***

## ਚਾਨਣ ਸਖੀਏ ਨੀਂ,

ਨੌਕਰੀਆਂ ਵੀ ਮਸ਼ੀਨ ਦੀ ਨਿਆਈਂ ਹੋ ਗਈਆਂ ਹਨ। ਹੱਸਣ ਦੀ ਜਾਚ ਸਿੱਖਣੀ ਹੈ ਤਾਂ ਬੱਚਿਆਂ ਕੋਲੋਂ ਸਿੱਖੋ। ਰੋਂਦਿਆਂ ਰੋਂਦਿਆਂ ਹੱਸਣਾ ਕਿਸੇ ਅਕਲਮੰਦ ਦੇ ਵੱਸ ਦੀ ਗੱਲ ਨਹੀਂ ਹੁੰਦੀ। ਜਦੋਂ ਖੁੱਲ੍ਹ ਕੇ ਹੱਸਦੇ ਹਾਂ ਤਾਂ ਯਾਦ ਅਤੀਤ ਵਿੱਚ ਪਹੁੰਚ ਕੇ ਬੱਚੇ ਦਾ ਰੂਪ ਧਾਰਨ ਕਰ ਲੈਂਦੀ ਹੈ। ਇਹ ਉਦੋਂ ਵਾਪਰਦੈ ਜਦੋਂ ਰੁਤਬਾ, ਔਕਾਤ, ਸ਼ਾਨੋ-ਸ਼ੌਕਤ ਦੀ ਸੋਝੀ ਕਿਸੇ ਗੁੱਠੇ ਲੱਗੀ ਹੁੰਦੀ ਹੈ ਤੇ ਬੰਦਾ ਆਲੇ ਦੁਆਲਿਉਂ ਬੇਖ਼ਬਰ ਹੋ ਕੇ ਠਹਾਕਾ ਮਾਰ ਕੇ ਹੱਸਦੈ। ਬਜ਼ੁਰਗਾਂ ਨਾਲ ਹੱਸੋ। ਜ਼ਿੰਦਗੀ ਦੀਆਂ ਕਈ ਪਰਤਾਂ ਉੱਘੜ ਕੇ ਸਾਹਮਣੇ ਆਉਣਗੀਆਂ। ਜਿਹੜੇ ਘਰਾਂ ਵਿੱਚ ਵਡੇਰੇ ਹੱਸਦੇ ਮਿਲਣ, ਉਹ ਘਰ ਅਮੀਰਾਂ ਦਾ ਆਸ਼ਿਆਨਾ ਸਮਝਿਆ ਜਾਂਦਾ। ਹਾਸਾ ਉਨ੍ਹਾਂ ਨੂੰ ਢਲਦੀ ਉਮਰ ਦੇ ਉਦਾਸ ਪਲਾਂ ਵਿੱਚੋਂ ਬਾਹਰ ਕੱਢ ਲਿਆਉਂਦਾਹੈ। ਉਨ੍ਹਾਂ ਨੂੰ ਤੁਹਾਡੀ ਪੈੜ-ਚਾਲ ਅਤੇ ਸੁਖਾਵੇਂ ਬੋਲਾਂ ਦੀ ਉਡੀਕ ਰਹਿੰਦੀ ਹੈ। ਤੁਹਾਡੇ ਹਾਸੇ ਨਾਲ ਉਨ੍ਹਾਂ ਦਾ ਚਿਹਰਾ ਖਿੜ ਜਾਂਦਾ ਹੈ ਅਤੇ ਉਨ੍ਹਾਂ ਨੂੰ ਅਖੀਰਲੇ ਪਲ ਸਕੂਨਮਈ ਲੱਗਣ ਲੱਗਦੇ ਹਨ।

1982 ਵਿੱਚ ਇੱਕ ਆਰਟ ਫਿਲਮ ਆਈ ਸੀ 'ਅਰਥ'; ਜਿਸ ਵਿੱਚ ਉੱਘੇ ਗ਼ਜ਼ਲਗੋ ਜਗਜੀਤ ਸਿੰਘ ਦੀ ਗਾਈ ਗ਼ਜ਼ਲ ਸੀ: ਤੁਮ ਇਤਨਾ ਜੋ ਮੁਸਕਰਾ ਰਹੇ ਹੋ, ਕਿਆ ਗ਼ਮ ਹੈ ਜਿਸਕੋ ਛੁਪਾ ਰਹੇ ਹੋ।' ਯਾਦ ਹੈ ਨਾ ? ਇਹ ਸੀ ਮੁਸਕਰਾਹਟ ਦੇ ਪਿੱਛੇ ਲੁਕੇ ਹੋਏ ਦਰਦ ਦੀ ਦਾਸਤਾਨ। ਕਹਿੰਦੇ ਨੇ, ਕਈ ਵਾਰ ਹਾਸੇ ਦੇ ਅੰਦਰ ਡੂੰਘੇ ਗ਼ਮ ਛੁਪੇ ਹੁੰਦੇ ਹਨ। ਹੰਝੂਆਂ ਨੂੰ ਹਾਸਿਆਂ ਵਿੱਚ ਬਦਲਣ ਵਾਲੇ ਚਾਰਲੀ ਚੈਪਲਿਨ ਦਾ ਚਿਹਰਾ ਪਰਦੇ ਉੱਪਰ ਆਉਣ ਸਾਰ ਹੀ ਹਜ਼ਾਰਾਂ ਹੱਥ ਤਾੜੀਆਂ ਮਾਰਨ ਲਈ ਜੁੜ ਜਾਂਦੇ ਸਨ ਪਰ ਉਸ ਦਾ ਜੀਵਨ ਗ਼ਮਾਂ ਦੀ ਖਾਣ ਸੀ। ਉਸ ਦਾ ਕਥਨ ਸੀ ਕਿ ਦੂਸਰਿਆਂ ਨੂੰ ਹਸਾਉਣ ਵਾਲੇ ਆਪਣੀ ਅੰਦਰਲੀ ਪੀੜ ਨੂੰ ਛੁਪਾਉਣਾ ਜਾਣਦੇ ਹਨ, ਮੈਨੂੰ ਵਰ੍ਹਦੀਆਂ ਕਣੀਆਂ ਵਿੱਚ ਤੁਰਨਾ ਬਹੁਤ ਚੰਗਾ ਲੱਗਦਾ ਹੈ ਕਿਉਂਕਿ ਇਸ ਤਰ੍ਹਾਂ ਮੇਰੇ ਅੱਥਰੂ ਦਿਖਾਈ ਨਹੀਂ ਦਿੰਦੇ। ਬਾਹਰ ਹਾਸਿਆਂ ਦੀ ਪਟਾਰੀ ਖੁੱਲ੍ਹੀ ਹੁੰਦੀ ਹੈ ਅਤੇ ਅੰਦਰ ਉਦਾਸੀਆਂ ਨੇ ਛਹਿਬਰ ਲਾਈ ਹੁੰਦੀ ਹੈ। 'ਮੇਰਾ ਨਾਮ ਜੋਕਰ' ਦਾ ਰਾਜੂ ਚੇਤਿਆਂ 'ਚ ਵੱਸਦੈ। ਮਾਂ ਦੀ ਮੌਤ 'ਤੇ ਹਜ਼ਾਰਾਂ ਦਰਸ਼ਕਾਂ ਨੂੰ ਹਸਾਉਣ ਦਾ ਕਾਰਜ ਕੀਤਾ ਪਰ ਭੀੜ ਨੂੰ ਚਿਹਰੇ 'ਤੇ ਸ਼ਿਕਨ ਦਿਖਾਈ ਨਹੀਂ ਦਿੱਤਾ। ਹਰ ਵੇਲੇ ਹੱਸਣ ਵਾਲੇ ਲੋਕ ਅਕਸਰ ਕਿਸੇ ਵਾਪਰੇ ਹੋਏ ਹਾਦਸੇ ਨੂੰ ਭੁਲਾਉਣ ਦੇ ਆਹਰ ਵਿੱਚ ਰਹਿੰਦੇ ਹਨ।

ਪੰਜਾਬੀ ਦੁਨੀਆਂ ਵਿੱਚ ਹਾਸੇ ਦੇ 'ਬਰਾਂਡ ਅੰਬੈਸਡਰ' ਮੰਨੇ ਜਾਂਦੇ ਹਨ। ਜਿੱਥੇ ਉੱਚੀ ਹੱਸਣ ਦੀ ਆਵਾਜ਼ ਸੁਣਾਈ ਦੇਵੇ, ਸਮਝੋ ਕੋਈ ਪੰਜਾਬੀ ਹਾਜ਼ਰੀ ਲਵਾ ਰਿਹਾ ਹੈ। ਪੰਜਾਬੀਆਂ ਕੋਲ ਆਪਣੇ ਉੱਤੇ ਹੱਸਣ ਦੀ ਕਲਾ ਹੈ। ਨਾਮਵਰ ਵਾਰਤਾਕਾਰ ਰਾਜਿੰਦਰ ਸਿੰਘ ਬੇਦੀ ਦਾ ਕਥਨ ਹੈ: ਜਿੱਥੇ ਦੁਨੀਆਂ ਦੇ ਲੋਕ ਦੂਜਿਆਂ ਵਿੱਚ ਹੀ ਕੀੜੇ ਕੱਢਦੇ ਰਹਿੰਦੇ ਹਨ, ਉੱਥੇ ਪੰਜਾਬੀ ਹੀ ਹੈ ਜਿਹੜਾ ਆਪਣੇ ਆਪ 'ਤੇ ਵੀ ਹੱਸ ਸਕਦਾ ਹੈ। ਅਜਿਹਾ ਹੈ ਕੋਈ ਹੋਰ ?

****

## ਏਥੇ ਮੇਘ ਆਉਂਦੇ ਵੀ ਮੁੜ

ਇਸ ਤੋਂ ਇਲਾਵਾ ਜਲ ਸਰੋਤਾਂ ਰਾਹੀਂ ਬਹੁਤ ਸਾਰੀ ਪਲਾਸਟਿਕ ਸਮੁੰਦਰਾਂ ਵਿੱਚ ਜਾ ਰਹੀ ਹੈ। ਪਾਣੀ ਵਿੱਚ ਮਾਈਕ੍ਰੋਪਲਾਸਟਿਕ ਦੀ ਮਾਤਰਾ ਵਧ ਰਹੀ ਹੈ ਤੇ ਪਾਣੀ ਵਾਲੇ ਜੰਤੂ ਕਿਸੇ ਨਾ ਕਿਸੇ ਰੂਪ ਵਿੱਚ ਉਸ ਨੂੰ ਖਾ ਰਹੇ ਹਨ। ਸਮੁੰਦਰ ਵਿੱਚੋਂ ਪ੍ਰਾਪਤ ਹੋਣ ਵਾਲੇ ਨਮਕ ਵਿੱਚ ਵੀ ਮਾਈਕ੍ਰੋਪਲਾਸਟਿਕ ਦੀ ਮਾਤਰਾ ਮਿਲ ਰਹੀ ਹੈ। ਸਮੁੰਦਰੀ ਜੀਵ ਇਸ ਪਲਾਸਟਿਕ ਨਾਲ ਮਰ ਰਹੇ ਹਨ। ਉਨ੍ਹਾਂ ਦੇ ਪ੍ਰਜਣਨ 'ਤੇ ਅਸਰ ਪਿਆ ਹੈ। ਡਿਸਪੋਜ਼ੇਬਲ ਸੱਭਿਆਚਾਰ (ਇਕ ਵਾਰ ਵਰਤ ਕੇ ਸੁੱਟਣ ਵਾਲੀ ਤਰਕੀਬ) ਕਾਰਗਰ ਨਹੀਂ ਹੈ। ਇਸ ਨੂੰ ਅਸੀਂ ਆਪਣੇ ਕੰਮਾਂ ਨੂੰ ਆਸਾਨ ਕਰਨ ਲਈ ਵਰਤ ਜ਼ਰੂਰ ਰਹੇ ਹਾਂ ਪਰ ਇਹ ਧਰਤੀ ਦੀ ਗੰਦਗੀ ਵਿੱਚ ਇਜ਼ਾਫ਼ਾ ਕਰਨ ਦੇ ਨਾਲ-ਨਾਲ ਜੀਵਾਂ ਤੇ ਬਨਸਪਤੀ ਲਈ ਖ਼ਤਰਾ ਬਣਦਾ ਜਾ ਰਿਹਾ ਹੈ। ਜਾਗਰੂਕਤਾ ਦੀ ਭਾਰੀ ਘਾਟ ਕਾਰਨ ਲੋਕ ਸਿੰਗਲ ਯੂਜ਼ ਪਲਾਸਟਿਕ ਦੀ ਧੜੱਲੇ ਨਾਲ ਵਰਤੋਂ ਕਰ ਰਹੇ ਹਨ। ਸਰਕਾਰਾਂ ਵੀ ਉਨ੍ਹਾਂ ਨੂੰ ਇਸ ਦੇ ਨੁਕਸਾਨ ਦੱਸ ਕੇ ਜਾਗਰੂਕ ਕਰਨ ਦੀ ਥਾਂ ਹੱਥ 'ਤੇ ਹੱਥ ਧਰ ਕੇ ਬੈਠੀਆਂ ਹੋਈਆਂ ਹਨ। ਮਨੀਪੁਰ ਰਾਜ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ, ਘੱਟ ਹੈ ਜਿਸ ਨੇ ਪਾਣੀ ਵਾਲੀਆਂ ਬੋਤਲਾਂ 'ਤੇ ਸੰਪੂਰਨ ਪਾਬੰਦੀ ਲਗਾ ਕੇ ਵਧੀਆ ਉਦਾਹਰਨ ਪੇਸ਼ ਕੀਤੀ ਹੈ।

ਅੱਜ ਸੋਚ-ਵਿਚਾਰ ਨਹੀਂ ਸਗੋਂ ਮਨੀਪੁਰ ਵਰਗੀਆਂ ਨੀਤੀਆਂ ਜਲਦੀ ਅਤੇ ਸਖ਼ਤੀ ਨਾਲ ਲਾਗੂ ਕਰਨ ਦੀ ਜ਼ਰੂਰਤ ਹੈ ਤਾਂ ਕਿ ਆਪਣੇ ਆਲੇ-ਦੁਆਲੇ ਨੂੰ ਸਾਫ਼ ਤੇ ਸੁਰੱਖਿਅਤ ਰੱਖਿਆ ਜਾ ਸਕੇ। ਇਸ ਵਾਰ ਅੰਤਰਰਾਸ਼ਟਰੀ ਜੈਵਿਕ ਵਿਭਿੰਨਤਾ ਦਾ ਮੁੱਖ ਥੀਮ 'ਯੋਜਨਾ ਦਾ ਹਿੱਸਾ ਬਣੀਏ' ਹੈ। ਇਹ ਸਾਰੀਆਂ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਤੇ ਆਮ ਲੋਕਾਂ ਨੂੰ ਜੈਵ ਵਿਭਿੰਨਤਾ ਨੂੰ ਬਚਾਉਣ ਲਈ ਆਪਣਾ ਯੋਗਦਾਨ ਪਾਉਣ ਲਈ ਸੱਦਾ ਹੈ।

ਅੱਜ ਜ਼ਰੂਰਤ ਹੈ ਕਿ ਅਸੀਂ ਕਿਸੇ ਦੂਜੇ 'ਤੇ ਦੋਸ਼ ਮੜ੍ਹਨ ਦੀ ਥਾਂ ਆਪਣੇ ਅੰਦਰਲੇ ਲਾਲਚ ਤੇ ਜ਼ਿੰਦਗੀ ਸੌਖੀ ਕਰਨ ਤੇ ਕੁਦਰਤ ਪ੍ਰਤੀ ਗ਼ੈਰ ਜ਼ਿੰਮੇਵਾਰ ਰਵੱਈਏ ਖ਼ਿਲਾਫ਼ ਰਲ ਕੇ ਮੁਹਿੰਮ ਛੇੜੀਏ ਕਿਉਂਕਿ ਮੌਜੂਦਾ ਦੌਰ ਵਿੱਚ ਵਿਕਾਸ ਦੀ ਇਮਾਰਤ ਜੀਵਾਂ ਤੇ ਪੌਦਿਆਂ ਦੀਆਂ ਕਬਰਾਂ 'ਤੇ ਨਹੀਂ ਬਣਨੀ ਚਾਹੀਦੀ।

'ਜੀਓ ਤੇ ਜਿਊਣ ਦੇਣ' ਦੇ ਵਾਕ ਨੂੰ ਅਮਲੀ ਜ਼ਿੰਦਗੀ ਵਿੱਚ ਅਪਣਾਉਣ ਦੀ ਲੋੜ ਹੈ। ਚੇਤਨ ਸਿੰਘ ਸੋਲੰਕੀ ਜਿਨ੍ਹਾਂ ਨੂੰ ਅਸੀਂ ਸੋਲਰ ਗਾਂਧੀ ਦੇ ਨਾਮ ਨਾਲ ਜਾਣਦੇ ਹਾਂ, ਉਨ੍ਹਾਂ ਦੀ ਹਦਾਇਤ ਕਿ ਸਾਨੂੰ ਆਪਣੀਆਂ ਜ਼ਰੂਰਤਾਂ ਨੂੰ ਘਟਾਉਣਾ ਪਵੇਗਾ, ਨੂੰ ਸਮਝਣਾ ਹੋਵੇਗਾ। ਪਵਿੱਤਰ ਵਾਕ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦੁਆਰਾ ਦਿੱਤੇ ਸੰਦੇਸ਼ ਨੂੰ ਆਤਮਸਾਤ ਕਰਨ ਦੀ ਜ਼ਰੂਰਤ ਹੈ।

****

## ਨਰੋਏ ਜਿਗਰ ਲਈ ਸਰਗਰਮ ਜੀਵਨ

ਇਸ ਨਾਲ ਸਰੀਰ ਦੇ ਵਿਸ਼ੈਲੇ ਤੱਤ ਬਾਹਰ ਨਿਕਲ ਜਾਂਦੇ ਹਨ ਅਤੇ ਲੀਵਰ ਦੀ ਸੋਜ ਘੱਟ ਹੋ ਜਾਂਦੀ ਹੈ ਅਤੇ ਦਰਦ ਤੋਂ ਰਾਹਤ ਮਿਲਦੀ ਹੈ। ਇਸ ਤੋਂ ਇਲਾਵਾ 1 ਗਿਲਾਸ ਪਾਣੀ ਵਿੱਚ 1 ਨਿੰਬੂ ਦਾ ਰਸ ਅਤੇ ਥੋੜ੍ਹਾ ਜਿਹਾ ਸੇਂਧਾ ਨਮਕ ਮਿਲਾ ਕੇ ਰੋਜ਼ਾਨਾ ਦਿਨ ਵਿੱਚ 2-3 ਵਾਰ ਪੀਓ। ਇਸ ਨਾਲ ਲੀਵਰ ਦੀ ਗਰਮੀ ਦੂਰ ਹੋ ਜਾਂਦੀ ਹੈ। ਲੀਵਰ ਦੀ ਗਰਮੀ ਅਤੇ ਸੋਜ ਘੱਟ ਕਰਨ ਲਈ ਪਾਲਕ ਅਤੇ ਗਾਜਰ ਦਾ ਜੂਸ ਮਿਲਾ ਕੇ ਸਵੇਰੇ ਸ਼ਾਮ ਪੀਣਾ ਚਾਹੀਦਾ ਹੈ। ਇਸ ਜੂਸ ਨਾਲ ਲੀਵਰ ਦੀ ਸੋਜ ਅਤੇ ਗਰਮੀ ਦੀ ਸਮੱਸਿਆ ਜਲਦੀ ਠੀਕ ਹੋ ਜਾਂਦੀ ਹੈ। ਲੀਵਰ ਦੀ ਗਰਮੀ ਨੂੰ ਕੱਢਣ ਲਈ ਮਲੱਠੀ ਦਾ ਉਪਯੋਗ ਕਰ ਸਕਦੇ ਹਾਂ। ਮੁਲੱਠੀ ਦੀ ਜੜ੍ਹ ਦਾ ਚੂਰਨ ਬਣਾ ਕੇ ਉਸ ਨੂੰ ਪਾਣੀ ਵਿੱਚ ਉਬਾਲ ਕੇ ਪੀਓ। ਲੀਵਰ ਦੀ ਕਮਜ਼ੋਰੀ ਹੋਣ ਤੇ ਰੋਜ਼ਾਨਾ ਰਾਤ ਨੂੰ ਹਲਦੀ ਵਾਲਾ ਦੁੱਧ ਪੀਣ ਨਾਲ ਇਹ ਕਮਜ਼ੋਰੀ ਖ਼ਤਮ ਹੋ ਜਾਂਦੀ ਹੈ।

***

## ਉਲੰਪਿਕ 'ਚ ਭਾਰਤ ਨੂੰ ਟਾਪ-10 ਖਿਡਾਰੀਆਂ

'ਚ ਇੱਕ ਮਹੀਨੇ ਦੀ ਟ੍ਰੇਨਿੰਗ 'ਤੇ ਹੈ। ਉਹ 22 ਜੁਲਾਈ ਤਕ ਉੱਥੇ ਹੀ ਰਹੇਗੀ ਤੇ ਫਿਰ ਪੈਰਿਸ ਜਾਵੇਗੀ।

**ਮੀਰਾਬਾਈ ਚਾਨੂ (ਵੇਟਲਿਫਟਿੰਗ)**

ਟੋਕੀਓ ਉਲੰਪਿਕ 'ਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਸਿਲਵਰ ਮੈਡਲ ਜਿੱਤਣ ਤੋਂ ਬਾਅਦ ਮੀਰਾਬਾਈ ਚਾਨੂ ਇੱਕ ਵਾਰ ਫਿਰ ਪੈਰਿਸ 'ਚ ਉਲੰਪਿਕ ਪੋਡੀਅਮ 'ਤੇ ਪਹੁੰਚਣ ਦੀ ਕੋਸ਼ਿਸ਼ ਕਰੇਗੀ। ਟੋਕੀਓ 'ਚ ਜਿੱਤ ਤੋਂ ਬਾਅਦ ਮੀਰਾਬਾਈ ਲਈ ਇਹ ਆਸਾਨ ਸਫ਼ਰ ਨਹੀਂ ਰਿਹਾ ਕਿਉਂਕਿ ਉਸ ਨੂੰ ਸੱਟਾਂ ਕਾਰਨ ਬਹੁਤ ਮੁਸ਼ਕਲ ਦੌਰ ਵਿੱਚੋਂ ਲੰਘਣਾ ਪਿਆ ਸੀ। ਉਹ ਐਨ.ਆਈ.ਐਸ. ਪਟਿਆਲਾ ਵਿਖੇ ਸਿਖਲਾਈ ਲੈ ਰਹੀ ਹੈ, ਅਗਲੇ ਹਫ਼ਤੇ ਉਹ ਫਰਾਂਸ ਜਾਵੇਗੀ।

**ਸਿਫਤ ਕੌਰ ਸਮਰਾ (ਸ਼ੂਟਿੰਗ)**

ਏਸ਼ਿਆਈ ਖੇਡਾਂ ਦੀ ਗੋਲਡ ਮੈਡਲ ਜੇਤੂ ਸਿਫ਼ਤ ਨੇ ਚਾਰ ਪੜਾਵਾਂ ਦੇ ਉਲੰਪਿਕ ਚੋਣ ਟਰਾਇਲਾਂ 'ਚ ਸ਼ਾਨਦਾਰ ਪ੍ਰਦਰਸ਼ਨ ਤੋਂ ਬਾਅਦ ਔਰਤਾਂ ਦੀ 50 ਮੀਟਰ ਰਾਈਫਲ 3 ਪੁਜ਼ੀਸ਼ਨ 'ਚ ਪੈਰਿਸ ਦੀ ਟੀਮ 'ਚ ਥਾਂ ਬਣਾਈ ਹੈ। ਪਿਛਲੇ ਮਹੀਨੇ ਦੇ ਸ਼ੁਰੂ 'ਚ ਉਹ ਮਿਊਨਿਖ ਵਿਸ਼ਵ ਕੱਪ 'ਚ ਖੇਡੀ ਸੀ, ਜਿੱਥੇ ਉਸਨੇ ਬ੍ਰੌਨਜ਼ ਮੈਡਲ ਜਿੱਤਿਆ ਸੀ। ਉਸਨੇ ਹਾਲ ਹੀ 'ਚ ਫਰਾਂਸ 'ਚ ਰਾਸ਼ਟਰੀ ਕੈਂਪ ਪੂਰਾ ਕੀਤਾ ਤੇ ਹੁਣ ਉਹ ਉਲੰਪਿਕ ਵਿੱਚ ਨਜ਼ਰ ਆਵੇਗੀ।

**ਸਾਤਵਿਕਸਾਈਰਾਜ ਰੰਕੀਰੈੱਡੀ ਤੇ ਚਿਰਾਗ ਸ਼ੈਟੀ (ਬੈਡਮਿੰਟਨ)**

ਸਾਤਵਿਕ ਤੇ ਚਿਰਾਗ ਨੇ ਸਿੰਗਾਪੁਰ ਓਪਨ ਤੋਂ ਬਾਅਦ ਕੋਈ ਟੂਰਨਾਮੈਂਟ ਨਹੀਂ ਖੇਡਿਆ। ਜਿੱਥੇ ਉਹ ਪਹਿਲੇ ਦੌਰ 'ਚ ਹਾਰ ਗਏ ਸਨ। ਭਾਰਤ ਨੂੰ ਪੁਰਸ਼ ਡਬਲਜ਼ 'ਚ ਇਨ੍ਹਾਂ ਦੋਵਾਂ ਤੋਂ ਮੈਡਲ ਦੀ ਉਮੀਦ ਹੈ। ਟੋਕੀਓ ਉਲੰਪਿਕ 'ਚ ਦੋਵੇਂ ਆਪਣੇ ਤਿੰਨ ਗਰੁੱਪ ਮੈਚਾਂ 'ਚੋਂ ਦੋ ਜਿੱਤਣ ਦੇ ਬਾਵਜੂਦ ਕੁਆਰਟਰ ਫਾਈਨਲ 'ਚ ਜਗ੍ਹਾ ਬਣਾਉਣ ਤੋਂ ਖੁੰਝ ਗਏ ਸਨ।

**ਅਦਿਤੀ ਅਸ਼ੋਕ (ਗੋਲਫ)**

ਅਦਿਤੀ ਅਸ਼ੋਕ ਨੇ ਟੋਕੀਓ ਉਲੰਪਿਕ 'ਚ ਮੈਡਲ ਜਿੱਤਣ ਤੋਂ ਖੁੰਝ ਕੇ ਏਸ਼ੀਆਈ ਖੇਡਾਂ 'ਚ ਗੋਲਡ ਮੈਡਲ ਜਿੱਤਿਆ ਸੀ। ਅਦਿਤੀ ਤੀਜੀ ਵਾਰ ਉਲੰਪਿਕ 'ਚ ਭਾਰਤ ਦੀ ਨੁਮਾਇੰਦਗੀ ਕਰੇਗੀ। ਅਦਿਤੀ ਨੇ ਆਪਣਾ ਪਹਿਲਾ ਉਲੰਪਿਕ ਸਾਲ 2016 ਵਿੱਚ ਖੇਡਿਆ ਸੀ। ਭਾਰਤ ਨੂੰ ਵੀ ਅਦਿਤੀ ਤੋਂ ਮੈਡਲ ਦੀ ਉਮੀਦ ਹੈ।

***

## ਪੰਜਾਬੀ ਰਹਿਤਲ ਨਾਲ ਜੁੜੀ ਅਦਾਕਾਰਾ ਗੁਰਪ੍ਰੀਤ ਕੌਰ ਭੰਗੂ

ਉਸ ਦੇ ਫਿਲਮੀ ਸਫ਼ਰ ਦੀ ਗੱਲ ਕਰੀਏ ਤਾਂ ਉਸ ਨੇ ਹਿੰਦੀ ਫ਼ਿਲਮ 'ਮਿੱਟੀ' ਤੋਂ ਸ਼ੁਰੂਆਤ ਕੀਤੀ। ਇਸ ਤਰ੍ਹਾਂ ਫਿਲਮ 'ਮਿੱਟੀ', 'ਮੌਸਮ' ਅਤੇ 'ਸ਼ਰੀਕ' ਵਿੱਚ ਉਸ ਦੀ ਬਾਕਮਾਲ ਅਦਾਕਾਰੀ ਦੇਖਣ ਨੂੰ ਮਿਲੀ। ਉਸ ਤੋਂ ਬਾਅਦ ਉਸ ਨੇ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ ਤੇ 'ਸਿੰਘ ਵਰਸਿਜ ਕੌਰ', 'ਅਰਦਾਸ', 'ਵਿਸਾਖੀ ਲਿਸਟ', 'ਸਾਡਾ ਹੱਕ', 'ਯਾਰ ਅਣਮੁੱਲੇ', 'ਨਿੱਕਾ ਜ਼ੈਲਦਾਰ', 'ਸਰਗੀ', 'ਅੰਬਰਸਰੀਆ', 'ਸਤਿ ਸ੍ਰੀ ਅਕਾਲ ਇੰਗਲੈਂਡ', 'ਸੱਗੀ ਫੁੱਲ', 'ਲੌਂਗ ਲਾਚੀ', 'ਆਸੀਸ', 'ਕੰਡੇ', 'ਹਰਜੀਤਾ', 'ਭਗਤ ਸਿੰਘ ਦੀ ਉਡੀਕ', 'ਸੰਨ ਆਫ ਮਨਜੀਤ ਸਿੰਘ', 'ਆਟੇ ਦੀ ਚਿੜੀ', 'ਅਫ਼ਸਰ', 'ਕਿਸਮਤ', 'ਰੱਬ ਦਾ ਰੇਡੀਓ 2', 'ਗੁੱਡੀਆਂ ਪਟੋਲੇ', 'ਸਰਦਾਰ ਮੁਹੰਮਦ', '25 ਕਿੱਲੇ', 'ਛੜਾ', 'ਅਰਦਾਸ ਕਰਾਂ', 'ਮੁਕਲਾਵਾ', 'ਨਿੱਕਾ ਜ਼ੈਲਦਾਰ 2', 'ਮੰਜੇ ਬਿਸਤਰੇ 2', 'ਦਾਸਤਾਨ -ਏ- ਸਰਹੰਦ', 'ਕਲੀ ਜੋਟਾ', 'ਕਦੇ ਦਾਦੇ ਦੀਆਂ ਕਦੇ ਪੋਤੇ ਦੀਆਂ', 'ਗੋਡੇ ਗੋਡੇ ਚਾਅ', 'ਮਾਂ', 'ਬੂਹੇ ਬਾਰੀਆ' ਆਦਿ ਕਿੰਨੀਆਂ ਹੀ ਫਿਲਮਾਂ ਵਿੱਚ ਮਾਂ, ਤਾਈ, ਚਾਚੀ ਦੇ ਕਿਰਦਾਰਾਂ ਨੂੰ ਬਾਖ਼ੂਬੀ ਨਿਭਾ ਕੇ ਦਰਸ਼ਕਾਂ ਦਾ ਦਿਲ ਜਿੱਤਿਆ ਹੈ।

ਉਸ ਨੂੰ ਆਪਣੇ ਕੰਮ ਪ੍ਰਤੀ ਬਹੁਤ ਸਾਰੇ ਮਾਣ-ਸਨਮਾਨ ਵੀ ਪ੍ਰਾਪਤ ਹੋਏ ਜਿਸ ਵਿੱਚ ਨੈਸ਼ਨਲ ਐਵਾਰਡ ਹਾਸਲ ਕਰਨ ਵਾਲੀ ਫਿਲਮ 'ਹਰਜੀਤਾ' ਦੇ ਨਾਲ ਹੋਰ ਵੀ ਪੁਰਸਕਾਰ ਸ਼ਾਮਲ ਹਨ। ਗੁਰਪ੍ਰੀਤ ਦਾ ਕਹਿਣਾ ਹੈ ਕੀ ਇਹ ਫਿਲਮ ਉਸ ਦੇ ਦਿਲ ਦੇ ਬਹੁਤ ਨੇੜੇ ਹੈ। ਅਦਾਕਾਰੀ ਦੇ ਨਾਲ ਉਹ ਸਰਕਾਰੀ ਅਧਿਆਪਕ ਵਜੋਂ ਵੀ ਸਮੇਂ ਸਮੇਂ 'ਤੇ ਆਪਣੀਆਂ ਸੇਵਾਵਾਂ ਨਿਭਾਉਂਦੀ ਰਹਿੰਦੀ ਹੈ। ਜੇਕਰ ਜ਼ਿਕਰ ਕਰੀਏ ਸਮਾਜ ਭਲਾਈ ਦੇ ਕੰਮਾਂ ਦਾ ਤਾਂ ਗੁਰਪ੍ਰੀਤ ਭੰਗੂ ਇਨ੍ਹਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੀ ਹੈ। ਉਸ ਨੇ ਆਪਣੇ ਪਤੀ ਨਾਲ ਮਿਲ ਕੇ ਇੱਕ ਆਦਰਸ਼ ਚੈਰੀਟੇਬਲ ਟਰੱਸਟ ਵੀ ਬਣਾਇਆ ਹੈ ਜਿਸ ਵਿੱਚ ਜ਼ਰੂਰਤਮੰਦ ਬੱਚੀਆਂ ਦੀ ਪੜ੍ਹਾਈ ਦੇ ਨਾਲ ਸਮਾਜ ਭਲਾਈ ਦੇ ਕੰਮ ਕੀਤੇ ਜਾਂਦੇ ਹਨ। ਇਸ ਤਰ੍ਹਾਂ ਉਹ ਪਤਾ ਨਹੀਂ ਕਿੰਨੀਆਂ ਕੁ ਬੱਚੀਆਂ ਦੀ ਮਾਂ ਬਣ ਕੇ ਉਨ੍ਹਾਂ ਨੂੰ ਪੜ੍ਹਾਈ ਦੇ ਮੌਕੇ ਪ੍ਰਦਾਨ ਕਰਕੇ ਉਨ੍ਹਾਂ ਦੇ ਭਵਿੱਖ ਨੂੰ ਸੁਨਹਿਰਾ ਬਣਾ ਰਹੀ ਹੈ। ਉਸ ਦਾ ਕਹਿਣਾ ਹੈ ਕਿ ਉਸ ਨੇ ਹਰ ਕਿਰਦਾਰ ਨੂੰ ਆਪਣੇ ਅੰਦਰ ਮਹਿਸੂਸ ਕਰਕੇ ਨਿਭਾਇਆ ਹੈ ਚਾਹੇ ਉਹ ਪਰਦੇ ਦਾ ਕਿਰਦਾਰ ਹੋਵੇ, ਜਾਂ ਫਿਰ ਜ਼ਰੂਰਤਮੰਦ ਬੱਚੀਆਂ ਦੇ ਭਵਿੱਖ ਨੂੰ ਰੁਸ਼ਨਾਉਣ ਦਾ। ਸ਼ਾਲਾ! ਉਹ ਇਸ ਤਰ੍ਹਾਂ ਹੀ ਰੌਸ਼ਨੀਆਂ ਵੰਡਦੀ ਰਹੇ।

***

## ਪੰਜਾਬ ਦੇ ਸ਼ੇਰ ਪੁੱਤਾਂ ਨੇ ਦੁਨੀਆਂ ਦੇ ਸਭ ਤੋਂ ਉੱਚੇ

ਆਕਸੀਜਨ ਦੀ ਕਮੀ ਕਾਰਨ ਸਾਹ ਲੈਣ ਵਿੱਚ ਦਿੱਕਤ ਆਉਂਦੀ ਹੈ, ਪਰ ਉੱਥੇ ਵੀ ਕਰੀਬ ਦੋ ਘੰਟੇ ਰਹੇ ਲੇਕਿਨ ਕਿਸੇ ਕਿਸਮ ਦੀ ਕੋਈ ਪਰੇਸ਼ਾਨੀ ਨਹੀਂ ਆਈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਬਿਨਾਂ ਵਜ੍ਹਾ ਬਦਨਾਮ ਕਰਨ ਲਈ ਉੜਤਾ ਪੰਜਾਬ ਵਰਗੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਪੰਜਾਬ ਦੇ ਨੌਜਵਾਨ ਹਰ ਖੇਤਰ 'ਚ ਅੱਗੇ ਵੱਧ ਰਹੇ ਹਨ। ਹਰ ਸਾਹਸੀ ਕੰਮ 'ਚ ਪੰਜਾਬੀ ਗੋਰਿਆਂ ਨੂੰ ਵੀ ਮਾਤ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਛਵੀ ਨੂੰ ਬਦਨਾਮ ਕਰਨ ਦੀਆਂ ਸਾਜ਼ਿਸ਼ਾਂ ਚੱਲ ਰਹੀਆਂ ਹਨ, ਪਰ ਪੰਜਾਬ ਦੇ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਵੱਖ-ਵੱਖ ਖੇਤਰਾਂ ਵਿੱਚ ਆਪਣੇ ਪੰਜਾਬ ਦਾ ਨਾਮ ਰੋਸ਼ਨ ਕਰਕੇ ਇਨ੍ਹਾਂ ਸਾਜ਼ਿਸ਼ਾਂ ਦਾ ਮੂੰਹ ਤੋੜ ਜਵਾਬ ਦੇਣ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com